


ਬਆਨਾਂ
ਦੇ ਬੇਟ
ਲਾਲ ਸਿੰਘ ਕਮਲਾ ਅਕਾਲੀ

ਸਭ ਹੱਕ ਕਰਤਾ ਦੇ ਰਾਖਵੇਂ ਹਨ ।

ਤੀਜੀ ਵਾਰ : ਅਗਸਤ ੧੯੮੩

ਮੁਦ੍ਰਕ : ਸ: ਜੀਵਨ ਸਿੰਘ ਐਮ. ਏ.
ਲਾਹੌਰ ਆਰਟ ਪ੍ਰੈਸ,
ਕਾਲਜ ਰੋਡ, ਲੁਧਿਆਣਾ

ਪ੍ਰਕਾਸ਼ਕ : ਸ: ਜੀਵਨ ਸਿੰਘ ਐਮ. ਏ.
ਲਾਹੌਰ ਬੁਕ ਸ਼ਾਪ,
2,ਲਾਜਪਤ ਰਾਇ ਮਾਰਕੀਟ,
ਲੁਧਿਆਣਾ ।

ਤਤਕਰਾ



ਕਮਲਾਂ ਦੇ ਵੇਟ

ਲਾਲ ਸਿੰਘ ਕਮਲਾ ਅਕਾਲੀ

ਮਨੁੱਖ ਧਰਮ

ਚੜ੍ਹਦੇ ਸੂਰਜ ਵਲੋਂ ਦੋ ਹਜ਼ਾਰ ਮੀਲ ਚੌੜੇ ਖਾਰੇ ਸਮੁੰਦਰ ਨੂੰ ਝਾਗਦੇ ਜਦ ਜਹਾਜ਼ ਅਮਰੀਕਾ ਦੀ ਜੂਹ ਵੜਨ ਲੱਗਦੇ ਹਨ ਤਾਂ ਕਾਲੇ ਪਾਨੀ ਵਿਚੋਂ ਅਚਨਚੇਤ ਉਠਦੀ ਉਹ ਅਦਭੁਤ ਵੱਡੀ ਮੂਰਤੀ ਵਿਖਾਈ ਦਿੰਦੀ ਹੈ, ਜਿਸ ਨੂੰ ਅਜ਼ਾਦੀ ਦਾ ਬੁੱਤ (Statue of Liberty) ਆਖਦੇ ਹਨ। ਇਹ ੩੦੦ ਫੁੱਟ ਉੱਚਾ ਬੁੱਤ ਇਕ ਬੜੇ ਕੱਦ ਵਾਲੀ ਇਸਤ੍ਰੀ ਦਾ ਹੈ, ਜਿਸ ਦੇ ਹੱਥ ਵਿਚ ਇਕ ਵੱਡੀ ਮਸ਼ਾਲ ਹੈ ਜੋ ਦੂਰ ਦੂਰ ਤੀਕ ਚਾਨਣ ਪਾ ਕੇ ਅਜ਼ਾਦੀ ਦੀਆਂ ਕਿਰਨਾਂ ਨਾਲ ਚੁਫੇਰੇ ਦੁਨੀਆਂ ਨੂੰ ਵਰੋਸਾਂਦੀ ਹੈ ਤੇ ਯਾਤ੍ਰੀ ਨੂੰ ਸੂਚਿਤ ਕਰਦੀ ਹੈ ਕਿ ਤੂੰ ਉਸ ਧਰਤੀ ਉਤੇ ਪੈਰ ਧਰਨ ਲੱਗਾ ਹੈਂ ਜਿਸ ਨੂੰ ਵਸਨੀਕਾਂ ਨੇ ਅਜ਼ਾਦ ਕਰਕੇ ਹਰ ਸ਼ਹਿਰੀ ਨੂੰ ਭੁੱਖ ਨੰਗ ਤੇ ਹੋਰ ਡਰਾਂ ਤੋਂ ਰਹਿਤ ਕਰ ਦਿੱਤਾ ਹੈ। ਸਾਰੇ ਜਹਾਜ਼ ਇਸ ਬੁੱਤ ਨੂੰ ਸਲਾਮੀ ਦੇ ਕੇ ਬੜੇ ਸਤਿਕਾਰ ਤੇ ਨਿਉਂਦੇ ਹਿਰਦੇ ਨਾਲ ਅਮਰੀਕਾ ਅਪੜਦੇ ਹਨ। ਅਮਰੀਕਾ ਵਿਚ ਮੋੜ੍ਹੀ ਗੱਡਣ ਵਾਲੇ ਗੋਰਿਆਂ ਨੇ ਸਮੁੰਦਰ ਪਾਰੋਂ ਆ ਕੇ ਦੋ ਸੌ ਸਾਲ ਵਿਚ ਕਠਨ ਸਮੇਂ ਬਿਤਾ ਕੇ ਕਰੜੀਆਂ ਘਾਲਾਂ ਘਾਲ ਕੇ ਦੇਸ਼ ਨੂੰ ਜਿਸ ਤਰ੍ਹਾਂ ਕਿਰਤ ਨਾਲ ਮਾਲਾਮਾਲ ਕੀਤਾ—ਇਹ ਬੁੱਤ ਉਸ ਸਾਰੇ ਇਤਿਹਾਸ ਦੀ ਚਿਤਾਵਣੀ ਤੇ ਅਮਰੀਕਾ ਵੜਨ ਵਾਲਿਆਂ ਨੂੰ ਇਕ ਨਾ ਭੁੱਲਣ ਵਾਲੀ ਯਾਦ ਦੇਣ ਦਾ ਯਤਨ ਹੈ।

ਇਸੇ ਤਰ੍ਹਾਂ ਭਾਰਤ ਦੇ ਸਦੀਆਂ ਦੇ ਇਤਿਹਾਸ ਦੇ ਦਰ ਉੱਤੇ ਸਮੁੱਚੇ ਸੰਸਕ੍ਰਿਤੀ ਇਤਿਹਾਸ ਦੀ ਡਿਉਢੀ ਉਤੇ ਹਿਮਾਲਾ ਪਰਬਤ ਦੀਆਂ ਟੀਸੀਆਂ ਉੱਤੇ ਜਿਥੋਂ ਕਿ ਭਾਰਤ ਦੀ ਰੰਗਾ ਰੂਪੀ ਸਭਿਅਤਾ ਨਿਕਲ ਕੇ ਵਗਦੀ ਹੈ ਭਾਰਤ ਦੇ ਸਦੀਵੀ ਆਚਰਨ ਦੀ ਚਮਕਦੀ ਗੁਠਾਲੀ ਵਿਚੋਂ ਉਦੇ-ਹੋਇਆ ਇਕ ਬੁਤ ਖਲੋਤਾ

ਹੈ, ਜਿਸ ਨੂੰ ਮਹਾਂਭਾਰਤ ਦਾ ਸੂਰਮਾ ਕਲਾਕਾਰ ਬਣਾ ਕੇ ਦੁਨੀਆਂ ਅਗੇ ਪੇਸ਼ ਕੀਤਾ ਗਿਆ ਹੈ। ਜਿਸ ਦਾ ਨਾਮ ਯੁਧਿਸ਼ਟਰ ਹੈ।

ਜਦ ਬਾਕੀ ਦੀ ਦੁਨੀਆਂ ਵਿਚ ਟਾਵੇਂ ਟਾਵੇਂ ਮਨੁੱਖ ਖੁੰਧਰਾਂ ਵਿਚ ਸੁਧਰੇ ਪਸ਼ੂਆਂ ਦਾ ਜੀਵਨ ਜੀ ਰਹੇ ਸਨ, ਦਰਿੰਦਿਆਂ ਨਾਲ ਰਾਤ ਦਿਨ ਟਾਕਰੇ ਲਾਉਂਦੇ, ਆਪ ਤੇ ਟੱਬਰਾਂ ਨੂੰ ਖੱਲਾਂ ਨਾਲ ਢੱਕ ਕੇ ਕੱਚੇ ਮਾਸ ਤੇ ਬੋਟੀਆਂ ਨਾਲ ਪਾਲਦੇ ਸਨ, ਉਦੋਂ ਹਿਮਾਲਿਆ ਦੀ ਛਾਵੇਂ ਬੈਠ ਕੇ ਦਰਿਆਵਾਂ ਦੇ ਰਾਗ ਸੁਣ ਕੇ ਭਾਰਤ ਦੇ ਆਰੀਆ ਜਨਾਂ ਨੇ ਮਨੁੱਖ ਦਾ ਮੁਢਲਾ ਧਰਮ ਕਠਨ ਰਹਿਤਾਂ ਨਾਲ ਮਨ ਨੂੰ ਸਿਧਾ ਕੇ ਜੋ ਸਮਝਿਆ ਸੀ ਉਸ ਨੂੰ ਇਕ ਮਹਾਨ ਪੁਰਸ਼ ਦੇ ਜੀਵਨ ਵਿਚ ਜਿਵੇਂ ਦਰਸਾਇਆ ਉਸ ਖ਼ਿਆਲੀ ਬੁੱਤ ਦਾ ਨਾ ਯੁੱਧਿਸ਼ਟਰ ਹੈ।

ਅਮਰੀਕਾ ਦਾ ਅਜ਼ਾਦੀ ਦਾ ਬੁੱਤ ਮਸਾਂ ਡੇਢ ਸੌ ਸਾਲ ਦਾ ਹੈ ਪਰ ਯੁੱਧਿਸ਼ਟਰ ਹਜ਼ਾਰਾਂ ਸਾਲਾਂ ਤੋਂ ਭੁਰਭੁਰੇ ਪੰਨਿਆਂ ਵਿਚੋਂ ਵਿਚਾਰਵਾਨ ਦਿਲਾਂ ਵਿਚ ਉਹ ਜਿੰਦ ਤੇ ਹਰਿਆਵਲਾਂ ਉਤਪੰਨ ਕਰ ਰਿਹਾ ਹੈ, ਜਿਨ੍ਹਾਂ ਦੀ ਰੀਸ ਅੱਜ ਤਕ ਨਹੀਂ ਹੋ ਸਕੀ। ਅਜ਼ਾਦੀ ਦਾ ਬੁੱਤ ਇੱਟ ਪੱਥਰ ਚੂਨੇ ਤੇ ਧਾਤ ਦਾ ਬਣਿਆ ਹੈ ਪਰ ਯੁੱਧਿਸ਼ਟਰ ਦਾ ਬੁੱਤ ਭਗਵਾਨ ਵਿਯਾਸ ਦੀ ਅਪਾਰ ਰਚਨਾ ਮਹਾਂਭਾਰਤ ਵਿਚ ਇਕ ਅਮਰ ਰੂਪ ਧਾਰ ਕੇ ਹਰ ਹਿਰਦੇ ਤੇ ਹਰ ਦਿਮਾਗ ਵਿਚ ਸਦੀਆਂ ਤੋਂ ਬਿਰਾਜਮਾਨ ਹੈ। ਅਜ਼ਾਦੀ ਦਾ ਬੁੱਤ ਸ਼ਿਲਪ ਵਿਸ਼ਕਰਮਾਂ ਤੇ ਵਿਗਿਆਨਕ ਵਿਦਿਆ ਦਾ ਚਮਤਕਾਰ ਹੋਵੇਗਾ ਪਰ ਯੁੱਧਿਸ਼ਟਰ ਵਿਯਾਸ ਜੀ ਦੇ ਤਪ, ਈਸ਼ਵਰੀ ਸਾਧਨਾਂ ਵਿਚੋਂ ਸਿੰਮਿਆਂ ਇਕ ਮਹਾਂ-ਸੁੰਦਰ ਰੂਪ ਹੈ, ਜਿਸ ਦੀ ਜੀਵਨ ਮਹਿਮਾ ਵਰਣਨ ਕਰਨ ਲਈ ਆਪ ਬਰ੍ਹਮਾ ਜੀ ਦੀ ਪ੍ਰੇਰਨਾ ਨਾਲ ਗਨਪਤੀ ਵਰਗੇ ਕਲਾਕਾਰ ਨੂੰ ਆਪਣੇ ਹੱਥਾਂ ਵਿਚ ਲੇਖਣੀ ਫੜਨੀ ਪਈ, ਕਿਉਂਕਿ ਅਜਿਹਾ ਦਯਵੀ ਸਾਹਿਤ ਸਾਧਾਰਨ ਮਨੁੱਖੀ ਦਿਮਾਗ ਤੇ ਹੱਥਾਂ ਨਾਲ ਲੀਕਿਆ ਨਹੀਂ ਸੀ ਜਾ ਸਕਦਾ। ਜਿਸ ਨੂੰ ਭਾਰਤੀ ਕਲਚਰ ਭਾਰਤੀ ਇਤਿਹਾਸ ਭਾਰਤੀ ਫਲਸਫੇ ਦੇ ਖੇਤ੍ਰ ਵਿਚ ਵਿਚਰਨ ਦੀ ਉਮੰਗ ਹੋਵੇ ਉਸ ਨੂੰ ਮਹਾਂਭਾਰਤ ਦੀ ਕਥਾ ਦੇ ਇਸ ਜਗਮਗਾਂਦੇ ਬੁੱਤ ਮੰਦਰ ਦੀ ਦਰਸ਼ਨੀ ਡਿਉਢੀ ਵਿਚ ਖਲੋਕੇ ਅਧੀਨਗੀ ਨਾਲ ਆਪਣੀ ਸ਼ਰਧਾ ਦੇ ਫੁਲ ਭੇਟ ਕਰਨੇ ਪੈਣਗੇ।

ਯੁੱਧਿਸ਼ਟਰ ਦਾ ਦੂਜਾ ਨਾਮ ਧਰਮ-ਪੁੱਤਰ ਹੈ, ਕਿਉਂਕਿ ਉਹ ਸਿਰ ਤੋਂ ਪੈਰਾਂ ਤੀਕ ਇਕ ਧਰਮ ਰੂਪ ਵਿਯਕਤੀ ਸੀ। ਇਕ ਧਰਮ ਉਹ ਹੈ ਜਿਸ ਦਾ ਸੰਬੰਧ

ਗ੍ਰੰਥਾਂ, ਤਪ ਬਾਣਪ੍ਰਸਤੀ ਪਾਠਾਂ, ਮੰਤ੍ਰਾਂ ਤੇ ਧਿਆਨ ਨਾਲ ਹੈ। ਪਰ ਯੁੱਧਿਸ਼ਟਰ ਦਾ ਧਰਮ ਖ਼ਾਲਸ ਮਨੁੱਖੀ ਧਰਮ ਸੀ। ਮਨੁੱਖੀ ਫੁਰਨਿਆਂ, ਮਨੁੱਖੀ ਆਦਰਸ਼ਾਂ, ਮਨੁੱਖੀ ਆਸ਼ਾਵਾਂ ਤੇ ਔਕੜਾਂ ਨਾਲ ਸੰਬੰਧ ਰੱਖਣ ਵਾਲਾ। ਯੁੱਧਿਸ਼ਟਰ ਦਾ ਧਰਮ ਧਰਤੀ ਉਤੇ ਵਿਚਰਨ ਵਾਲਿਆਂ ਦਾ ਸੀ; ਅਸਮਾਨੀ ਗੱਲਾਂ ਤੇ ਕਥਾਵਾਂ ਵਾਰਤਾਵਾਂ ਵਾਲਾ ਨਹੀਂ ਸੀ। ਛਤ੍ਰੀ ਹੋਣ ਕਰਕੇ ਯੁੱਧਿਸ਼ਟਰ ਨੂੰ ਛਤ੍ਰੀ ਧਰਮ ਦੇ ਪਾਲਨ ਵਾਲਾ ਆਖਿਆ ਗਿਆ ਹੈ। ਪਰ ਵਾਸਤਵ ਵਿਚ ਇਹ ਮਨੁੱਖ ਧਰਮ ਸੀ ਜੋ ਉਸ ਨੇ ਲੰਮੇ ਕਸ਼ਟਾਂ ਤੇ ਪਰੀਖਿਆਵਾਂ ਦੇ ਦੁਖ ਭਰੇ ਜੀਵਨ ਵਿਚ ਕਮਾਲ ਦੇ ਦਰਜੇ ਤੀਕ ਪਾਲਿਆ।

ਮਹਾਂਭਾਰਤ ਦਾ ਕਿੱਸਾ ਉਸ ਦੁਰਾਡੇ ਧੁੰਦਲੇ ਜਿਹੇ ਸਮੇਂ ਦਾ ਹੈ, ਜਦ ਹਾਲਾਂ ਲਿਖਣਾ ਪੜ੍ਹਨਾ ਤਾਂ ਕੀ ਨਾਂ ਲਿੱਪੀ ਬਣੀ ਸੀ, ਨਾ ਭੋਜਪੱਤ੍ਰ ਸਨ। ਬਣਾਂ ਵਿਚ ਵਸਦੇ ਰਿਸ਼ੀਆਂ ਮੁਨੀਆਂ ਤਪੱਸੀਆਂ ਦੇ ਕੁਦਰਤੀ ਪ੍ਰੇਮ ਵਿਚੋਂ ਜਦ ਕੋਈ ਧੁਨੀ ਉਠਦੀ ਤੇ ਨ ਠਲ੍ਹੀ ਜਾਣ ਵਾਲੀ ਕਾਂਗ ਬਣ ਕੇ ਕੰਠ ਤੋਂ ਲਬਾਂ ਉੱਤੇ ਆਉਂਦੀ ਤਾਂ ਉਹ ਸੁਤੇ ਸਿੱਧ ਸ੍ਰੋਤੇ ਚੇਲਿਆਂ ਚਾਟੜਿਆਂ ਦੇ ਕੰਨ ਪੈ ਕੇ ਕੰਠ ਹੋ ਜਾਂਦੀ। ਜਦ ਕੋਈ ਕਿੱਸਾ ਰਚਿਆ ਜਾਂਦਾ, ਰਚਨ ਵਾਲੇ ਦੇ ਪੁੱਤਰ ਪੋਤਰੇ ਉਸ ਨੂੰ ਕੰਠ ਕਰ ਲੈਂਦੇ ਤੇ ਯੋਗ ਸਮਿਆਂ ਉੱਤੇ ਯੱਗਾਂ ਤੇ ਇਕੱਠਾਂ ਵਿਚ ਵਿਧੀ ਨਾਲ ਸੁਣਾਂਦੇ ਤੇ ਸ੍ਰੋਤੇ ਬੜੀ ਸ਼ਰਧਾ ਨਾਲ ਸੁਣਦੇ। ਸੀਨਾ ਬਸੀਨਾ ਇਹ ਸਾਹਿਤ ਚਲਿਆ ਆਉਂਦਾ। ਇਸੇ ਤਰ੍ਹਾਂ ਮਹਾਂਭਾਰਤ ਦਾ ਕਿੱਸਾ ਕਹਿੰਦੇ ਹਨ ਕਿ ਨਾਰਦ ਮੁਨੀ ਦੀ ਜ਼ਬਾਨੀ ਦੇਵਾਂ ਨੇ ਸੁਣਿਆਂ ਤੇ ਵਿਯਾਸ ਜੀ ਦੇ ਪੁਤਰ ਸ਼ੁਕ ਤੋਂ, ਗੰਧਰਵਾਂ ਤੇ ਹੋਰਨਾਂ ਨੇ ਸੁਣਿਆ। ਵਧੇਰੇ ਇਸ ਕਿੱਸੇ ਨੂੰ ਪਰਚਲਤ ਵਿਯਾਸ ਦੇ ਵੱਡੇ ਚੇਲੇ ਵਿਸ਼ੰਮਪਾਇਨਾ ਨੇ ਕੀਤਾ, ਜੀਵਾਂ ਦੇ ਉੱਧਾਰ ਹਿਤ। ਜਦ ਜਨਮੇਜਾ ਨੇ ਬੜਾ ਯੱਗ ਰਚਿਆ ਉਸ ਦੇ ਕਹਿਣ ਪਰ ਵਿਸ਼ੰਪਾਇਨਾ ਨੇ ਮਹਾਂਭਾਰਤ ਦਾ ਸਾਰਾ ਵਰਤਾਂਤ ਸ੍ਰਵਣ ਕਰਾਇਆ।

ਆਖ਼ਰ ਧਰਮ ਕੀ ਹੈ ? ਜਦ ਇਕ ਸਿਰ ਕੱਢਵੇਂ ਨਿਡਰ, ਨਿਧੜਕ, ਵਿਚਾਰਵਾਨ ਮਨੁੱਖ ਨੇ ਨਿਆਉਂ, ਪਰਸਪਰਤਾ, ਸਰਵੋਦਯਾ ਲਈ ਸਭ ਕੁਛ ਤਿਆਗ ਕੇ ਆਪਣੀ ਆਯੂ ਬਿਤਾ ਕੇ ਡੰਡੀ ਪਾ ਦਿਤੀ, ਉਸ ਨੂੰ ਲੋਕ ਅਵਤਾਰ ਆਖਣ ਲਗ ਪਏ ਤੇ ਉਹ ਡੰਡੀ ਧਰਮ ਮਾਰਗ ਅਖਵਾਣ ਲਗ ਪਈ। ਉਸ ਸਿਰ ਕੱਢ ਸੂਰਮੇ ਦਾ ਜੀਵਨ ਸੁਣਨ ਲਈ ਲੋਕ ਤਤਪਰ ਹੋ ਗਏ ਤੇ ਉਸ ਜੀਵਨ ਨੂੰ,

ਕਿਸੇ ਨੇ ਵਾਰਤਾ ਵਿਚ; ਕਿਸੇ ਨੇ ਟੱਪੇ ਬਣਾ ਕੇ ਜੋੜ ਲਿਆ, ਇਹ ਸਾਹਿਤ ਬਣ ਗਿਆ ਤੇ ਧਰਮ ਸਮਝਣ ਦਾ ਵਸੀਲਾ ਬਣ ਗਿਆ। ਫ਼ੇਰ ਜਦ ਲਿਖਣ ਪੜ੍ਹਨ ਦੁਨੀਆਂ ਨੂੰ ਆ ਗਿਆ ਤਾਂ ਵਾਰਤਾ, ਕਾਵਿ ਛੰਦਾਂ ਵਿਚ ਆਪੋ ਆਪਣੀ ਸ਼ਕਤੀ ਬੁਧੀ ਤੇ ਘਾੜਤ ਅਨੁਸਾਰ ਪੁਸਤਕਾਂ ਵਿਚ ਲਿਖਿਆ ਗਿਆ।

ਸੰਖੇਪ ਵਿਚ ਵਾਰਤਾ ਇਸ ਤਰ੍ਹਾਂ ਹੈ ਕਿ ਹਸਤਿਨਾਪੁਰ ਦੇ ਰਾਜਾ ਵਚਿੱਤ੍ਰਵੀਰ ਦੇ ਦੋ ਪੁਤ੍ਰ ਹੋਏ, ਵੱਡਾ ਧ੍ਰਿਤਰਾਸ਼ਟਰ ਜੋ ਜਨਮ ਦਾ ਅੰਨ੍ਹਾ ਸੀ ਤੇ ਛੋਟਾ ਪਾਂਡੂ ਜਿਸ ਨੂੰ ਰਾਜ ਤਿਲਕ ਦਿਤਾ ਗਿਆ। ਪਾਂਡੂ ਤੋਂ ਕੁਝ ਅਪਰਾਧ ਹੋ ਗਿਆ, ਜਿਸ ਬਦਲੇ ਉਸਨੂੰ ਰਾਜ ਛਡ ਕੇ ਬਨਵਾਸ ਲੈਣਾ ਪਿਆ ਜਿਥੇ ਕਿ ਉਸ ਦੀਆਂ ਦੋ ਰਾਣੀਆਂ ਕੁੰਤੀ ਤੇ ਮਾਧਰੀ ਵਿਚੋਂ ਪੰਜ ਪੁੱਤਰ ਹੋਏ ਜੋ ਪੰਜ ਪਾਂਡੂ ਪੁੱਤਰ ਅਥਵਾ ਪਾਂਡੂ ਕਹਾਏ, ਜਿਨ੍ਹਾਂ ਵਿਚ ਸਭ ਤੋਂ ਵਡਾ ਯੁੱਧਿਸ਼ਟਰ ਸੀ। ਪਾਂਡੂ ਦੇ ਪਿੱਛੋਂ ਯੁੱਧਿਸ਼ਟਰ ਦੇ ਭਰਾਵਾਂ ਨੂੰ ਰਿਸ਼ੀਆਂ ਨੇ ਪਾਲਿਆ, ਵੱਡੇ ਕੀਤਾ, ਵੈਦਕ ਧਰਮ ਦ੍ਰਿੜਾਯਾ ਤੇ ਸ਼ਸਤ੍ਰ ਵਿਦਿਆ ਦਿੱਤੀ। ਧ੍ਰਿਤਰਾਸ਼ਟਰ ਦੇ ਪੁਤਰ ਕੈਰੋਂ ਕਹਾਏ ਤੇ ਜਦ ਪਾਂਡੂਆਂ ਨੇ ਆਪਣੇ ਪਿਉ ਦਾ ਰਾਜ ਸੰਭਾਲ ਲਿਆ, ਕੌਰਵਾਂ ਨੇ ਈਰਖਾ ਕੀਤੀ, ਵੈਰ ਪੈ ਗਿਆ ਪਰ ਦੋਹਾਂ ਦੇ ਬਜ਼ੁਰਗ ਭੀਸ਼ਮ ਨੇ ਵਿਚ ਪੈ ਕੇ ਰਾਜ ਵੰਡ ਦਿਤਾ, ਦੋਹਾਂ ਨੂੰ ਦੋ ਰਾਜਧਾਨੀਆਂ ਦੇ ਵੱਖ ਵੱਖ ਰਾਜ ਸੰਭਾਲ ਦਿਤੇ, ਪਾਂਡੂ ਇੰਦ੍ਰਪ੍ਰਸਤ ਵਿਚ ਤੇ ਕੈਰੋਂ ਹਸਤਿਨਾਪੁਰ ਵਿਚ। ਇਕਸ ਵਡੇਰੇ ਦੀ ਸੰਤਾਨ ਹੁੰਦੇ ਹੋਏ ਵੱਖ ਵੱਖ ਹੋ ਕੇ ਦੋ ਧੜੇ ਬਣ ਗਏ, ਜਿਨ੍ਹਾਂ ਲਈ ਪੰਜਾਬੀ ਦਾ ਬਹੁਅਰਥੀ ਸ਼ਬਦ ਸ਼ਰੀਕ ਵਰਤਿਆ ਜਾਂਦਾ ਹੈ। ਦੋਸਤੀ ਤੇ ਦੁਸ਼ਮਣੀ ਸ਼ਰੀਕ ਹੋਣ ਦੇ ਦੋ ਉਚੇਚੇ ਪੱਖ ਹਨ ਤੇ ਪੰਜਾਬੀ ਖ਼ੂਨ ਵਿਚ ਸ਼ਰੀਕ ਦੇ ਅਰਥ ਇਹ ਹਨ ਕਿ ਦੋਸਤੀ ਹੋਈ ਤਾਂ ਸਿਰੋਂ ਪਰੇ ਤੇ ਦੁਸ਼ਮਣੀ ਹੋਈ ਤਾਂ ਭੀ ਸਿਰ ਧੜ ਦੀ ਬਾਜ਼ੀ!

ਭਲੇ ਭਲਿਆਈ ਨਹੀਂ ਤੱਜਦੇ ਤੇ ਬੁਰਿਆਂ ਤੋਂ ਬੁਰਿਆਈ ਨਹੀਂ ਛੁਟਦੀ। ਜਿਵੇਂ ਬਿੱਛੂ ਦਾ ਧਰਮ ਹੈ ਡੰਗਣਾ, ਇਨਸਾਨੀ ਜ਼ਿੰਦਗੀ ਦਾ ਇਕ ਮੋਟਾ ਜਿਹਾ ਚਿੰਨ੍ਹ ਇਹ ਹੈ ਕਿ ਭਲੇ ਤੇ ਬੁਰੇ ਮੈਦਾਨ ਵਿਚ ਉਤਰਦੇ ਹਨ, ਇਕ ਦੂਜੇ ਨਾਲ ਆਪਣੇ ਆਪਣੇ ਹਥਿਆਰ ਵਰਤਦੇ ਹੋਏ ਟੱਕਰਦੇ ਤੇ ਹੇਠ ਉੱਤੇ ਹੁੰਦੇ ਹੋਏ ਉਮਰਾਂ ਲੰਘਾ ਦਿੰਦੇ ਹਨ। ਮਨੁੱਖੀ ਜ਼ਿੰਦਗੀ ਵਿਚ ਭਲਿਆਂ ਦੀ ਭਲਿਆਈ ਆਪਣਾ ਜਮਾਲ ਤੇ ਬੁਰਿਆਂ ਦੀ ਬੁਰਿਆਈ ਆਪਣਾ ਕਮਾਲ

ਵਿਖਾਂਦੀ ਰਹੀ। ਪੁੰਨ ਪਾਪ ਦਾ ਵਿਰੋਧ ਚਾਨਣ ਤੇ ਹਨੇਰੇ ਦਾ ਜੰਗ ਜਿਵੇਂ ਅੰਜੀਲ ਵਿਚ ਰੱਬ ਤੇ ਸ਼ੈਤਾਨ ਦਾ ਮੁਕਾਬਲਾ ਹੈ ਧੁਰੋਂ ਹੀ ਚਲਿਆ ਆਉਂਦਾ ਹੈ। ਮਹਾਂ ਭਾਰਤ ਦਾ ਕਿੱਸਾ ਭੀ ਇਸੇ ਲੀਹ ਉਤੇ ਹੈ। ਪਰ ਇਸ ਵਿਚ ਥਾਂ ਥਾਂ ਮਨੁੱਖੀ ਆਚਰਣ ਦੇ ਦੋਹਾਂ ਪੱਖਾਂ ਨੂੰ ਧਰਮ ਤੇ ਸੱਚ ਦੇ ਚਾਨਣੇ ਰੱਖ ਕੇ ਅਜਿਹੀਆਂ ਸੁੰਦਰ ਦਲੀਲਾਂ ਤੇ ਗੂੜ੍ਹੇ ਗਿਆਨ ਦੀਆਂ ਗੱਲਾਂ ਦੱਸੀਆਂ ਗਈਆਂ ਹਨ ਕਿ ਇਸ ਨੂੰ ਨਿਰਾ ਇਕ ਕਿੱਸਾ ਕਹਿਣਾ ਬੜੀ ਹੋਛੀ ਜੇਹੀ ਗੱਲ ਹੈ। ਮਨੁੱਖੀ ਜੀਵਨ ਦੀ ਫਿਲਾਸਫੀ ਨੂੰ ਕਹਾਣੀ ਵਿਚ ਇਕ ਅਜਿਹੀ ਅਛੋਹ ਕਾਰੀਗਰੀ ਨਾਲ ਪਰੋਇਆ ਗਿਆ ਹੈ ਕਿ ਦੁਨੀਆਂ ਇਸ ਦੇ ਕਰਤਾ ਨੂੰ ਖਾਸ ਰੱਬੀ ਉਤਸ਼ਾਹ ਨਾਲ ਮਸਤ ਹੋਇਆ ਦੇਵਤਾ ਸਮਝਦੀ ਹੈ। 'ਲੋਕ ਕਹੇਂ ਏਹ ਗੀਤ ਹੈ ਏਹ ਤੋ ਬ੍ਰਹਮ ਬੀਚਾਰ' ਇਹ ਇਕ ਕਹਾਣੀ ਨਹੀਂ ਇਹ ਤਾਂ ਬ੍ਰਹਮ ਗਿਆਨ ਨੂੰ ਜਗਿਆਸੂਆਂ ਵਿਚ ਪ੍ਰਚਾਰਨ ਦਾ ਇਕ ਅਨੋਖਾ ਢੰਗ ਹੈ।

ਪਾਂਡੂਆਂ ਦੀ ਧਰਮਨੀਤੀ ਨੂੰ ਕੁਰਾਹੇ ਪਾਉਣ ਲਈ, ਉਨ੍ਹਾਂ ਦੀ ਵਡਿਆਈ ਨੂੰ ਮੇਟ ਕੇ ਆਪ ਉਨ੍ਹਾਂ ਦਾ ਥਾਂ ਮੱਲਣ ਲਈ ਕੌਰਵਾਂ ਨੂੰ ਇਹੋ ਜੁਗਤ ਸੁਝੀ ਕਿ ਪਾਂਡੂਆਂ ਨੂੰ ਜੂਆ ਖੇਲਣ ਲਈ ਵੰਗਾਰਿਆ ਜਾਵੇ। ਬਸ ਕਹਾਣੀ ਦਾ ਮੁੱਢ ਜੂਏ ਦੀ ਬਾਜ਼ੀ ਤੋਂ ਬੱਝਦਾ ਹੈ।

ਪਾਂਡੂ ਭਰਾਵਾਂ ਦਾ ਆਪਣਾ ਆਪਣਾ ਨਿਰਾਲਾ ਚਿੰਨ੍ਹ ਚੱਕਰ ਤੇ ਆਚਰਣ ਸੀ। ਭੀਮ ਸਰੀਰਕ ਬਲ ਕਰਕੇ ਤਕੜਾ ਜਿਸਮ ਵੱਡਾ ਮੱਲ ਤੇ ਬਾਹੂਬਲ ਨਾਲ ਮੱਲਾਂ ਨੂੰ ਭਿੜਾ ਦੇਣ ਵਾਲਾ ਪਰ ਮਨ ਦਾ ਬੜਾ ਸਾਧਾਰਨ ਤੇ ਸਰਲ। ਅਰਜਨ ਗਿਆਨੀ, ਧਰਮੀ ਸੂਰਮਾ ਯੋਧਾ ਵਿਚ ਅੱਗੇ ਲੱਗਣ ਵਾਲਾ ਨਕੁਲ ਤੇ ਸਹਿਦੇਵ ਛੋਟੇ, ਅਧੀਨ, ਦਾਸ ਭਾਵਕ ਸੁੰਦਰ ਤੇ ਵਡੇ ਭਰਾਵਾਂ ਦੇ ਪੁੱਜ ਕੇ ਆਗਿਆਕਾਰ। ਵਡਾ ਭਾਈ ਯੁੱਧਿਸ਼ਟਰ ਉਸ ਵਿਚ ਧਰਮ ਸੂਰਮਗਤੀ ਇਨਸਾਨੀਅਤ ਆਗੂਪੁਣੇ ਦੇ ਉਚੇ ਤੋਂ ਉਚੇ ਲਕਸ਼ਣ ਮਿਲ ਗਏ ਸਨ, ਇਕ ਕਾਮਲ ਮਰਦ ਰਾਜਗੱਦੀ ਉਤੇ ਬੈਠੇ ਤਾਂ ਸੂਰਜ ਵਤ ਚਮਕੇ ਤੇ ਜੇਕਰ ਫ਼ਕੀਰੀ ਧਾਰੇ ਤਾਂ ਗੋਦੜੀ ਵਿਚੋਂ ਡਲ੍ਹਕਾਂ ਮਾਰੇ, ਬ੍ਰਹਮ ਗਿਆਨੀ ਭੀ ਤੇ ਨੀਤੀਵੇਤਾ ਭੀ, ਬਚਨ ਦਾ ਪੂਰਾ ਮਿਤ੍ਰਾਂ ਦਾ ਮਿਤ੍ਰ, ਓੜ ਨਿਬਹਾਣ ਵਾਲਾ ਤੇ ਵੈਰੀਆਂ ਤੋਂ ਤਕੜੀ ਤੋਲਵੇਂ ਧਰਮ ਨਾਲ ਵੈਰ ਲੈਣ ਵਾਲਾ, ਨਰਕ ਸੁਰਗ ਨੂੰ, ਮਾਨ ਅਪਮਾਨ ਨੂੰ, ਰਾਜਾ ਤੇ ਭੀਖਗਰੀ ਨੂੰ, ਖੇਡ ਦੇ ਸਿਧ ਪੁਠ ਸਮਝਣ ਵਾਲਾ।

ਦ੍ਰੋਪਦੀ ਇਨ੍ਹਾਂ ਦੀ ਵਰੀ ਹੋਈ ਸਾਂਝੀ ਪਤਨੀ ਸੀ, ਜਿਸ ਦੇ ਪ੍ਰੇਮ ਤੇ ਲਿਵ ਦੀ ਜੋਤ ਵਿਚ ਪੰਜੇ ਭਰਾ ਲੀਨ ਹੋ ਕੇ ਇਕ ਹੋ ਜਾਂਦੇ ਸਨ। ਰਾਜਪੁਤ੍ਰੀ ਸੀ ਤੇ ਖਰੇ ਸੁਵੰਬਰ ਵਿਚ ਅਰਜਨ ਨੇ ਆਪਣਾ ਸ਼ਸਤ੍ਰਬਲ ਸਿੱਧ ਕਰਕੇ ਵਰੀ ਸੀ। ਭਰਾਵਾਂ ਦਾ ਪ੍ਰਣ ਸੀ ਕਿ ਜੋ ਕੁਛ ਪ੍ਰਾਪਤ ਹੋਵੇਗਾ ਵੰਡ ਲੈਣਗੇ, ਸੋ ਦ੍ਰੋਪਤੀ ਪੰਜਾਂ ਭਰਾਵਾਂ ਦੀ ਸਾਂਝੀ ਪਤਨੀ ਬਣੀ। ਅੱਜ ਕੱਲ ਦੇ ਅਗਾਂਹ ਵਧੂ ਕਲਜੁਗੀ ਜੰਟਲਮੈਨ ਜੋ ਆਪਣੀ ਭੂੰਡੀ ਇਸਤ੍ਰੀ ਨੂੰ ਓਪਰੇ ਨਾਲ ਹੱਸਦੀ ਵੇਖ ਲੈਣ ਤਾਂ ਨੱਕ ਵੱਢਣ ਤੀਕ ਜਾਂਦੇ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਇਹ ਪੰਜੇ ਰਾਜਪੁਤ੍ਰ ਕੇਡੇ ਦਿਲਖੁਲੇ ਉਦਾਰ ਜੀਵ ਰਸੀਏ ਤੇ ਝੂਠੇ ਮਾਨ ਅਪਮਾਨ ਤੋਂ ਰਹਤ ਹੋਣੇ ਹਨ ਤੇ ਦ੍ਰੋਪਤੀ ਕੇਡੀ ਹਰਮਨ ਪਿਆਰੀ ਤੇ ਰੱਜ ਕੇ ਰਸਭਿੰਨੀ ਹੋਵੇਗੀ ਜੋ ਪੰਜ ਸੇਜਾਂ ਮਾਣਦੀ ਹੋਈ ਵੀ ਆਹਣੀ ਪ੍ਰੇਮ ਦੀ ਦੌਲਤ ਨਾਲ ਮਾਲਾ ਮਾਲ ਤੇ ਉਛਲਦੀ ਰਹਿੰਦੀ ਹੋਵੇਗੀ। ਕਹਾਵਤ ਹੈ ਸੱਤ ਫਕੀਰ ਇਕੋ ਗੋਦੜੀ ਵਿਚ ਸਮਾ ਜਾਂਦੇ ਹਨ। ਪਰ ਦੋ ਬਾਦਸ਼ਾਹ ਇਕ ਬਾਦਸ਼ਾਹੀ ਵਿਚ ਵੀ ਨਹੀਂ ਸਮਾ ਸਕਦੇ। ਪਾਂਡੂ ਛੱਤ੍ਰੀ ਰਾਜਪੁਤ੍ਰ ਸਨ, ਪਰ ਹਿਰਦਿਆਂ ਦੇ ਸਾਧੂ ਸੁਭਾਵ ਤੇ ਇਕ ਦੂਜੇ ਲਈ ਸਭ ਕੁਛ ਨਿਛਾਵਰ ਕਰਨ ਵਾਲੇ।

ਕੌਰਵ ਤੇ ਪਾਂਡੂ ਪਿਛੋਂ ਇਕ ਹੀ ਕੁਲ ਦੇ ਸਨ। ਕੌਰਵਾਂ ਦਾ ਚਰਿਤ੍ਰ ਸੁਭਾਵ ਤੇ ਲੱਛਣ ਪਾਂਡਵਾਂ ਤੋਂ ਕੁਝ ਬਹੁਤਾ ਭਿੰਨ ਨਹੀਂ ਚਾਹੀਦਾ ਸੀ, ਪਰ ਇਸ ਦੁਨੀਆਂ ਵਿਚ ਆ ਕੇ ਜਿਸ ਨੂੰ ਕਾਜਲ ਕੋਠੜੀ ਕਹਿੰਦੇ ਹਨ, ਕਈ ਤਰ੍ਹਾਂ ਦੀਆਂ ਉਪਾਧੀਆਂ ਲਗ ਜਾਂਦੀਆਂ ਹਨ। ਜਦ ਦਰਿਆ ਵੀ ਪਿਛੋਂ ਆਉਂਦਾ ਆਉਂਦਾ ਧਰਤੀ ਦੇ ਊਚ ਨੀਚ ਕਰਕੇ ਦੋ ਹਿੱਸਿਆਂ ਵਿਚ ਵੰਡਿਆਂ ਜਾਂਦਾ ਹੈ—ਉਨ੍ਹਾਂ ਦੋ ਨਦੀਆਂ ਦੇ ਸੁਭਾ ਤੇ ਲੱਛਣ ਵਖ ਵਖ ਹੋ ਜਾਂਦੇ ਹਨ, ਇਕ ਨਦੀ ਸਹਜ ਤੇ ਸਬਰ ਨਾਲ ਮੈਦਾਨਾਂ ਵਿਚ ਵਗਦੀ ਉਨ੍ਹਾਂ ਵਿਚ ਜਾਨ ਪਾਉਂਦੀ, ਆਖਰ ਸਾਗਰਾਂ ਵਿਚ ਲੀਨ ਹੋ ਜਾਂਦੀ ਹੈ। ਦੂਜੀ ਕੁਵਹਿਣਾ ਵਿਚ ਪੈ ਕੇ ਰੇਗਸਤਾਨਾਂ ਵਿਚ ਗੁੰਮ ਹੋ ਜਾਂਦੀ ਹੈ। ਕੌਰਵਾਂ ਵਿਚ ਭੀ ਸਾਰੇ ਚੰਗੇ ਸੂਰਮੇ ਯੋਧੇ ਗਿਆਨੀ ਮਾਨੀ ਸਨ ਪਰ ਈਰਖਾ ਤੇ ਲੋਭ ਨੇ ਉਨ੍ਹਾਂ ਨੂੰ ਅੰਨ੍ਹੇ ਕਰ ਦਿਤਾ ਸੀ। ਦੋਹਾਂ ਧੜਿਆਂ ਨੇ ਇਕੱਠੇ ਹੀ ਸ਼ਸਤ੍ਰ ਵਿੱਦਿਆ ਪ੍ਰਾਪਤ ਕੀਤੀ ਸੀ। ਪਹਿਲਾਂ ਕ੍ਰਿਪਾਚਾਰੀਆਂ ਤੋ ਫੇਰ ਦ੍ਰੋਣਾਚਾਰੀਆ ਤੋਂ। ਮਹਾਂਬਲੀ ਕਰਨ ਕੁੰਤੀ ਦੇ ਗਰਭ ਤੋਂ ਸੀ ਜਿਸ ਕਰਕੇ ਅਰਜਨ ਹੋਰਾਂ ਦਾ ਸਕਾ ਵੀਰ ਲਗਾ, ਪਰ ਉਸ ਨੂੰ ਪਤਾ ਨਹੀਂ ਸੀ ਇਸ ਗੱਲ ਦਾ। ਉਹ ਕੌਰਵਾਂ

ਵਿਚ ਬੜਾ ਮਾਨਨੀਯ ਸੀ ਤੇ ਦੁਰਯੋਧਨ ਤਾਂ ਉਸ ਨੂੰ ਆਪਣੇ ਵਲੋਂ ਰਾਜਪਾਟ ਸਭ ਦੇਣ ਨੂੰ ਤਿਆਰ ਸੀ ਕਿਉਂਕਿ ਉਹ ਇਕ ਵਾਰ ਅਰਜਨ ਦੇ ਮੁਕਾਬਲੇ ਲਈ ਉਠਿਆ ਸੀ । ਦ੍ਰੋਣਾਚਾਰੀਆ ਇਕ ਸ਼ਸਤਰਪ੍ਰਬੀਨ ਸਿਆਣਾ ਗੁਰੂ ਸੀ, ਸੰਜੋਗ ਨੇ ਉਸ ਨੂੰ ਕੌਰਵਾਂ ਵਲ ਹੋ ਕੇ ਲੜਨਾ ਲਿਖ ਦਿਤਾ ਸੀ, ਭਾਵੇਂ ਉਹ ਆਪ ਦਿਲੋਂ ਪਾਡਵਾਂ ਦਾ ਹਿਤੂ ਤੇ ਚਾਹਵਾਨ ਸੀ। ਕੌਰਵਾ ਨੇ ਤਾਂ ਬੁਰਾਈ ਮਿਥੀ ਹੋਈ ਸੀ ਪਰ ਯੁੱਧਿਸ਼ਟਰ ਵਰਗਾ ਸਿਆਣਾ ਤੇ ਧਰਮੀ ਕਿਵੇਂ ਇਕ ਫੈਲਾਏ ਜਾਲ ਵਿਚ ਫਸ ਗਿਆ। ਕੀ ਜੂਆ ਖੇਡਣਾ ਅਵੱਸ਼ਕ ਸੀ ? ਕੀ ਯੁੱਧਿਸ਼ਟਰ ਟਲ ਨਹੀਂ ਸੀ ਸਕਦਾ ? ਜੇ ਬੁਰਾ ਬੁਰਾਈ ਕਰਦਾ ਦਿਸਦਾ ਹੋਵੇ ਤਾਂ ਕੀ ਉਸਦੀ ਬੁਰਿਆਈ ਨੂੰ ਸਗੋਂ ਸਫਲ ਕਰਨ ਵਿਚ ਸਹਾਈ ਹੋਣਾ ਚਾਹੀਦਾ ਹੈ ? ਇਕ ਉੱਤਰ ਇਸ ਪ੍ਰਸ਼ਨ ਦਾ ਇਹ ਹੈ ਯੁੱਧਿਸ਼ਟਰ ਛਤ੍ਰੀ ਹੁੰਦਾ ਹੋਇਆ ਸ਼ਰੀਕ ਛਤ੍ਰੀਆਂ ਦੀ ਵੰਗਾਰ ਅਗੇ ਨਾਂਹ ਨਹੀਂ ਸੀ ਕਰ ਸਕਦਾ। ਤੇ ਜੇ ਵੇਖਿਆ ਜਾਵੇ ਕਿ ਜੂਆ ਕੀ ਹੈ, ਮੂਲ ਅੰਸ਼ ਇਹੀ ਹੈ ਕਿ ਪਾਸੇ ਦੀਆਂ ਨਰਦਾਂ ਜਿਵੇਂ ਪੈਣ ਨਰਦਾ ਦੀ ਚਾਲ ਨੂੰ ਪਥਰ ਦੀ ਲਕੀਰ ਤਕਦੀਰ ਦੀ ਵਾਹੀ ਲਕੀਰ ਸਮਝਿਆ ਜਾਵੇ। ਦੋ ਪਖਾਂ ਦੀ ਭਾਗ ਪ੍ਰੀਖਿਆ ਹੁੰਦੀ ਹੈ ਸੋ ਨਰਦਾਂ ਫੈਸਲਾ ਦੇਂਦੀਆਂ ਹਨ। ਬਾਹੂਬਲ ਗਿਆਨ, ਸ਼ਾਸਤ੍ਰ ਵਿਦਿਆ ਨਾਲ ਯਤਨ ਨਾ ਕੀਤਾ ਮਿਥ ਲਿਆ ਕਿ ਨਰਦਾਂ ਪੈਣ ਉਹੀ ਅਟਲ ਫੈਸਲਾ ਹੈ ਤੇ ਲਿਖਿਆ ਲੇਖ ਪਰਵਾਨ ਕਰਕੇ ਸਿਰ ਨਿਵਾ ਦੇਣਾ, ਮਨੁੱਖੀ ਜੀਵਨ ਨੂੰ ਭੀ ਤਾਂ ਪਾਸੇ ਦੀ ਖੇਲ ਨਾਲ ਤੁਲਨਾ ਦਿਤੀ ਜਾਂਦੀ ਹੈ। 'ਬਾਜ਼ੀਗਰੀ ਸੰਸਾਰ ਕਬੀਰਾ ਚੇਤੇ ਢਾਲ ਪਾਸਾ ਬਾਜੀ ਲਾਉਣ ਦਾ ਨਿਉਂਦਾ ਨਾ ਮੰਨਣਾ ਇਕ ਨਿਯਮੀ ਖਿਲਾੜੀ – ਆਸ ਕਰ ਉਸ ਜ਼ਮਾਨੇ ਦੇ ਛਤ੍ਰੀ ਆਗੂ ਲਈ ਫਬਦਾ ਨਹੀਂ ਸੀ। ਸੱਦਾ ਨਾ ਮੰਨਣਾ, ਦੂਜੇ ਦੀ ਨੀਅਤ ਉਤੇ ਸ਼ਕ ਕਰਨ ਦਾ ਵਾਚਕ ਹੈ ਇਹ ਭੀ ਇਕ ਸਾਊ ਲਈ ਯੋਗ ਨਹੀਂ ।

ਪਰ ਯੁੱਧਿਸ਼ਟਰ ਇਨ੍ਹਾਂ ਗੱਲਾਂ ਤੋਂ ਬਹੁਤ ਉੱਚੇ ਟਿਲੇ ਉਤੇ ਬੈਠਾ ਸੀ। ਉਸ ਨੂੰ ਦੁਨੀਆਂ ਤੇ ਦੁਨੀਆਂ ਦੇ ਦਿਖਲਾਵੇ ਸਭ ਖੇਲ੍ਹ ਤਮਾਸ਼ਾ ਭਾਸਦੇ ਸਨ। ਉਹ ਮਨੁੱਖੀ ਜੀਵਨ ਨੂੰ ਕਾਲ ਚਕਰ ਵਿਚ ਇਝ ਸਮਝਦਾ ਸੀ ਜਿਵੇਂ ਟਿੱਬੇ ਵਿਚ ਰੇਤ ਦਾ ਕਿਣਕਾ। ਕੀ ਹੋਇਆ ਇਕ ਜਨਮ ਪਾਪੀ ਨਾਲ ਲੁਕਣਮੀਚੀ ਖੇਲਦੇ ਬਿਤਾ ਦਿਤਾ। ਸਿਆਣਾ ਸੋਝੀਵਾਨ ਵਿਸ਼ਵਾਸੀ ਚੇਲਾ ਗੁਰੂ ਦਾ ਇਕ ਬਚਨ ਸੁਣ ਕੇ ਸ਼ਬਦ ਦ੍ਰਿੜ ਕਰ ਲੈਂਦਾ ਹੈ। ਪਰ ਹਠੀ ਕਠੋਰਚਿਤ ਚੇਲੇ ਨੂੰ ਉਸ ਦੇ ਨਾਲ

ਰਿੜ ਕੇ ਧੱਕੇ ਖਾ ਫੱਟੜ ਹੋ ਕੇ ਸਿਖਿਆ ਦੇਣੀ ਪੈਂਦੀ ਹੈ । ਜੇ ਦੁਰਯੋਧਨ ਤੇ ਉਸ ਦੇ ਕੌਰਵ ਜ਼ਬਾਨੀ ਦਿੱਤਾ ਸਬਕ ਲੈਣ ਨੂੰ ਤਿਆਰ ਨਹੀਂ ਸਨ, ਚਲ ਐਤਕਾਂ ਦਾ ਜਨਮ ਇਨ੍ਹਾਂ ਨੂੰ ਪਾਪੀਆਂ ਤੋਂ ਧਰਮੀ ਤੇ ਦੇਵਤੇ ਬਣਾਉਣ ਲਈ ਲਾ ਦੇਂਦੇ ਹਾਂ। ਜਿਵੇਂ ਸਹਜ ਤੇ ਸੀਲ ਵਿਚ ਵਸੱਣ ਵਾਲੇ ਬੰਦੇ ਨੂੰ ਮੰਜ਼ਲ ਪੁਜਣ ਦਾ ਤਾਉਲਾਪਨ ਨਹੀਂ ਹੁੰਦਾ ਉਹ ਕਿਸੇ ਰਾਹਖੁਸੇ ਪਾਂਧੀ ਨੂੰ ਰਾਹ ਪਾਉਣ ਲਈ ਆਪਣਾ ਰਾਹ ਛੱਡ ਕੇ ਉਸ ਦਾ ਨਿਕਟ ਵਰਤੀ ਬਣ ਜਾਂਦਾ ਹੈ ਤੇ ਕਹਿ ਦਿੰਦਾ ਹੈ ਚਲੋ ਅਜ ਦੀ ਰਾਤ ਇਥੇ ਹੀ ਕੱਟ ਲੈਂਦੇ ਹਾਂ । ਯੁਧਿਸ਼ਟਰ ਦੇ ਮਨ ਵਿਚ ਸੀ ਕਿ ਚੰਗਾ ਜੇ ਕੌਰਵ ਇਸ ਛਲਵੇਂ ਰਾਹ ਪੈ ਕੇ ਖਰਾਬ ਹੋ ਕੇ ਸਿੱਧੇ ਰਾਹ ਪੈਣਾ ਚਾਹੁੰਦੇ ਹਨ ਤਾਂ ਚਲੋ ਇਵੇਂ ਹੀ ਸਹੀ। ਉਸ ਲਈ ਇੰਦਰਪ੍ਰਸਤ ਦਾ ਰਾਜ ਕਾਜ ਪਾਂਡਵਾਂ ਦੀ ਅਗਵਾਈ ਤੇ ਸੰਮਿਲਤ ਵਡਿਆਈਆਂ ਤੁਛ ਸਨ । ਰਾਜ ਦੇਹ ਤ ਕਵਨ ਵਡਾਈ ਭੀਖ ਮੰਗਾਵੇ ਕਿਆ ਘਟ ਜਾਈ। ਨਾ ਉਸ ਨੂੰ ਹਾਰ ਦਾ ਡਰ ਸੀ ਨਾ ਜਿਤ ਦੀ ਕਾਂਖਾ । ਉਹ ਉਸ ਅਡੋਲ ਆਸਣ ਉਤੇ ਬੈਠਾ ਸੀ ਜੋ ਸਿਖਾਂਦਾ ਹੈ ਕਿ ਇਸ ਨਾ ਰਹਿਣੀ ਦੁਜੀਆਂ ਵਿਚ ਹਾਰ ਜਿਤ ਮਾਨ ਅਪਮਾਨ ਬਾਦਸ਼ਾਹੀ ਤੇ ਅਮੀਰੀ ਤੇ ਫਕੀਰੀ ਸਭ ਭੁਲੇਖੇ ਹਨ 'ਦੁਖ ਨਾਹੀ ਸਭ ਸੁਖ ਹੀ ਹੈ ਰੇ ਏਕੈ ਏਕੀ ਨੇਤੈ ਬੁਰਾ ਨਹੀਂ ਸਭ ਭਲਾ ਹੀ ਹੈ ਰੇ ਹਾਰ ਨਹੀਂ ਸਭ ਜੇਤੈ' ਯੁੱਧਿਸ਼ਟਰ ਇਕ ਤਰ੍ਹਾਂ ਕੌਰਵਾਂ ਦਾ ਨਿਉਂਦਾ ਮੰਨਣ ਵਿਚ ਆਪ ਧਰਮਰਾਜ ਨੂੰ ਵੰਗਾਰ ਰਿਹਾ ਸੀ ਕਿ ਜੇ ਮੈਂ ਸਭ ਕੁਝ ਹਾਰ ਕੇ ਨੰਗਾ ਹੋ ਗਿਆ ਤਾਂ ਮੇਰਾ ਕੀ ਵਿਗੜ ਜਾਊ, ਵਿਗੜਦਾ ਉਸ ਦਾ ਹੈ ਜਿਸ ਨੂੰ ਦੁਨੀਆਂ ਦੇ ਰੰਗਾਂ ਨਾਲ ਪਿਆਰ ਹੋਵੇ, ਜੇ ਆਪਣੇ ਮਨ ਵਿਚ ਪਹਿਲੋਂ ਹੀ ਮੋਹ ਪਿਆਰ ਵਸ ਕਰ ਚੁੱਕਾ ਹੋਵੇ, ਉਸ ਨੂੰ ਹਾਰ ਤੇ ਅਪਮਾਨ ਤੇ ਨਖੇਧੀ ਤੋਂ ਕੀ ਭੈ ।

ਸੋ ਯੁੱਧਿਸ਼ਟਰ ਨੇ ਖੇਲ੍ਹ ਵਾਂਗ ਕੌਰਵਾਂ ਨਾਲ ਪਾਸਾ ਖੇਲ੍ਹਣਾ ਮੰਨ ਲਿਆ । ਅਨੇਕ ਵਾਰ ਹੋਇਆ ਹੈ ਕਿ ਭਲੇ ਪੁਰਸ਼ ਨੀਚ ਵਿਰੋਧੀਆਂ ਨੂੰ ਸੰਤੁਸ਼ਟ ਕਰਕੇ ਨਰਮ ਕਰਨ ਲਈ ਆਪ ਜਾਣ ਬੁਝ ਕੇ ਜਾਲ ਵਿਚ ਫਸ ਜਾਂਦੇ ਹਨ । ਯੁਧਿਸ਼ਟਰ ਦੇ ਮਨ ਵਿਚ ਸੀ ਕਿ ਜੇ ਪਾਸੇ ਦੇ ਦੋ ਚਾਰ ਹਥਾਂ ਨਾਲ ਮੇਰੇ ਭਾਈ ਖੁਸ਼ ਹੋ ਸਕਦੇ ਹਨ, ਤਦ ਕੀ ਹੋਇਆ ਚਲੋ ਇੰਨਾਂ ਨੂੰ ਇਵੇਂ ਖੁਸ਼ ਕਰ ਲੈਂਦੇ ਹਾਂ। ਪਰ ਕੌਰਵਾਂ ਦੇ ਦਿਲਾਂ ਵਿਚ ਬੜੀ ਡੂੰਘੀ ਬਦੀ ਸੀ । ਕੌਰਵਾਂ ਵਲੋਂ ਸ਼ਕਨੀ ਖੇਡਣ ਲੱਗਾ, ਜੋ ਕਿ ਤਕੜਾ ਹਥਫੇਰੀਆ ਚਾਲਬਾਜ਼ ਸੀ। ਯੁਧਿਸ਼ਟਰ ਖੇਲਿਆ,

ਸਭ ਦਾਉ ਪੁੱਠੇ ਪਏ। ਸਭ ਕੁਛ ਹਾਰ ਗਿਆ ਤੇ ਕੇਵਲ ਹਾਰਨ ਕਰਕੇ ਖੇਲ ਵਿਚਕਾਰੇ ਛੱਡਣਾ ਭੀ ਛੱਤ੍ਰੀ ਲਈ ਸ਼ਰਮ ਸੀ।

ਜਦ ਰਾਜ ਪਾਠ ਧਨ ਦੌਲਤ ਸਭ ਕੁਝ ਹਾਰ ਗਿਆ ਤਾਂ ਆਪਣੇ ਆਪ ਤੇ ਭਾਈਆਂ ਨੂੰ ਭੀ ਝੋਕ ਦਿਤਾ । ਇਕ ਪਾਸੇ ਬੜਾ ਭਾਈ ਹੋਣ ਦਾ ਅਧਿਕਾਰ ਦੂਜੇ ਪਾਸੇ ਉਨ੍ਹਾਂ ਦੀ ਆਗਿਆ ਪਾਲਣ ਸ਼ਕਤੀ ਦੀ ਪ੍ਰੀਖਿਆ । ਅਰਜਨ ਤੇ ਭੀਮ ਹੋਰੀਂ ਆਪਣੇ ਵੱਡੇ ਭਾਈ ਦੇ ਬਚਨਾਂ ਦੇ ਤੁਕ ਗੋਲੇ ਬਣਦੇ ਚਲੇ ਗਏ, ਪਰ ਯੁਧਿ-ਸ਼ਟਰ ਅੱਗੇ ਹੁਤ ਨਹੀਂ ਕੀਤੀ। ਆਖਰ ਦਰੋਪਤੀ ਦੀ ਵਾਰੀ ਆਈ ਤੇ ਉਹ ਭੀ ਹਾਰ ਗਈ। ਹਾਹਾ ਕਾਰ ਮਚਿਆ ਪਰ ਕੀ ਹੋ ਸਕਦਾ ਸੀ। ਦਰੋਪਤੀ ਦਾ ਸੰਕਟ ਵੇਖਕੇ ਦੋਹਾਂ ਧਿਰਾਂ ਦੇ ਭਲੇ ਪੁਰਖਾਂ ਨੂੰ ਬੜਾ ਦੁਖ ਹੋਇਆ। ਯੁੱਧਿਸ਼ਟਰ ਦਾ ਅੰਤਹਕਰਨ ਦੁਰਯੋਧਨ ਦੇ ਦਰੋਪਤੀ ਨਾਲ ਕੀਤੇ ਪਾਪ ਨੂੰ ਵੇਖ ਕੇ ਕੰਬ ਰਿਹਾ ਸੀ ਕਿ ਉਹ ਤੇ ਉਸ ਦੇ ਕੌਰਵ ਇਸ ਉੱਪਦ੍ਰਵ ਦਾ ਬਿਖ ਫਲ ਕਿਵੇਂ ਔਖੇ ਹੋ ਕੇ ਭੁਗਤਣਗੇ। ਦਰੋਪਤੀ ਦੀ ਬੇਪਤੀ ਪਾਂਡਵਾਂ ਨੇ ਵੇਖੀ ਤੇ ਜਰੀ। ਯੁਧਿਸ਼ਟਰ ਉਸ ਜੁਆਲਾਮੁਖੀ ਪਹਾੜ ਵਾਂਗ ਖਲੋਤਾ ਸੀ, ਜਿਸ ਦੇ ਅੰਦਰ ਭੂਚਾਲ ਆ ਰਿਹਾ ਹੋਵੇ ਪਰ ਉਪਰੋਂ ਚੁੱਪ ਤੇ ਸ਼ਾਂਤ ਮੂਰਤ। ਦਰੋਪਤੀ ਦੀ ਬੇਪਤੀ ਆਪਣੇ ਸਾਕਾਂ ਦੇ ਹੱਥੋਂ ਕਰਵਾ ਕੇ, ਪਾਂਡੂ ਪੁਤ੍ਰ ਇਸ ਸਾਰੀ ਹੱਡਬੀਤੀ ਨੂੰ ਆਪਣੇ ਦਿਲਾਂ ਵਿਚ ਢਕ ਕੇ ਜਿਵੇਂ ਫਟੜ ਰਿਸਦੇ ਫੱਟਾਂ ਨੂੰ ਢਕ ਲੈਂਦਾ ਹੈ ਜਾਂ ਜਿਵੇਂ ਇਕ ਨਿਰਾਸ ਜੌਹਰੀ ਆਪਣੇ ਕੀਮਤੀ ਲਾਲਾਂ ਦੇ ਜੜਾਊ ਹਾਰ ਨੂੰ ਬੇਕਦਰ ਗਾਹਕਾਂ ਤੋਂ ਡਬ ਵਿਚ ਸਾਂਭਦਾ ਹੋਇਆ ਚੰਗੇ ਸਮਿਆਂ ਦੀ ਉਡੀਕ ਵਿਚ ਮੌਨੀ ਬਣ ਜਾਂਦਾ ਹੈ, ਯੁਧਿਸ਼ਟਰ ਤੇ ਉਸ ਦੇ ਭਰਾ ਦੇਸ਼ ਛਡ ਕੇ ਬਣਾਂ ਨੂੰ ਤੁਰ ਪਏ। ਭੀਮ ਬੜਾ ਗੁੱਸੇ ਸੀ, ਅਰਜਨ ਚਕ੍ਰਿਤ ਸੀ ਕਿ ਕੀ ਦਾ ਕੀ ਹੋ ਗਿਆ, ਨਕੁਲ ਤੇ ਸਹਦੇਵ ਮਹਿਟੱਰਾਂ ਵਾਂਗ ਮਗਰ ਮਗਰ ਤੁਰੇ ਜਾਂਦੇ ਸਨ। ਯੁਧਿਸ਼ਟਰ ਦੇ ਦਿਲ ਵਿਚ ਉਨ੍ਹਾਂ ਦਰਗਾਹੀ ਦੌਲਤਾਂ ਦੇ ਫੁੱਲ ਖਿੜ ਰਹੇ ਸਨ ਜਿਨ੍ਹਾਂ ਨੂੰ ਸੋਨਾ ਚਾਂਦੀ, ਸੰਸਾਰ ਸਿੰਗਾਰ, ਰਾਜ ਤੇ ਤਖ਼ਤਾਂ ਪੌਣ ਪਾਣੀ ਸੁਖਾਂਦੇ ਨਹੀਂ। ਉਸ ਨੂੰ ਸੰਤੁਸ਼ਟੀ ਸੀ ਕਿ ਕਰੜਾ ਜਿਹਾ ਜੀਵਨ ਮੋਰਚਾ ਸੁੱਖ ਨਾਲ ਤੇ ਸਫਲਤਾ ਨਾਲ ਲੰਘ ਗਿਆ ਹੈ। ਕੌਰਵਾਂ ਦੀ ਇੱਛਾ ਪੂਰੀ ਹੋ ਗਈ। ਪਾਂਡਵਾਂ ਦਾ ਰਾਜ ਜਾਂਦਾ ਰਿਹਾ ਤਾਂ ਕੀ, ਭਾਵੀ ਪਰਬਲ ਹੈ। ਸੰਸਾਰਿਕ ਦੇਣ ਲੈਣ ਦੇ ਚਕਰ ਵਰ੍ਹਿਆਂ ਮਹੀਨਿਆਂ ਦੇ ਤਾਂ ਨਹੀਂ ਹੁੰਦੇ, ਜਨਮਾਂ ਦੇ ਹੁੰਦੇ ਹਨ। ਕੀ ਹੋਇਆ ਅੱਜ ਰਾਜਿਆਂ ਤੋਂ ਫ਼ਕੀਰ ਹੋ ਗਏ। ਫ਼ਕੀਰੀ ਤੋਂ

ਰਾਜ ਭੀ ਉਨਾਂ ਹੀ ਦੂਰ ਜਾਂ ਆਖੋ ਉਨਾਂ ਹੀ ਨੇੜੇ ਹੈ। ਰਾਜ ਤੇ ਫ਼ਕੀਰੀਆਂ ਕਰਨ ਵਾਲਾ ਸਾਬਤ ਰਹੇ, ਰਾਜ ਤੇ ਫ਼ਕੀਰੀਆਂ ਦਾ ਕੀ ਘਾਟਾ ਹੈ ਇਸ ਜੁਗ ਭਰਮਦੀ ਧਰਤੀ ਉਤੇ।

ਯੁਧਿਸ਼ਟਰ ਨੇ ਭਰਾਵਾਂ ਦੀ ਬੜੀ ਕਰੜੀ ਪ੍ਰੀਖਿਆ ਕੀਤੀ ਸੀ। ਹੁਣ ਉਸ ਦੇ ਦਿਲ ਵਿਚ ਉਨ੍ਹਾਂ ਦਾ ਭੂਤਾ ਧਰਮੀ ਕਸੌਟੀ ਉਤੇ ਲਾਇਆ ਸੂਰਜ ਵਾਂਗ ਚਮਕ ਰਿਹਾ ਸੀ ਤੇ ਉਹ ਆਪਣੀ ਕਰੜਾਈ ਤੋਂ ਕੁਝ ਲੱਜਾਵਾਨ ਜਿਹਾ ਹੋ ਰਿਹਾ ਸੀ। ਰਾਜ ਪਾਠ ਖੁੱਸ ਜਾਣ ਦਾ ਉੱਕਾ ਕੋਈ ਸੋਕ ਨਹੀਂ ਸੀ, ਜਿੱਤ ਹਾਰ ਆਖ਼ਰ ਸਭਨਾਂ ਨੂੰ ਹੁੰਦੀ ਹੈ ਪਰ ਦਰੋਪਤੀ ਦੇ ਚੀਰ ਹਰਨ ਦਾ ਦਿਰਸ਼ ਦਿਲ ਉੱਤੇ ਇਕ ਖ਼ੂਨੀ ਘਰਾਲ ਜ਼ਰੂਰ ਵਗਾ ਰਿਹਾ ਸੀ।

ਦੁਨੀਆਂ ਵਿਚ ਬਹੁ ਗਿਣਤੀ ਲਕੀਰਾਂ ਉੱਤੇ ਚਲਣ ਵਾਲਿਆਂ ਦੀ ਹੈ, ਵਿਰਲੇ ਹਨ ਜੋ ਦਿਲ ਕੱਢ ਕੇ ਲੀਹ ਛੱਡ ਕੇ ਅਣਗਾਹੇ ਪੈਂਡਿਆਂ ਵਿਚ ਪੈਂਦੇ ਹਨ ਤੇ ਅਸਲੀ ਮਨੁੱਖ ਭੀ ਉਹੀ ਹਨ "ਹੈਮ ਵਿਰਲੇ ਨਾਹੀ ਘਣੇ......।" ਨਕਲਾਂ ਕਰਨ ਸਾਰੇ ਜਾਣਦੇ ਹੈਨ, ਨਵੇਂ ਰਾਹੀਂ ਵਿਰਲੇ ਪੈਂਦੇ ਹਨ— 'ਫਾਸਨ ਦੀ ਬਿਧ ਸਭ ਕੋਉ ਜਾਨੇ ਛੂਟਨ ਕੀ ਸਿਕ ਕੋਊ'। ਪਾਂਡਵ ਜੇ ਰਾਜ ਕਰੀ ਜਾਂਦੇ ਲਕੀਰਾਂ ਉੱਤੇ ਤੁਰੀ ਜਾਂਦੇ ਤਦ ਕੀ ਸੀ, ਹੋ ਹੋ ਕੇ ਦੂਜਿਆਂ ਵਾਂਗ ਮਿਟ ਜਾਂਦੇ ਜਿਨ੍ਹਾਂ ਦੇ ਨਾਮ ਨਿਸ਼ਾਨ ਸਭ ਮਿਟ ਗਏ ਹਨ, ਪਰ ਪਾਂਡਵ ਯੁਧਿਸ਼ਟਰ ਨੇ ਧਰਤੀ ਤੇ ਰਾਜ ਤਿਆਗ ਕੇ ਧਰਮ ਦਾ ਸਦੀਵੀ ਰਾਹ ਫੜਿਆ ਤੇ ਫੇਰ ਥਿੜਕਣਾ ਕੀ, ਤੇ ਪਿੱਛਾ ਵਾਚਣਾ ਕੀ, ਤੇ ਸਾਹਮਣੇ ਖਲੋਤਿਆਂ ਪਹਾੜਾਂ ਤੋਂ ਝਿਜਕਣਾ ਕੀ।

ਬਾਰਾਂ ਵਰ੍ਹੇ ਐਵੇਂ ਨਹੀਂ, ਲੰਘ ਜਾਂਦੇ। ਜੰਗਲਾਂ ਵਿਚ ਵਾਸ, ਪਦਵੀਆਂ ਤੋਂ ਢਹਿ ਮਿੱਟੀ ਵਿਚ ਰੁਲਦੇ ਰਹੇ, ਭੁੱਖ ਗਰੀਬੀ ਸਭ ਕੁਝ ਛਾਤੀਆਂ ਡਾਹ ਕੇ ਝੱਲੇ। ਦੇਸ ਨਿਕਾਲੇ ਵਿਚ ਹਰ ਚੀਜ਼ ਕਸ਼ਟ ਦੇਣ ਲਈ ਤੁਲ ਗਈ ਜਾਪਦੀ ਸੀ, ਧਰਤੀ ਉਨ੍ਹਾਂ ਦਾ ਭਾਰ ਸਹਾਰ ਨਹੀਂ ਸੀ ਸਕਦੀ, ਹਰੀ ਘਾਹ ਕੰਡੇ ਬਣ ਗਏ ਸਨ, ਬਿਰਛਾਂ ਦੀਆਂ ਛਾਵਾਂ ਹਨੇਰ ਬਣ ਗਏ ਸਨ, ਡਰ ਲਗਦਾ ਸੀ। ਜੰਗਲਾਂ ਦੇ ਦਰਿੰਦੇ ਦੈਂਤਾਂ ਵਾਂਗ ਉਨ੍ਹਾਂ ਦੇ ਲਹੂ ਪਿਆਸੇ ਜਾਪਦੇ ਸਨ, ਬੰਦਿਆਂ ਦੇ ਦਿਲ ਉਨ੍ਹਾਂ ਲਈ ਕਠੋਰ ਹੋ ਗਏ ਸਨ। ਕੋਈ ਥਾਂ ਉਨਾਂ ਨੂੰ ਝੱਲਦੀ ਨਹੀਂ ਸੀ, ਪਰ ਜਿਉਂ ਜਿਉਂ ਮੁਸੀਬਤਾਂ ਸਾਹਮਣੇ ਆਉਂਦੀਆਂ, ਤਿਵੇਂ ਤਿਵੇਂ ਪਾਂਡੂ ਪੁਤ੍ਰਾਂ ਦੇ ਦਿਲ ਝੱਲਣ ਲਈ ਕਾਠੇ ਹੋ ਜਾਂਦੇ, ਭਵਾਂ ਤਣ ਜਾਂਦੀਆਂ, ਮੱਥੇ ਵੱਟੇ ਜਾਂਦੇ ਜਬਾੜੇ ਕਸੇ

ਜਾਂਦੇ ਤੇ ਛਾਤੀਆਂ ਚਟਾਨਾਂ ਬਣ ਜਾਂਦੀਆਂ। ਪੱਤਾ ਪੱਤਾ ਉਨ੍ਹਾਂ ਨੂੰ ਚਿੜ੍ਹਾਉਣ, ਰੁਆਉਣ ਲਈ ਹਿਲਦਾ ਜਾਪਦਾ ਸੀ, ਕਿਤੇ ਕਿਤੇ ਟਾਵੇਂ ਟਾਵੇਂ ਯੋਗੀ ਤਪਸੱਵੀ ਢਾਰਸ ਬਣਾਦੇ ਸਨ ਪਿਆਰ ਦੀ ਵਰਖਾ ਕਰਦੇ ਸਨ, ਪਰ ਜ਼ਿਆਦਾ ਕਰਕੇ ਬਣਾਂ ਦੇ ਦੂਤ ਉਨ੍ਹਾਂ ਨੂੰ ਮੁਸ਼ਕਲਾਂ ਵਿਚ ਪਾ ਕੇ ਤਮਾਸ਼ਾ ਵੇਖਣਾ ਲੋੜਦੇ ਸਨ।

ਇਕ ਵਾਰ ਜੰਗਲ ਵਿਚ ਇਕ ਬ੍ਰਾਹਮਣ ਦੀ ਅਗਨੀ-ਕਲਾ ਇਕ ਹਰਨੀ ਆਪਣੇ ਸਿੰਗਾਂ ਵਿਚ ਫਸਾ ਕੇ ਨੱਸ ਤੁਰੀ। ਬ੍ਰਾਹਮਣ ਨੂੰ ਇਸ ਵੱਡੇ ਹਾਣ ਤੋਂ ਕੁਰਲਾਂਦਾ ਵੇਖ ਕੇ ਭੀਮ ਤੇ ਅਰਜਨ ਹੋਰੀਂ ਮਗਰ ਨੱਸੇ, ਪਰ ਉਹ ਹਰਨੀ ਨਹੀਂ ਕੋਈ ਛਲੇਡਾ ਸੀ, ਪਾਂਡਵਾਂ ਨੂੰ ਮਗਰ ਲਾ ਕੇ ਜੰਗਲ ਵਿਚ ਕੁਰਾਹੇ ਫਸਾ ਕੇ ਗੁੰਮ ਹੋ ਗਿਆ। ਇਕ ਦੂਜੇ ਵਲ ਰੋਹ ਭਰੀਆਂ ਅੱਖਾਂ ਨਾਲ ਤੱਕ ਕੇ ਕਚੀਚੀਆਂ ਵੱਟ ਕੇ ਬੋਲਣ ਲੱਗੇ। 'ਕਿਡੇ ਗਏ ਗੁਜ਼ਰੇ ਹੋ ਗਏ ਹਾਂ ਕਿ ਇਕ ਲੋੜਵੰਦ ਬ੍ਰਾਹਮਣ ਦੀ ਅੱਗ-ਬਾਲਣੀ ਲੱਭ ਕੇ ਨਹੀਂ ਦੇ ਸਕਦੇ।' ਦੂਜਾ ਬੋਲਿਆ, 'ਨਾ ਅਸੀਂ ਦਰੋਪਤੀ ਦੀ ਬੇਪਤੀ ਸਹਿ ਕੇ ਚੁਪ ਰਹਿੰਦੇ, ਨਾ ਸਾਡੀ ਇਹ ਅਧੋਗਤੀ ਹੁੰਦੀ, ਉੱਥੇ ਹੀ ਦੁਰਯੋਧਨ ਹੋਰਾਂ ਨੂੰ ਮੁਕਾ ਦੇਂਦੇ ਤੇ ਇਹ ਲੰਮਾ ਝੇੜਾ ਪੈਣਾ ਹੀ ਨਹੀਂ ਸੀ। ਤੀਜਾ ਆਖਣ ਲੱਗਾ, 'ਅਸੀਂ ਉਸ ਵੇਲੇ ਚੁਪ ਚੁਪਾਤੇ ਸਭ ਕੁਝ ਸਹਾਰ ਗਏ ਤਦ ਹੀ ਸਾਡੀ ਇਹ ਦੁਰਦਸ਼ਾ ਹੋਈ।' ਯੁੱਧਿਸ਼ਟਰ ਇਹ ਢਹਿੰਦੀਆਂ ਕਲਾਂ ਸੁਣ ਕੇ ਮੁਸਕਰਾਇਆ ਤੇ ਉਨ੍ਹਾਂ ਦਾ ਧਿਆਨ ਹੋਰਦੇ ਪ੍ਰੇਰਣ ਲਈ ਆਖਣ ਲਗਾ, ਭਈ ਪਾਣੀ ਕਿਤੋਂ ਲਿਆਉ, ਬੜੀ ਤ੍ਰੇਹ ਲੱਗੀ ਹੈ। ਹੁਕਮ ਸੁਣ ਕੇ ਸਾਰੇ ਸਾਵਧਾਨ ਹੋ ਗਏ। ਵਾਰੀ ਵਾਰੀ ਪਾਣੀ ਦੀ ਛਪੜੀ ਵਲ ਗਏ, ਪਰ ਜਿਹੜਾ ਜਾਵੇ ਉਥੇ ਹੀ ਰਹਿ ਜਾਵੇ, ਪਰਤੇ ਨਾ, ਆਖ਼ਰ ਯੁਧਿਸ਼ਟਰ ਆਪ ਗਿਆ, ਵੇਖਿਆ ਕਿ ਚਾਰੇ ਭਰਾ ਲੋਥਾਂ ਬਣੇ ਪਏ ਸਨ, ਸਮਝ ਗਿਆ ਕਿ ਕਿਸੇ ਦੋਖੀ ਰਾਕਸ਼ ਦਾ ਕੰਮ ਹੈ। ਬੜਾ ਪਛਤਾਇਆ ਕਿ ਪਾਣੀ ਕਾਹਨੂੰ ਮੰਗਣਾ ਸੀ। ਕੀ ਇਹ ਵੀ ਵੈਰੀ ਕੌਰਵਾਂ ਦਾ ਕੋਈ ਕਾਰਾ ਹੈ, ਜਾਂ ਰੱਬ ਵੀ ਵੈਰੀ ਬਣ ਗਿਆ ਹੈ ਕਿ ਜਦ ਬਨਵਾਸ ਮੁੱਕਣ ਉੱਤੇ ਆਇਆ ਹੈ ਤਾਂ ਚਾਰੇ ਭਾਈ ਮਰ ਗਏ ਹਨ। ਤਿਖਾ ਤੇ ਮੌਤ ਦੀ ਸੱਟ ਨਾਲ ਵਿਆਕੁਲ ਹੋਇਆ ਯੁਧਿਸ਼ਟਰ ਪਾਣੀ ਦਾ ਬੁੱਕ ਭਰਨ ਲੱਗਾ ਸੀ ਕਿ ਅਵਾਜ਼ ਆਈ 'ਖ਼ਬਰਦਾਰ ! ਪਾਣੀ ਤਦ ਪੀਵੀਂ ਜਦ ਪਹਿਲਾਂ ਮੇਰੇ ਪ੍ਰਸ਼ਨਾਂ ਦੇ ਉੱਤਰ ਦੇ ਲਵੇਂ, ਨਹੀਂ ਤਾਂ ਤੂੰ ਭੀ ਇਨ੍ਹਾਂ ਵਾਂਗ ਮਿਰਤਕ ਹੋ ਜਾਵੇਂਗਾ, ਇਹ ਪਾਣੀ ਮੇਰਾ ਹੈ।' ਯੁਧਿਸ਼ਟਰ ਨੂੰ ਇਸ ਬੋਲਦੇ ਹਾੜ ਵਿਚ ਕੁਝ ਆਸ ਦੀ ਝਲਕ ਦਿਸ ਆਈ।

'ਬੋਲਿਆ, ਪ੍ਰਸ਼ਨ ਕਰੋ, ਉੱਤਰ ਦਿਆਂਗਾ।' ਪ੍ਰਸ਼ਨ ਦੱਬਾ ਸੱਟ ਆਉਣ ਲੱਗੇ ਤੇ ਯੁਧਿਸ਼ਟਰ ਤੇਜ਼ੀ ਨਾਲ ਉੱਤਰ ਦੇਣ ਲੱਗਾ।

"ਸੂਰਜ ਦਾ ਤੇਜ ਕਿਥੋਂ ਆਉਂਦਾ ਹੈ ?"

"ਬ੍ਰਹਮਾ ਦੀ ਸ਼ਕਤੀ ਤੋਂ।"

"ਆਦਮੀ ਨੂੰ ਭੈ ਦੀ ਨਵਿਰਤੀ ਕਿੱਥੋਂ ਹੁੰਦੀ ਹੈ ?"

"ਭੈ ਦੀ ਨਵਿਰਤੀ ਆਦਮੀ ਦੇ ਅੰਦਰ ਦੀ ਦਲੇਰੀ ਤੋਂ ਹੁੰਦੀ ਹੈ।"

"ਕਿਹੜੀ ਵਿਦਿਆ ਪੜ੍ਹਨ ਨਾਲ ਆਦਮੀ ਬੁਧੀਮਾਨ ਹੁੰਦਾ ਹੈਂ ?"

"ਕਿਸੇ ਸ਼ਾਸ਼ਤਰ ਨੂੰ ਪੜ੍ਹ ਕੇ ਬੁੱਧੀ ਨਹੀਂ ਆਉਂਦੀ, ਬੁੱਧੀਮਾਨਾਂ ਦੀ ਸੰਗਤ ਤੋਂ ਬੁੱਧੀ ਆਉਂਦੀ ਹੈ।"

"ਧਰਤੀ ਨਾਲੋਂ ਵਧੇਰੇ ਪਾਲਕ ਕੌਣ ਹੈ ?"

"ਮਾਤਾ, ਜੋ ਜਨਮ ਦੇ ਕੇ ਪਾਲਣਾ ਕਰਦੀ ਹੈ, ਧਰਤੀ ਤੋਂ ਵਧੇਰੇ ਉੱਚ ਪ੍ਰਤਪਾਲਕ ਹੈ।"

"ਆਸਮਾਨ ਨਾਲੋਂ ਉੱਚਾ ਕੀ ਹੈ ?"

"ਪਿਤਾ।"

"ਹਵਾ ਨਾਲੋਂ ਤਿੱਖਾ ਕੀ ਹੈ ?"

"ਮਨ।"

"ਸੁਕੇ ਹੋਏ ਡੱਕੋ ਨਾਲੋਂ ਹੌਲਾ ਕੀ ਹੈ ?"

"ਸੋਗਵਾਨ ਹਿਰਦਾ।"

"ਪ੍ਰਦੇਸੀ ਦਾ ਮਿਤਰ ਕੌਣ ਹੈ ?"

"ਉਸ ਦੀ ਵਿਦਿਆ।"

"ਘਰ ਬੈਠਣ ਵਾਲੇ ਦਾ ਆਸਰਾ ਕੌਣ ਹੈ ?"

"ਉਸ ਦੀ ਪਤਨੀ।"

"ਮਿਰਤੂ ਲੋਕ ਵਿਚ ਕੌਣ ਸਹਾਈ ਹੁੰਦਾ ਹੈ ?"

"ਧਰਮ, ਆਤਮਾ ਦਾ ਇਕੋ ਇਕ ਸਹਾਈ ਉਸ ਭਿਆਨਕ ਰਾਹ ਵਿਚ ਉਸ ਦਾ ਧਰਮ ਹੈ।"

"ਵੱਡੇ ਤੋਂ ਵੱਡਾ ਭਾਂਡਾ ਕੀ ਹੈ ?"

'ਧਰਤੀ ਸਭ ਤੋਂ ਵੱਡਾ ਭਾਂਡਾ ਹੈ ਜਿਸ ਵਿਚ ਸਭ ਕੁਝ ਸਮਾਇਆ ਹੋਇਆ ਹੈ।''

"ਅਨੰਦ ਕੀ ਹੈ ?"

"ਸ਼ੁਧ ਕਰਮ ਕੀਤੇ ਦੀ ਸੰਤੁਸ਼ਟੀ ਅਨੰਦ ਹੈ।''

"ਕਿਹੜੀ ਚੀਜ਼ ਤਜ ਕੇ ਆਦਮੀ ਸਭਨਾਂ ਦਾ ਪਿਆਰਾ ਹੋ ਜਾਂਦਾ ਹੈ ?"

''ਮਾਨ ਤਜਣ ਨਾਲ ਸਭ ਮਿਤਰ ਬਣ ਜਾਂਦੇ ਹਨ।

"ਕਿਸ ਵਸਤੂ ਦੇ ਗੁਆਚਣ ਨਾਲ ਸੁਖ ਹੁੰਦਾ ਹੈ, ਦੁੱਖ ਨਹੀਂ ਹੁੰਦਾ ?"

"ਕ੍ਰੋਧ - ਇਸ ਨੂੰ ਗੁਆ ਕੇ ਸਦਾ ਸੁਖ ਹੁੰਦਾ ਹੈ।''

''ਅਸਲੀ ਬ੍ਰਾਹਮਣ ਕਿਵੇਂ ਅਖਵਾਈਦਾ ਹੈ - ਜਨਮ ਕਰਮ ਜਾਂ ਵਿਦਿਆ ਕਰਕੇ ? ਦੋ ਟੂਕ ਉੱਤਰ ਦੇਵੋ ?''

''ਜਨਮ ਜਾਂ ਵਿਦਿਆ ਨਾਲ ਬ੍ਰਾਹਮਣ ਨਹੀਂ ਬਣਦਾ। ਕੇਵਲ ਸ਼ੁਭ ਕਰਮਾਂ ਤੋਂ ਬ੍ਰਾਹਮਣ ਬਣੀਂਦਾ ਹੈ ਭਾਵੇਂ ਕੋਈ ਕਿੰਨੀ ਵਿਦਿਆ ਪੜ੍ਹੇ ਉਹ ਬ੍ਰਾਹਮਣ ਨਹੀਂ, ਜੋ ਮੰਦੇ ਸੁਭਾ ਦਾ ਹੈ ਭਾਵੇਂ ਚਾਰ ਵੇਦ ਪੜ੍ਹ ਲਵੇ। ਮੰਦੇ ਕਰਮਾਂ ਵਾਲਾ ਨੀਚ ਹੀ ਅਖਵਾਉਂਦਾ ਹੈ।''

''ਦੁਨੀਆਂ ਵਿਚ ਸਭ ਤੋਂ ਅਸਚਰਜ ਗੱਲ ਕਿਹੜੀ ਹੈ ?''

''ਸਭ ਤੋਂ ਅਸਚਰਜ ਗੱਲ ਇਹ ਹੈ ਕਿ ਨਿਤ ਪ੍ਰਤਿ ਆਦਮੀ ਵੇਖਦਾ ਹੈ ਕਿ ਵਾਰੀ ਵਾਰੀ ਸਾਰਿਆਂ ਨੂੰ ਜਮ ਲੈ ਜਾਂਦੇ ਹਨ, ਪਰ ਇਹ ਜਾਣਦਾ ਬੁੱਝਦਾ ਹੋਇਆ ਭੀ ਉਹ ਸਮਝੀ ਬੈਠਾ ਹੈ ਕਿ ਮੈਂ ਸਦਾ ਜੀਵਤ ਰਹੂੰਗਾ ਸਚ ਮੁਚ ਇਹ ਵੱਡੀ ਅਸਚਰਜ ਗੱਲ ਹੈ।''

ਉੱਤਰ ਸੁਣ ਕੇ ਰਾਕਸ਼ ਪ੍ਰਸੰਨ ਹੋਇਆ ਤੇ ਆਖਣ ਲਗਾ, ਯੁਧਿਸ਼ਟਰ ਇਹਨਾਂ ਵਿਚੋਂ ਤੇਰੇ ਇਕ ਭਰਾ ਨੂੰ ਜੀਉਂਦਾ ਕਰਦਾ ਹਾਂ ਦੱਸ ਕਿਸ ਨੂੰ ਉਠਾਵਾਂ। ਯੁਧਿਸ਼ਟਰ ਸੋਚ ਕੇ ਆਖਣ ਲੱਗਾ ਕਿ ਨਕੁਲ ਨੂੰ ਜੀਉਂਦਾ ਕਰ ਦੇਹ। ਰਾਕਸ਼ ਆਖਣ ਲੱਗਾ ਭੀਮ ਵਰਗਾ ਬਲੀ ਮੱਲ ਤੇ ਅਰਜਨ ਵਰਗਾ ਸੂਰਬੀਰ ਛੱਡ ਕੇ ਤੂੰ ਨਕੁਲ ਨੂੰ ਕਿਉਂ ਚਾਹੁੰਦਾ ਹੈਂ—ਜਵਾਬ ਦਿਤਾ, ਹੇ, ਰਾਕਸ਼ ! ਧਰਮ ਹੀ ਸਭ ਤੋਂ ਵੱਡੀ ਓਟ ਹੈ, ਭੀਮ ਤੇ ਅਰਜਨ ਨਹੀਂ। ਧਰਮ ਤਿਆਗਣ ਨਾਲ ਸਭ ਕੁਝ ਨਸ਼ਟ ਹੋ ਜਾਂਦਾ ਹੈ—ਮੇਰੇ ਪਿਤਾ ਦੀਆਂ ਦੋ ਪਤਨੀਆਂ ਸਨ ਕੁੰਤੀ ਤੇ ਮਾਧੁਰੀ ਮੈਂ ਕੁੰਤੀ ਦਾ ਇਕ ਪੁਤਰ ਜੀਉਂਦਾ। ਕੁੰਤੀ ਔਤ ਨਹੀਂ ਹੋਈ, ਬਰਾਬਰ

ਕਰਨ ਲਈ ਜ਼ਰੂਰੀ ਹੈ ਕਿ ਮਾਧੁਰੀ ਦਾ ਭੀ ਇਕ ਪੁੱਤਰ ਜੀਵੇ ।

ਰਾਕਸ਼ ਨੇ ਪ੍ਰਸੰਨ ਹੋ ਕੇ ਚਾਰੇ ਭਾਈ ਸੁਰਜੀਤ ਕਰ ਦਿਤੇ—ਪਿਛੋਂ ਪਤਾ ਲਗਾ ਕਿ ਹਰਨੀ ਅਤੇ ਰਾਕਸ਼ ਦਾ ਖੇਡ ਸਾਰਾ ਮੌਤ ਦੇ ਜਮਦੂਤ ਦਾ ਖੇਡ ਤੇ ਯੁਧਿਸ਼ਟਰ ਹੋਰਾਂ ਦਾ ਪਰਤਿਆਵਾ ਸੀ । ਇਸ ਤਰ੍ਹਾਂ ਯੁਧਿਸ਼ਟਰ ਦੇ ਧਰਮ ਪਾਲਣ ਨਾਲ ਵਰੋਸਾਏ ਤੇ ਸਹਾਰੇ ਹੋਏ ਪਾਂਡੂਆਂ ਨੇ ਬਨਵਾਸ ਦਾ ਬਾਰ੍ਹਵਾਂ ਸਾਲ ਪੂਰਾ ਕਰ ਦਿਤਾ ।

ਪਰ ਤੇਰ੍ਹਵੇਂ ਦੀ ਸ਼ਰਤ ਏਦੂੰ ਵੀ ਕਰੜੀ ਸੀ । ਜੇਕਰ ਤੇਰ੍ਹਵੇਂ ਸਾਲ ਵਿਚ ਪਾਂਡੂਆਂ ਵਿਚ ਕੋਈ ਕਿਤੇ ਕੌਰਵਾਂ ਨੂੰ ਲੱਭ ਪੈਂਦਾ ਤਾਂ ਸ਼ਰਤ ਸੀ ਪਾਂਡਵਾਂ ਨੂੰ ਬਾਰਾਂ ਸਾਲ ਫੇਰ ਅੱਗੇ ਬਨਵਾਸ ਵਿਚ ਰਹਿਣਾ ਪੈਣਾ ਸੀ । ਸ਼ਰਤ ਕੀ ਸੀ ਇਕ ਤਰ੍ਹਾਂ ਪਾਂਡਵਾਂ ਦੇ ਬਨਵਾਸ ਨੂੰ ਮੁੜ ਚਾਲੂ ਕਰਨ ਦਾ ਇਕ ਜਾਦੂ ਜਤਨ ਸੀ । ਪਰ ਸ਼ਰਤ ਹੋ ਚੁੱਕੀ ਸੀ ਭੰਣਾ ਨਹੀਂ ਸੀ ਹੋ ਸਕਦਾ । ਸੋ ਪਾਂਡਵਾਂ ਨੇ ਬੜੇ ਅਣਹੋਣੇ ਜਿਹੇ ਭੇਸ ਧਾਰ ਕੇ ਅਜਬ ਅਜਬ ਥਾਵਾਂ ਵਿਚ ਸਾਲ ਬਿਤਾਇਆ ਕਿ ਵੈਰੀ ਮਾਤ ਪੈ ਗਏ ਤੇ ਜਿਵੇਂ ਖੇਡਦੇ ਮੁੰਡੇ ਆਖਿਆ ਕਰਦੇ ਹਨ, ਪਾਂਡੂ ਪੁਤ੍ਰ ਸਾਰੇ ਪੁੱਗ ਗਏ ਸੁਰਖਰੂ ਹੋ ਕੇ ਆਪਣੇ ਦੇਸ ਨੂੰ ਮੁੜੇ ।

ਸਾਕ ਨਾਤਿਆਂ ਸਾਰਿਆਂ ਨੂੰ ਪਤਾ ਸੀ ਕਿ ਯੁਧਿਸ਼ਟਰ ਤੇ ਭਰਾਵਾਂ ਨਾਲ ਕੌਰਵਾਂ ਦੇ ਵੱਡੇ ਦੁਰਯੋਧਨ ਨੇ ਧੱਕਾ ਕੀਤਾ ਹੈ, ਸਾਰੇ ਸੰਬੰਧੀ ਰਾਜੇ ਤੇ ਹੋਰ ਮਿਤਰ ਪਾਂਡਵਾਂ ਨੂੰ ਮਿਲਣ ਆਏ, ਆਉ ਭਗਤ ਹੋਈ, ਆਸਾਂ ਮੁੜ ਹਰੀਆਂ ਹੋਈਆਂ ਤੇ ਮਤਾ ਹੋਇਆ ਕਿ ਦੁਰਯੋਧਨ ਤੋਂ ਪਾਂਡਵਾਂ ਦਾ ਹਿੱਸਾ ਛੁਡਾ ਕੇ ਉਨ੍ਹਾਂ ਨੂੰ ਦਿੱਤਾ ਜਾਵੇ । ਜਾਣਕਾਰਾਂ ਨੂੰ ਇਹ ਭੀ ਪਤਾ ਸੀ ਕਿ ਕੌਰਵ ਕੂਲੇ ਹੱਥਾਂ ਨਾਲ ਕੁਝ ਨਹੀਂ ਦੇਣ ਲਗੇ । "ਬਾਝੋਂ ਹੱਥ ਕਰਾਰਿਆਂ ਵੈਰੀ ਮਿੱਤ ਨਾ ਹੋਇਆ ।" ਸੋ ਵਿਚ ਵਿਚ ਯੁੱਧ ਛਿੜ ਜਾਣ ਦੀ ਕਨਸੋ ਭੀ ਪੈਣ ਲੱਗੀ ।

ਇਥੇ ਪਾਠਕਾਂ ਪ੍ਰਤੀ ਮਹਾਂਭਾਰਤ ਦੀ ਉਸ ਅਦੁਤੀ ਵਿਅਕਤੀ ਦੀ ਜਾਣ ਪਛਾਣ ਕਰਵਾਉਣੀ ਜਰੂਰੀ ਹੈ, ਜੋ ਕਿੱਸੇ ਦੇ ਤਾਣੇ ਵਿਚ ਇਸ ਤਰ੍ਹਾਂ ਬੁਣੀ ਹੋਈ ਹੈ ਜਿਵੇਂ ਬਨਾਰਸੀ ਚੁੰਨੀ ਵਿਚ ਸੁੱਚਾ ਧਾਗਾ । ਉਸ ਸੁੱਚੇ ਧਾਗੇ ਦੀ ਆਬ ਤੇ ਛਬ ਹੀ ਸਾਰੇ ਚੀਰ ਦਾ ਮੁੱਲ ਕਾਇਮ ਕੀਤਾ ਕਰਦੀ ਹੈ । ਕ੍ਰਿਸ਼ਨ ਦੁਆਰਕਾ ਦਾ ਰਾਜਾ ਸੀ ਤੇ ਪਾਂਡਵਾਂ ਦਾ ਸੰਬਧੀ ਸੀ—ਸਿਆਣਿਆਂ ਵਿਚੋਂ ਸਿਆਣਾ, ਧਰਮੀਆਂ ਵਿਚੋਂ ਧਰਮੀ ਤੇ ਨੀਤੀਵਾਨਾਂ ਵਿਚੋਂ ਪੜ-ਨੀਤੀਵਾਨ

ਹੁੰਦਾ ਹੋਇਆ ਮਨੁੱਖੀ ਅਸਲੇ ਨੂੰ ਧੁਰ ਬੁਧੀ ਨਾਲ ਪਛਾਣਦਾ ਸੀ। ਬੇ-ਅੰਤਗੁਣਾ ਕਲਾਕਾਰ ਸੀ, ਜੋ ਸਾਧਾਰਨ ਮਨੁੱਖ ਤੋਂ ਲੈ ਕੇ ਪਰਮਾਤਮਾ ਤੀਕ ਦੇ ਪਾਰਟ ਨਿਭਾ ਸਕਦਾ ਸੀ। ਛਲੀਆ, ਰਸੀਆ, ਪ੍ਰੇਮੀ, ਈਸ਼ਵਰ ਤੀਕ ਭਗਤ, ਖਿਲਾੜੀ, ਸਮੇਂ ਸਮੇਂ ਸਭ ਕੁਛ ਸੀ, ਪਰ ਸਭ ਕੁਛ ਹੁੰਦਾ ਹੋਇਆ ਨਿਰਲੇਪ ਸੀ। ਰੱਬ ਵਾਂਗ ਉਸ ਦੇ ਗੁਣ ਬੇਅੰਤ ਸਨ ਤੇ ਬੇਅੰਤ ਹੀ ਉਸ ਦੇ ਨਾਮ ਸਨ, ਜੋ ਰੂਪ ਧਾਰਦਾ ਸੀ ਕਮਾਲ ਕਰਦਾ ਸੀ। ਰੂਪ ਪੁਜਾਰੀ ਬਣ ਕੇ ਗੋਪੀਆਂ ਨਾਲ ਚੁਹਲ ਕਰਦਾ ਸੀ, ਬੰਸੀ ਵਜਾਂਦਾ ਤਾਂ ਗਊਆਂ ਪਸ਼ੂ ਤੇ ਬਿਰਛ ਭੀ ਮਸਤ ਹੁੰਦੇ ਸਨ, ਜੱਗਿਆਸੂ ਉਸ ਦੇ ਪ੍ਰੇਮ ਨਾਲ ਮੋਹਤ ਹੋ ਕੇ ਉਸ ਨੂੰ ਅਵਤਾਰ ਆਖਦੇ ਸਨ। ਭਗਤਾਂ ਨੂੰ ਉਸ ਵਿਚ ਆਪ ਬ੍ਰਹਮ ਬਿਰਾਜਦਾ ਭਾਸਦਾ ਸੀ। ਉਸ ਦਾ ਸਦਾ-ਅਨੰਦੀ ਰੰਗੀਲਾ ਹਿਰਦਾ ਪ੍ਰੇਮ ਨਾਲ ਇੰਨਾ ਭਰਪੂਰ ਸੀ ਕਿ ਜਿਥੋਂ ਦੀ ਉਹ ਲੰਘਦਾ ਧਰਤੀ ਖਿੜ ਜਾਂਦੀ ਤੇ ਬੰਦੇ ਦੇ ਲੂੰ ਲੂੰ ਹਰੇ ਹੋ ਜਾਂਦੇ ਸਨ। ਪਾਂਡੂ ਉਸ ਨੂੰ ਪਰਮੇਸ਼ਰ ਰੂਪ ਹੀ ਸਮਝਦੇ ਸਨ ਤੇ ਉਸ ਦੀ ਸਲਾਹ ਨੂੰ ਈਸ਼ਵਰ ਫਰਮਾਨ ਸਮਝਦੇ ਸਨ।

ਸਾਰੇ ਪਾਂਡੂ ਮਿਤਰਾਂ ਨੇ ਸਲਾਹ ਕਰਕੇ ਦੁਰਯੋਧਨ ਕੋਲ ਦੂਤ ਭੇਜ ਕੇ ਉਸ ਨੂੰ ਸੱਦ ਲਿਆ ਤੇ ਮੰਗ ਕੀਤੀ ਕਿ ਪਾਂਡਵਾਂ ਦਾ ਰਾਜ ਦਾ ਹਿੱਸਾ ਪਾਡਵਾਂ ਨੂੰ ਮੋੜੇ। ਦੁਰਯੋਧਨ ਨੇ ਜਵਾਬ ਦਿਤਾ ਕਿ ਪਾਂਡੂ ਪਾਸੇ ਵਿਚ ਸਾਰਾ ਰਾਜ ਹਾਰ ਚੁਕੇ ਹਨ, ਅਸੀਂ ਨਹੀਂ ਦੇਵਾਂਗੇ। ਦੋਹਾਂ ਧਿਰਾਂ ਦੇ ਸਾਂਝੇ ਮਿੱਤਰ ਕਿਸ਼ਨ ਨੇ ਕੌਰਵਾਂ ਨੂੰ ਸਮਝਾਉਣ ਦਾ ਬਹੁਤ ਯਤਨ ਕੀਤਾ ਪਰ ਜਦ ਮੂੰਹ ਨੂੰ ਰੱਤ ਲੱਗ ਚੁਕੀ ਹੋਵੇ ਸ਼ਿਕਾਰੀ ਤੋਂ ਸ਼ਿਕਾਰ ਛਡਿਆ ਨਹੀਂ ਜਾਂਦਾ। ਯੁਧਿਸ਼ਟਰ ਨੇ ਆਖ਼ਰ ਝਗੜਾ ਮਿਟਾ ਕੇ ਸਬਰ ਨਾਲ ਗੁਜ਼ਰਾਨ ਕਰਨ ਲਈ ਆਪਣੀ ਮੰਗ ਘਟਾ ਕੇ ਪੰਜਾਂ ਭਰਾਵਾਂ ਲਈ ਕੁੱਲ ਪੰਜ ਪਿੰਡ ਮੰਗੇ ਪਰ ਅਗੋਂ ਠੋਕਵਾਂ ਜਵਾਬ ਮਿਲਿਆ ਕਿ ਅਸੀਂ ਤਾਂ ਸੂਏ ਦੇ ਨੱਕੇ ਉਤੇ ਆਉਣ ਜੋਗੀ ਭੋਇੰ ਭੀ ਪਾਂਡਵਾਂ ਨੂੰ ਦੇਣ ਨੂੰ ਤਿਆਰ ਨਹੀਂ।

ਬਸ ਫਿਰ ਕੀ ਸੀ, ਯੁੱਧ ਦੀ ਤਿਆਰੀ ਹੋ ਗਈ। ਦੋਹਾਂ ਦੇ ਸਾਕ ਸਨੇਹੀ ਜੁੜਨ ਲਗ ਪਏ। ਕੁਰਖੇਤ੍ਰ ਦੇ ਮੈਦਾਨ ਵਿਚ ਫ਼ੌਜਾਂ ਆਣ ਲੱਥੀਆਂ। ਹਾਥੀ, ਘੋੜੇ, ਰਥ, ਤੀਰ ਜੰਗੀ ਸਾਜ ਤਿਆਰ ਹੋਣ ਲਗ ਪਏ। ਮੈਦਾਨ ਵਿਚ ਨਿਤਰ ਕੇ ਸੂਰਮਿਆਂ ਦੇ ਆਮੋ ਸਾਹਮਣੇ ਹੋ ਕੇ ਟਕਰਨ ਤੋਂ ਪਹਿਲਾਂ ਅਰਜਨ ਦੇ ਦਿਲ

ਵਿਚ ਆਈ ਕਿ ਇਕ ਵਾਰ ਫੇਰ ਆਪਣੇ ਸਲਾਹਕਾਰ ਤੇ ਸੰਬੰਧੀ ਕ੍ਰਿਸ਼ਨ ਕੋਲ ਜਾਕੇ ਇਕ ਅੰਤਮ ਛਾਣਬੀਣ ਸਾਰੇ ਝਗੜੇ ਦੀ ਦੇ, ਟਾਲਨ ਦੀ ਕਰ ਤੇ ਉਸ ਤੋਂ ਸਲਾਹ ਲਵੇ ਕੀ ਰਾਜ ਲਈ ਲੜਨਾ ਆਪਣੇ ਸਕੇ ਸੰਬੰਧਿਆਂ ਦੀਆਂ ਜਾਨਾਂ ਲੈਣ ਵਿਚ ਕੋਈ ਖੁਨਾਮੀ ਜਾਂ ਪਾਂਪ ਤਾਂ ਨਹੀਂ। ਕਾਹਲੀ ਵਿਚ ਦੀਰਘ ਵਿਚਾਰ ਬਿਨਾਂ ਕੋਈ ਭੀ ਕੰਮ ਕਰਨਾ ਸਿਆਣਪ ਨਹੀਂ ਹੁੰਦਾ, ਇਹ ਤਾਂ ਭਲਾ ਜੰਗ ਹੈ, ਜਿਸ ਵਿਚ ਸਾਰੇ ਰਾਜੇ ਤੇ ਉਹਨਾਂ ਦੀਆ ਫੌਜਾਂ ਇਕ ਦੂਜੇ ਦੇ ਘਾਣ ਕਰਨ ਨੂੰ ਜੁੜ ਰਹੇ ਸਨ।

ਅਰਜਨ ਤੇ ਕ੍ਰਿਸ਼ਨ ਵਿਚਕਾਰ ਹੋਏ ਪ੍ਰਸ਼ਨ ਉਤਰ ਦਾ ਨਾਮ ਉਹ ਮਹਾਨ ਉੱਚ ਵਿਚਾਰਾਂ ਦਾ ਜੋੜ ਹੈ, ਜਿਸ ਨੂੰ ਭਾਗਵਤ ਗੀਤਾ ਆਖਿਆ ਜਾਂਦਾ ਹੈ।

ਯੁੱਧਿਸ਼ਟਰ ਤਾਂ ਆਪਣੇ ਦਿਲ ਵਿਚ ਯੁੱਧ ਤੇ ਸ਼ਾਨਤੀ, ਦੋਸਤੀ ਦੁਸ਼ਮਣੀ ਜੀਵਨ ਮਰਨ ਸੰਬਧੀ ਫੈਸਲਾ ਕਰੀ ਬੈਠਾ ਸੀ ਤੇ ਉਸ ਦੇ ਉੱਤੇ ਸ਼ੰਕਿਆਂ ਦੇ ਬਦਲ ਕਦੀ ਨਹੀਂ ਸੀ ਘਿਰਦੇ। ਤੁਸ ਦਾ ਦਿਲ ਅਡੋਲ, ਸ਼ਾਂਤ ਸਹਜ ਵਿਚ ਨਿਰਮਲ ਆਕਾਸ਼ ਵਾਂਗ ਸੁਅੱਛ ਤੇ ਨਿੱਖਰਿਆ ਰਹਿੰਦਾ ਸੀ। ਪਰ ਅਰਜਨ ਇਕ ਸੰਸਾਰੀ ਸੀ ਉਸ ਦਾ ਦਿਲ ਸ਼ੰਕਿਆਂ ਤੇ ਅਧੂਰੇ ਵਿਚਾਰਾਂ ਨਾਲ ਗੰਧਲ ਰਿਹਾ ਸੀ, ਉਸ ਲਈ ਜ਼ਰੂਰੀ ਸੀ ਕਿ ਉਹ ਲਹੂ ਤੇ ਮਿੱਝ ਦੇ ਦਰਿਆਵਾਂ ਵਿਚ ਵੜਨ ਲਗਾ ਪੁਛੇ, ਕੀ ਇਹ ਜ਼ਰੂਰੀ ਹੈ ?'

"ਹੇ ਕ੍ਰਿਸ਼ਨ ਮੈਂ ਕੀ ਕਰਾਂ, ਮੇਰੇ ਸਾਮ੍ਹਣੇ ਮੇਰੇ ਸੰਬੰਧੀ ਹਨ, ਮੇਰੇ ਮਿੱਤਰ ਹਨ, ਬੜੇ ਬੜੇ ਸਿਆਣੇ ਸੁਨੱਖੇ ਸ਼ਸਤ੍ਰ-ਪ੍ਰਬੀਨ, ਸੂਰਮੇ ਤੇ ਸ਼ਾਸ਼ਤਰ ਵੇਤੇ ਹਨ। ਕੀ ਮੈਂ ਇਨ੍ਹਾਂ ਦੀ ਆਪਣੇ ਇਨ੍ਹਾਂ ਹੱਥਾਂ ਨਾਲ ਹੱਤਿਆ ਕਰਾਂ ? ਇਨ੍ਹਾਂ ਨੂੰ ਮਾਰ ਕੇ ਕਿਵੇਂ ਸੁਖੀ ਹੋ ਸਕਦਾ ਹਾਂ ? ਇਸ ਜਗਤ ਉਪਰੋਂ ਇਨੇ ਸੋਹਣੇ ਜੀਉਂਦੇ ਜਾਗਦੇ ਵੀਰਾਂ ਭਰਾਵਾਂ ਬਜ਼ੁਰਗਾਂ ਸੰਬੰਧੀਆਂ ਨੂੰ ਮੁਕਾ ਰਾਜ ਕੀ ਚੰਗ ਲਗੇਗਾ ? ਇਸ ਮੈਦਾਨ ਨੂੰ ਸੱਥਰ ਬਣਾ ਕੇ ਮੇਰੇ ਜੀਵਨ ਵਿਚ ਕੀ ਖ਼ੁਸ਼ੀ ਰਹਿ ਜਾਵੇਗੀ ? ਹੇ ਕ੍ਰਿਸ਼ਨ ! ਮੇਰਾ ਮਨ ਦੁਬਧਾ ਦੇ ਦੋ ਪਾਟਾਂ ਵਿਚ ਪੈ ਕੇ ਦਲਿਆ ਜਾ ਰਿਹਾ ਹੈ, ਕੀ ਕਰਾਂ, ਕੀ ਨਾ ਕਰਾਂ। ਜੇ ਨਹੀਂ ਲੜਦਾ ਤਾਂ ਮੇਰਾ ਛੱਤ੍ਰੀ ਧਰਮ ਭੰਗ ਹੋ ਕੇ ਮੈਨੂੰ ਕਾਇਰਤਾ ਦੇ ਦਰਿਦ੍ਰ ਦੇ ਖੂਹ ਵਿਚ ਲੈ ਡੁੱਬਦਾ ਹੈ, ਜੇ ਲੜਦਾ ਹਾਂ ਤਾਂ ਮੈਨੂੰ ਆਪਣੇ ਸੰਬੰਧੀਆਂ ਤੇ ਮਿੱਤਰਾਂ ਦਾ ਘਾਤ ਕਰਨਾ ਪੈਂਦਾ ਹੈ।"

ਕ੍ਰਿਸ਼ਨ ਨੇ ਅਰਜਨ ਦੀ ਇਸ ਦਸ਼ਾ ਨੂੰ "ਅਨਾਰੀਆ" ਅਥਵਾ ਆਰੀਆ

ਪੁਰਸ਼ਾਂ ਦੇ ਅਯੋਗ ਆਖਦਿਆਂ ਉਸ ਨੂੰ ਵਿਸਥਾਰ ਨਾਲ ਸਮਝਾਇਆ "ਹੇ ਅਰਜਨ ! ਆਪਣੇ ਰਾਜ ਕਾਜ ਯਾ ਹਾਣ ਲਾਭ ਨੂੰ ਮੁਖ ਰੱਖਕੇ ਮੈਦਾਨ ਵਿਚ ਨਾ ਵੜ। ਇਨ੍ਹਾਂ ਮਿਥਿਆ ਨਾ ਰਹਿਣੀਆਂ ਗੱਲਾਂ ਦਾ ਧਿਆਨ ਨ ਕਰ, ਇਹ ਤਾਂ ਪਰਛਾਵੇਂ ਹਨ। ਤੂੰ ਆਪਣਾ ਧਰਮ, ਆਪਣਾ ਕਰਮ, ਯੋਗ ਕਰਮ, ਫਰਜ਼, ਆਪਣੇ ਅੰਤਹਕਰਨ ਦੀ ਅਵਾਜ਼ ਸੁਣ ਸਮਝ ਕੇ ਮੈਦਾਨ ਵਿਚ ਵੜ। ਇਹ ਜੋ ਸਾਕ ਸੰਬੰਧੀ ਮਿੱਤਰ ਵੈਰੀ ਆਪਣੇ ਬਿਗਾਨੇ ਤੂੰ ਸਮਝਦਾ ਹੈਂ ਇਹ ਭੁਲੇਖੇ ਹਨ, ਸਮੇਂ ਦਾ ਸੰਜੋਗ ਹੈ ਵਡੇ ਦਰਿਆ ਦੀਆਂ ਪਰਨਾਲੀਆਂ ਵਾਂਗ ਕਦੇ ਆ ਮਿਲਦੇ ਹਨ ਕਦੇ ਵਿੱਛੜ ਜਾਂਦੇ ਹਨ। ਮਰਨ ਜੀਵਨ ਭੀ ਭੁਲੇਖੇ ਹਨ, ਜਿਵੇਂ ਪੁਰਸ਼ ਇਕ ਬਸਤਰ ਲਾਹ ਕੇ ਦੂਜਾ ਪਾ ਲੈਂਦਾ ਹੈ, ਤਿਵੇਂ ਇਹ ਜੰਮਣ ਮਰਣ ਹੈ, ਨਾ ਕਦੇ ਕੋਈ ਜੰਮਿਆ, ਨਾ ਕਦੇ ਮੋਇਆ, ਆਵਣ ਜਾਣ ਦੇ ਢੰਗ ਹਨ। ਮੌਤ ਕੋਈ ਚੀਜ਼ ਨਹੀਂ।' ਇਕ ਮੰਦਰ ਵਿਚੋਂ ਨਿਕਲ ਕੇ ਦੂਜੇ ਵਿਚ ਵੜ ਜਾਣ ਵਾਂਗ।' 'ਆਵਣ ਜਾਣ ਇਕ ਖੇਲੁ ਬਣਾਯਾ। 'ਆਗਿਆਕਾਰੀ ਕੀਨੀ ਮਾਯਾ।' ਤੇ ਸਭ ਤੋਂ ਵਡੀ ਗਲ ਇਹ ਹੈ ਕਿ ਅਰਜਨ ਤੂੰ ਸਭ ਕੁਛ ਮੈਨੂੰ ਸਮਰਪਨ ਕਰ ਕੇ ਮੇਰਾ ਧਿਆਨ ਧਰ ਕੇ ਆਪਣੇ ਮਨ ਨੂੰ ਛੁਟ ਮੇਰੇ ਨਾਮ ਤੋਂ ਨਿਰਲੇਪ ਰਖਦਾ ਹੋਇਆ ਜੰਗ ਦੇ ਮੈਦਾਨ ਵਿਚ ਜਿਤ ਹਾਰ ਦੋਸਤੀ ਦੁਸ਼ਮਣੀ ਸਨੇਹ ਤੇ ਘ੍ਰਿਣਾ ਆਪਣਾ ਬਿਗਾਨਾ ਸਭ ਭੁਲਾ ਕੇ ਲੜੇਂਗਾ ਤੇਰੀ ਆਤਮਾ ਨੂੰ ਕੁਛ ਲਿਪਤ ਨਹੀਂ ਹੋਵੇਗਾ ਤੂੰ ਸਿਧਾ ਮੇਰੇ ਕੋਲ ਆ ਕੇ ਮੇਰਾ ਰੂਪ ਬਣ ਜਾਵੇਂਗਾ। ਹੇ ਅਰਜਨ ਤੇਰਾ ਧਰਮ ਹੈ, ਅਨਿੱਆਇ ਵਿਰੁਧ ਲੜਨਾ, ਉੱਠ ਸ਼ੇਰ ਬਣ ਤੇ ਪਾਂਡਵਾਂ ਦੇ ਅਧਿਕਾਰਾਂ ਲਈ ਲੜ।'

ਜੰਗ ਛਿੜਿਆ, ਸੂਰਮੇ ਲੜੇ, ਵੱਡੇ ਵੱਡੇ ਸੂਰਬੀਰ ਆਪਣੀ ਆਪਣੀ ਵਾਰੀ ਆਪਣੇ ਆਪਣੇ ਸਮੇਂ ਕੁਰੂਖੇਤਰ ਦੀ ਭੂਮੀ ਨੂੰ ਆਪਣੇ ਖਤ੍ਰੀ ਲਹੂ ਨਾਲ ਸਿੰਜਦੇ ਹੋਏ ਸਮਾਪਤ ਹੋ ਗਏ। ਪਹਿਲੇ ਦਿਨਾਂ ਵਿਚ ਨਿਯਮਾਂ ਦੀ ਪਾਲਣਾ ਹੁੰਦੀ ਰਹੀ, ਪਰ ਜਿਉਂ ਜਿਉਂ ਘਸਾਣ ਵਧਿਆ, ਅਯੋਗ ਤੇ ਵਿਵਰਜਤ ਤਰੀਕੇ ਤੇ ਹਥਿਆਰ ਵਰਤੇ ਜਾਣ ਲਗੇ। ਯੋਧਿਆਂ ਨੂੰ ਯਥਾਰਥ ਤੇ ਅਨਾਰਥ ਦੇ ਫ਼ਰਕ ਭੁੱਲ ਗਏ। ਨਿਯਮ, ਸੰਜਮ, ਸਤਿਕਾਰ ਭੁੱਲ ਗਏ। ਮੌਤ ਸਸਤੀ ਹੋ ਗਈ, ਕੁਰੂਖੇਤਰ ਦਾ ਮੈਦਾਨ ਸ਼ਮਸ਼ਾਨ ਭੂਮੀ ਬਣ ਗਿਆ।

ਅਰਜਨ ਦਾ ਸੋਹਣਾ ਸਜੀਲਾ ਨਵਤੇਜ ਪੁੱਤ੍ਰ ਅਭਿਮੰਨਯੂ ਇਕ ਦਿਲ-ਚਲਾ

ਨਿਰਭੈ ਜੋਧਾ ਸੀ, ਕੌਰਵਾਂ ਦੀਆਂ ਕਤਾਰਾਂ ਚੀਰਦਾ ਹੋਇਆ ਵੈਰੀ ਦਲ ਵਿਚ ਧਸ ਗਿਆ। ਛਤ੍ਰੀ ਨਿਯਮ ਸੀ ਹਥਿਆਰ ਪਿੱਠ ਵਲੋਂ ਨਹੀਂ ਚਲਾਣਾ ਵੈਰੀ ਨੂੰ ਪਹਿਲਾਂ ਵੰਗਾਰਨਾ, ਫਿਰ ਹਮਲਾ ਕਰਨਾ ਤੇ ਇਕ ਨੂੰ ਬਹੁਤਿਆਂ ਨੇ ਇਕੱਠੇ ਹੋ ਕੇ ਨਹੀਂ ਪੈਣਾ। ਪਿਤਾ ਦੀ ਦਿੱਤੀ ਵਿੱਦਿਆ ਨੂੰ ਵਰਤਦਾ ਹੋਇਆ ਤੇ ਯੁਧਿਸ਼ਟਰ ਦੇ ਹੁਕਮ ਦੀ ਪਾਲਣਾ ਕਰਦਦਾ ਹੋਇਆ ਗੁਰੂ ਦਰੋਣਾਚਾਰੀਆ ਦੀ ਫ਼ੌਜ ਦੀ ਬੰਦਸ਼ ਤੋੜ ਕੇ ਅਭਿਮੰਨਯੂ ਵੈਰੀ ਦੀ ਜੁਗਤ ਨੂੰ ਰੋਕਣ ਲਈ ਬਹੁਤ ਅੱਗੇ ਜਾ ਵੜਿਆ। ਕੌਰਵ ਹੈਰਾਨ ਤੇ ਪਰੇਸ਼ਾਨ ਹੋ ਗਏ। ਮੁੰਡੇ ਦੀ ਦਲੇਰੀ ਤੇ ਹੌਸਲਾ ਵੇਖਕੇ ਗੁੱਸੇ ਵਿਚ ਆਪਣਾ ਆਪ ਭੁੱਲਣ ਲੱਗੇ। ਦੁਰਯੋਧਨ ਆਪ ਉਸ ਦੇ ਹੱਥੋਂ ਮਸਾਂ ਬਚਿਆ ਤੇ ਉਸ ਦੇ ਆਦਮੀ ਅਭਿਮਨੱਯੂ ਦੇ ਹਥੋਂ ਮੱਖੀਆਂ ਵਾਂਗ ਮਰਨ ਲਗੇ। ਉਹ ਦਰੋਣਾ ਦੀ ਫੌਜੀ ਬੰਦਸ਼ ਤੜ ਤਾਂ ਗਿਆ, ਪਰ ਆਪ ਘਿਰ ਗਿਆ, ਪਿਛੋਂ ਕੁਮਕ ਨਾ ਪਹੁੰਚ ਸਕੀ ਘਿਰ ਕੇ ਸਗੋਂ ਹੋਰ ਦਲੇਰ ਤੇ ਖੂਨੀ ਹੋ ਗਿਆ, ਨੇੜੇ ਕੋਈ ਨਾ ਢੁਕੇ ਜਿਧਰ ਪਵੇ ਲਥਾਂ ਦੇ ਢੇਰ ਲਗ ਜਾਣ। ਮੁਛ-ਫੁਟਵੇਂ ਗੱਭਰੂ ਦੀ ਇਹ ਅਸਚਰਜ ਦਲੇਰੀ ਵੇਖ ਕੇ ਦਰੋਣਾਚਾਰੀ ਦੀਆਂ ਅੱਖਾਂ ਵਿਚ ਹਿੱਤ ਨਾਲ ਹੰਝੂ ਭਰ ਆਏ ਦਰਯੋਧਨ ਤੜਪ ਉੱਠਿਆ ਕਿ ਇਕ ਮੁੰਡਾ ਸਾਨੂੰ ਅੱਗੇ ਲਾਈ ਜਾ ਰਿਹਾ ਹੈ ਗੁੱਸੇ ਵਿਚ ਆਪਣਾ ਆਪ ਭੁਲਾ ਕੇ ਪੁਕਾਰ ਉਠਿਆ 'ਫੜ ਲਉ ਇਸ ਛੋਕਰੇ ਨੂੰ।' ਕੌਰਵਾਂ ਦੇ ਜੁਟ ਹੋਏ ਜੱਥੇ ਨੇ ਅਭਿਮੱਨਯੂ ਨੂੰ ਘੇਰ ਕੇ ਢਾਹ ਲਿਆ, ਉਸ ਦੀ ਪਿੱਠ ਪਿਛੋਂ ਵਾਰ ਕਰ ਕੇ ਘਾਇਲ ਕਰ ਦਿਤਾ, ਸੰਭਲ ਕੇ ਉੱਠਣ ਲਗਾ ਸੀ ਕਿ ਹਥਿਆਰ ਫੜਨ ਲਗੇ ਨੂੰ ਮਾਰ ਮੁਕਾਇਆ।

ਕੁਦਰਤੀ ਗੱਲ ਸੀ, ਪੁਤ ਦੀ ਅਨਿਆਇਕ ਮੌਤ ਸੁਣਕੇ ਪਿਤਾ ਅਰਜਨ ਨੂੰ ਬਹੁਤ ਰੋਹ ਚੜ੍ਹਿਆ ਤੇ ਲੜਾਈ ਨੇ ਖਾਲਸ ਖੂਨੀ ਰੂਪ ਧਾਰ ਲਿਆ। ਨਿਯਮਕ ਬਾਰੀਕੀਆਂ ਤੇ ਨਯਾਇਕ ਸਹਜ ਤੇ ਸਫ਼ਾਈ ਜਾਂਦੇ ਰਹੇ ਦਲਾਂ ਦੀ ਨੀਤੀ ਇਹ ਹੋ ਗਈ ਕਿ ਜਿਥੇ ਜਿਸ ਦਾ ਵੱਸ ਚੱਲਿਆ ਜਿਵੇਂ ਬਣਿਆ ਵੈਰੀ ਨੂੰ ਮਾਰ ਮੁਕਾਇਆ। ਹੁਣ ਤੀਕ ਦੋਹਾਂ ਪੱਖਾਂ ਨੇ ਯੁੱਧ ਨੂੰ ਸੁਥਰੇ ਸੁਚੱਜ ਨਿਯਮਕ ਤਰੀਕੇ ਨਾਲ ਲੜਿਆ ਸੀ। ਜਿਉਂ ਜਿਉਂ ਲੜਾਈ ਦਰਿਆ ਦੇ ਜੁਆਰ ਭਾਟੇ ਵਾਂਗ ਅਜ ਇਧਰ ਕਲ ਉਧਰ ਹੁੰਦੀ ਗਈ ਕਈ ਖੂਹਣੀਆ ਫੌਜਾਂ ਦੀਆਂ ਖਪ ਗਈਆਂ ਵੱਡੇ ਵੱਡੇ ਯੋਧੇ ਖਾਕ ਵਿਚ ਰਲ ਗਏ ਤੇ ਕੋਈ ਪਾਸਾ ਜਿੱਤਦਾ ਨਾ ਦਿਸਿਆ।

ਦੋਹਾਂ ਦਲਾਂ ਵਿਚ ਜੰਗ ਨੂੰ ਕਿਸੇ ਨੇਪਰੇ ਮੁਕਾਣ ਦੀ ਚਿੰਤਾ ਵਧਣ ਲਗੀ। ਅਭਿਮਨਯੂ ਨੂੰ ਜਦ ਅਯੋਗ ਤਰਹ ਮੁਕਾਇਆ ਤਾਂ ਪਾਂਡਵਾਂ ਦੇ ਆਗੂ ਅਰਜਨ ਨੇ ਸੌਂਹ ਖਾ ਲਈ ਕਿ ਪਹਿਲਾਂ ਉਹ ਅਭਿਮਨਯੂ ਦੇ ਮਾਰਣ ਵਾਲੇ ਨੂੰ ਮੁਕਾਏਗਾ।

ਨੁਕਸਾਨ ਵਧੇਰੇ ਹੁੰਦਾ ਵੇਖ ਕੇ ਦੁਰਯੋਧਨ ਦੇ ਅੰਨ੍ਹੇ ਪਿਤਾ ਧ੍ਰਿਤਰਾਸ਼ਟਰ ਨੇ ਤੇ ਕੌਰਵ ਸੈਨਾਪਤੀ ਦਰੋਣਾਚਾਰੀਆ ਨੇ ਦੁਰਯੋਧਨ ਨੂੰ ਫੇਰ ਸਮਝਾਉਣ ਅਤੇ ਨਿਆਉਂ ਕਰਨ ਦੀ ਪ੍ਰੇਰਨਾ ਕਰਨ ਦਾ ਜਤਨ ਕੀਤਾ ਪਰ ਉਸ ਨੇ ਗੱਲ ਸੁਨਣ ਦੀ ਥਾਂ ਲੜਾਈ ਤੇਜ਼ ਕਰਨ ਦਾ ਹੁਕਮ ਦਿਤਾ। ਸਿਰ ਧੜ ਦੀ ਬਾਜੀ ਲਾ ਕੇ ਅਰਜਨ ਨੇ ਦੂਜ ਦਿਨ ਜਦ ਵੈਰੀ ਦਲ ਨੂੰ ਚੀਰ ਕੇ ਆਪਣੇ ਪੁਤਰ ਦਾ ਬਦਲਾ ਲਿਆ ਤਾਂ ਕੌਰਵ ਦਲ ਦੇ ਦਿਲ ਢਹਿਣੇ ਆਰੰਭ ਹੋ ਗਏ। ਪਾਂਡਵਾਂ ਨੇ ਮਤਾ ਪਕਾਇਆ ਕਿ ਜਦ ਤਕ ਕੌਰਵ ਦਲ ਦੀ ਵਾਗ ਗੁਰੂ ਦਰੋਣਾ ਦੇ ਹੱਥ ਵਿਚ ਹੈ ਉਨ੍ਹਾਂ ਨੂੰ ਭਾਂਜ ਦੇਣਾ ਸੰਭਵ ਨਹੀਂ ! ਦਰੋਣਾਚਾਰੀਆ ਨੇ ਕੁਛ ਗੁਪਤ ਸ਼ਸਤ੍ਰ ਤੇ ਢੰਗ ਵੱਸ ਕੀਤੇ ਹੋਏ ਸਨ, ਜਿਨ੍ਹਾਂ ਦੇ ਹੁੰਦਿਆਂ ਉਸ ਦੀ ਸੈਨਾ ਹਾਰ ਨਹੀਂ ਸੀ ਸਕਦੀ। ਪਰ ਕਿਹੜੀ ਅੜਾਉਣੀ ਹੈ ਜਿਸ ਦੀ ਕੁੰਜੀ ਖੋਜੀ ਬੰਦੇ ਲਭ ਨਹੀਂ ਲੈਂਦੇ। ਦਰੋਣਾਚਾਰੀਆ ਦਾ ਪੁਤਰ ਅਸਵਧਾਮਾਂ ਉਸ ਨੂੰ ਬੇਹੱਦ ਪਿਆਰਾ ਸੀ, ਐਨਾ ਕਿ ਪੁਤਰ ਦੀ ਹੋਂਦ ਨਾਲ ਹੀ ਪਿਤਾ ਜੀਉਂਦਾ ਸੀ। ਜੇ ਕਿਵੇਂ ਦਰੋਣਾ-ਚਾਰੀਆ ਦੇ ਕੰਨ ਵਿਚ ਆਵਾਜ਼ ਪੈ ਜਾਵੇ ਕਿ ਅਸਵਧਾਮਾ ਮਾਰਿਆਂ ਗਿਆ ਤਾਂ ਦ੍ਰੋਣਾ ਆਪੇ ਹੀ ਪ੍ਰਾਣ ਤਿਆਗ ਦੇਵੇਗਾ। ਅਸਵਧਾਮਾ ਇਕ ਹਾਥੀ ਭੀ ਸੀ। ਅਸਵਧਾਮਾ ਪੁਤਰ ਨੂੰ ਮਾਰਨਾ ਸੁਖਾਲਾ ਨਹੀਂ ਸੀ ਤੇ ਨਾ ਹੀ ਅਰਜਨ ਵਰਗੇ ਸੁਚੇ ਸੂਰਬੀਰ ਆਪਣੇ ਗੁਰੂ ਦੀ ਮੌਤ ਕਰਨ ਦਾ ਜਤਨ ਆਪਣੇ ਹੱਥੀਂ ਕਰ ਸਕਦੇ ਸੀ। ਜੁਗਤ ਲਭੀ ਕਿ ਅਸਵਧਾਮਾ ਹਾਥੀ ਨੂੰ ਮਾਰ ਕੇ ਦ੍ਰੋਣਾਚਾਰੀਆ ਨੂੰ ਅਸਵਧਾਮਾ ਪੁਤਰ ਦੇ ਮਰਣ ਦਾ ਧੋਖਾ ਦਿਤਾ ਜਾਵੇ ਪਰ ਅਜਿਹਾ ਝੂਠ ਪੱਲੇ ਕੌਣ ਪਾਵੇ।

ਇਥੇ ਮਹਾਂਭਾਰਤ ਦੇ ਕੌਤਕੀ ਰਚਨਹਾਰ ਨੇ ਕਿੱਸੇ ਵਿਚ ਇਕ ਅਜਿਹੀ ਘਮਰੋੜੀ ਪਾਈ ਜਿਸ ਨੂੰ ਸਿੱਧੀ ਮਨੁੱਖੀ ਬੁਧੀ ਸੁਲਝਾ ਨਹੀਂ ਸਕਦੀ। ਯੁਧ ਨੂੰ ਲੰਮਾ ਤੇ ਘੋਰ ਹੁੰਦਾ ਵੇਖ ਕੇ ਕ੍ਰਿਸ਼ਨ ਨੇ ਅਰਜਨ ਨੂੰ ਆਗਿਆ ਕੀਤੀ ਕਿ ਅਰਜਨ ਸਿੱਧੇ ਨਿਯਮਕ ਯੁਧ ਨਾਲ ਦ੍ਰੋਣਾ ਨੂੰ ਜਿੱਤਣਾ ਅਸੰਭਵ ਹੈ, ਹੁਣ ਝੂਠ ਦਾ ਆਸਰਾ ਲਏ ਬਿਨਾਂ ਸਰ ਨਹੀਂ ਸਕਦਾ, ਜੇ ਜਿੱਤਣਾ ਹੈ ਤਾਂ ਆਖਣਾ ਹੀ ਪਏਗਾ ਕਿ

ਅਸਵਧਾਮਾ ਮਾਰਿਆ ਗਿਆ ਹੈ। ਅਰਜਨ ਬੜੀ ਦੁਬਧਾ ਵਿਚ ਪੈ ਗਿਆ। ਜਿਸ ਨੇ ਮੂੰਹੋਂ ਕਦੇ ਕੁਸਤ ਨਹੀਂ ਸੀ ਬੋਲਿਆ ਉਹ ਕਿਵੇਂ ਕੂੜ ਤੋਲੇ। ਕੋਲ ਯੁਧਿਸ਼ਟਰ ਖਲੋਤਾ ਸੀ। ਜਿਵੇਂ ਕੋਈ ਨੀਚ ਮਲਧਾਰੀ ਆਪਣੇ ਸੁੱਚੇ ਰਹਣੇ ਮਿੱਤਰ ਨੂੰ ਆਖ ਦੇਵੇ ਚੰਗਾ ਏਸ ਗੰਦ ਦੀ ਸਫ਼ਾਈ ਮੈਂ ਕਰ ਦੇਂਦਾ ਹਾਂ, ਬੋਲਿਆ ਚੰਗਾ ਏਸ ਝੂਠ ਦਾ ਅਪਰਾਧ ਮੈਂ ਆਪਣੇ ਸਿਰ ਲੈਂਦਾ ਹਾਂ।

ਫਾਰਸੀ ਕਵੀ ਹਾਫਜ਼ ਕਹਿੰਦਾ ਹੈ, ਬਮੈਂ ਸੱਜਾਂਦਾ ਰੰਗੀ ਕੁਨ ਗਰਤ ਪੀਰੋ ਮੁਗਾ ਗਯਦ' ਜੇ ਗੁਰੂ ਆਖੇ ਕਿ ਨਿਮਾਜ ਪੜ੍ਹਣ ਵਾਲੀ ਸਫ ਨੂੰ ਸ਼ਰਾਬ ਵਿਚ ਭਿਉਂ ਲੈ ਤਾਂ ਸੱਚਾ ਮੁਰੀਦ ਉਹੀ ਕਰਦਾ ਹੈ। ਆਖਿਆ ਹੈ "ਮੁਰਦਾ ਹੋਇ ਮੁਰੀਦ ਨਾ ਗੱਲੀਂ ਹੋਵਣਾ" ਆਪਣੀ ਹੌਂ ਮਤ ਤਿਆਗ ਕੇ ਹੀ ਦਰ ਕਬੂਲ ਹੋਈਦਾ ਹੈ। ਕੌਣ ਜਾਣਦਾ ਹੈ ਸਚ ਕੀ ਤੇ ਝੂਠ ਕੀ ਹੁੰਦਾ ਹੈ। ਯੁਧਿਸ਼ਟਰ ਰਾਜਾ ਸੀ ਕੁਲੀਨ ਛਤਰੀ ਸੀ, ਪਾਂਡੂ ਕੁਲ ਦਾ ਵਡੇਰਾ ਸੀ ਅਜਿਹਾ ਹੁਕਮ ਮੰਨਣਾ ਉਸ ਦੇ ਲੂੰ ਲੂੰ ਦੀ ਪਾਣ ਤੋਂ ਉਲਟ ਸੀ, ਇਸ ਦਾ ਦੁੱਖ ਮੌਤ ਦੇ ਦੁਖ ਤੋਂ ਘਟ ਨਹੀਂ ਸੀ ਪਰ ਆਖਰ ਹੁਕਮ ਹੁਕਮ ਹੀ ਹੁੰਦਾ ਹੈ। ਨੀਵੇਂ ਤੋਂ ਉੱਚਾ ਉਠ ਕੇ ਟੀਸੀ ਨੂੰ ਛੂਹਣਾ ਬੜਾ ਔਖਾ ਕੰਮ ਹੈ ਪਰ ਜਾਣ ਬੁਝ ਕੇ ਵੇਖ ਕੇ ਆਪਣੇ ਹੱਥੀਂ ਮੁਹਰਾ ਖਾਣ ਵਾਂਗ ਟੀਸੀ ਛਡ ਕੇ ਟੀਸੀ ਤਿਆਗ ਕੇ ਨਿਗੱਰ ਮਲੀਨ ਭੁਇਂ ਉਤੇ ਛਾਲ ਮਾਰਨਾ ਕਿਸੇ ਦਾ ਵਿਰਲੇ ਦਾ ਹੀ ਕੰਮ ਹੁੰਦਾ ਹੈ। ਸਰੀਰ ਦਾ ਦੁੱਖ ਸਹਿਣਾਂ ਪਹਾੜ ਤੋਂ ਛਾਲ ਮਾਰ ਕੇ ਚੂਰ ਚੂਰ ਹੋ ਜਾਣਾ ਸੌਖਾ ਹੈ, ਪਰ ਮਨ ਨੂੰ ਮਸਲ ਕੇ ਇਕ ਅਣਹੋਣੀ ਗਲ ਉਤੇ ਰਾਜੀ ਕਰ ਲੈਣਾ ਇਕ ਅਣਖੀ ਬੰਦੇ ਲਈ ਬੜਾ ਦੁਖ ਹੁੰਦਾ ਹੈ। ਦੁਨੀ ਗਵਾ ਦਿਤੀ ਤਾਂ ਕੁਛ ਨਹੀਂ ਬਿਗੜਦਾ ਦੀਨ ਗਵਾਯਾ ਤਾਂ ਸਭ ਕੁਝ ਗੁਆਚ ਗਿਆ। ਅੰਗਰੇਜ਼ੀ ਕਹਾਵਤ ਹੈ ਧਨ ਗਿਆ ਕੁਝ ਨਹੀਂ ਗਿਆ, ਇਜ਼ਤ ਗਈ ਸਭ ਕੁਛ ਗਿਆ। ਸੋ ਯੁਧਿਸ਼ਟਰ ਆਪਣੇ ਸਾਥੀਆਂ ਲਈ ਦੀਨ ਗਵਾਉਣ ਨੂੰ ਤਿਆਰ ਹੋ ਗਿਆ। ਦੇਵਤਾ ਰੂਪ ਹੁੰਦਾ ਹੋਇਆ ਉਹ ਇਕ ਕਲਜੁਗੀ ਬੰਦਾ ਅਖਵਾਉਣ ਨੂੰ ਤਿਆਰ ਹੋ ਗਿਆ। ਵਡਿਆਈ ਪ੍ਰਾਪਤ ਕਰਨਾ ਔਖਾ ਹੈ ਪਰ ਵਡਿਆਈ ਨੂੰ ਪਹੁੰਚ ਕੇ ਫ਼ੇਰ ਉਸ ਨੂੰ ਤਜ ਦੇਣਾ ਤੇ ਨੀਚ ਸਦਾਣਾ ਬੜਾ ਕਠਨ ਹੈ। "ਅਣਹੋਂਦਾ ਆਪ ਗਣਾਏ ਕੋਈ ਐਸਾ ਭਗਤ ਸਦਾਏ।"

ਯੁਧਿਸ਼ਟਰ ਤਿਆਰ ਸੀ ਕਿ ਅਸਵਧਾਮਾ ਹਾਥੀ ਨੂੰ ਮਾਰ ਕੇ ਅਸਵਧਾਮਾ ਪੁਤਰ ਨੂੰ ਮਾਰਨ ਦੀ ਹੇਕ ਲਾਈ ਜਾਵੇ। ਇਹ ਝੂਠ ਤਾਂ ਸੀ ਪਰ ਜਿਸ ਮਤਲਬ

ਲਈ ਬੋਲਣਾ ਸੀ ਅਰਥਾਤ ਜ਼ਾਲਮ ਤੇ ਪਾਪੀ ਵੈਰੀ ਨੂੰ ਹਾਰ ਦੇਣ ਲਈ ਉਹ ਮਤਲਬ ਤਾਂ ਸਚ ਦੀ ਨੀਂਹ ਉਤੇ ਖਲੋਤਾ ਸੀ। ਰਹਿੰਦੀ ਦੁਨੀਆਂ ਤੀਕ ਨਾ ਹੱਲ ਹੋਣ ਵਾਲਾ ਸਵਾਲ ਸਾਮ੍ਹਣੇ ਆ ਜਾਵੇਗਾ ਕੀ ਅੰਤਮ ਪ੍ਰਯੋਜਨ ਜੇ ਸਚਾ ਹੋਵੇ ਉਸ ਦੀ ਪ੍ਰਾਪਤੀ ਲਈ ਝੂਠ ਦੇ ਵਸੀਲੇ ਧਾਰਨੇ ਧਰਮ ਹੈ ਯਾ ਅਧਰਮ।

ਈਸਾ ਮਸੀਹ ਨੂੰ ਜਦ ਦੋਖੀ ਲੋਕ ਹਾਕਮ ਪਾਈਲੇਟ ਦੇ ਸਾਹਮਣੇ ਲੈ ਗਏ, ਉਹ ਪੁਛਣ ਲਗਾ ਈਸਾ ਤੂੰ ਕੀ ਬੁਰਾ ਕੀਤਾ ਹੈ, ਉਸ ਨੇ ਆਖਿਆ ਮੈਂ ਸਚ ਦਾ ਪ੍ਰਚਾਰ ਕਰਦਾਂ। ਪਾਈਲੇਟ ਸੁਣ ਕੇ ਬੋਲਿਆ, 'ਸਚ ਕੀ ਹੁੰਦਾ ਹੈ' ਤੇ ਮੂੰਹ ਫੇਰ ਲਿਆ। ਸਮੇਂ ਸਮੇਂ, ਥਾਂ ਥਾਂ ਹਰ ਇਕ ਹੋਂਦ ਰੂਪ ਬਦਲਦੀ ਰਹਿੰਦੀ ਹੈ। ਜੋ ਅਜ ਸਚ ਹੈ ਕਲ ਝੂਠ ਹੋ ਜਾਂਦਾ ਹੈ ਜੋ ਝੂਠ ਹੈ ਸਚ ਹੋ ਜਾਂਦਾ ਹੈ। ਪੀਰ ਵਲੀ ਪੈਗੰਬਰ ਅਵਤਾਰ ਤੇ ਗੁਰੂ ਨਿਖਾਰ ਨਿਖਾਰ ਕੇ ਦੱਸਦੇ ਚਲੇ ਆਏ ਕਿ ਆਹ ਸਚ ਤੇ ਆਹ ਝੂਠ ਪਰ ਦੁਨੀਆਂ ਕੁੱਤੇ ਦੀ ਪੂਛ ਵਾਂਗ ਜਦ ਖੋਲ ਕੇ ਡਿੱਠੀ ਤਾਂ ਸਦਾ ਸ਼ੰਕੇ ਵਿਚ ਡਿੱਠੀ ਕਿ ਪਤਾ ਨਹੀਂ ਕੀ ਸਚ ਤੇ ਕੀ ਝੂਠ। ਆਖਰ ਇਕੋ ਗਲ ਸਚ ਹੈ, ਰਬ ਹੈ, ਬਾਕੀ ਸਭ ਭਰਮ ਹੈ ਫਾਨੀ ਹੈ ਧੂਆਂ ਹੈ। ਯੁਧਿਸ਼ਟਰ ਨੂੰ ਭਾਸਿਆ ਕਿ ਇਹ ਜੋ ਸਚ ਝੂਠ ਦਾ ਨਖੇੜ ਹੈ ਐਵੇਂ ਨਿਰਮੂਲ ਹੈ, ਪਾਣੀ ਵਰੋਲਣਾ ਹੈ, ਨਾ ਅਗੇ ਹੋਇਆ ਨਾ ਹੋਣਾ ਹੈ। ਹਜ਼ਾਰਾਂ ਆਗੂ ਤੇ ਵੱਡ ਵਡੇਰੇ ਹਿੱਕਾਂ ਥਾਪੜਦੇ ਚਲੇ ਗਏ।' ਮੈਂ ਸਚ ਉਤੇ ਖਲੋਤਾ ਹਾਂ' ਪਰ ਅਸਲੀਅਤ ਜਾਨਣ ਵਾਲਾ ਇਕੋ ਰੱਬ ਹੈ, ਮਨੁੱਖ ਕੀ ਤੇ ਉਸ ਨੂੰ ਸ਼ਕਤੀ ਕੀ ਜੋ ਉਹ ਆਖ ਸਕੇ ਆਹ ਸਚ ਤੇ ਆਹ ਝੂਠ ਤੇ ਕਾਰ ਕਢ ਦੇਵੇ।

ਜਦ ਭੀਮ ਨੇ ਅਸਵਥਾਮਾ ਹਾਥੀ ਨੂੰ ਗੁਰਜ ਚਲਾ ਕੇ ਮਾਰ ਦਿੱਤਾ, ਆਵਾਜ ਉੱਠੀ 'ਅਸਵਥਾਮਾ ਮਾਰਿਆ ਗਿਆ' ਦਰੋਣਾਚਾਰੀਆ ਦੇ ਕੰਨਾਂ ਵਿਚ ਪਈ ਤੇ ਉਸ ਨੇ ਕਦੀ ਕੁਸੱਤ ਨਾ ਬੋਲਣ ਵਾਲੇ ਵੈਰੀ ਯੁਧਿਸ਼ਟਰ ਨੂੰ ਸੰਬੋਧਨ ਕਰਕੇ ਪੁਛਿਆ ਹੇ ਯੁਧਿਸ਼ਟਰ ਕੀ ਇਹ ਸਚ ਹੈ ਕਿ ਮੇਰਾ ਪੁਤਰ ਅਸਵਥਾਮਾ ਭੀਮ ਦੇ ਨਿਸ਼ਾਨੇ ਨਾਲ ਮਾਰਿਆ ਗਿਆ ਹੈ ? ਇਕ ਖਿਨ ਮਾਤਰ ਲਈ ਯੁਧਿਸ਼ਟਰ ਦੇ ਦਿਲ ਵਿਚ ਇਕ ਦੂਜਾ ਮਹਾਂਭਾਰਤ ਛਿੜ ਪਿਆ ਕਿ ਉਹ ਕੀ ਜਵਾਬ ਦੇਵੇ। ਜੇ ਉਹ ਸਚ ਆਖੇ ਕਿ ਅਸਵਥਾਮਾ ਹਾਥੀ ਮਾਰਿਆ ਗਿਆ ਹੈ, ਹੋ ਸਕਦਾ ਹੈ ਕਿ ਦਰੋਣਾਚਾਰੀਆ ਦੇ ਬਲ ਨਾਲ ਝੂਠੇ ਕੌਰਵਾਂ ਦੀ ਜਿਤ ਹੋ ਜਾਵੇ। ਜੇ ਉਹ ਝੂਠ ਬੋਲਦਾ ਹੈ ਕਿ ਅਸਵਥਾਮਾ ਤੇਰਾ ਪੁਤਰ ਮਾਰਿਆ ਗਿਆ ਹੈ ਤਾਂ ਝੂਠਾ

ਬਣਦਾ ਹੈ।

ਉਸ ਦਾ ਮਨ ਆਖ ਰਿਹਾ ਸੀ ਕਿ ਝੂਠ ਬੋਲਣ ਨਾਲੋਂ ਤਾਂ ਸਰੀਰ ਤਿਆਗ ਦੇਣਾ ਚੰਗਾ ਹੈ, ਪਰ ਤੇਵਤੇ ਆਖ ਰਹੇ ਸਨ ਐ ਯੁਧਿਸ਼ਟਰ ਅਸੀਂ ਤੇਰੀ ਪੀੜ ਅਨੁਭਵ ਕਰ ਰਹੇ ਹਾਂ ਪਰ ਭਾਵੀ ਬੜੀ ਪ੍ਰਬਲ ਹੈ। ਭਾਣਾ ਮੰਨਣਾ ਵੀ ਭਗਤੀ ਦਾ ਇਕ ਅੰਗ ਹੈ ਜੋ ਸਿਰ ਆਵੇ ਸੋ ਸੁਹਣਾ।

ਇਸ ਝੂਠ ਦਾ ਭਾਰ ਆਪਣੇ ਸਿਰ ਲੈਣਾ ਮੰਨ ਚੁਕਾ ਸੀ ਤੇ ਸੋਚਾਂ ਵਿਚ ਹੀ ਸੀ ਕਿ ਸਾਹਮਣੇ ਵੈਰੀ ਦਲ ਖਲੋਤਾ ਵੇਖ ਕੇ ਯਾਦ ਆਇਆ ਕਿ ਸਭ ਤੋਂ ਪਹਿਲਾ ਕੰਮ ਯੁਧ ਜਿਤਣਾ ਹੈ ਹੋਰ ਸਭ ਕੁਛ ਪਿਛੋਂ ਹੋਵੇਗਾ। ਵੈਰੀ ਨੂੰ ਹਾਰ ਦੇਣ ਦੀ ਇਛਾ ਐਸੀ ਸੀ—-ਆਖਰ ਯੁਧ ਸੱਚ ਵਾਸਤੇ ਹੀ ਲੜਿਆ ਜਾ ਰਿਹਾ ਸੀ, ਜੇ ਵਿਚ ਇਕ ਅਜਿਹੀ ਅੜਾਉਣੀ ਆ ਪਈ ਹੈ ਜੋ ਅਕਲ ਨੂੰ ਚਕਰ ਵਿਚ ਪਾ ਰਹੀ ਹੈ ਉਸ ਦੀ ਘੁਮਰ ਸਾਰੇ ਯੁਧ ਨੂੰ ਤਾਂ ਹਾਰ ਨਹੀਂ ਜਾਣਾ ਚਾਹੀਦਾ ਉਚੀ ਆਵਾਜ਼ ਨਾਲ ਜਵਾਬ ਦਿਤਾ 'ਅਸਵਾਧਾਮਾ ਮਾਰਿਆ ਗਿਆ ਹੈ' ਨਾਲ ਹੌਲੀ ਦੇ ਕੇ ਮੂੰਹ ਵਿਚ ਆਖ ਦਿਤਾ 'ਅਸਵਧਾਮਾ ਹਾਥੀ।'

ਸੁਨਣ ਦੀ ਦੇਰ ਸੀ ਕਿ ਦਰੋਣਾਚਾਰੀਆ ਨੇ ਯੁਧ ਨਾਲ ਕੀ ਜੀਵਨ ਨਾਲ ਹੀ ਵਾਸਤਾ ਚੁਕ ਗਿਆ। ਹਥਿਆਰ ਵਗਾਹ ਮਾਰੇ। ਸੁਰਤੀ ਦਸਵੇਂ ਦੁਆਰ ਚੜ੍ਹ ਗਈ। ਦ੍ਰਿਸ਼ਟ-ਦਮਨ ਨੇ ਵਾਰ ਕੀਤਾ ਤੇ ਗੁਰੂ ਦ੍ਰੋਣਾਚਾਰੀਆ ਦਾ ਸੀਸ ਧੜ ਤੋਂ ਅਲਗ ਹੋ ਗਿਆ। ਦ੍ਰੋਣਾਚਾਰੀਆ ਦੇ ਸ਼ਹੀਦ ਹੋਣ ਦੀ ਦੇਰ ਸੀ ਕਿ ਕੌਰਵਾਂ ਦੇ ਪੈਰ ਹਿੱਲ ਗਏ। ਕੁਛ ਚਿਰ ਮਹਾਂਬਲੀ ਕਰਣ ਨੇ ਕੌਰਵ ਫੌਜ ਦੀ ਬਾਗਡੋਰ ਸੰਭਾਲੀ ਪਰ ਉਹ ਹਿਲ ਚੁਕੇ ਸਨ, ਭਗਦੜ ਪੈ ਗਈ ਦੁਰਯੋਧਨ ਦੇ ਕਹਿੰਦਿਆਂ ਤੇ ਵੇਹੰਦਿਆਂ ਉਸ ਦੀ ਫੌਜ ਭਾਂਜ ਖਾ ਗਈ।

ਕਹਿੰਦੇ ਹਨ ਕਿ ਯੁਧਿਸ਼ਟਰ ਦਾ ਰਥ ਸਦਾ ਹੀ ਸਤਵਾਦੀ ਸੱਤਾ ਕਰ ਕੇ ਧਰਤੀ ਤੋਂ ਉਚਾ ਦਿਸਿਆ ਕਰਦਾ ਸੀ। ਜਦ ਯੁਧਿਸ਼ਟਰ ਨੇ ਕੁਸਤ ਦੀ ਓਟ ਲਈ ਭਾਵੇਂ ਕ੍ਰਿਸ਼ਨ ਦੀ ਪ੍ਰੇਰਨਾ ਸੀ ਉਹੀ ਰਥ ਧਰਤੀ ਉਤੇ ਦੂਜਿਆਂ ਵਾਂਗ ਘਸਰਨ ਲਗ ਪਿਆ। ਮਹਾਂਭਾਰਤ ਦੀ ਸਿਖਿਆ ਹੈ ਕਿ ਮਲੀਨ ਤੋਂ ਮਲੀਨ, ਨੀਚ ਤੋਂ ਨੀਚ ਕਰਮ ਜੇ ਕਰਨਾ ਪਵੇ ਈਸ਼ਵਰੀ ਭਾਣਾ ਮੰਨਣ ਤੇ ਮਨਾਣ ਲਈ ਕਰਨਾ ਹੀ ਉਚਿਤ ਹੈ। ਹੌਂ ਅਤੇ ਧਰਮ ਦਾ ਧੁਰ ਤੋਂ ਵਿਰੋਧ ਹੈ। 'ਹਉਮੈਂ ਨਾਵੇਂ ਨਾਲ ਵਿਰੋਧ ਹੈ ਦੁਇ ਨਾ ਵਸਹ ਇਕ ਠਾਇ'। ਆਪਣੇ ਆਪ ਨੂੰ ਮਿਟਾ ਦੇਣ

ਨਾਲ ਹੀ ਸਹੁ ਪਾਈਦਾ ਹੈ ।

ਦ੍ਰੋਣਾ ਦੇ ਪਿਛੋਂ ਕੌਰਵਾਂ ਦਾ ਸੈਨਾਪਤੀ ਕਰਣ ਹੋਇਆ । ਲੜਦੇ ਲੜਦੇ ਦਾ ਰਥ ਦਲਦਲ ਵਿਚ ਉੱਤਰ ਗਿਆ । ਹੇਠ ਉੱਤਰ ਕੇ ਪਹੀਏ ਨੂੰ ਮੋਢਾ ਡਾਹ ਕੇ ਕੱਢਣ ਲੱਗਾ ਤਾਂ ਸਾਹਮਣੇ ਅਰਜਨ ਦਾ ਰੱਥ ਆ ਗਿਆ । ਕ੍ਰਿਸ਼ਨ ਰਥਵਾਨ ਸੀ, ਆਖਣ ਲਗਾ ਅਰਜਨ ਮਾਰ ਤੇ ਮੁਕਾ ਦੇਹ ਕਰਣ ਨੂੰ । ਅਰਜਨ ਝੁਕ ਗਿਆ । ਕਰਣ ਭੀ ਆਖਣ ਲੱਗਾ ਇਹ ਕੋਈ ਸੂਰਮਗਤੀ ਹੈ ਕਿ ਫਸ ਹੋਏ ਰਥ ਨੂੰ ਕਢਦੇ ਉਤੇ ਵਾਰ ਕਰਨਾ ਲੋੜਦੇ ਹੋ । ਕ੍ਰਿਸ਼ਨ ਨੇ ਜਵਾਬ ਦਿਤਾ ਉਸ ਦਿਨ ਤੇਰੀ ਸੂਰਮਗਤੀ ਕਿੱਧਰ ਗਈ ਸੀ ਜਦ ਅਬਲਾ ਦ੍ਰੋਪਦੀ ਨੂੰ ਭਰੀ ਸਭਾ ਵਿਚ ਨਗਨ ਕਰਵਾਣ ਲੱਗਾ ਸੈਂ ? ਕ੍ਰਿਸ਼ਨ ਨੇ ਕੌਰਵ ਦਾ ਪਾਪ-ਪਾਲਣ ਮੁੱਢ ਤੋਂ ਲਾ ਕੇ ਅੰਤ ਤਕ ਕਰਣ ਨੂੰ ਚੇਤੇ ਕਰਾਇਆ, ਕਿ ਕਿਸ ਤਰ੍ਹਾਂ ਭੋਲੇ ਯੁਧਿਸ਼ਟਰ ਨੂੰ ਪਾਸੇ ਵਿਚ ਹਾਰ ਦਿਤੀ, ਕਿਵੇਂ ਪਾਂਡਵਾਂ ਨੇ ਦੇਸ ਨਿਕਾਲਾ ਧਰਮ-ਪੂਰਬ ਸਹਿਆ ਪਰ ਕੌਰਵਾਂ ਨੇ ਇਨ੍ਹਾਂ ਨੂੰ ਸੂਈ ਦੇ ਨਕੇ ਜਿੰਨੀ ਭੁਇਂ ਦੇਣੋਂ ਨਾਂਹ ਕਰ ਦਿਤੀ । ਕਰਣ ਨੀਵੀਂ ਪਾ ਕੇ ਸਭ ਕੁਝ ਸੁਣਦਾ ਰਿਹਾ, ਹਾਰ ਕੇ ਜਦ ਪਹੀਆ ਅੜ ਗਿਆ ਤਾਂ ਉਸੇ ਤਰ੍ਹਾਂ ਰਥ ਵਿਚ ਬੈਠ ਕੇ ਬਾਣ ਅਰਜਨ ਵਲ ਸਿੱਨ੍ਹ ਲਿਆ ਤੇ ਲਗਾ ਉਸ ਨੂੰ ਵਿਨ੍ਹਣ । ਤਦ ਕ੍ਰਿਸ਼ਨ ਨੇ ਫੇਰ ਆਖਿਆ ਅਰਜਨ ਹੁਣ ਕੀ ਵੇਖਦਾ ਹੈਂ; ਮਾਰ ਤੇ ਮੁਕਾ ਇਸ ਹੱਤਿਆ-ਪੱਖੀ ਨੂੰ । ਅਣਖ ਰੂਪ ਅਰਜਨ ਦਾ ਸੀ ਨਾ ਕਰੇ ਇਸ ਤਰ੍ਹਾਂ ਵੈਰੀ ਉਤੇ ਰੋਲ ਕਰਨ ਨੂੰ, ਪਰ ਆਪਣੀ ਆਯੂ ਦੀ ਸਾਰੀ ਕਰਨੀ ਉਤੇ ਲੀਕ ਮਾਰ ਕੇ ਅਰਜਨ ਨੇ ਅਨੁਚਿਤ ਢੰਗ ਦਾ ਵਾਰ ਕਰਕੇ ਕਰਣ ਦਾ ਅੰਤ ਕੀਤਾ । ਇਹ ਭੀ ਓਨੀ ਹੀ ਗੰਭੀਰ ਤੇ ਦੁਖਦਾਈ ਘਟਨਾ ਸੀ ਕਿ ਯੁਧਿਸ਼ਟਰ ਦਾ ਮੂੰਹੋਂ ਇਕ ਝੂਠ ਬੋਲਣਾ । ਪਾਪ ਦਾ ਮੁਕਾਬਲਾ ਬਾਹੂਬਲ ਨਾਲ ਕਰਨ ਲੱਗਿਆਂ ਭੀ ਅਵਸ਼ਯ ਪਾਪ ਕਰਨਾ ਪੈਂਦਾ ਹੈ । ਪਾਪ ਦਾ ਮੁਕਾਬਲਾ ਭੀ ਧਰਮ ਨਾਲ ਕਰਣਾ ਉੱਚਿਤ ਹੈ । ਜ਼ੋਰ ਕਿਸੇ ਸ਼ਕਲ ਵਿਚ ਭੀ ਹੈ ਆਖ਼ਰ ਜ਼ੋਰ ਹੈ, ਅਨਥਕ ਹੈ ।' "ਜੋਰ ਕੀਆ ਸੋ ਜ਼ੁਲਮ ਹੈ, ਲਏ ਜਵਾਬ ਖੁਦਾਇ" ਈਸਾ ਮਸੀਹ ਨੇ ਸੁਨੇਹਾ ਦਿਤਾ ਹੈ ਆਪਣੇ ਬਾਪ ਵਲੋਂ Vengeance is mine "ਬਦਲੇ ਲੈਣਾ ਮੇਰਾ ਕੰਮ ਹੈ ਤੇਰਾ ਨਹੀਂ" ਸਾਮ੍ਹਣੇ ਪਿਆ ਡੱਕਾ ਠੁੱਡੇ ਨਾਲ ਹਟਾਯਾ ਜਾ ਸਕਦਾ ਹੈ । ਪਰ ਸੁਆਦ ਤਾਂ ਹੈ ਜੇ ਆਤਮ ਬਲ ਨਾਲ ਉਸ ਨੂੰ ਆਪੇ ਟੁਟ ਜਾਣ ਯਾ ਹਟ ਜਾਣ ਤੇ ਲਿਆਂਦਾ ਜਾਵੇ । ਬਾਹੂ ਜ਼ੋਰ

ਆਖ਼ਰ ਪਸ਼ੂਬਲ ਹੈ।

ਇਸੇ ਤਰ੍ਹਾਂ ਆਖਰੀ ਵੱਡਾ ਜੋੜ ਭੀਮ ਤੇ ਦੁਰਯੋਧਨ ਦਾ ਹੋਇਆ ਇਕ ਦੂਜੇ ਉਤੇ ਵਾਰ ਕਰਦਿਆਂ ਨੂੰ ਜਦ ਚਿਰ ਹੋ ਗਿਆ ਤਾਂ ਕ੍ਰਿਸ਼ਨ ਨੇ ਭੀਮ ਨੂੰ ਸੈਨਤ ਨਾਲ ਸਮਝਾਇਆ ਕਿ ਲੱਕ ਤੋਂ ਹੇਠ ਵਾਰ ਕਰਨ ਨਾਲ ਹੀ ਦੁਰਯੋਧਨ ਜਿਤਿਆ ਜਾਵੇਗਾ ਸੋ ਇਹ ਅਧਰਮ ਭੀਮ ਨੇ ਕੀਤਾ ਕਿ ਵੈਰੀ ਨੂੰ ਤਾਂ ਲੈ ਲਿਆ ਪਰ ਅਯੋਗ ਵਤੀਰੇ ਨਾਲ।

(ਦੂਜੀ ਵੱਡੀ ਜੰਗ ੧੯੩੯-੧੯੪੭ ਈਸਵੀ ਦਾ ਸਾਡੇ ਵੇਲਿਆਂ ਦਾ ਵਰਤਾਂਤ ਹੈ ਕਿ ਅਮਰੀਕਨ ਸਾਇਸਦਾਨਾਂ ਨੇ ਪ੍ਰਮਾਣੂ ਬੰਬ ਤਜਰਬੇ ਕਰ ਕੇ ਸਫਲਤਾ ਨਾਲ ਸਿੱਧਾ ਕਰ ਲਿਆ। ਅਮਰੀਕਾ ਦੇ ਪਰਧਾਨ ਦੇ ਸਾਹਮਣੇ ਇਹ ਮਹਾਂ-ਸਮਸਿਆ ਪੇਸ਼ ਹੋਈ ਉਹ ਇਸ ਪ੍ਰਮਾਣੂ ਬੰਬ ਨੂੰ ਵਰਤੇ ਯਾ ਨਾ ਵਰਤੇ। ਸਾਹਮਣੇ ਦਿਸਦਾ ਸੀ ਕਿ ਹਜ਼ਾਰਾਂ ਨਿਹੱਥੇ ਤੀਵੀਆਂ ਪੁਰਸ਼ ਬਚੇ ਮਾਰੇ ਜਾਣਗੇ, ਪਰ ਪਰਧਾਨ ਵਧੇਰੇ ਜਾਨਾਂ ਖ਼ਾਸ ਕਰ ਆਪਣੇ ਪੱਖ ਦੀਆਂ ਜਾਨਾਂ ਬਚਾਉਣਾ ਜ਼ਰੂਰੀ ਸਮਝਦਾ ਸੀ। ਪ੍ਰਮਾਣੂ ਬੰਬ ਚਲੇ। ਦੋ ਵਡੇ ਸ਼ਹਿਰ ਜਾਪਾਨਾ ਦੇ ਸੁਆਹ ਹੋ ਗਏ। ਲਖਾਂ ਨਿਰਬਲ ਬੰਦੇ ਤਬਾਹ ਹੋ ਗਏ। ਅਜ ਦੁਨੀਆਂ ਦੋਸ਼ ਲਾ ਰਹੀ ਹੈ ਕਿ ਪ੍ਰਮਾਣੂ ਬੰਬ ਵਰਤਣਾ ਨਹੀਂ ਸੀ ਚਾਹੀਦਾ।)

ਦੁਰਯੋਧਨ ਧਰਤੀ ਉਤੇ ਪਿਆ ਸੀ, ਦੁਆਲੇ ਭੀਮ; ਅਰਜਨ ਆਦਿ ਪਾਂਡੂ ਤੇ ਆਪ ਕ੍ਰਿਸ਼ਨ ਜੀ ਖਲੋਤੇ ਸਨ। ਦੁਰਯੋਧਨ ਆਪਣੇ ਅੰਤਮ ਸੁਆਸਾਂ ਵਿਚ ਕ੍ਰਿਸ਼ਨ ਨੂੰ ਮੇਹਣੇ ਦੇ ਰਿਹਾ ਸੀ ਕਿ ਪਾਂਡਵਾਂ ਤੋਂ ਜੋ ਅਯੋਗ ਵਤੀਰਾ ਵਰਤਵਾਯਾ ਤੈਂ ਕਰਯਾ। ਕ੍ਰਿਸ਼ਨ ਜਵਾਬ ਦੇ ਰਿਹਾ ਸੀ ਕਿ ਜੋ ਕੁਛ ਹੋਇਆ ਦੁਰਯੋਧਨ ਸਭ ਤੇਰੇ ਅਨਿਆਇਕ ਵਤੀਰੇ ਤੇ ਪਾਪ ਕਰ ਕੇ ਹੋਇਆ ਦੁਰਯੋਧਨ ਆਖ ਰਿਹਾ ਸੀ ਕਿ ਮੈਂ ਛੱਤਰੀ ਹਾਂ, ਨਿਯਮ ਪੂਰਵਕ ਜੂਝਿਆ ਹਾਂ, ਤੇ ਮੈਂ ਸਵਰਗ ਦਾ ਅਧਕਾਰੀ ਹਾਂ, ਤੁਸੀਂ ਪਾਪੀ ਹੋ ਹੁਣ ਧਰਤੀ ਉਤੇ ਭਾਵੇਂ ਰਾਜ ਕਰੋ, ਜੋ ਜੀ ਆਵੇ ਕਰੋ, ਪਰ ਤੁਸੀਂ ਯੁੱਧ ਵਿਚ ਅਯੋਗ ਢੰਗ ਵਰਤ ਕੇ ਆਪਣੇ ਨੱਕ ਵੱਢ ਚੁਕੇ ਹੋ ਜਾਓ ਹੁਣ ਭਾਵੇਂ ਤੁਸੀਂ ਸਾਰੀ ਦੁਨੀਆਂ ਦਾ ਰਾਜ ਮੱਲ ਲਓ, ਤੁਸੀਂ ਆਪਣੀ ਪਦਵੀ ਤੋਂ ਢਹੇ ਹੋਏ ਅਪਰਾਧੀ ਹੋ।

ਦੁਰਯੋਧਨ ਦੇ ਇਹਨਾਂ ਮੇਹਣਿਆਂ ਵਿਚ ਸੱਚ ਦੀ ਰੰਗਤ ਭੀ ਹੈ। ਪਾਂਡੂ ਜਿੱਤ ਤਾਂ ਗਏ ਪਰ ਪੂਰਨ ਸ਼ੁਧਤਾ ਨਾਲ ਨਹੀਂ ਜਿੱਤੇ, ਪਾਪੀ ਨਾਲ ਮੱਥਾ ਲਾਇਆ

ਅਵੱਸ਼ ਆਪ ਭੀ ਉਸ ਦੇ ਪੱਧਰ ਤੀਕ ਢਹਿਣਾ ਪੈਂਦਾ ਹੈ। ਯੁਧਿਸ਼ਟਰ, ਅਰਜਨ ਤੇ ਭੀਮ ਜੇਤੂ ਤਾਂ ਬਣੇ ਪਰ ਚੋਖੀ ਕੀਮਤ ਦੇਣੀ ਪਈ, ਆਪਣੇ ਪ੍ਰਮਾਣਿਕ ਅਸੂਲਾਂ ਦਾ ਘਾਤ ਕਰਕੇ ਕੌਰਵਾਂ ਨੂੰ ਹਰਾਇਆ। ਕੌਰਵ ਤਾਂ ਪਾਪੀ ਸਨ, ਉਨ੍ਹਾਂ ਦਾ ਮਿੱਟੀ ਵਿਚ ਰੁਲਨਾ ਉਚਿਤ ਹੀ ਸੀ, ਪਰ ਜਿਥੇ ਕੌਰਵਾਂ ਦੇ ਸਰੀਰ ਮਿੱਟੀ ਵਿਚ ਰੁਲੇ, ਪਾਂਡਵਾਂ ਦੀਆਂ ਆਤਮਾਵਾਂ ਨੂੰ ਦਾਗ਼ ਲਗੇ।

ਪਾਂਡੂ ਜਿਤ ਗਏ ਪਰ ਹਸਤਨਾਪੁਰੀ ਦੇ ਘਰ ਘਰ ਵਿਚ ਸੋਗ ਸੀ, ਵਿਧਵਾਵਾਂ ਵਿਰਲਾਪ ਕਰਦੀਆਂ ਸਨ, ਯਤੀਮ ਰੁਲ ਰਹੇ ਸਨ। ਬੁਢੇ ਬਾਪ ਤੇ ਮਾਵਾਂ ਹੰਝੂ ਸੁਟਣ ਤੋਂ ਵੀ ਬਹਬਲ ਸਨ, ਸਾਰੇ ਸੋਗ ਹੀ ਸਗੋਂ ਸੀ, ਕੌਰਵਾਂ ਦਾ ਅੰਨ੍ਹਾਂ ਬਾਪ ਧ੍ਰਿਤਰਾਸ਼ਟਰ ਜੀਉਂਦਾ ਸੀ ਪਰ ਦਸ਼ਾ ਮੋਇਆ ਨਾਲੋਂ ਭੈੜੀ ਸੀ। ਧੀਰਜ ਬਨ੍ਹਾਉਣ ਵਾਲਿਆਂ ਦਾ ਕਾਲ ਸੀ। ਗੰਧਾਰੀ ਵਿਚਾਰੀ ਦਾ ਇਕ ਭੀ ਪੁਤਰ ਸੈਂਕੜਿਆ ਵਿਚੋਂ ਨਹੀਂ ਸੀ ਬਚਿਆ। ਸਾਰੇ ਮੈਦਾਨ ਵਿਚ ਢੇਰ ਹੋ ਗਏ ਸਨ। ਕੁਰਕਸ਼ੇਤਰ ਖ਼ੂਨੀ ਮੈਦਾਨ ਉਤੇ ਇਕ ਢਹਿ ਢੇਰੀ ਵਾਲੀ ਚੁਪ ਤੇ ਉਦਾਸੀ ਸੀ। ਜੇਤੂ ਪਾਂਡਵਾਂ ਦੀ ਉਹ ਹਾਲਤ ਸੀ ਜੋ ਉਸ ਪੁਰਸ਼ ਦੀ ਹੁੰਦੀ ਹੈ ਜਿਸ ਦੇ ਹਥ ਵਿਚ ਸੋਨਾ ਆ ਕੇ ਭਸਮ ਬਣ ਜਾਵੇ।

ਕ੍ਰਿਸ਼ਨ ਜੀ ਦੁਆਰਕਾ ਨਗਰੀ ਵਿਚ ਜਾ ਬਰਾਜੇ ਤੇ ੩੬ ਸਾਲ ਰਾਜ ਕੀਤਾ। ਜਦ ਕਾਲ ਆਯਾ ਆਪ ਪਿਛਲੀਆਂ ਬੀਤੀਆਂ ਨੂੰ ਯਾਦ ਕਰ ਕੇ ਬਣ ਵਿਚ ਲੇਟ ਗਏ, ਇਕ ਸ਼ਕਾਰੀ ਭਾਲ ਰਿਹਾ ਸੀ, ਉਸ ਨੇ ਖਿਚ ਕੇ ਤੀਰ ਮਾਰਿਆਂ ਜੋ ਕ੍ਰਿਸ਼ਨ ਜੀ ਦੇ ਪੱਬਾਂ ਵਿਚ ਵੜ ਕੇ ਸਰੀਰ ਨੂੰ ਫੁੰਡ ਗਿਆ। ਇਸ ਤਰ੍ਹਾਂ ਮਹਾਂਭਾਰਤ ਦੇ ਆਤਮਕ ਸੰਚਾਲਕ ਦੀ ਧਰਤੀ ਯਾਤ੍ਰਾ ਅੰਤ ਹੋਈ।

ਜਦ ਪਾਂਡਵਾਂ ਨੂੰ ਦੁਆਰਕਾ-ਨਾਥ ਦੇ ਚਲਾਣੇ ਦੀ ਖ਼ਬਰ ਪੁਜੀ, ਬੜਾ ਮਾਤਮ ਹੋਇਆ। ਪਾਂਡਵਾਂ ਨੂੰ ਰਾਜ ਕਰਦਿਆਂ ਨੂੰ ਬਹੁਤ ਸਮਾਂ ਹੋ ਗਿਆ ਸੀ। ਰਾਜ ਵਿਚ ਅਗੇ ਵੀ ਦਿਲ ਨਹੀਂ ਸੀ ਜਦ ਪੁਰਾਣੇ ਮਿਤ੍ਰ, ਬਿਪਤਾ ਵੇਲੇ ਦੇ ਸਹਾਈ ਤੇ ਸਲਾਹਕਾਰ ਦੇ ਗੁਜ਼ਰ ਜਾਣ ਦੀ ਖ਼ਬਰ ਆਈ ਤਾਂ ਉੱਕਾ ਹੀ ਚਿਤ ਉਪਰਾਮ ਹੋ ਗਏ ਆਪਣੇ ਪੋਤ੍ਰੇ ਪਰੀਖਿੱਅਤ ਨੂੰ ਰਾਜ ਤਿਲਕ ਦੇ ਕੇ ਆਪ ਤਿਆਗੀ ਹੋ ਗਏ। ਤੀਰਥਾਂ ਦੇ ਦਰਸ਼ਨਾਂ ਲਈ ਤੁਰ ਪਏ ਯਾਤ੍ਰਾ ਕਰਦੇ ਹਿਮਾਚਲ ਪਰਬਤ ਵਿਚ ਜਾ ਵੜੇ ਜੋ ਯੋਗੀਆਂ ਸੰਨਿਆਸੀਆਂ ਦਾ ਘਰ ਸੀ। ਰਾਹ ਵਿਚ ਕਿਤੋਂ ਇਕ ਕੁੱਤਾ ਨਾਲ ਰਲ ਗਿਆ ਤੇ ਸਾਥੀ ਬਣ ਗਿਆ। ਪੰਜੇ ਪਾਂਡਵ ਤੇ

ਦ੍ਰੋਪਦੀ ਤੇ ਕੁੱਤਾ ਹਿਮਾਚਲ ਦੀਆਂ ਘਾਟੀਆਂ ਤੇ ਬਰਫ ਢਕੇ ਪਰਬਤ ਝਾਗਦੇ ਚੜ੍ਹਦੇ ਗਏ। ਬਿਰਧ ਦੁਰਬਲ ਸਰੀਰ ਸਨ, ਇਕ ਇਕ ਕਰ ਕੇ ਰਾਹ ਵਿਚ ਖਪ ਗਏ, ਆਤਮਾਵਾਂ ਦਾ ਸਰੀਰਕ ਵਰ ਜੋ ਜੰਜਾਲ ਵਾਂਗ ਲਗਿਆ ਹੋਇਆ ਸੀ ਛੁਟਦਾ ਗਿਆ। ਵਾਰੀ ਵਾਰੀ ਸਭ ਮੁੱਕ ਗਏ, ਇਕੱਲਾ ਯੁਧਿਸ਼ਟਰ ਰਹਿ ਗਿਆ, ਮਗਰ ਸੁਆਮੀ-ਪੂਜ ਸੁਆਨ ਸੀ। ਲੰਮੀ ਉਮਰ ਵਿਚ ਕੀ ਕੀ ਨਹੀਂ ਸੀ ਜਰਿਆ ਭਰਿਆ। ਰਾਜ ਪਾਠ, ਖੁਸ਼ੀਆਂ, ਜੁਆਨੀ ਗਿਸ੍ਰਤ, ਦੇਸ਼ ਨਿਕਾਲਾ, ਵਿਡਾਣੀ ਚਾਕਰੀ ਘੋਰ ਯੁਧ, ਲਹੂ ਦੇ ਵਗਦੇ ਦਰਿਆ, ਸ਼ਸਤ੍ਰਾਂ ਦੀ ਗੂੰਜ, ਸੂਰਮਿਆਂ ਦੇ ਨਾਅਰੇ ਤੇ ਲਲਕਾਰੇ ਤੀਰਾਂ ਦੀਆਂ ਬੁਛਾੜਾਂ ਗੁਰਜ਼ਾਂ ਦੀਆਂ ਸ਼ੂਕਾਂ ਹਾਥੀਆਂ ਦੀਆਂ ਚੰਘਾੜਾਂ ਘੋੜਿਆਂ ਦੇ ਹਿੰਗਨਾਦ ਤੇ ਆਖ਼ਰ, ਸਭ ਤੋਂ ਪਿਛੋਂ ਫੇਰ ਰਾਜ, ਪਰ ਫਿੱਕਾ ਬੇਰਸ। ਸਭ ਸੁਖਾਂ ਦੇ ਹੁੰਦਿਆਂ ਅਸੰਤੁਸ਼ਟੀ, ਹਿਰਦੇ ਅੰਦਰ ਵਿਰਲਾਪ ਨਹੀਂ, ਇਹ ਭੀ ਨਹੀਂ, ਇਹ ਭੀ ਨਹੀਂ, "ਨੇਤਿ ਨੇਤਿ"।

ਸੁੰਦਰ ਮੁਖੜੇ ਜੋ ਇਕ ਇਕ ਹੋ ਹੋ ਕੇ ਅਲੋਪ ਹੋ ਗਏ ਸਨ, ਯਾਦ ਆ ਰਹੇ ਸਨ। ਭ੍ਰਾਤ੍ਰੀਪਨ ਪਿਆਰ, ਫੇਰ ਈਰਖਾ ਫੇਰ ਧੋਖਾ ਤੇ ਫ਼ਰੇਬ ਇਹ ਭੀ ਮਿਟ ਗਏ ਸਨ, ਮਿੱਟੇ ਚਿਤ੍ਰਾਂ ਵਾਂਗ। ਕਿਧਰੋਂ ਆਏ ਸਨ, ਕਿਧਰੋਂ ਚਲੇ ਗਏ। ਕਾਲ ਬਲੀ ਦੇ ਚਮਤਕਾਰ ਯਾ ਸਭ ਕੁਛ ਇਕ ਲੰਮਾ ਸੁਪਨਾ ਸੀ। ਬਾਲਪਨ ਤੋਂ ਲੈ ਕੇ ਜੁਆਨੀ ਤੇ ਫੇਰ ਵੱਡੀ ਉਮਰ ਤੇ ਸਾਰੇ ਬੀਤੇ ਕਿੱਸੇ ਯਾਦ ਆ ਰਹੇ ਸਨ, ਕੀ ਕੀ ਰੰਗ ਬਿਧਨਾ ਨੇ ਵਿਖਾਏ ਸਨ, ਜੋ ਕੁਛ ਲੇਖ ਸੀ ਕਿਵੇਂ ਭੁਗਤਨੇ ਪਏ ਸਨ। ਚੜ੍ਹਦੀ ਜਵਾਨੀ ਵਿਚ ਰਾਜ ਦੀ ਮਸਤੀ ਤੇ ਉਸ ਵਿਚ ਕੌਰਵਾਂ ਦੀ ਕੁਟਲ ਨੀਤ ਤੇ ਵੰਗਾਰ, ਜਾਣਦੇ ਬੁਝਦੇ ਉਸ ਵੰਗਾਰ ਨੂੰ ਖੇਲ ਸਮਝ ਕੇ ਉਸ ਦਾ ਸੱਤਿਕਾਰ, ਇਕ ਸੂਰਜ ਕੇ ਚੜ੍ਹਣ ਡੁਬਣ ਦੇ ਅੰਦਰ ਅੰਦਰ ਸਰਬੱਤਾ ਹਾਰ ਤੇ ਦ੍ਰੋਪਦੀ ਦਾ ਚੀਰ ਸੰਘਾਰ ਵਿਚ ਭਰੇ ਦਰਬਾਰ ਬਾਰਾਂ ਵਰ੍ਹਿਆਂ ਦੇ ਦੇਸ਼ ਨਿਕਾਲੇ ਵਿਚ ਦੁਖਾਂ ਦੇ ਪਹਾੜ, ਕੇਵਲ ਕਿਤੇ ਕਿਤੇ ਟਾਂਵੇ ਟਾਂਵੇ ਥਾਈਂ ਬਾਣ ਪ੍ਰਸਤੀਆਂ ਦਾ ਪਿਆਰ ਜਿਵੇਂ ਰੇਗਿਸਤਾਨ ਵਿਚ ਗਿਣਵੀਆਂ ਬੂੰਦਾਂ ਦੀ ਫ਼ੁਹਾਰ ਤੇ ਅੰਤ ਵਿਚ ਕੌਰਵਾਂ ਵਲੋਂ ਅਨਯਾਇ ਤੇ ਅਤਿਆਚਾਰ ਤੇ ਅੰਤ ਵਾਰ।

ਪੱਛਮ ਵਲੋਂ ਡੁਬਦੇ ਸੂਰਜ ਦੀਆਂ ਗੇਰੂਈ ਕਿਰਨਾਂ ਪਰਬਤ ਦੀ ਬਰਫ਼ ਉਤੇ ਪੈ ਰਹੀਆਂ ਸਨ। ਸੂਰਜ ਵਿਚ ਨਿਘ ਉਕਾ ਨਹੀਂ ਸੀ। ਰਾਤ ਪੈਣ ਲਗਿਆਂ ਚਿੱਟੀ ਬਰਫ਼ ਨੇ ਚਾਨਣ ਚੋਖਾ ਕਰ ਦਿਤਾ ਸੀ। ਦੁਨੀਆ ਕੀ ਹੈ।

ਚਾਨਣ ਹੀ ਚਾਨਣ ਪਰ ਤਪ ਤੇ ਨਿਘ ਹੀਣ, ਇਕ ਧੋਖਾ ਇਕ ਤਮਾਸ਼ਾ ਇਕ ਜੂਏ ਦੀ ਖੇਡ, ਇੰਦਰ ਜਾਲ। ਤਕੜੇ ਅੰਗਾਂ ਤੇ ਚੌੜੇ ਸੀਨੇ ਵਾਲਾ ਇਕ ਬਿਰਧ ਬਰਫ ਉਤੇ ਬੈਠਾ ਸੀ, ਗਲ ਵਿਚ ਕਫਨੀ ਸੀ, ਇਕ ਹੱਥ ਵਿਚ ਖੂੰਡਾ, ਦੂਜਾ ਪੈਰਾਂ ਵਿਚ ਬੈਠੇ ਕੁੱਤੇ ਨੂੰ ਪਲੋਸ ਰਿਹਾ ਸੀ। ਮੱਥੇ ਵਿਚ ਵਟ, ਭੂਰੇ ਭਰਵਟਿਆਂ ਵਾਲੇ ਚਹਰੇ ਉਤੇ ਝੁਰੜੀਆਂ, ਅੱਖਾਂ ਦੂਰ ਦੁਰਾਡੇ ਲਾਲ ਹੋ ਰਹੇ ਸੂਰਜ ਵਲ ਬਿਨਾਂ ਝਮਕੇ ਤੱਕ ਰਹੀਆਂ ਸਨ, ਸਿਰ ਉਤੇ ਮੰਡਾਸਾ ਸੀ ਤੇ ਦਾੜ੍ਹਾ ਬੱਗੀ ਬਰਫ ਵਰਗਾ, ਮੁੱਛਾਂ ਹਾਲਾਂ ਭੀ ਨਿਉਣ ਤੋਂ ਇਨਕਾਰੀ ਸਨ। ਸਾਥੀ ਖੋ ਚੁਕੇ ਸਨ, ਇਕੋ ਇਕ ਸਾਥੀ ਸੀ ਉਹ ਭੀ ਸ਼ੁਕਰ ਹੈ ਆਦਮੀ ਨਹੀਂ। ਹੇ ਕ੍ਰਿਸ਼ਨ ! ਹੇ ਸਖੇ ! ਹੇ ਯਾਰ ! ਹੇ ਬੰਧੂ ! ਹੇ ਦੁਆਰਕਾ ਨਾਥ ! ਹੇ ਗੋਪੀਆਂ ਦੇ ਪਰਚਾਵੇ ਤੇ ਗਊਆਂ ਦੇ ਰਖਵਾਲੇ ! ਕੀ ਚੰਗਾ ਹੁੰਦਾ ਅੱਜ ਤੂੰ ਮੇਰਾ ਸਾਥ ਦੇਂਦਾ। ਸਾਰੀ ਵਿਹਾ ਗਈ ਹੈ, ਹੁਣ ਇਕ ਤ੍ਰਿਣ ਮਾਤ੍ਰ ਰਹ ਗਈ ਹੈ, ਇਸ ਅਖ਼ੀਰਲੇ ਸਮੇਂ ਜੇ ਤੂੰ ਸਾਥ ਦੇਂਦਾ ਕੇਡੀ ਤੇਰੀ ਮੇਹਰ ਹੁੰਦੀ।

ਬੁਢਾ ਸਰੀਰ ਠੰਢ ਨਾਲ ਕਿਤੇ ਕਿਤੇ ਕੰਬਦਾ ਸੀ। ਰਾਤ ਦੀ ਉਡੀਕ ਵਿਚ ਮਨ ਚਕ੍ਰਿਤ ਭੀ ਸੀ ਤੇ ਕੁਝ ਆਸ਼ਾਵਾਦੀ ਭੀ ਕਿ ਆਖਰ ਮੰਜ਼ਲ ਨੇੜੇ ਹੈ।

ਕਿਧਰੋਂ ਅਕਾਸ਼ ਵਿਚੋਂ ਇੰਦਰ ਜੀ ਆਪਣੇ ਰੱਥ ਵਿਚ ਚੜ੍ਹੇ ਆਏ ਤੇ ਮਹਾਂਭਾਰਤ ਦੇ ਜੇਤੂ ਨੂੰ ਆਖਣ ਲਗੇ ਯੁੱਧਿਸ਼ਟਰ ਤੇਰੇ ਸਾਥੀ ਸਾਰੇ ਸੁਰਗ ਵਿਚ ਪਹੁੰਚ ਚੁਕੇ ਹਨ ਆ ਤੂੰ ਭੀ ਚਲ। ਬੁਢੇ ਨੇ ਦੁਆਲੇ ਝਾਤ ਮਾਰੀ, ਹੌਸਲੇ ਭਰੀ ਹਾਂ ਭਰ ਕੇ ਉੱਠਿਆ ਤੇ ਰਥ ਵਿਚ ਚੜ੍ਹਨ ਲੱਗਾ, ਕੁੱਤੇ ਨੇ ਛੇਤੀ ਕੀਤੀ ਉਹ ਨਾਲ ਹੀ ਛਾਲ ਮਾਰ ਕੇ ਵੜਨ ਲਗਾ ਤਾਂ ਇੰਦਰ ਦੇਵਤਾ ਜੀ ਹਾ ਹਾ ਕਰਦੇ ਵਰਜਣ ਲਗੇ ਆਖਿਆ ਕਿ ਕੁਤੇ ਨੂੰ ਸੁਵਰਗ ਵਿਚ ਵੜਨ ਦੀ ਆਗਿਆ ਨਹੀਂ। ਇਹ ਸੁਣਦੇ ਸਾਰ ਬੁੱਢਾ ਯੁਧਿਸ਼ਟਰ ਠਿਠਰ ਗਿਆ, ਬਬਾਣ ਵਿਚ ਰਖਿਆ ਪੈਰ ਚੁਕ ਲਿਆ। ਮਥੇ ਵਿਚ ਹੋਰ ਵੱਟ ਪੈ ਗਏ, ਚੇਹਰੇ ਵਿਚ ਇਕ ਵਾਰ ਫੇਰ ਜਵਾਨੀ ਵਾਲੀ ਲਾਲੀ ਆ ਗਈ ਤੇ ਇੰਦਰ ਦੇ ਰਥ ਤੋਂ ਮੂੰਹ ਮੋੜ ਕੇ ਯੁਧਿਸ਼ਟਰ ਆਖਣ ਲਗਾ ਜੇ ਏਸ ਸਾਥੀ ਨੂੰ ਥਾਂ ਨਹੀਂ ਤਾਂ ਮੈਂ ਬਾਜ਼ ਆਇਆ ਤੇਰੇ ਸੁਵਰਗ ਤੋਂ ਜਿਸ ਦੀ ਖਾਤਰ ਮੈਂ ਆਪਣੇ ਇਕ ਬੇਜ਼ਬਾਨ ਆੜੀ ਨੂੰ ਪਿਛੇ ਛਡ ਦੇਣ ਦੀ ਨੀਚ ਚਾਹਨਾ ਕਰਾਂ, ਲੈ ਜਾ ਆਪਣੇ ਬਬਾਣ ਨੂੰ।

ਛਿਥੇ ਹੋਏ ਦੇਵਤੇ ਆਖਦੇ ਹਨ ਕਿ ਇਹ ਤਾਂ ਯੁਧਿਸ਼ਟਰ ਦੀ ਇਕ ਅੰਤਮ ਪਰੀਖਿਆ ਸੀ। ਮਨੁੱਖਾਂ ਦੀਆਂ ਉਮਰਾਂ ਅਨਗਿਣਤ ਪਰੀਖਿਆਵਾਂ ਦੀ ਮਾਲਾ ਹੀ ਹੁੰਦਾ ਹੈ। ਕੋਈ ਪਾਸ ਹੋ ਗਿਆ, ਕੋਈ ਫੇਲ। ਚੰਗਾ ਕੰਮ ਫੜਿਆ ਹੈ ਇੰਦਰ ਜੀ ਦੀ ਸੀ ਆਈ. ਡੀ. ਨੇ, ਪਰ ਚਲੋ 'ਹਰਿਚੀ ਆਯਦ ਬਰ ਸਰੇ ਆਤਮ ਬਿਗੁਜ਼ਰਦ।'

ਯੁਧਿਸ਼ਟਰ ਨੂੰ ਸੁਵਰਗ ਵਿਚ ਲੈ ਗਏ। ਵੇਖਦਾ ਹੈ ਕਿ ਦੁਰਯੋਧਨ ਬੜੇ ਠਾਠ ਬਾਠ ਵਿਚ ਬੈਠਾ ਹੈ ਪਰ ਪਾਂਡੂਆਂ ਵਿਚੋਂ ਇਕ ਭੀ ਨਹੀ। ਯੁਧਿਸ਼ਟਰ ਦੁਆਲੇ ਨਜ਼ਰ ਮਾਰ ਕੇ ਹੈਰਾਨ ਹੋਇਆ ਤੇ ਬੁੜਬੁੜਾਨ ਲਗਾ। ਇਹ ਪਾਪੀ ਦੁਰਯੋਧਨ ਜਿਸ ਨੇ ਸਾਡੇ ਨਾਲ ਐਨਾ ਜ਼ੁਲਮ ਕਮਾਯਾ, ਜਿਸ ਨੇ ਦਰੋਪਦੀ ਦੀ ਬੇਪਤੀ ਕੀਤੀ, ਜਿਸ ਦੇ ਅਤਿਆਚਾਰ ਕਰਕੇ ਸਾਨੂੰ ਏਨੇ ਬੀਰ ਯੁਧ ਵਿਚ ਦੇਣੇ ਪਏ। ਇਹ ਸੁਵਰਗ ਵਿਚ; ਮੇਰੇ ਵੀਰ ਕਿਥੇ ਹਨ ? ਉਨ੍ਹਾਂ ਲਈ ਕੋਈ ਵਧੇਰੇ ਚੰਗਾ ਅਸਥਾਨ ਹੈ ? ਮੈਂ ਤਾਂ ਉਨ੍ਹਾਂ ਵਿਚ ਹੀ ਉਨ੍ਹਾਂ ਦੇ ਨਾਲ ਰਹਾਂਗਾ। ਮੈਨੂੰ ਨਹੀਂ ਸੁਖਾਂਦਾ ਇਹ ਪਾਪੀ ਨਿਵਾਸ ਸਵਰਗ। ਜਾਣੀ ਜਾਣ ਨਾਰਦ ਜੀ ਬੋਲੇ, ਯੁਧਿਸ਼ਟਰ ਮਾਤਲੋਕ ਦੀਆਂ ਗੱਲਾਂ ਉਥੇ ਰਹੀਆਂ, ਇਥੇ ਦਵੈਸ਼ ਭਾਵ ਨੂੰ ਥਾਂ ਨਹੀਂ। ਦੁਰਯੋਧਨ ਨੇ ਛਤ੍ਰੀ ਧਰਮ ਪਾਲਿਆ ਹੈ, ਉਸ ਨੂੰ ਏਥੇ ਥਾਂ ਮਿਲੀ ਹੈ, ਛਡ ਦੇਹ ਪਿਛਲੇ ਖਿਆਲ, ਏਥੇ ਸਭ ਲਈ ਥਾਂ ਹੈ, ਤੂੰ ਭੀ ਏਥੇ ਦੁਰਯੋਧਨ ਦੇ ਨਾਲ ਰਹੁ।''

ਜਦ ਯੁਧਿਸਟਰ ਨਾ ਮੰਨਦਾ ਵੇਖਿਆ ਤਾਂ ਦੂਤ ਆਖਣ ਲਗੇ ਚਲ ਫੇਰ ਤੈਨੂੰ ਤੇਰੇ ਸਾਥੀਆਂ ਕੋਲ ਲੈ ਚਲਦੇ ਹਾਂ—ਰਾਹ ਵਿਚ ਹਨੇਰਾ ਹੋ ਗਿਆ, ਗਿਲਾਨ ਦੁਰਗੰਧ ਲਹੂ, ਚਿੱਕੜ ਤਿਲਕਣ ਤੇ ਚਲ੍ਹੇ, ਲੋਥਾਂ ਹਰ ਪ੍ਰਕਾਰ ਦੇ ਸੁੰਡ ਤੇ ਗੰਦੇ ਜੀਵ, ਹਨੇਰੇ ਵਿਚੋਂ ਅਵਾਜ਼ਾਂ ਆਣ ਲਗ ਪਈਆਂ ਹੇ ਧਰਮ-ਪੁਤਰ ਜ਼ਰਾ ਸਾਡੇ ਨਾਲ ਰਹੁ, ਸਾਨੂੰ ਸਹਾਰਾ ਦੇਹ ਤੇਰੇ ਆਉਣ ਨਾਲ ਕੁਛ ਠੰਢ ਵਰਤੀ ਹੈ ਅਸੀਂ ਬੜੇ ਕਸ਼ਟ ਝੱਲ ਰਹੇ ਹਾਂ, ਨਰਕ ਭੋਗ ਰਹੇ ਹਾਂ। ਇਕ ਪਾਸਿਓਂ ਕਰਾਂਹਦੀ ਅਵਾਜ਼ ਆਈ, ਮੈਂ ਭੀਮ ਹਾਂ ਏਥੇ। ਦੂਜੇ ਪਾਸਿਓਂ ਅਰਜਨ ਬੋਲਿਆ ਆ ਬੜੇ ਵੀਰ, ਅਸੀਂ ਬੜੇ ਦੁਖੀ ਹਾਂ ਨਕੁਲ ਸਹਦੇਵ। ਦਰੋਪਦੀ ਦੀ ਸੁਰੀਲੀ ਆਵਾਜ਼ ਆਈ, ਰੋਂਦੀ ਡੁਸਕਦੀ ਦੀ 'ਐਨਾਂ ਕੁਛ ਗਵਾ ਕੇ ਪੁਤਰਾਂ ਨੂੰ ਮਰਵਾ ਕੇ, ਆਹ ਦਸ਼ਾ, ਹਾਇ ਸਾਰੀ ਉਮਰ ਅੱਨਿਆਇ, ਏਨੇ ਦੁਖ, ਕਸ਼ਟ, ਮੇਰੇ ਸੁਆਮੀ ਜੀ

ਧਰਮ ਕਿਥੇ ਹੈ, ਦੁਆਰਕਾ ਵਾਸੀ ਤੂੰ ਸਾਡਾ ਸਾਥ ਛੰਡ ਗਿਆ ਹੈਂ ।' ਯੁਧਿਸ਼ਟਰ ਦੇ ਭਰਵਟੇ ਤਨ ਗਏ, ਅੱਖਾਂ ਕਰੋਧ ਵਿਚ ਆ ਗਈਆਂ, ਜਬਾੜਾ ਵਟਿਆ ਗਿਆ, ਛਾਤੀ ਉਭਰੀ ਤੇ ਕੜਕ ਕੇ ਬੋਲਿਆ 'ਬਸ ਮੈਂ ਸੁਰਗਾਂ ਨੂੰ ਲੱਤ ਮਾਰੀ, ਮੈਂ ਨਹੀਂ ਅੱਗੇ ਜਾਣਾ, ਮੈਂ ਆਪਣੇ ਏਨ੍ਹਾਂ ਸਾਥੀਆਂ ਨਾਲ ਹੀ ਰਹਾਂਗਾ, ਜਿਨ੍ਹਾਂ ਨੂੰ ਕੇਵਲ ਮੇਰੇ ਅੰਗਪਾਲ ਹੋਣ ਕਰਕੇ ਇਥੇ ਧਕਿਆ ਗਿਆ ਹੈ। ਇਹ ਕਹਿ ਕੇ ਯੁਧਿਸ਼ਟਰ ਨੇ ਖੂੰਡਾ ਹਥੋਂ ਛਡਿਆ, ਉਸ ਮਲੀਨ ਨਰਕ ਵਿਚ ਥੱਪੜ ਮਾਰ ਕੇ ਬਹਿ ਗਿਆ ਇਕ ਠੰਡੀ ਆਹ ਭਰੀ......ਆਹ ਕੀ ਸੀ ਕਿਧਰੋਂ ਸੁਰਗ ਦੀ ਹਵਾ ਸੀ ਸਭ ਕੁਝ ਬਦਲ ਗਿਆ ਤੇ ਉਥੇ ਹੀ ਸੁਰਗ ਬਣ ਗਿਆ।

ਬਸ ਧਰਮ ਇਹੀ ਹੈ ਸਿੱਧਾ ਮਨੁਖੀ ਧਰਮ, ਸਾਥੀਆਂ ਤੋਂ ਬੇਮੁਖ ਨਾ ਹੋਣਾ, ਉਨ੍ਹਾਂ ਦੀ ਖਾਤਰ ਸੁਵਰਗ ਭੀ ਤਜਣਾ ਪਵੇ ਤਾਂ ਤਜ ਦੇਣਾ, ਮਿਥਿਆ ਸੁੱਖਾਂ ਦੀ ਖਾਤਰ ਨੀਚਾਂ ਤੇ ਪਾਪੀਆਂ ਨੂੰ ਮੂੰਹ ਨਾ ਲਾਉਣਾ, ਭਾਂਵੇਂ ਉਨ੍ਹਾਂ ਦਾ ਵਾਸ ਸੁਵਰਗ ਵਿਚ ਹੋਵੇ, ਬੁਰਿਆਂ ਤੋਂ ਦੂਰ ਰਹਿਣਾ, ਭਾਂਵੇਂ ਉਨ੍ਹਾਂ ਦੀ ਸੰਗਤ ਵਿਚ ਸਭ ਸੁੱਖ ਪ੍ਰਾਪਤ ਹੋਣ ਤੇ ਪਰਖੇ ਹੋਏ ਠੋਕ ਵਜਾ ਕੇ ਵੇਖੇ ਹੋਏ ਮਿਤ੍ਰਾਂ ਨੂੰ ਆਪਣੀ ਜਾਨ ਨਾਲ ਰੱਖਣਾ, ਭਾਂਵੇਂ ਉਨ੍ਹਾਂ ਦੀ ਖਾਤਰ ਨਰਕ ਭੋਗਣੇ ਪੈਣ। ਇਹੀ ਇਨਸਾਨੀਅਤ ਹੈ, ਇਹੀ ਆਦਮੀ-ਪੁਣਾ ਹੈ, ਏਹੀ ਧਰਮ ਹੈ।

ਵਚਨ-ਪਾਲਣ

ਗ੍ਰੰਥ ਅੰਜੀਲ ਅਨੁਸਾਰ ਏਸ ਧਰਤੀ ਦੀ ਪਹਿਲੀ ਮਨੁਖੀ ਜੋੜੀ ਬਾਗੇ ਅਦਨ ਵਿਚ ਉਪੱਨੀ ਤੇ ਬਾਗੇ ਅਦਨ ਖਿਆਲ ਕੀਤਾ ਜਾਂਦਾ ਹੈ ਕਿ ਭੂਮਧਯ ਸਾਗਰ ਦੇ ਹੀ ਕਿਧਰੇ ਆਸ ਪਾਸ ਸੀ। ਇੱਤਹਾਸ ਭੀ ਦੱਸ਼ਦਾ ਹੈ ਕਿ ਪੱਛਮ ਵਿਚ ਪਹਲੋਂ ਪਹਲ ਅਬਾਦੀ ਦੀ ਗਹਮਾ ਗਹਮ ਆਪੋ ਵਿਚ ਜੰਗਾਂ ਵਧੇਰੇ ਕਰਕੇ ਭੂਮਧਯ ਸਾਗਰ ਵਿਚ ਉਸ ਦੇ ਟਾਪੂਆਂ ਤੇ ਕਿਨਾਰਿਆਂ ਦੇ ਦੇਸ਼ਾਂ ਵਿਚ ਹੋਏ। ਸ਼ਕ ਨਹੀਂ ਕਿ ਏਸ ਸਾਗਰ ਦੇ ਸੁਖਾਂ ਦੇ ਪੌਣ ਪਾਣੀ ਕਿਨਾਰਿਆਂ ਦੇ ਸਮਾਨ ਜੇਹੀ ਹਵਾ ਉਪਜਾਊ ਧਰਤੀ ਤੇ ਪਰਬਤੀ ਵਾਦੀਆਂ ਕਿਸ਼ਤੀਆਂ ਲਈ ਸੁਖਾਲੇ ਨੇੜੇ ਦੇ ਪੰਧ ਮਨੁਖੀ ਵਸੋਂ ਲਈ ਪਹਲੇ ਵਸੀਲੇ ਬਣੇ ਜਿਸ ਕਰਕੇ ਸਮੁੰਦਰੀ ਬਸਤੀਆਂ ਪਹਲੋਂ ਪਹਲ ਏਥੇ ਹੀ ਪ੍ਰਫੁਲਤ ਹੋਈਆਂ। ਹੁੰਦੇ ਹੁੰਦੇ ਜਦ ਖੁੰਦਰਾਂ ਤੋਂ ਪਿੰਡ, ਪਿੰਡਾਂ ਤੋਂ ਸ਼ਹਰ ਤੇ ਸ਼ਹਰਾਂ ਤੋਂ ਰਜਵਾੜੇ ਤੇ ਬਾਦਸ਼ਾਹੀਆਂ ਬਣ ਗਈਆਂ ਏਥ ਹੀ ਮੁਢਲੀਆਂ ਲੜਾਈਆਂ ਟਾਕਰੇ - ਦੋਵੇਂ ਖੁਸ਼ਕੀ ਅਤੇ ਤਰੀਦੇ ਹੋਏ। ਇਤਿਹਾਸ ਮਸਾਂ ਓਨਾਂ ਸਾਮਰਾਜਾਂ ਦੇ ਮੋਟੇ ਮੋਟੇ ਕਹਾਣ ਹੀ ਦਸ ਸਕਦਾ ਹੈ ਜੋ ਏਸ ਸਾਗਰ ਦੇ ਕੰਢਿਆਂ ਉਤੇ ਆ ਕੇ ਆਪਣੇ ਆਪਣੇ ਖੇਲ ਖੇਲ੍ਹ ਕੇ ਇਕ ਦੂਜੇ ਨਾਲ ਹੇਠ ਉਤੇ ਹੁੰਦੇ ਅੰਤ ਹੋ ਗਏ। ਏਨ੍ਹਾਂ ਵਿਚੋਂ ਇਕ ਸਾਮਰਾਜ ਕਾਰਥੇਜੀਅਾਂ Carthaginians ਦਾ ਸੀ।

ਏਹ ਵਿਥਿਆ ਕਿੰਨੀ ਪੁਰਾਣੀ ਤੇ ਇਤਿਹਾਸ ਦੇ ਪੌਹ ਫੁਟਣ ਦੇ ਕਿੰਨੀ ਕੁ ਨੇੜੇ ਦੀ ਹੈ, ਉਸ ਵੇਲੇ ਦੇ ਵਣਜ ਵਿਉਪਾਰ ਦੇ ਬੜੇ ਅਜਬ ਜੇਹੇ ਤਰੀਕੇ ਤੋਂ

ਦਿਸ ਸਕਦੀ ਹੈ। ਫੌਨੀਸ਼ਨ ਲੋਕ ਵਿਕਾਊ ਮਾਲ ਟਲੀਆਂ, ਮਣਕੇ ਮੂੰਗੇ, ਧਾਤ ਦੇ ਸਸਤੇ ਭਾਂਡੇ, ਕੁਛ ਕਪੜਾ ਜਹਾਜ਼ਾਂ ਵਿਚ ਲੱਦ ਕੇ ਸਾਗਰ ਦੇ ਕੰਢੇ ਤੇ ਨੇੜੇ ਦੀਆਂ ਬਸਤੀਆਂ ਵਿਚ ਵੇਚਣ ਲਈ ਠਿਲ੍ਹ ਪੈਂਦੇ ਸਨ। ਕਿਨਾਰੇ ਕੋਲ ਜਹਾਜ਼ ਖਲਿਆਰ ਕੇ ਮਾਲ ਧਰਤੀ ਉਤੇ ਸਜਾ ਕੇ ਰਖ ਦੇਂਦੇ ਸਨ ਤੇ ਆਪ ਜਹਾਜ਼ ਚੜ੍ਹ ਕੇ ਸਮੁੰਦਰ ਵਿਚ ਦੂਰ ਜਾ ਖਲੋਂਦੇ ਸਨ। ਅਫਰੀਕਾ ਦੇ ਸਿੱਧੇ ਭੋਲੇ ਨਾਂਗੇ ਬਣਵਾਸੀ ਲੋਕਾਂ ਨੇ ਆ ਕੇ ਵਿਕਾਊ ਮਾਲ ਨੂੰ ਵੇਖਣਾ ਤੇ ਜਾਚਣਾ, ਜਾਂਚ ਕੇ ਮੂਲ ਅਨੁਸਾਰ ਵਟਾਂਦਰੇ ਵਿਚ ਸੋਨੇ ਵਾਲੀ ਰੇਤ, ਹੀਰੇ ਲਾਲ ਤੇ ਹੋਰ ਕੀਮਤੀ ਪੱਥਰ ਮਾਲ ਦੇ ਕੋਲ ਰਖ ਕੇ ਆਪ ਹਟ ਕੇ ਦੂਰ ਚਲੇ ਜਾਣਾ। ਫੋਨੀਸ਼ਨ ਸੁਦਾਗਰਾਂ ਨੇ ਜਦ ਵੇਖ ਲੈਣਾ ਕਿ ਕੀਮਤ ਧਰ ਦਿਤੀ ਗਈ ਹੈ ਆਣਾ ਤੇ ਪਰਖ ਕਰਨੀ ਪੇਸ਼ ਕੀਤੇ ਸੋਨਾ ਪੱਥਰਾਂ ਦੀ। ਜੇ ਸਮਝਣਾ ਕਿ ਕੀਮਤ ਵਾਜਬ ਹੈ ਤਾਂ ਸੋਨਾ ਪੱਥਰ ਆਦ ਲੈ ਜਾਣੇ ਤੇ ਅਫਰੀਕੀਆਂ ਨੇ ਪਿਛੋਂ ਆ ਕੇ ਮਾਲ ਲੈ ਜਾਣਾ। ਜੇ ਸੌਦਾਗਰਾਂ ਦੀ ਜਾਂਚੇ ਕੀਮਤ ਥੋੜੀ ਦਿਸਦੀ ਤਾਂ ਓਨਾ ਕੀਮਤ ਓਥੇ ਹੀ ਛੱਡ ਕੇ ਜਹਾਜ਼ਾਂ ਵਿਚ ਫੇਰ ਜਾ ਚੜ੍ਹਨਾ; ਅਫਰੀਕੀਆਂ ਨੇ ਸਮਝ ਲੈਣਾ ਕਿ ਕੀਮਤ ਕਬੂਲ ਨਹੀਂ। ਓਨਾ ਸੋਨੇ ਦੀ ਰੇਤ ਆਦਿਕ ਵਧ ਕੇ ਰਖ ਜਾਣੀ ਤੇ ਸੌਦਾਗਰਾਂ ਨੇ ਆ ਕੇ ਪੱਲੇ ਬੰਨ੍ਹ ਕੇ ਲੈ ਜਾਣੀ। ਜਦ ਸੌਦਾਗਰਾਂ ਸੌਦਾ ਕਬੂਲ ਕਰਕੇ ਚਲੇ ਜਾਣਾ ਅਫ਼ਰੀਕੀਆਂ ਨੇ ਆ ਕੇ ਮਾਲ ਚੁਕ ਖੜਨਾ।

ਉੱਤਰੀ ਅਫਰੀਕਾ ਦੇ ਓਸ ਇਲਾਕੇ ਜੋ ਟਯੂਨਿਸ ਖਾੜੀ ਦੇ ਪਾਸ ਸਮੁੰਦਰ ਵਿਚ ਵਧਵਾਂ ਜੇਹਾ ਹੈ ਦੱਸੀਦਾ ਹੈ ਕਿ ਸਾਗਰ ਦੇ ਕੰਢੇ ਸ਼ਹਰ ਕਾਰਥੇਜ ਅਬਾਦ ਸੀ। ਲੋਕ ਫੌਨੀਸ਼ਨ ਕੌਮ ਦੇ ਸਨ ਜੋ ਕਿ ਭੂਮੱਧਯ ਸਾਗਰ ਦੇ ਪੂਰਬੀ ਕੰਢੇ ਤੋਂ ਜਿਥੇ ਕਿ ਦੇਸ਼ ਸੀਰੀਆ ਹੈ ਆ ਕੇ ਵਸੇ ਹੋਏ ਸਨ। ਪੇਸ਼ਾ ਸੌਦਾਗਰ ਸੀ; ਵਸੀਲਾ ਜਹਾਜ਼ਵਾਹੀ ਸੀ। ਪੁਰਾਤਨ ਕਿੱਸਿਆਂ ਦੇ ਦੇਵਤਿਆਂ ਦੇ ਬੁਤਾਂ ਨੂੰ ਪੂਜਦੇ ਸਨ। ਜਦ ਉਨ੍ਹਾਂ ਨੂੰ ਵਧੇਰੇ ਪ੍ਰਸੰਨ ਕਰਨਾ ਹੁੰਦਾ ਯਾ ਬਹੁਤੀ ਭੀੜ ਆ ਬਣਦੀ ਤਾਂ ਏਨ੍ਹਾਂ ਬੁਤਾਂ ਅਗੇ ਵਡੇ ਪੁਰਸ਼ਾਂ ਦੇ ਨੰਨੇ ਬੱਚੇ ਬਚੀਆਂ ਦੀ ਕੁਰਬਾਨੀ ਦੇਂਦੇ ਸਨ। ਲੋੜ ਅਨੁਸਾਰ ਯੁਧ ਕਰਦੇ ਸਨ ਪਰ ਜ਼ਿਆਦਾ ਕਰਕੇ ਵਿਉਪਾਰ ਦੀ ਖਾਤਰ ਮੱਲੇ ਹੋਏ ਅਸਥਾਨਾਂ ਤੇ ਟਿਕਾਣਿਆਂ ਦੇ ਬਚਾਉ ਲਈ।

ਕਾਰਥੇਜ ਵਾਲੇ ਸਾਗਰ ਦੇ ਟਾਪੂਆਂ ਸਿਸਲੀ ਸਾਰਡੀਨੀਆ ਤੇ ਸਪੇਨ ਦੇ ਪੂਰਬੀ ਹਿੱਸੇ ਤੇ ਕੁਛ ਫੁਟਕਲ ਸ਼ਹਰਾਂ ਉਤੇ ਵਸੀਕਾਰ ਰਖਦੇ ਸਨ। ਓਧਰੋਂ

ਨਵੇਂ ਰੋਮ ਦੀ ਉਠਦੀ ਜੁਆਨੀ ਸੀ ਜਿਸ ਕਰਕੇ ਕਾਰਥੇਜ ਨਾਲ ਉਨ੍ਹਾਂ ਦੇ ਟਾਕਰੇ ਹੁੰਦੇ ਰਹਿੰਦੇ ਸਨ। ਰੋਮ ਦੀ ਵਧਦੀ ਤਾਕਤ ਦੇ ਰਾਹ ਵਿਚ ਕਾਰਥੇਜ ਇਕ ਤਕੜਾ ਚੁਭਵਾਂ ਕੰਡਾ ਸੀ ਜਿਸ ਕਰਕੇ ਓਨਾਂ ਨੂੰ ਜਾਪਦਾ ਸੀ ਕਿ ਜਦ ਤੋੜੀ ਕਾਰਥੇਜ ਦੀ ਤਾਕਤ ਨੂੰ ਖਾਸ ਕਰ ਸਮੁੰਦਰੀ ਤਾਕਤ ਨੂੰ ਤੋੜਿਆ ਨਾ ਜਾਵੇ ਏਸ ਸਾਗਰ ਵਿਚ ਰੋਮਨ ਬਲ ਦਾ ਵਧਣਾ ਤੇ ਪ੍ਰਫੁਲਤ ਹੋਣਾ ਸੰਭਵ ਨਹੀਂ। ਆਪੋ ਵਿਚ ਖਹਿੰਦਿਆਂ ਸੌ ਸਾਲ ਲੰਘ ਚੁਕੇ ਸਨ, ਦੋਵੇਂ ਇਕ ਦੂਜੇ ਨੂੰ ਮਿਟਾ ਦੇਣ ਦੀਆਂ ਤਦਬੀਰਾਂ ਘੜੀ ਜਾ ਰਹੇ ਸਨ। ਸਵਾਲ ਏਹ ਸੀ ਕਿ ਭੂਮਧਯ ਸਾਗਰ ਦੀ ਮਾਲਕੀ ਅਤੇ ਇਸ ਵਿਚ ਮਨਮਾਨੀ ਕਰਨ ਦੀ ਖੁਲ੍ਹ ਕਿਸ ਦੀ ਹੈ, ਮੇਰੀ ਕਿ ਤੇਰੀ।

ਈਸਵੀ ਸੰਮਤ ਤੋਂ ਢਾਈ ਕੁ ਸਾਲ ਪਹਲੋਂ ਦੀ ਗਲ ਹੈ। ਕਾਰਥੇਜ ਵਾਲੇ ਰੋਮ ਤੇ ਉਸ ਦੇ ਬੇਲੀਆਂ ਉਤੇ ਚੜ੍ਹਾਈ ਕਰਨ ਦੀ ਤਿਆਰੀ ਕਰ ਰਹੇ ਸਨ। ਕਾਰਥੇਜੀ ਆਗੂ ਬਾਰਕਾ ਤਲਵਾਰ ਚੁਕਣ ਤੋਂ ਪਹਲੋਂ ਦੇਵਤਿਆਂ ਦੀ ਅਸੀਸ ਲੈਣ ਲਈ ਆਪਣੇ ਮੰਦਰ ਵਿਚ ਗਿਆ। ਨਾਲ ਉਸ ਦਾ ਨੌਂ ਸਾਲ ਦਾ ਇੱਕੋ ਇਕ ਪੁਤਰ ਸੀ—ਦੇਵਤਿਆਂ ਅਗੇ ਅਰਜੋਈਆਂ ਕਰਢੇ ਦੇ ਮਨ ਵਿਚ ਖਬਰੇ ਕੀ ਆਈ, ਪੁਜਾਰੀਆਂ ਨੂੰ ਬਾਹਰ ਕਢ ਦਿਤਾ ਆਪ ਤੇ ਪੁਤ੍ਰ ਇੱਕਲੇ ਰਹ ਗਏ। ਧੂਪਾਂ ਤੇ ਜੋਤਾਂ ਨਾਲ ਕਾਲਾ ਹੋਯਾ ਮੰਦਰ ਕੀ ਸੀ ਇਕ ਛੋਟੀ ਗੁਫਾ ਸੀ, ਦੇਵਤਾ ਨਾ ਆਦਮ ਰੂਪ ਸੀ ਨਾ ਨਿਰਾ ਪਸ਼ੂ ਰੂਪ। ਬਰਕਾ ਦੀਆਂ ਗਹਰੀਆਂ ਅਖਾਂ ਬੁੱਤ ਵਲ ਲਗ ਰਹੀਆਂ ਸਨ। ਕੋਲ ਬਾਲਕ ਖਲੋਤਾ ਸੀ। ਦੋਵੇਂ ਪਿਓ ਪੁਤ ਉਸ ਅਣਡਿਠੀ ਅਣਜਾਣੀ ਸਦੀਵੀ ਸ਼ਕਤੀ ਤੋਂ ਜਿਸਨੂੰ ਮਨੁਖੀ ਮਨ ਨਿਸਚਯ ਨਾਲ ਅਰਾਧਨਾ ਕਰਦਾ ਹੋਯਾ ਛੂਹਣ ਲਈ ਹਨੇਰੇ ਵਿਚ ਟਟੋਲਦਾ ਆਯਾ ਹੈ ਕੁਛ ਮੰਗ ਰਹੇ ਸਨ। ਬਰਕਾ ਨੇ ਪੁਤਰ ਵਲ ਮੂੰਹ ਫੇਰਿਆ ਤੇ ਪੁਛ ਕੀਤੀ ਬੇਟਾ ਮੇਰੇ ਨਾਲ ਜੰਗ ਨੂੰ ਚਲੇਂਗਾ ? ਬਾਰੀਕ ਜੇਹੀ ਪਰ ਕਰਾਰੀ ਅਵਾਜ਼ ਵਿਚ ਜਵਾਬ ਆਯਾ 'ਹਾਂ'। ਕੁਰਬਾਨ ਕੀਤਾ ਜਾ ਰਿਹਾ ਸੂਹਾ ਲੱਤ ਤ੍ਰਿਪ ਤ੍ਰਿਪ ਵਗ ਰਿਹਾ ਸੀ, ਬਰਕਾ ਨੇ ਆਖਿਆ ਚੰਗਾ ਜੇ ਚੱਲਨਾ ਹੈ ਤਾਂ ਐਸ ਕੁਰਬਾਨੀ ਉੱਤੇ ਹੱਥ ਰੱਖ ਤੇ ਰੋਮ ਵਿਰੁਧ ਸਦੀਵੀ ਵੈਰ ਦੀ ਸੌਂਹ ਖਾਹ। ਮੁੰਡੇ ਦਾ ਨਾਮ ਹੈਨੀਬਾਲ ਸੀ—ਬਾਲ ਨਾਮਕ ਰੱਬ ਦੀ ਮੇਹਰ—ਹੈਨੀਬਾਲ ਨੇ ਕੁਰਬਾਨੀ ਉੱਤੇ ਹੱਥ ਰੱਖ ਕੇ ਸ਼ੌਂਹ ਖਾ ਲਈ। ਕਿਸੇ ਨੂੰ ਪਤਾ ਨਹੀਂ ਸੀ—ਸਭ ਤੋਂ ਘੱਟ ਉਸ ਮੁੰਡੇ ਨੂੰ—ਕਿ ਉਸ ਕਸਮ

ਦੇ ਕੀ ਕੀ ਸਿੱਟੇ ਨਿਕਲਣਗੇ ਤੇ ਇਹ ਸੌਂਹ ਉਸ ਨੂੰ ਕਿਨ੍ਹਾਂ ਕਿਨ੍ਹਾਂ ਸਾਕਿਆਂ ਤੇ ਘਟਨਾਵਾਂ ਵਿਚ ਪਾਵੇਗੀ। ਇਤਿਹਾਸ ਵਿਚ ਅਨੇਕਾਂ ਰੰਗਾਂ ਦੇ ਬੰਦੇ ਹੋ ਕੇ ਬੀਤ ਗਏ ਸਨ ਇਕਨਾ ਨੂੰ ਰਬ ਨੇ ਰਾਜ ਭਾਗ ਲਾਏ, ਝੋਲੀਆਂ ਸਫਲਤਾ ਨਾਲ ਭਰੀਆਂ, ਇਕਨਾਂ ਨੂੰ ਉਸ ਨੇ ਭਾਣੇ ਵਿਚ ਛੁੱਟ ਖੁਆਰੀ ਨਾਕਾਮੀ ਤੋਂ ਕੁਛ ਨਾ ਦਿਤਾ। (ਇਕ ਹੁਕਮੀ ਸਦਾ ਭਵਾਈਏ) ਪਰ ਅਜੇਹਾ ਕੋਈ ਨਹੀਂ ਹੋਇਆ ਜਿਸ ਦੇ ਚਰਨਾਂ ਨੂੰ ਸਫਲਤਾ ਚੁੰਮਦੀ ਰਹੀ, ਸਾਮ੍ਹਣੇ ਕੋਈ ਨਾ ਅੜਿਆ ਪਰ ਜਦ ਬਾਕੀ ਕੱਢੀ ਗਈ ਤਾਂ ਲੇਖਾ ਓੜੋ ਕੋੜ ਕਿ ਛੁਟ ਅਪਣੀ ਪ੍ਰਤੱਗਿਆ ਪੂਰੀ ਕਰਨ ਦੇ ਹੋਰ ਕੁਛ ਪੱਲੇ ਨਹੀਂ ਸੀ। ਇਤਿਹਾਸਕਾਰ ਹੈਨੀਬਾਲ ਦੇ ਅਜਬ ਜੀਵਨ ਨੂੰ ਇਤਿਹਾਸ ਦੀ ਸਭ ਤੋਂ ਵੱਡੀ ਸ਼ਾਨਦਾਰ ਅਸਫਲਤਾ ਆਖਦੇ ਹਨ। ਕੇਡੀਸਿਲ ਅਲੂਣੀ ਸੀ, ਆਪਣੀ ਸਮੁਚੀ ਉਮਰ ਦੀਆਂ ਤਾਘਾਂ ਤੇ ਆਸਾਂ ਉੱਤੇ ਪਾਣੀ ਫੇਰ ਕੇ ਬਚਪਨ ਵਿਚ ਖਾਧੀ ਸੌਂਹ ਨੂੰ ਪੂਰਾ ਕਰਨ ਲਈ ਸਭ ਕੁਛ ਨਛਾਵਰ ਕਰ ਦਿੱਤਾ ਤੇ ਖੱਟਿਆ ਕੀ ਸਾਰੀ ਉਮਰ ਦਾ ਰੋਮਨਾਂ ਨਾਲ ਵੈਰ।

ਪਿਉ ਪੁਤ ਕਾਰਥੇਜ ਤੋਂ ਫ਼ੌਜਾਂ ਲੈ ਕੇ ਸਾਗਰ ਪਾਰ ਕਰ ਕੇ ਸਪੇਨ ਪਹੁੰਚੇ ਜਿੱਥੇ ਅੱਗੇ ਹੀ ਜੰਗ ਲੱਗੀ ਹੋਈ ਸੀ। ਹੈਨੀਬਾਲ ਦੀ ਪੜ੍ਹਾਈ ਤੇ ਸਿਖਲਾਈ ਸਾਰੀ ਜੰਗ ਦੇ ਮੈਦਾਨ ਦੀ ਸੀ, ਸਿਪਾਹੀਆਂ ਵਾਂਗ ਰਹਣਾ, ਉਨ੍ਹਾਂ ਨਾਲ ਭੁਖ ਤੇਹ ਝੱਲਣੀ, ਬਰਾਬਰ ਲੰਮੇ ਪੈਂਡੇ ਤੇ ਪੜਾਉ ਝਾਗਣੇ, ਲੜਾਈਆਂ ਹੁੰਦੀਆਂ ਵੇਖਣੀਆਂ, ਉਣੀਂਦੇ ਕੱਟਣੇ ਤੇ ਜੋ ਲਭੇ ਖਾਣਾ। ਕਾਰਥੇਜ ਵਾਲੇ ਅਸਲ ਵਿਚ ਕਿੱਤੇ ਦੇ ਸਿਪਾਹੀ ਨਹੀਂ ਸਨ, ਬਿਉਪਾਰੀ ਜਹਾਜ਼ਵਾਹ ਸਨ, ਜਦ ਉਨ੍ਹਾਂ ਨੂੰ ਜੰਗ ਕਰਨੀ ਪੈ ਗਈ ਉਨ੍ਹਾਂ ਬਹੁਤ ਸਾਰੀ ਫ਼ੌਜ ਐਧਰੋਂ ਉਧਰੋਂ ਜਿਥੋਂ ਮਿਲੀ ਭਰਤੀ ਕਰ ਲਈ। ਬਾਰਕਾ ਇਕ ਤਕੜਾ ਹੰਢਿਆ ਸਾਲਾਰ ਸੀ, ਪੁੱਤ ਨੇ ਉਸ ਤੋਂ ਬਹੁਤ ਕੁਛ ਮੈਦਾਨ ਜੰਗ ਦੀ ਸਿਖਿਆ ਪ੍ਰਾਪਤ ਕੀਤੀ।

ਮੰਦਰ ਵਿਚ ਖਾਧੀ ਸੌਂਹ ਹਰ ਵਕਤ ਉਸ ਦੇ ਦਿਲ ਵਿਚ ਸੁਲਗਦੀ ਅੱਗ ਵਾਂਗ ਰਹਿੰਦੀ ਸੀ ਤੇ ਉਹ ਮੈਦਾਨ ਦੇ ਜੰਗੀ ਵਾਤਾਵਰਨ ਵਿਚ ਵਡਾ ਹੋ ਰਿਹਾ ਸੀ। ਬਾਪ ਉਸ ਨੂੰ ਆਪਣੇ ਨਾਲ ਆਪਣੇ ਤੰਬੂ ਵਿਚ ਰਖਦਾ ਸੀ ਤੇ ਜਿੱਧਰ ਆਣਾ ਜਾਣਾ ਪੈਂਦਾ ਉਸ ਨੂੰ ਨਾਲ ਲੈ ਜਾਂਦਾ ਸੀ। ਹੈਨੀਬਾਲ ਜੰਗੀ ਕਿੱਤਾ ਕਿਤਾਬ ਵਿਚ ਨਹੀਂ ਹਥੀਂ ਤੇ ਤਜਰਬੇ ਨਾਲ ਸਿੱਖ ਰਿਹਾ ਸੀ। ਸਰੀਰ ਦਾ ਹੌਲਾ ਪਰ ਚੁਸਤ ਤੇ ਕਾਠਾ, ਖੇਲ ਕੁਦ ਵਿਚ ਛੋਹਲਾ, ਮੁੱਕੇਬਾਜ਼ੀ ਅਤੇ ਦੌੜ ਵਿਚ

ਤਾਕ ਤੇ ਸਵਾਰਾਂ ਵਿਚ ਉਸਤਾਦ ਸੀ। ਅਠਾਰਾਂ ਵਰ੍ਹਿਆਂ ਦਾ ਸੀ ਜਦ ਉਸ ਦਾ ਬਾਪ ਮਾਰਿਆ ਗਿਆ ਤੇ ਉਸ ਸਮੇਂ ਉਹ ਸੰਪੂਰਨ ਸਿਪਾਹੀ ਬਣ ਚੁਕਾ ਸੀ। ਸਪੇਨ ਦਾ ਖਾਸਾ ਇਲਾਕਾ ਕਾਰਥੇਜੀ ਫੌਜਾਂ ਲੈ ਚੁਕੀਆਂ ਸਨ। ਪਿਉ ਦੇ ਮਰਨ ਪਿਛੋਂ ਹੈਨੀਬਾਲ ਨੂੰ ਰਸਾਲੇ ਦਾ ਸਾਲਾਰ ਨੀਯਤ ਕੀਤਾ ਗਿਆ ਤੇ ਅੱਠ ਸ ਲ ਉਹ ਆਪਣੇ ਭਣੋਈਏ ਹਸਦਰੂਬਲ ਦੇ ਹੇਠ ਕੰਮ ਕਰਦਾ ਰਿਹਾ। ਹਸਦਰੂਬਲ ਮਾਰਿਆ ਗਿਆ ਤਾਂ ਫੌਜਾਂ ਨੂੰ ਆਪਣੇ ਏਸ ਫੈਸਲੇ ਅਤੇ ਚੋਣ ਤੋਂ ਅਖੀਰ ਤਕ ਪਛਤਾਵਾ ਨਹੀਂ ਹੋਇਆ। ਫੌਜਾਂ ਦਾ ਆਗੂ ਹੋ ਕੇ ਉਸ ਨੇ ਉਮਰ ਭਰ ਲੜਾਈਆਂ ਲੜੀਆਂ ਤੇ ਵੈਰੀਆਂ ਨੂੰ ਮਾਤ ਕੀਤਾ ਪਰ ਕਮਾਲ ਦੀ ਗੱਲ ਏਹ ਕਿ ਏਸ ਲੰਮੇ ਸਮੇਂ ਵਿਚ ਫੌਜਾਂ ਨੇ ਇਕ ਵਾਰ ਭੀ ਉਸ ਦੀ ਆਗਿਆ ਤੋਂ ਬਾਹਰ ਹੋਣ ਦਾ ਖਿਆਲ ਨਹੀਂ ਕੀਤਾ। ਸਿਪਾਹੀ ਆਖਰ ਕਿਸੇ ਨਿਸ਼ਾਨੇ ਲਈ ਲੜਿਆ ਕਰਦੇ ਹਨ, ਦੇਸ਼-ਪਿਆਰ ਹਿਤ ਜਾਂ ਤਕੜੇ ਵੈਰੀਆਂ ਨੂੰ ਨਿਵਾਉਣ ਲਈ। ਅਜਬ ਗਲ ਏਹ ਹੈ ਕਿ ਹੈਨੀਬਾਲ ਦੀ ਫੌਜ ਨਾ ਦੇਸ਼ ਪਿਆਰ ਦੀ ਖਾਤਰ ਲੜੀ ਨਾ ਉਨ੍ਹਾਂ ਨੂੰ ਆਪਣੇ ਆਪ ਵਿਚ ਕਿਸੇ ਨਾਲ ਵੈਰ ਸੀ। ਉਨ੍ਹਾਂ ਦਾ ਆਸ਼ਾ ਕੇਵਲ ਏਹ ਜਾਪਦਾ ਸੀ ਕਿ ਹੈਨੀਬਾਲ ਦਾ ਸਾਥ ਦੇਣਾ ਤੇ ਜਿੱਧਰ ਉਹ ਉਨ੍ਹਾਂ ਨੂੰ ਝੋਕ ਦੇਵੇ ਓਧਰ ਜਾ ਪੈਣਾ। ਫੌਜ ਭੀ ਥਾਂ ਥਾਂ ਦੀ ਸੀ ਅਫ਼ਰੀਕਾ ਦੇ ਹਬਸ਼ੀ ਸਪੇਨ ਦੇ ਪੈਦਲ, ਨਯੂਮੀਡੀਆ (ਉੱਤਰ ਅਫਰੀਕਾ) ਦੇ ਘੋੜਚੜ੍ਹੇ ਵਿਚ ਵਿਚ ਕਾਰਥੇਜੀ ਜੁਆਨ ਤੇ ਟਾਂਵੇਂ ਟਾਵੇਂ ਗਾਲ (ਫਰਾਂਸ) ਦੇਸ਼ ਦੇ ਗੋਰੇ, ਸਾਰੇ ਤਲਬਾਂ-ਖਾਣੇ ਤਿਲੰਗੇ ਜਿਨ੍ਹਾਂ ਦਾ ਪੇਸ਼ਾ ਹੀ ਲੜਨਾ ਸੀ ਲਿਵ ਕਿਸੇ ਧਰਤੀ ਜਾਂ ਦੇਸ਼ ਜਾਂ ਆਗੂ ਨਾਲ ਨਹੀਂ ਸੀ। ਏਸ ਮਿਲਗੋਭਾ ਫੌਜ ਨੇ ਬੇ-ਓੜਕ ਅਉਖਾਂ ਤੇ ਰੁਕਾਵਟਾਂ ਦੇ ਮੁਕਾਬਲੇ ਕਰਦਿਆਂ ਇਕ ਵਾਰ ਭੀ ਹੈਨੀਬਾਲ ਦੇ ਹੁਕਮਾਂ ਤੇ ਹੱਲਿਆਂ ਤੋਂ ਨਾਂਹ ਨਹੀਂ ਕੀਤੀ। ਏਸ ਵਿਚ ਸ਼ਕ ਨਹੀਂ ਕਿ ਫੌਜ ਨੂੰ ਆਪਣੇ ਆਗੂ ਹੈਨੀਬਾਲ ਉੱਤੇ ਪੂਰਨ ਵਿਸਵਾਸ ਸੀ ਏਹੋ ਭੇਤ ਸੀ ਉਸ ਦੀ ਸਫਲਤਾ ਦਾ ਫ਼ੌਜਾਂ ਨੂੰ ਨਿਸਚਾ ਸੀ ਕਿ ਹੈਨੀਬਾਲ ਆਪ ਬੜਾ ਬਹਾਦਰ ਗੁਣੀ ਜੰਗਾਂ ਦੇ ਦਾਅ ਪੇਚ ਦਾ ਪੂਰਾ ਜਾਣੂ ਹੈ। ਹੈਨੀਬਾਲ ਆਪ ਫੌਜਾਂ ਦੀ ਖੁਰਾਕ ਪੋਸਸ ਤੇ ਆਰਾਮ ਵਲ ਪੂਰਾ ਧਿਆਨ ਦੇਂਦਾ ਸੀ ਤੇ ਕਿਸੇ ਚੀਜ਼ ਦੀ ਥੁੜ ਨਹੀਂ ਸੀ ਹੋਣ ਦੇਂਦਾ ! ਪਿਤਾ ਨਾਲ ਰਹਿ ਕੇ ਉਸ ਨੇ ਸਿਖ ਲਿਆ ਸੀ ਕਿ ਫੌਜਾਂ ਤੋਂ ਕੰਮ ਲੈਣ ਲਈ ਉਨ੍ਹਾਂ ਨੂੰ ਕਿਵੇਂ ਖੁਸ਼ ਤੇ ਚੜ੍ਹਦੀ ਕਲਾ ਵਿਚ ਰਖੀਦਾ ਹੈ, ਲੜਾਈ ਤੋਂ ਪਹਿਲੋਂ

ਵੈਰੀ ਦਲ ਦੀ ਬਨਾਵਟ ਗਿਣਤੀ ਤੇ ਪੈਂਤੜਿਆਂ ਤੋਂ ਜਾਣੂ ਹੋਣ ਕਰਕੇ ਆਪਣੀ ਫੌਜ ਨੂੰ ਮੁਕਾਬਲੇ ਵਿਚ ਕਿਵੇਂ ਸਵਾਰਨਾ ਚਾਹੀਦਾ ਹੈ ਤੇ ਜਿੱਤ ਲਈ ਲੜਾਈ ਨੂੰ ਕਿੰਨ੍ਹਾਂ ਢੰਗਾਂ ਤੇ ਢਾਲਣਾ ਚਾਹੀਦਾ ਹੈ।

ਪਿਤਾ ਗੁਜਰ ਚੁਕਾ ਸੀ, ਸਪੇਨ ਦੀ ਜੰਗ ਵੀ ਕਾਰਥੇਜ ਦੇ ਹੱਕ ਵਿਚ ਲੜੀ ਜਾ ਚੁਕੀ ਸੀ। ਕੋਈ ਆਵਸ਼ਕਤਾ ਨਹੀਂ ਸੀ ਜਾਪਦੀ ਕਿ ਕਿਉਂ ਹੈਨੀਬਾਲ ਆਰਾਮ ਨਾਲ ਘਰ ਨਾ ਆ ਬੈਠਦਾ ਤੇ ਕਾਰਥੇਜ਼ ਨੂੰ ਅਮਨ ਤੇ ਸ਼ਾਂਤੀ ਨਾਲ ਵਿਉਪਾਰ ਤੇ ਪਦਾਰਥਕ ਉੱਨਤੀ ਵਲ ਤੋਰਦਾ। ਦੇਵਤਾ ਬਾਲ ਬਲੋਕ ਦੇ ਮੰਦਰ ਵਿਚ ਚੁਕੀ ਕਸਮ ਦਾ ਕੇਹੜਾ ਕੋਈ ਗਵਾਹ ਸੀ। ਪਰ ਮਲੂਮ ਹੁੰਦਾ ਹੈ ਕਿ ਨਾ ਉਹ ਬਾਪ ਨੂੰ ਦਿੱਤਾ ਬਚਨ ਮੋੜ ਸਕਦਾ ਸੀ ਨਾ ਉਸ ਦੀ ਆਤਮਾ ਆਗਿਆ ਦੇਂਦੀ ਸੀ ਕਿ ਦੇਵਤੇ ਅੱਗੇ ਵਗ ਰਹੇ ਖ਼ੂਨ ਦੀ ਕੁਰਬਾਨੀ ਉੱਤੇ ਚੁਕੀ ਕਸਮ ਨੂੰ ਭੁੱਲ ਜਾਵੇ। ਨਯਾਇਕ ਨਦਰ ਨਾਲ ਵੇਖਿਆ ਜਾਵੇ ਤਾਂ ਪ੍ਰਗਟ ਹੈ ਕਿ ਹੈਨੀਬਾਲ ਨੂੰ ਹੱਕ ਸੀ ਸਾਰੀ ਜ਼ੁਮੇਵਾਰੀ ਆਪਣੇ ਸਿਰ ਲੈ ਕੇ ਕਾਰਥੇਜ ਦੀ ਉੱਨਤੀ ਲਈ ਜਿਵੇਂ ਠੀਕ ਸਮਝਦਾ ਕਰਦਾ ਤੇ ਜੇ ਰੋਮ ਨਾਲ ਸਦੀਵੀ ਵੈਰ ਰਖਣਾ ਉਚਿੱਤ ਭੀ ਸਮਝਦਾ ਪਹਿਲੋਂ ਕਾਰਥੇਜ ਦਾ ਭਲਾ ਵੇਖਦਾ ਤੇ ਓਹੀ ਰਵਈਆ ਰੱਖਦਾ ਜੋ ਕਾਰਥੇਜ ਨੂੰ ਉੱਚਿਆਂ ਤੇ ਤਕੜੇ ਕਰਨ ਦਾ ਸੀ। ਤੇ ਜੇ ਪਿਉ ਦੀ ਚੁਕਾਈ ਸੌਂਹ ਸਮੇਂ ਤੇ ਲੋੜ ਅਨੁਸਾਰ ਤਜ ਦੇਣਾ ਠੀਕ ਸਮਝਦਾ ਤਾਂ ਤਜ ਦੇਂਦਾ। ਪਰ ਜਾਪਦਾ ਹੈ ਕਿ ਹੈਨੀਲਾਲ ਉਸ ਘਟੀਆ ਮਿੱਟੀ ਦਾ ਨਹੀਂ ਸੀ ਬਣਿਆ ਜੋ ਕੇਵਲ ਅਰਥ-ਸਿੱਧੀ ਮੁੱਖ ਰਖਦੀ ਹੈ, ਉਸ ਨੂੰ ਆਪਣਾ ਬਚਨ ਪ੍ਰਤਿਗਿਆ ਤੇ ਦੇਵਤਿਆਂ ਵਲੋਂ ਸਚੇ ਰਹਿਣ ਦੀ ਮਹਾਨਤਾ ਵਡੇਰੀ ਤੇ ਉੱਚੀ ਭਾਸਦੀ ਸੀ। (੧੯੧੪ ਵਿਚ ਜਰਮਨ ਕਸਰ ਨੂੰ ਚੇਤਾਵਨੀ ਕਰਾਈ ਕਿ ਤੂੰ ਲਿਖਤੀ ਇਕਰਾਰ ਕੀਤਾ ਹੋਇਆ ਹੈ ਬਿਲਜੀਅਮ ਆਦਿ ਗੁਆਂਢੀ ਦੇਸਾਂ ਉੱਤੇ ਹਮਲਾ ਨਾ ਕਰਨ ਦਾ ਤਾਂ ਉਸ ਨੇ ਜਵਾਬ ਦਿਤਾ ਕਿ ਕਾਗਜ਼ ਦਾ ਪੁਰਜਾ ਹੀ ਹੈ ਨਾ। ਬਰਤਾਨਵੀ ਨੀਤੀਵਾਨ ਕਲਾਈਵ ਨੇ ਜੋ ਉਮਾ ਚੰਦ ਬੰਗਾਲੀ ਨਾਲ ਕੀਤੀ ਉਹ ਭੀ ਇਕ ਇਤਿਹਾਸਕ ਕਥਾ ਹੈ।) ਪਰ ਹੈਨੀਬਾਲ ਲਈ ਆਪਣੀ ਸੁਗੰਧ ਉਸ ਦਾ ਧਰਮ ਬਣ ਚੁਕਾ ਸੀ ਜਿਸ ਤੋਂ ਮੂੰਹ ਫੇਰਨਾ ਆਤਮ ਘਾਤ ਲਗਦਾ ਸੀ।

ਹੈਨੀਬਾਲ ਨੇ ਸਪੇਨ ਵਿਚ ਤਕੜੀ ਫੌਜ ਭਰਤੀ ਕਰਕੇ ਤਿੰਨ ਹਿਸੇ ਕਰ

ਦਿਤੇ, ਇਕ ਹਿੱਸਾ ਕਾਰਥੇਜ਼ ਦੇ ਬਚਾ ਲਈ ਉੱਥੇ ਭੇਜ ਦਿਤਾ, ਦੂਜਾ ਸਪੇਨ ਵਿਚ ਫ਼ਤਹ ਕੀਤੇ ਮੁਲਕ ਨੂੰ ਸੰਭਾਲਣ ਲਈ ਨੀਯਤ ਕਰ ਦਿਤਾ, ਤੀਜਾ ਹਿੱਸਾ ਆਪਣੇ ਹੱਥ ਹੇਠ ਰਖ ਲਿਆ ਖੁਸ਼ਕੀ ਦੇ ਰਸਤੇ ਜਾ ਕੇ ਇਟਲੀ ਅਤੇ ਰੋਮ ਨੂੰ ਸਰ ਕਰਨ ਲਈ।

ਕਈ ਛੋਟੇ ਪਹਾੜ ਟੱਪ ਕੇ ਦਰਿਆ ਲੰਘ ਕੇ ਹਜ਼ਾਰ ਮੀਲ ਲੰਬੇ ਅਣਗਾਹੇ ਓਪਰੇ ਰਸਤੇ ਦੇ ਮਾਰਧਾੜ ਕਰਨੇ ਜਾਂਗਲੀਆਂ ਤੋਂ ਬਚ ਕੇ ਯੂਰਪ ਦੇ ਸਭ ਤੋਂ ਉੱਚੇ ਪਹਾੜ ਐਲਪਸ ਦੀ ਬਰਫਾਨੀ ਚੋਟੀਆਂ ਪਾਰ ਕਰਕੇ ਇਟਲੀ ਪਹੁੰਚਣਾ ਇਕ ਨਾ-ਹੋਣੀ ਤੇ ਸਿਰ-ਫਿਰਿਆਂ ਵਾਲੀ ਗਲ ਸੀ ਓਸ ਜ਼ਮਾਨੇ ਵਿਚ, ਪਰ ਹੈਨੀਬਾਲ ਨੇ ਊਹੋ ਕੀਤੀ। ਇਟਲੀ ਉੱਤੇ ਹਮਲਾ ਕਰਨ ਦਾ ਸਭ ਤੋਂ ਸਿਆਣਾ ਤਰੀਕਾ ਇਹ ਸੀ ਕਿ ਜਹਾਜ਼ੀ ਬੇੜਾ ਤਿਆਰ ਕੀਤਾ ਜਾਂਦਾ ਤੇ ਸਮੁੰਦਰ ਦੇ ਰਾਹ ਪੈ ਕੇ ਇਟਲੀ ਜਾ ਵੜਦਾ ਪਰ ਉਸ ਨੂੰ ਖੁਸ਼ਕੀ ਦਾ ਰਾਹ ਹੀ ਪਸੰਦ ਆਇਆ। ਬਚਪਨ ਤੋਂ ਹੈਨੀਬਾਲ ਰੋਮਨ ਵੈਰੀਆਂ ਦਾ ਨਾਮ ਸੁਣ ਸੁਣ ਕੇ ਅੱਕ ਗਿਆ ਸੀ। ਉਸ ਦੇ ਪਿਉ ਦਾਦੇ ਨੂੰ ਉਹ ਦਿਨ ਭੁਲਦੇ ਨਹੀਂ ਸਨ ਜਦ ਭੂਮਧਯ ਸਾਗਰ ਵਿਚ ਉਨ੍ਹਾਂ ਦੇ ਜਹਾਜ਼ਾਂ ਨੂੰ ਰੋਕਣ ਵਾਲਾ ਕੋਈ ਨਹੀਂ ਸੀ, ਜਿੱਥੇ ਥਾਂ ਲਭਦੀ ਉੱਤਰ ਕੇ ਬਸਤੀਆਂ ਤੇ ਤਜਾਰਤੀ ਅੱਡੇ ਬਣਾ ਲੈਂਦੇ ਸਨ। ਸਪੇਨ ਤੋਂ ਲੈ ਕੇ ਏਸ਼ੀਆ ਦੀਆਂ ਕੰਧਾ ਤੀਕ ਖੁਲ੍ਹ ਸੀ। ਪਰ ਹੁਣ ਰੋਮ ਸ਼ਹਿਰ ਤੋਂ ਉੱਠ ਕੇ ਰੋਮਨ ਜਹਾਜ਼ ਤੇ ਰੋਮਨ ਲੋਕ ਏਸ ਸਾਗਰ ਦੇ ਸਾਰੇ ਪਾਸਿਆਂ ਵਿਚ ਹਿੱਸਾ ਵੰਡਾਣ ਲਗ ਪਏ ਸਨ। ਥਾਂ ਥਾਂ ਰੋਮਨਾਂ ਨਾਲ ਟਾਕਰਾ ਹੁੰਦਾ ਸੀ ਤੇ ਦਿਸਦਾ ਸੀ ਕਿ ਦੁਨੀਆਂ ਵਿਚ ਭੂਮਧਯ ਸਾਗਰ ਤੇ ਇਸ ਦੇ ਕੰਢਿਆਂ ਉੱਤੇ ਵਸਦੇ ਦੇਸ਼ ਉਨ੍ਹਾਂ ਭਾਣੇ ਸਾਰੀ ਦੁਨੀਆਂ ਹੀ ਏਹੋ ਸੀ—ਆਖ਼ਰ ਦੋਵੇਂ ਨਹੀਂ ਵਧ ਫੁਲ ਸਕਣਗੇ, ਦੋਹਾਂ ਵਿਚੋਂ ਇਕ ਜ਼ਰੂਰ ਨੀਚਾ ਵੇਖੇਗਾ ਤੇ ਦੂਜਾ ਉਸ ਦੀਆਂ ਲੋਥਾਂ ਉੱਤੇ ਦੜ੍ਹਕੇ ਅੱਗੇ ਵਧੇਗਾ। ਏਹੀ ਵਿਚਾਰਾਂ ਸਨ ਬਾਰਕਾਂ ਦੇ ਮਨ ਵਿਚ ਜਦ ਉਸ ਨੇ ਆਪਣੇ ਬਾਲਕ ਨੂੰ ਰੋਮਨਾਂ ਦੀ ਸਦੀਵੀ ਦੁਸ਼ਮਨੀ ਦੀ ਅਤ ਕਠਨ ਕਸਮ ਚੁਕਾਈ। ੨੫ ਵਰ੍ਹਿਆਂ ਦਾ ਗਭਰੂ ਮੁੰਡਾ ਕਿਸ ਤਰ੍ਹਾਂ ਉਸ ਕਸਮ ਨੂੰ ਪੂਰੀ ਕਰਨ ਲਈ ਸਪੇਨ ਤੋਂ ਇਟਲੀ ਵੱਲ ਨੂੰ ਮੂੰਹ ਕਰਕੇ ਚੜ੍ਹਿਆ ਇਕ ਅਦੁਤੀ ਅਫਸਾਨਾ ਹੈ।

ਸਪੇਨ ਦੀ ਹੱਦ ਉੱਤੇ ਉੱਚੇ ਪੀਰੀਨੀਜ਼ ਪਹਾੜ ਟੱਪ ਕੇ ਹੈਨੀਬਾਲ ਨੇ


ਆਪਣੇ ਨਾਲ ੫੦ ਹਜ਼ਾਰ ਪੈਦਲ, ਨੌਂ ਹਜ਼ਾਰ ਘੋੜ ਸਵਾਰ ਅਤੇ ਕੁਛ ਗਿਣਤੀ ਹਾਥੀਆਂ ਦੀ ਰੱਖੀ, ਬਾਕੀ ਸਭ ਨੂੰ ਵਾਪਸ ਸਪੇਨ ਭੇਜ ਦਿੱਤਾ। ਇਹ ਅਜ ਤੋਂ ਦੋ ਹਜ਼ਾਰ ਸਾਲ ਪਹਿਲੋਂ ਦੀ ਗੱਲ ਹੈ ਜਦ ਪੱਕੇ ਰੋਡ ਤਾਂ ਕੀ ਕੱਚੇ ਰਾਹ ਭੀ ਨਹੀਂ ਸਨ। ਤੁਰੀ ਜਾਂਦੀ ਫੌਜ ਨੂੰ ਰਾਹ ਵਿਚ ਸਥਾਨਕ ਕਬੀਲਿਆਂ ਤੇ ਧਾੜਵੀਆਂ ਨੇ ਰੋਕਾਂ ਪਾਈਆਂ, ਲੁੱਟ ਮਾਰ ਦੇ ਜਤਨ ਕੀਤੇ। ਦਰਿਆ ਰੋਮ ਟਪ ਕੇ ਫੌਜ ਐਲਪਸ ਪਹਾੜ ਦੀਆਂ ਪੱਛਮੀ ਘਾਟੀਆਂ ਉੱਤੇ ਚੜ੍ਹ ਗਈ। ਚੇਤੇ ਰੱਖਣ ਵਾਲੀ ਗੱਲ ਹੈ ਕਿ ਫੌਜ ਵਿਚ ਚੋਖੀ ਗਿਣਤੀ ਅਫ਼ਰੀਕਾਂ ਦੇ ਆਦਮੀਆਂ ਦੀ ਸੀ ਜਿਨ੍ਹਾਂ ਨੇ ਕਦੇ ਬਰਫ਼ ਦੇਖਣਾ ਤਾਂ ਕੀ ਠੰਢ ਭੀ ਨਹੀਂ ਸੀ ਝੱਲੀ। ਰਸਾਲੇ ਤੇ ਘੋੜੇ ਸਾਰੇ ਰੇਗਿਸਤਾਨ ਦੇ ਜੰਮੇ ਪੱਲੇ ਸਨ ਤੇ ਹਾਥੀਆਂ ਲਈ ਪਹਾੜਾਂ ਉੱਤੇ ਚੜ੍ਹਨਾ ਇਕ ਉੱਕਾ ਅਣਹੋਣੀ ਗੱਲ ਸੀ। ਗ਼ਜ਼ਬ ਦਾ ਆਦਮੀ ਸੀ ਜਿਸ ਨੇ ਤਪਦੇ ਰੇਗਿਸਤਾਨਾਂ ਵਿਚ ਜੰਗੀ ਫੌਜ ਨੂੰ ਬਰਫਾਂ ਢੱਕੇ ਪਹਾੜਾਂ ਵਿਚ ਲਿਆ ਵਾੜਿਆ ਤੇ ਆਪਣੇ ਮਗਰ ਲਾ ਕੇ ਬਿਖੜੇ ਉੱਚੇ ਪਰਬਤਾਂ ਦੀਆਂ ਟੀਸੀਆਂ ਉਤੋਂ ਦੀ ਸਣੇ ਸਾਰੇ ਸਾਜ ਸਾਮਾਨ ਦੇ ਲੰਘਾਇਆ ਤੇ ਕਿਸੇ ਨੂੰ ਉਢ ਕਰਨ ਦੀ ਯਾ ਪਿੱਛਾ ਵੇਖਣ ਦੀ ਨੌਬਤ ਨਾਂ ਪਹੁੰਚਣ ਦਿੱਤੀ। ਪਹਾੜਾਂ ਵਿਚ ਪਹਾੜੀ ਕਬੀਲਿਆਂ ਨੇ ਪਾਸਿਆਂ ਤੋਂ ਹਮਲੇ ਕੀਤੇ ਜਿਵੇਂ ਅੱਜੜਾਂ ਨੂੰ ਬਘਿਆੜ ਪੈਂਦੇ ਹਨ। ਲੋ ਦੀ ਥਾਂ ਬਰਫ਼ ਦੇ ਠੱਕੇ ਵਗਦੇ ਸਨ, ਬਣੀ ਬਣਾਈ ਗੋਹੜਿਆਂ ਵਰਗੀ ਬਰਫ਼ ਦੇ ਖਰਾੜ ਉਪਰੋਂ ਡਿਗ ਕੇ ਸਭ ਕੁਛ ਰੜ੍ਹ ਲੈ ਜਾਂਦੇ ਸਨ। ਪਰ ਆਦਮੀ ਸੀ ਕਿ ਜੋ ਆਪਣੇ ਮਗਰ ਸਿਪਾਹੀਆਂ ਤੇ ਜਾਨਵਰਾਂ ਨੂੰ ਇੰਞ ਲਾਈ ਜਾਂਦਾ ਸੀ ਜਿਵੇਂ ਚੁੰਬਕ ਪੱਥਰ ਲੋਹੇ ਦੇ ਦਾਣਿਆਂ ਨੂੰ ਖਿੱਚ ਕੇ ਲੈ ਜਾਂਦਾ ਹੈ। ਐਲਪਸ ਨੂੰ ਅੱਜ ਕਲ ਦੇ ਜ਼ਮਾਨੇ ਤੀਕ ਭੀ ਕੇਵਲ ਗਿਣਤੀ ਦਿਆਂ ਆਦਮੀਆਂ ਨੇ ਸੁਰੰਗਾਂ ਵਿੱਚੀਂ ਪਾਰ ਕੀਤਾ ਹੈ। ਹੈਨੀਬਾਲ ਦੀ ਫੌਜ ਲਈ ਨਾ ਸੁਰੰਗਾਂ ਸਨ ਨਾ ਤਾਰ ਤੇ ਨਾ ਰੇਡੀਓ ਪਰ ਐਨਾ ਜੁਗਤੀ ਤੇ ਐਨਾ ਪਿਆਰ ਦਾ ਭੰਡਾਰਾ ਸੀ ਕਿ ਰਾਹ ਵਿਚ ਅੱਧੀ ਫੌਜ ਦੇ ਅਧਵਾਟੇ ਮਰ ਖਪ ਜਾਣ ਨਾਲ ਵੀ ਦਿਲ ਢਹਣ ਨਹੀਂ ਦਿਤੇ। ਇਕ ਥਾਂ ਹਾਥੀਆਂ ਲਈ ਸੜਕ ਬਨਾਉਣ ਲਈ ਸਾਰੀ ਫੌਜ ਦਾ ਹਫ਼ਤਾ ਲੱਗ ਗਿਆ। ਇਕ ਪਹਾੜੀ ਨਾਲਾ ਐਨਾ ਤਿਖਾ ਵਗਦਾ ਸੀ ਕਿ ਜੋ ਆਦਮੀ ਠਿਲਦੇ ਸਾਰਿਆਂ ਨੂੰ ਰੋੜ੍ਹ ਕੇ ਲੈ ਜਾਂਦਾ। ਹੈਨੀਬਾਲ ਨੇ ਨਾਲੇ ਦੇ ਵਿਚਕਾਰ ਹਾਥੀ ਖਲਿਆਰ ਦਿਤੇ ਪਾਣੀ ਦਾ ਰੌ ਹੌਲਾ ਹੋ ਗਿਆ ਤੇ ਫੌਜ ਪਾਰ ਲੰਘ ਗਈ।

ਹੈਨੀਬਾਲ ਦੇ ਏਸ ਕਰਾਮਾਤ ਦੇ ਅਨੇਕਾਂ ਕਿਸੇ ਅੱਜ ਤੀਕ ਸੁਆਦ ਨਾਲ ਪੜ੍ਹੇ ਸੁਣੇ ਜਾਂਦੇ ਹਨ।

ਪੰਦਰਾਂ ਹਜ਼ਾਰ ਫੁੱਟ ਦੀ ਚੜ੍ਹਾਈ ਚੜ੍ਹ ਕੇ ਜਦ ਦੂਜੇ ਪਾਸੇ ਉਤਰਾਈ ਸ਼ੁਰੂ ਹੋਈ ਉਹ ਭੀ ਘਟ ਅਉਖ ਤੇ ਜੋਖਮਾਂ ਵਾਲੀ ਨਹੀਂ ਸੀ। ਆਖਰ ਫ਼ੌਜ ਐਲਪਸ ਪਾਰ ਤਾਂ ਕਰ ਗਈ ਪਰ ਅੱਧੀ ਹੀ, ਬਾਕੀ ਰਸਤੇ ਤੇ ਪਹਾੜਾਂ ਦੀ ਭੇਟ ਹੋ ਗਈ। ਰਾਹ ਦੀ ਤਕਲੀਫ ਨਾਲ ਆਦਮੀਆਂ ਦੇ ਚੇਹਰੇ ਸੁੱਕ ਗਏ ਸਨ ਅੱਖਾਂ ਅੰਦਰ ਵੜ ਗਈਆਂ ਸਨ ਕਪੜੇ ਲੀਰਾਂ ਹੋ ਗਏ ਸਨ ਪਰ ਸਾਮ੍ਹਣੇ ਉਨ੍ਹਾਂ ਦੇ ਪੈਰਾਂ ਵਿਚ ਉਹ ਮੈਦਾਨ ਸੀ ਜਿਥੇ ਓਨ੍ਹਾਂ ਵੈਰੀ ਨਾਲ ਟੱਕਰਨਾ ਸੀ। ਤੇ ਜਦ ਰੋਮ ਵਾਲਿਆਂ ਨੇ ਸੁਣਿਆ ਕਿ ਹੈਨੀਬਾਲ ਫ਼ੌਜ ਲੈ ਕੇ ਇਟਲੀ ਵਿਚ ਆ ਵੜਿਆ ਹੈ ਉਨ੍ਹਾਂ ਦੇ ਹੱਥਾਂ ਦੇ ਤੋਤੇ ਉਡ ਗਏ, ਜਿਸ ਗੱਲ ਨੂੰ ਉਹ ਅਸੰਭਵ ਸਮਝਦੇ ਸੀ ਸੱਚ ਹੋ ਗਈ।

ਹੈਨੀਬਾਲ ਦੀ ਫ਼ੌਜ ਐਲਪਸ ਟੱਪ ਕੇ ਇਟਲੀ ਦੇ ਮੈਦਾਨ ਲੋਂਬਾਰਡ ਵਿਚ ਉੱਤਰ ਗਈ। ਦਿਲਾਂ ਵਿਚ ਸਭ ਮੁਸ਼ਕਲਾਂ ਭੁੱਲ ਗਈਆਂ । ਥਕੇਵਾਂ ਲਹ ਗਿਆ, ਚੇਹਰੇ ਫੇਰ ਲਿਸ਼ਕਣ ਲੱਗ ਪਏ । ਤਿੰਨ ਲੜਾਈਆਂ ਵਿਚ ਰੋਮਨਾਂ ਨੇ ਉਸ ਦੇ ਹਥੋਂ ਬੁਰੀ ਤਰ੍ਹਾਂ ਮਾਰ ਖਾਧੀ। ਪਹਿਲੀ ਲੜਾਈ ਟ੍ਰੀਬੀਆ ਹੋਈ, ਸਖਤ ਪਾਲਾ ਪੈ ਰਿਹਾ ਸੀ ਕੁਛ ਫੌਜ ਹੈਨੀਬਾਲ ਨੇ ਦਰਿਆ ਦੇ ਸੁਕੇ ਨੀਵੇਂ ਪਾਟ ਵਿਚ ਲੁਕਾ ਦਿੱਤੀ ਤੇ ਬਾਕੀ ਦੀ ਨਾਲ ਸਵੇਰਸਾਰ ਭੁੱਖੀ ਰੋਮਨ ਫੌਜ ਉਤੇ ਸਨਮੁੱਖ ਹਮਲਾ ਕਰ ਦਿੱਤਾ। ਜਦ ਰੋਮਨ ਮਿਲ ਪਏ ਤਾਂ ਲੁਕੀ ਹੋਈ ਫ਼ੌਜ ਨੇ ਨਿਕਲ ਕੇ ਪਿੱਠ ਵੱਲੋਂ ਹਮਲਾ ਕਰ ਦਿੱਤਾ ਤੇ ਰੋਮਨਾਂ ਨੂੰ ਪੀਹ ਦਿੱਤਾ। ਦੂਜੀ ਲੜਾਈ ਝੀਲ ਟ੍ਰਸੀਮੀਨ ਦੇ ਕਿਨਾਰੇ ਹੋਈ। ਇਕ ਪਾਸੇ ਝੀਲ ਸੀ ਤੇ ਦੂਜੇ ਪਾਸੇ ਪਹਾੜ ਵਿਚਕਾਰ ਤੰਗ ਜੇਹਾ ਮੈਦਾਨ ਸੀ। ਕੁਛ ਕਾਰਥੇਜ਼ੀ ਫ਼ੌਜ ਰਾਤ ਨੂੰ ਪਹਾੜ, ਵਿਚ ਜਾ ਲੁਕੀ । ਬਾਕੀ ਫ਼ੌਜ ਨੂੰ ਹੈਨੀਬਾਲ ਲੈ ਕੇ ਰੋਮਨ ਦਲ ਦੇ ਅੱਗੇ ਅੱਗੇ ਭੱਜ ਪਿਆ । ਜਦ ਰੋਮਨ ਫ਼ੌਜ ਓਸ ਤੰਗ ਮੈਦਾਨ ਵਿਚ ਆ ਵੜੀ ਤਾਂ ਪਹਾੜਾਂ ਵਿਚੋਂ ਦੋਨਾਂ ਪਾਸਿਆਂ ਤੋਂ ਡਕ ਲਿਆ ਰੋਮਨ ਫ਼ੌਜ ਸਾਰੀ ਦੀ ਸਾਰੀ ਕੁਚਲੀ ਗਈ ਬਾਕੀ ਕੱਖ ਨਾ ਰਿਹਾ।

ਜੇ ਹੈਨੀਬਾਲ ਚਾਹੁੰਦਾ ਤਾਂ ਸਿੱਧਾ ਰੋਮ ਜਾ ਵੜਦਾ, ਰੋਮਨ ਬਲ ਹਾਰ ਚੁੱਕਾ ਸੀ, ਰੋਮ ਵਿਚ ਤੇ ਦੁਆਲੇ ਦੇ ਸ਼ਹਿਰਾਂ ਵਿਚ ਖ਼ਲਕਤ ਡਰ ਨਾਲ ਕੰਬ


English Miles
0 100 200 300 400 500 600
Roman Empire
ATLANTIC OCEAN
SCOTS
PICTS
BRITAIN
NORWAY
SWEDEN
NORTH SEA
ANGLES
SAXONS
GERMANY
R. Rhine
R. Seine
R. Loire
GAUL
R. Rhone
R. Po
SPAIN
R. Ebro
R. Tagus
ITALY
Rome
R. Danube
GOTHS
R. Dniester
R. Dnieper
HUNS
BLACK SEA
Constantinople
MEDITERRANEAN SEA
Carthage
कार्थेज
Acre
Jerusalem
Alexandria
SYRIA
AFRICA
EGYPT

ਭੂਮੱਧ ਸਾਗਰ

ਰਹੀ ਸੀ । ਦੱਖਣ ਵੱਲ ਨੂੰ ਰੋਮ ਉੱਤੇ ਜਾ ਪੈਣ ਦੀ ਥਾਂ ਹੈਨੀਬਾਲ ਪੂਰਬ ਵੱਲ ਨੂੰ ਹੋ ਗਿਆ । ਰਾਹ ਵਿਚ ਹਥਿਆਰ ਚੁੱਕਣ ਦੀ ਉਮਰ ਦੇ ਇਤਾਲਵੀਆਂ ਨੂੰ ਤਲਵਾਰ ਨਾਲ ਮੁਕਾਂਦਾ ਜਾਂਦਾ ਸੀ ਤੇ ਫ਼ੌਜ ਜੀ ਆਈ ਲੁੱਟ ਮਚਾਈ ਜਾ ਰਹੀ ਸੀ । ਕੁਛ ਇਤਿਹਾਸਕਾਰਾਂ ਦੇ ਏਹ ਗੱਲ ਦਿਲ ਨਹੀਂ ਲਗਦੀ ਕਿ ਹੈਨੀਬਾਲ ਨੇ ਐਨਾ ਜ਼ੁਲਮ ਕੀਤਾ ਹੋਵੇ ਪਰ ਚੇਤੇ ਰੱਖਣਾ ਚਾਹੀਦਾ ਹੈ ਕਿ ਉਸ ਦੀ ਉਮਰ ਉਸ ਵੇਲੇ ਅੰਨ੍ਹੀ ਜੁਆਨੀ ਦੀ ਸੀ, ਨਾਲੇ ਉਹ ਕੇਹੜਾ ਰੋਮਨਾਂ ਨੂੰ ਪਲੋਸਣ ਲਈ ਹਜ਼ਾਰ ਮੀਲ ਲੰਮਾ ਅਤੇ ਕਠਨ ਪੈਂਡਾ ਝਾਗ ਕੇ ਆਯਾ ਸੀ । ਪਿਉ ਦੀ ਚੁਕਾਈ ਸੌਂਹ ਭੀ ਪਾਲਣੀ ਸੀ ।

ਦੋ ਹੋਰ ਕਾਰਨ ਹੋ ਸਕਦੇ ਹਨ ਜਿਨ੍ਹਾਂ ਕਰਕੇ ਰਾਹ ਵਿਚ ਟੀਚੇ ਦਾ ਸ਼ਹਰ ਰੋਮ ਛੱਡ ਕੇ ਉਸ ਨੇ ਦੂਜੇ ਪਾਸੇ ਨੂੰ ਕਿਉਂ ਰੁਖ ਫੇਰ ਲਿਆ । ਇਕ ਤਾਂ ਉਸ ਕੋਲ ਸ਼ਹਰਾਂ ਨੂੰ ਘੇਰਾ ਘੱਤ ਕੇ ਕੰਧਾਂ ਤੋੜਨ ਦਾ ਸਮਾਨ ਨਹੀਂ ਸੀ, ਏਹ ਭਾਰਾ ਸਾਮਾਨ ਐਡੀ ਦੂਰ ਚੁਕ ਕੇ ਲਿਆਣਾ ਬੜਾ ਅਉਖਾ ਸੀ । ਦੂਜੀ ਏਹ ਕਿ ਝਟ ਪਟ ਹਮਲਾ ਕਰਕੇ ਲੰਮੇ ਪਏ ਉਤੇ ਜਾ ਚੜ੍ਹਨ ਵਾਲੀ ਗੱਲ ਕਰਨਾ ਸੁਆਦਲਾ ਨਹੀਂ ਸੀ, ਜੋ ਸੁਆਦ ਵੈਰੀ ਨੂੰ ਤਰਸਾ ਤਰਸਾ ਕੇ ਮਾਰਨ ਵਿਚ ਹੈ—ਖਾਸ ਕਰ ਜਦ ਉਮਰ ਭਰ ਉਸ ਨੂੰ ਵੈਰੀ ਬਣਾਈ ਰਖਣਾ ਹੋਵੇ—ਉਹ ਉਸ ਨੂੰ ਅਧਮੋਏ ਨੂੰ ਜਾਂ ਮਾਰਨ ਵਿਚ ਨਹੀਂ ਹੈ । ਹੈਨੀਬਾਲ ਚਾਹੁੰਦਾ ਸੀ ਕਿ ਰੋਮ ਦੇ ਆਪਣੇ ਦੇਸ ਰੋਮ ਦੇ ਵੱਸ ਕੀਤੇ ਇਟਲੀ ਦੇ ਸੂਬੇ ਉਠ ਕੇ ਰੋਮ ਦੇ ਵਿਰੁਧ ਲੜਨ ਤੇ ਰੋਮ ਨੂੰ ਘੇਰ ਕੇ ਅਜੇਹੀ ਮੌਤ ਮਾਰਿਆ ਜਾਵੇ ਜਿਸ ਤੋਂ ਮੁੜ ਕੇ ਰੋਮ ਦਾ ਨਾਓ ਨਾ ਕੋਈ ਲਵੇ ।

ਦੋ ਲੜਾਈਆਂ ਹਾਰ ਕੇ ਰੋਮਨਾਂ ਨੂੰ ਨਿਸਚਾ ਹੋ ਗਿਆ ਕਿ ਹੈਨੀਬਾਲ ਨੂੰ ਲੜ ਕੇ ਜਿੱਤਣਾ ਨਾ ਹੋਣੀ ਗੱਲ ਹੈ । ਉਨ੍ਹਾਂ ਨੇ ਇਕ ਫੇਬੀਅਸ ਨਾਮੀ ਜਰਨੈਲ ਨੀਅਤ ਕਰ ਦਿੱਤਾ ਜਿਸ ਦਾ ਢੰਗ ਏਹ ਸੀ ਕਿ ਟੈਰੀਅਰ ਕੁੱਤੇ ਵਾਂਗ ਸ਼ਿਕਾਰ ਦੇ ਪਿੱਛੇ ਲੱਗ ਕੇ ਉਸ ਦੇ ਖੁਰਾਂ ਨੂੰ ਵੱਢੀ ਜਾਣਾ, ਸਾਮ੍ਹਣੇ ਹੋ ਕੇ ਕਦੇ ਨਾ ਪੈਣਾ । ਫੇਬੀਅਸ ਦੀ ਫੌਜ ਹੈਨੀਬਾਲ ਦੇ ਅਗੇ ਪਿਛੇ ਉਰੇ ਪਰੇ ਲਗੀ ਰਹੰਦੀ ਸੀ ਪਰ ਲੜਨ ਨੂੰ ਸਾਮ੍ਹਣੇ ਕਦੇ ਨਹੀਂ ਸੀ ਹੁੰਦੀ, ਜ਼ਿਆਦਾ ਕਰਕੇ ਪਹਾੜੀਆਂ ਵਿਚ, ਜਿਥੇ ਹੈਨੀਬਾਲ ਲਈ ਲੜਨਾ ਅਓਖਾ ਸੀ । ਓਧਰੋਂ ਹੈਨੀਬਾਲ ਨੇ ਆਪਣੀ ਨੀਤੀ ਰੋਮਨਾਂ ਨੂੰ ਸਾਰਿਆਂ ਨਾਲੋਂ ਨਖੇੜਨ ਦੀ ਬਣਾ ਲਈ । ਕੈਦੀਆਂ

ਵਿਚੋਂ ਉਹ ਸਾਰੇ ਜੋ ਰਮਨ ਨਹੀਂ ਸਨ ਛੱਡ ਦਿਤੇ ਜਾਂਦੇ ਸਨ ਤੇ ਐਲਾਨ ਕਰ ਦਿੱਤਾ ਕਿ ਮੈਂ ਇਟਾਲਵੀਆਂ, ਨਾਲ ਲੜਨ ਨਹੀਂ ਆਇਆ, ਮੈਂ ਤਾਂ ਉਨਾਂ ਨੂੰ ਨਾਲ ਲੈ ਕੇ ਰੋਮਨਾਂ ਵਿਰੁਧ ਲੜਨਾ ਹੈ।

ਫੈਬੀਅਸ ਦਾ ਢੰਗ ਛੇ ਮਹੀਨੇ ਵਰਤਣ ਪਿਛੋਂ ਤੇ ਸਿੱਟਾ ਨਾ ਨਿਕੱਲਣ ਪਰ ਰੋਮਨ ਫੇਰ ਰੱਸੇ ਤੁੜਾਣ ਲੱਗ ਪਏ। ਤੀਜੀ ਲੜਾਈ ਹੈਨੀਬਾਲ ਨਾਲ ਲੜਨ ਲਈ ਰੋਮਨਾਂ ਨੇ ਬਹੁਤ ਭਾਰੀ ਗਿਣਤੀ ਮੈਦਾਨ ਵਿਚ ਲਿਆਂਦੀ। ਸੈਨਾ ਦੀ ਲੜਾਈ ਵਿਚ ਹੈਨੀਬਾਲ ਨੇ ਆਪਣਾ ਕਮਾਲ ਵਿਖਾਯਾ ਜਿਸ ਨਾਲ ਆਪਣੇ ਨਾਲੋਂ ਕਈ ਗੁਣਾ ਵੱਧ ਫ਼ੌਜ ਨੂੰ ਉੱਕਾ ਨਸ਼ਟ ਕਰ ਦਿੱਤਾ। ਰਸਾਲੇ ਨੂੰ ਸੱਜੇ ਤੇ ਖੱਬੇ ਬਾਹੂਆਂ ਉਤੇ ਦੂਰ ਰੱਖ ਕੇ ਗੱਭੇ ਸਾਰੀ ਪੈਦਲ ਫੌਜ ਸਪੇਨ ਤੇ ਗਾਉਲ ਦੇ ਜਵਾਨਾਂ ਦੀ ਜਮਾਂ ਕਰ ਦਿੱਤੀ ਤੇ ਪੈਦਲਾਂ ਨੇ ਜੋ ਕਿ ਪੁਰਾਣੇ ਤਜਰਬੇਕਾਰ ਲੜਾਕੇ ਸੀ ਵਧਣਾ ਸ਼ੁਰੂ ਕਰ ਦਿਤਾ। ਪੈਦਲ ਫੌਜ ਨੂੰ ਭੀ ਐਸ ਤਰ੍ਹਾਂ ਪਾਸਿਆਂ ਨੂੰ ਖਿੰਡਾ ਦਿਤਾ ਕਿ ਸੰਤਰ ਪਤਲਾ ਹੀ ਰਹ ਗਿਆ। ਪੈਦਲਾਂ ਨੇ ਹਮਲਾ ਕੀਤਾ ਤਾਂ ਰੋਮਨ ਫੌਜ ਨੇ ਅਗੋਂ ਚੰਗਾ ਮੁਕਾਬਲਾ ਕੀਤਾ, ਕਰਨਾ ਹੀ ਸੀ। ਜਦ ਮੁਕਾਬਲਾ ਸਖ਼ਤ ਹੋ ਗਿਆ ਤਾਂ ਪੈਦਲ ਪਿਛੇ ਹਟਣ ਲਗ ਪਏ, ਹ ਟਦੇ ਹਟਦੇ ਐਨੀ ਪਿਛੇ ਹਟ ਗਏ ਕਿ ਜਿਥੇ ਕਿ ਅਗੇ ਪੈਦਲ ਅਗੇ ਨੂੰ ਵਧੇ ਹੋਏ ਸਨ ਉਥੇ ਪਿੱਛੇ ਨੂੰ ਝੋਲੀ ਬਣ ਗਈ ਤੇ ਇਕ ਥਾਂ ਆ ਕੇ ਕਾਰਥੇਜੀ ਪੈਦਲਾਂ ਪੈਰ ਜਮਾ ਲਏ। ਬਸ ਫੇਰ ਕੀ ਸੀ ਦੋਹਾਂ ਸਿਰਿਆਂ ਤੋਂ ਕਾਰਥੇਜੀ ਰਸਾਲੇ ਨੇ ਰੋਮਨ ਫੌਜ ਨੂੰ ਘੇਰ ਲਿਆ ਤੇ ਵਿਚੋਂ ਭਜ ਕੇ ਬਚਣ ਵਾਲਿਆਂ ਨੂੰ ਰਾਹ ਨਹੀਂ ਲੱਭਾ।

ਹੈਨੀਬਾਲ ਨੂੰ ਇਟਲੀ ਵੜਿਆਂ ਦੋ ਸਾਲ ਬੀਤ ਗਏ ਸਨ। ਜਦ ਕੈਨਾਂ ਦੀ ਹਾਰ ਦੀ ਖਬਰ ਰੋਮ ਪੁਜੀ ਡਰ ਨਾਲ ਖਲਕਤ ਸਹਮ ਗਈ। ਜੇਕਰ ਰੋਮਨ ਲੋਕ ਸਭਾ ਦੇ ਆਗੂ ਮੌਕਾ ਨਾ ਸੰਭਾਲਦੇ ਤਾਂ ਸ਼ਹਰ ਸ਼ਾਇਦ ਖਾਲੀ ਹੋ ਜਾਂਦਾ। 'ਹੈਨੀਬਾਲ ਆਯਾ, ਹੈਨੀਬਾਲ ਆਯਾ, ਚਾਰੋ ਪਾਸੇ ਏਹੀ ਆਵਾਜ਼ ਆ ਰਹੀ ਸੀ, ਜਿਸ ਤਰ੍ਹਾਂ ਸਿਖਾਂ ਦੇ ਵੇਲੇ ਪਸ਼ੌਰ ਦੇ ਕਬੀਲਿਆਂ ਦੀ ਆਵਾਜ਼ ਸੀ 'ਹਰੀਆ ਆਯਾ ਹਰੀਆ ਆਯਾ' ਯਾ ਜਿਸ ਤਰ੍ਹਾਂ ੧੯੩੯-੪੫ ਦੀ ਜਗਤ-ਜੰਗ ਵਿਚ ਜਦ ਬਰਤਾਨਵੀ ਤੇ ਫਰਾਂਸੀਸੀ ਫੌਜ ਖਿੰਡ ਪੁੰਡ ਗਈ ਤਾਂ ਅੰਗਰੇਜ਼ ਆਖ ਰਹੇ ਸਨ 'ਜਰਮਨ ਆਏ ਜਰਮਨ ਆਏ।'

ਕੈਨਾ ਦੀ ਲੜਾਈ ਦੀ ਤ੍ਰਕਾਲਾਂ ਨੂੰ ਕਾਰਥੇਜੀ ਕਮਾਂਡਰ ਮਾਹਰਬਲ ਨੇ ਹੈਨੀਬਾਲ ਨੂੰ ਸਲਾਹ ਦਿਤੀ ਕਿ ਅੱਜ ਹੀ ਰੋਮ ਉਤੇ ਚੜ੍ਹਾਈ ਕਰਨੀ ਉਚਿਤ ਹੈ। ਇਤਿਹਾਸਕਾਰ ਲਿਖਦਾ ਹੈ ਕਿ ਮਾਹਰਬਲ ਨੇ ਆਖਿਆ ਮੈਨੂੰ ਦੇ ਰਸਾਲਾ ਤੇ ਤੂੰ ਪਿਛੇ ਆ, ਪੰਜ ਦਿਹਾੜਿਆਂ ਤੋਂ ਤੁਰੇ ਤੂੰ ਰੋਮ ਦੀ ਲੋਕ ਸਭਾ ਕੈਪੀਟੋਲ ਦੇ ਵਿਚ ਜਿੱਤ ਦਾ ਜਸ਼ਨ ਮਨਾਂਦਾ ਬੈਠਾ ਹੋਵੇਂਗਾ। ਪਰ ਜਦ ਹੈਨੀਬਾਲ ਅਗੋਂ ਸੋਚਾਂ ਵਿਚ ਪੈ ਗਿਆ, ਚੁੱਪ ਕਰ ਰਿਹਾ, ਤੇ ਜਵਾਬ ਕੁਛ ਨਾ ਦਿਤਾ ਤਾਂ ਮਾਹਰਬਲ ਨੇ ਕਚੂਚ ਹੋ ਕੇ ਆਖਿਆ ਹੈਨੀਬਾਲ ਤੂੰ ਲੜਾਈ ਜਿੱਤਣ ਜਾਣਦਾ ਹੈਂ ਜਿੱਤ ਦੇ ਫਲ ਖਾਣ ਨਹੀਂ ਜਾਣਦਾ।

ਏਹ ਇੱਤਿਹਾਸ ਦੀ ਸਦੀਵੀ ਬੁਝਾਰਤ ਰਹਿ ਗਈ ਹੈ ਕਿ ਰੋਮਨਾਂ ਨੂੰ ਲੱਕ ਤੋੜਵੀਂ ਹਾਰ ਦੇ ਕੇ ਤੇ ਉਨ੍ਹਾਂ ਨੂੰ ਆਪਣੇ ਸਾਹਮਣੇ ਭੁਇਭਾਰ ਵੇਖ ਕੇ ਹੈਨੀਬਾਲ ਨੇ ਵੈਰੀ ਦੇ ਗੜ੍ਹ ਰੋਮ ਨੂੰ ਕਿਉਂ ਉਸ ਵਲੋਂ ਹਥੋਂ ਜਾਣ ਦਿਤਾ। ਜੇਕਰ ਰੋਮ ਉਸ ਵੇਲੇ ਫਤਹ ਹੋ ਜਾਂਦਾ ਖਬਰੇ ਰੋਮਨਾਂ ਦੀ ਜੜ੍ਹ ਵੱਢੀ ਜਾਂਦੀ ਤੇ ਰੋਮਨ ਸਾਮਰਾਜ ਕਦੇ ਕਾਇਮ ਹੀ ਨਾ ਹੁੰਦਾ, ਖਬਰੇ ਇਤਿਹਾਸ ਦਾ ਰੌ ਕਿੱਧਰ ਨੂੰ ਵਗ ਪੈਂਦਾ, ਖਬਰੇ ਕਾਰਥੇਜੀ ਸਾਮਰਾਜ ਦੁਨੀਆ ਉਤੇ ਕੇਹੋ ਜੇਹਾ ਹੁੰਦਾ ਤੇ ਪੱਛਮੀ ਦੁਨੀਆਂ ਦੀ ਸਭਿੱਤਾ ਕਿਧਰ ਨੂੰ ਮੂੰਹ ਕਰਦੀ, ਈਸਾ ਮੱਤ ਵਲ ਯਾ ਬੁੱਤ-ਪੂਜ ਜਰਵਾਣਿਆਂ ਦੇ ਝੱਲ ਬੇਲੇ ਵਲ।

ਪੰਜ ਵਰ੍ਹੇ ਹੋਰ ਲੰਘ ਗਏ, ਹੈਨੀਬਾਲ ਇਟਲੀ ਦਾ ਹਊਆ ਬਣਿਆ ਰਿਹਾ। ਇਕ ਵਾਰ ਫੇਰ ਹੈਨੀਬਾਲ ਨੇ ਰੋਮ ਦਾ ਰੁਖ ਕੀਤਾ, ਰੋਕਣ ਵਾਲਾ ਕੋਈ ਨਹੀਂ ਸੀ, ਜਿਵੇਂ ਸ਼ੇਰ ਅਗੇ ਮਿਰਗਾਵਲ ਨਹੀਂ ਖਲੋਂਦੀ। ਚੇਤੇ ਰੱਖਣ ਦੀ ਗੱਲ ਹੈ ਕਿ ਹੈਨੀਬਾਲ ਆਪਣੇ ਦੇਸ਼ ਤੋਂ ਐਸ ਤਰ੍ਹਾਂ ਵੱਖ ਤੇ ਦੂਰ ਸੀ ਜਿਵੇਂ ਹਿੰਦ ਤੋਂ ਮਲਾਯਾ, ਨਾ ਓਥੋਂ ਉਸ ਨੂੰ ਕੋਈ ਕੁਮੁੱਕ ਪਹੁੰਚ ਰਹੀ ਸੀ। ਫੌਜ ਆਪੇ ਗੁਜ਼ਾਰਾ ਕਰਦੀ ਸੀ ਆਪੇ ਲੜਦੀ ਸੀ ਤੇ ਬਿਗਾਨੇ ਮਾਲਕਾਂ ਨਾਲੋਂ ਵਧ ਸ਼ਾਨ ਵਿਚ ਪੜਮਾਲਕ ਬਣੀ ਬੈਠੀ ਸੀ। ਹੈਨੀਬਾਲ ਘੋੜ ਸਵਾਰ ਰੋਮ ਵੱਲ ਇੰਝ ਆ ਰਿਹਾ ਸੀ ਜਿਵੇਂ ਸਾਹੁਰਿਆਂ ਨੂੰ ਜਾਈਦਾ ਹੈ। ਕਾਰਥੇਜ ਦੇ ਮੰਦਰ ਵਿਚ ਕਸਮ ਖਾ ਕੇ ਤੁਰਿਆਂ ੨੭ ਵਰ੍ਹੇ ਲੰਘ ਗਏ ਸਨ। ਪਿਉ ਦੀ ਰੂਹ ਆਪਣੇ ਪੁੱਤ੍ਰ ਨੂੰ ਪ੍ਰਤੱਗਿਆ ਪਾਲਦੀਆਂ ਵੇਖ ਕੇ ਜ਼ਰੂਰ ਪ੍ਰਸੰਨ ਹੁੰਦੀ ਹੋਵੇਗੀ—ਹੈਨੀਬਾਲ ਥੋੜੀ ਜੇਹੀ ਫੌਜ ਲਈ ਤੁਰਿਆ ਆ ਰਿਹਾ ਹੈ! ਅਗੋਂ ਰੋਮ ਵਿਚ

ਖਬਰ ਪੁਜ ਚੁਕੀ ਹੈ ਕਿ ਹੈਨੀਬਾਲ ਆ ਰਿਹਾ ਹੈ । ਰੋਮ ਦੀਆਂ ਕੰਧਾਂ ਦੇ ਅੰਦਰ ਰੋਣਾਂ ਧੋਣਾ ਹੋ ਰਿਹਾ ਹੈ, ਮਾਵਾਂ ਪੁਤ ਨਹੀਂ ਸੰਭਾਲਦੀਆਂ "ਹੈਨੀਬਾਲ ਆ ਰਿਹਾ ਹੈ' ਪਰ ਰੋਮਨ ਸੈਨੇਟ ਦੇ ਆਗੂ ਪਕੇ ਦ੍ਰਿੜ ਹਨ, ਏਹ ਰੋਮਨ ਦ੍ਰਿੜ੍ਹਤਾ ਸੰਕਟ ਸਮੇਂ ਨਾ ਡੋਲਨ ਵਾਲੀ ਰੋਮਨ ਬਿਰਤੀ ਨਵੀਂ ਨਹੀਂ ਸੀ । ਹੈਨੀਬਾਲ ਰੋਮ ਦੀਆਂ ਕੰਧਾਂ ਤੀਕ ਪਹੁੰਚ ਗਿਆ, ਦ੍ਰਿੜ੍ਹਤਾ ਏਸ ਵਿਚ ਵੀ ਸੀ ਕਿ ਰੋਮ ਮੇਰਾ ਹੈ ਜਦੋਂ ਜੀ ਕਰੇਗਾ ਲੈ ਲਵਾਂਗਾ, ਪਰ ਇਕ ਦਿਲ ਏਹ ਵੀ ਕਹ ਰਿਹਾ ਸੀ ਛਡੋ, ਕੰਧਾਂ ਦੇ ਅੰਦਰ ਕੀ ਧਰਿਆ ਪਿਆ ਹੈ । ਉੱਚੇ ਥਾਂ ਕੰਧਾਂ ਦੇ ਉਪਰ ਦੀ ਰੋਮ ਵਲ ਇਕ ਝਾਤ ਮਾਰੀ, ਹੱਥ ਵਿਚ ਸੇਲਾ ਸੀ, ਵਗਾਹ ਮਾਰਿਆ ਕੰਧਾਂ ਦੇ ਅੰਦਰ, ਤੇ ਘੋੜੇ ਦੀ ਲਗਾਮ ਮੋੜ ਲਈ--ਸਦਾ ਲਈ—ਕਦੇ ਮੁੜ ਕੇ ਨਾ ਆਵਣ ਨੂੰ । ਸੱਚਾ ਹੈ 'ਜਿਸ ਨੂੰ ਰਾਖੇ ਸਾਈਆਂ ਤਿਸ ਨੂੰ ਮਾਰੇ ਕੌਣ ।'


ਕੈਨਾਂ ਦੀ ਹਾਰ ਖਾ ਕੇ ਇਟਲੀ ਦੇ ਕਈ ਸ਼ਹਰਾਂ ਨੇ ਹੈਨੀਬਾਲ ਅੱਗੇ ਦਰਵਾਜ਼ੇ ਖੋਲ੍ਹ ਦਿਤੇ, ਸ਼ਹਰ ਕੈਪੂਆਂ ਨੇ ਭੀ ਜੋ ਕਿ ਰੋਮ ਵਾਂਗ ਉੱਘਾ ਸੀ । ਕੈਥੂਆ ਤੋਂ ਲਾ ਕੇ ਹੇਠ ਇਟਲੀ ਦੀ ਅੱਡੀ ਤੀਕ ਹੈਨੀਬਾਲ ਦਾ ਦਾਬਾ ਸੀ । ਵਿਚ ਵਿਚ ਟਾਵੇਂ ਟਾਵੇਂ ਸ਼ਹਰ ਕੋਕੜੂਆਂ ਵਾਂਗ ਰੋਮਨ ਬਲ ਦੇ ਪਕੇ ਅਧੀਨ ਰਹੇ । ਰੋਮਨਾਂ ਨੇ ਹੋਰ ਫੌਜਾਂ ਭਰਤੀ ਕਰ ਲਈਆਂ, ਹੈਨੀਬਾਲ ਨਾਲ ਲੜਨ ਨੂੰ ਨਹੀਂ ਢਹਿੰਦੀ ਸਾਮਰੱਥਾ ਨੂੰ ਥੰਮਣ ਲਈ ਤੇ ਹੈਨੀਬਾਲ ਦਾ ਪਹਰਾ ਦੇਣ ਲਈ । ਹੈਨੀਬਾਲ ਦੀ ਈਨ ਮੰਨਣ ਵਾਲੇ ਉਸ ਦੀ ਮਦਦ ਲੈ ਲੈਂਦੇ ਸਨ ਪਰ ਦੇਣ ਨੂੰ ਕੁਛ ਨਹੀਂ ਸੀ ਕਿਉਂਕਿ ਰੋਮਨ ਦਾਬਾ ਬਾਕੀ ਸੀ ਤੇ ਡਰ ਸੀ ਕਿ ਰੋਮ ਸੁਰਜੀਤ ਹੋਕੇ ਬਦਲੇ ਲਵੇਗਾ ।

ਕੁਦਰਤ ਬੜੀ ਅਮੋੜ ਹੈ, ਇਸ ਦੇ ਢੰਗ ਨਿਆਰੇ ਹਨ । ਜੇ ਸੂਰਜ ਚੜ੍ਹਦਾ ਦਿਸੇ ਤਾਂ ਸਮਝ ਲਵੋ ਕਿ ਏਹ ਕਿਧਰੇ ਢਲ ਭੀ ਰਿਹਾ ਹੈ । ਜੇ ਕੋਈ ਚੀਜ਼ ਉਪਰ ਨੂੰ ਜਾਂਦੀ ਦਿਸ ਨਿਸ਼ਚੇ ਜਾਣੋ ਕਿ ਇਸ ਦਾ ਪਰਤਵ ਕਿਧਰੇ ਹੇਠਾਂ ਨੂੰ ਭੀ ਜਾ ਰਿਹਾ ਹੈ । ਜੇ ਵਡਿਆਈ ਆਉਂਦੀ ਦਿਸੇ ਕਦੇ ਨਾ ਭੁਲੋ ਕਿ ਰਸਤਲ ਭੀ ਮਗਰ ਨੇੜੇ ਹੀ ਹੈ ਜਿਵੇਂ ਬਹਾਰ ਦੇ ਪਿਛੋਂ ਹਾੜ ਦੀ ਹਨੇਰੀ ਲਗੀ ਆਉਂਦੀਂ ਹੈ । ਰੋਮਨਾਂ ਨੂੰ ਹੈਨੀਬਾਲ ਦੇ ਥਪੇੜੇ ਖਾਂਦਿਆਂ ਅਠ ਦਸ ਵਰ੍ਹੇ ਲੰਘ ਗਏ ਸਨ । ਕੇਡਾ ਨਖਿੱਧ ਹੁੰਦਾ ਹੈ ਉਹ ਜੋ ਮੁਸੀਬਤ ਵਿਚ ਪੈ ਕੇ ਅਕਲ ਨਾ ਸਿੱਖੇ ਘੋਹ ਵਿਚ ਮਾਰ ਖਾਂਦਾ ਹੋਯਾ ਤਕੜੇ ਦੇ ਦਾਅ ਪੇਚ ਨਾ ਸਿੱਖੇ । ਤੇ

ਰੋਮਨ ਤਾਂ ਆਪਣੇ ਅਚਾਰ ਦੀ ਸ਼ੁਧਤਾਈ ਸ੍ਰੇਸ਼ਟਪਣ ਲਈ ਨਾਮੀ ਹਨ। ਹਾਰਾਂ ਖਾਧੀਆਂ ਪਰ ਹਾਰਾਂ ਤੋਂ ਸਬਦ ਸਿਖਦੇ ਰਹੇ । ਹੈਨੀਬਾਲ ਦੇ ਜੰਗ ਦੇ ਢੰਗ ਰੋਮਨਾਂ ਲਈ ਨੁਮਾਇਸ਼ਾਂ ਬਣ ਗਏ, ਮਾਰ ਤਾਂ ਖਾਂਦੇ ਗਏ ਪਰ ਨਾਲ ਨਾਲ ਸਿਖਦੇ ਵੀ ਗਏ । ਏਥੋਂ ਤੀਕ ਕਿ ਹੈਨੀਬਾਲ ਦੇ ਨਵੇਂ ਪੁੰਗਰਦੇ ਰੋਮਨ ਸ਼ਾਗਿਰਦ ਹੌਲੀ ਹੌਲੀ ਉਸ ਦੇ ਭੀ ਕੰਨ ਕਤਰਨ ਲੱਗ ਪਏ । ਸਿਆਣਿਆਂ ਆਖਿਆ ਹੈ ਲੜਾਈ ਦੇ ਢਾਈ ਫੱਟ ਹੁੰਦੇ ਹਨ, ਜੇ ਲੜਾਈ ਏਦੂੰ ਲਮਕ ਜਾਵੇ ਤਾਂ ਸਮਝੋ ਕਿ ਲੜਾਈ ਬਸ ਹੋ ਗਈ, ਅਗਲਾ ਕਾਂਡ ਆਰੰਭ ਹੋ ਗਿਆ ।

ਹੈਨੀਬਾਲ ਹੇਠ ਦੱਖਣ ਵਿਚ ਟਰੰਟਮ ਸ਼ਹਰ ਨੂੰ ਘੇਰਾ ਪਈ ਬੈਠਾ ਸੀ ਤਾਂ ਰੋਮਨ ਜਰਨੈਲ ਮਾਰਸੇਲਸ ਨੇ ਕੈਪੂਆਂ ਨੂੰ ਘੇਰਾ ਪਾ ਲਿਆ । ਹੈਨੀਬਾਲ ਨੇ ਕੈਪੂਆਂ ਦਾ ਘੇਰਾ ਇਕ ਵਾਰ ਆ ਹਟਾਯਾ ਤਾਂ ਰੋਮਨਾਂ ਨੇ ਹੋਰਸ ਥਾਂ ਹਮਲਾ ਕਰਕੇ ਉਸ ਨੂੰ ਓਧਰ ਲਾ ਕੇ ਫੇਰ ਕੈਪੂਆਂ ਨੂੰ ਆ ਘੇਰਿਆ । ਫਿਰ ਹੈਨੀਬਾਲ ਆਯਾ ਪਰ ਘੇਰਾ ਨਾ ਹਟਾ ਸਕਿਆ ਤਾਂ ਰੋਮ ਵਲ ਧਾਯਾ, ਅਗੋਂ ਰੋਮ ਵਾਲੇ ਅੰਦਰੋਂ ਤਕੜੇ ਹੋ ਗਏ ਤੇ ਬਾਹਰੋਂ ਥੋੜੀ ਫੌਜ ਹੈਨੀਬਾਲ ਦੇ ਘੇਰੇ ਨੂੰ ਕਮਜ਼ੋਰ ਕਰਨ ਲਈ ਭੇਜ ਦਿਤੀ । ਇਸ ਤਰ੍ਹਾਂ ਜਦ ਮਾਤ ਰੋਮਨਾਂ ਨੂੰ ਦਿਸ ਰਹੀ ਸੀ ਬਾਦਸ਼ਾਹ ਦੀ ਸ਼ਹ ਹਟ ਗਈ ਤੇ ਸ਼ਤਰੰਜੀ ਘੋੜੇ ਦੀਆਂ ਚਾਲਾ ਹੋਣ ਲਗ ਪਈਆਂ । ਰੋਮਨ ਫੌਜਾਂ ਨੂੰ ਕੈਪੂਆਂ ਤੋਂ ਹੋੜਨ ਲਈ ਹੈਨੀਬਾਲ ਦਾ ਰੋਮ ਉੱਤੇ ਧਾਵਾ ਕਰਨਾ ਕੇੜੀ ਚਾਲ ਸੀ ਪਰ ਕਾਰਗਰ ਨਾ ਹੋਈ । ਏਸ ਤਰ੍ਹਾਂ ਹੈਨੀਬਾਲ ਦੀ ਜਿੱਤ ਵੇਖਦੇ ਫਿੱਕੀ ਪੈਣ ਲਗ ਪਈ ਤੇ ਜਦ ਰੋਮਨਾਂ ਨੇ ਕੈਪੂਆਂ ਲੈ ਲਿਆ ਸਮਝੋ ਜਿੱਤ ਦਾ ਅੰਤ ਆ ਗਿਆ ।

ਏਸ ਮੋੜ ਉੱਤੇ ਹੈਨੀਬਾਲ ਨੂੰ ਆਪਣਾ ਘਰ ਯਾਦ ਆਯਾ, ਉਸ ਨੇ ਕਾਰਥੇਜ ਨੂੰ ਮੰਗ ਕੀਤੀ ਕਿ ਮੈਨੂੰ ਕਮਕ ਭਜੋ । ਕਾਰਥੇਜ਼ ਸਪੇਨ ਦੀ ਫੌਜ ਨੂੰ ਤੇ ਟਾਪੂ ਸਿਸੀਲੀ ਨੂੰ ਪੂਰੀ ਪੂਰੀ ਮਦਦ ਭੇਜਦਾ ਰਿਹਾ ਪਰ ਹੈਨੀਬਾਲ ਦੀ ਸ਼ਾਨ ਦੇ ਈਰਖਾਵਾਦੀ ਬਥੇਰੇ ਪਿੱਛੂ ਬੈਠੇ ਸਨ । ਹਰ ਦੇਸ ਤੇ ਹਰ ਕੌਮ ਵਿਚ ਅਜੇਹੇ ਅਪਠੇ ਹੁੰਦੇ ਹਨ ਜੇ ਸ਼ਾਂਤੀ ਸਮੇਂ ਜੰਗ ਤੇ ਜੰਗ ਲੱਗ ਜਾਵੇ ਤਾਂ ਹਰ ਹੀਲੇ ਸ਼ਾਂਤੀ ਮੰਗਿਆ ਕਰਦੇ ਹਨ ਤੇ ਉਂਝ ਵੀ ਕਾਰਥੇਜ ਵਾਲੇ ਤਿਜਾਰਤੀ ਲੋਕ ਸਨ । ਜੰਗ ਵਲ ਝੁਕਾ ਘਟ ਹੀ ਰਖਦੇ ਸਨ । ਸੋ ਹੈਨੀਬਾਲ ਨੂੰ ਸੁੱਕਾ ਜਵਾਬ ਮਿਲ ਗਿਆ । ਦੂਜੀ ਉਮੇਦ ਹੈਨੀਬਾਲ ਦੀ ਸਪੇਨ ਉਤੇ ਸੀ । ਰੋਮਨ ਦ੍ਰਿੜ੍ਹਤਾ ਦੀ



ਹੈਨੀਬਾਲ

ਨਿਸ਼ਾਨੀ ਹੈ ਕਿ ਭਾਵੇਂ ਰੋਮ ਇਕ ਵਾਰ ਪੂਰੀ ਤਬਾਹੀ ਦੇ ਨੇੜੇ ਪੁਜ ਗਿਆ ਉਨ੍ਹਾਂ ਨੇ ਸਪੇਨ ਤੋਂ ਫੌਜਾਂ ਨਾ ਹਟਾਈਆਂ। ਇਸ ਦਾ ਨਤੀਜਾ ਹੈਨੀਬਾਲ ਉੱਤੇ ਇਹ ਪਿਆ ਕਿ ਉਸ ਨੂੰ ਸਪੇਨ ਤੋਂ ਭੀ ਕਾਰਥੇਜੀ ਕੁਮਕ ਨਾ ਭੇਜੀ ਜਾ ਸਕੀ। ਹਸਦਰੂਬਲ ਆਖ਼ਰ ਹੈਨੀਬਾਲ ਦੀ ਮਦਦ ਲਈ ਸਪੇਨ ਤੋਂ ਤੁਰਿਆ ਪਰ ਬਹੁਤ ਥੋੜੀ ਫੌਜ ਨਾਲ, ਰਾਹ ਵਿਚ ਗਾਉਲ ਤੋਂ ਹੋਰ ਭਰਤੀ ਕਰਨ ਲਗ ਪਿਆ, ਦੋ ਸਾਲ ਲੱਗ ਗਏ ਉਸ ਨੂੰ ਇਟਲੀ ਪਹੁੰਚਦੇ ਨੂੰ। ਹੈਨੀਬਾਲ ਭਾਵੇਂ ਹਾਲਾਂ ਮੀਰੀ ਸੀ ਪਰ ਬਹੁਤ ਕਮਜ਼ੋਰ ਹੋ ਗਿਆ ਸੀ।

ਹੈਨੀਬਾਲ ਸ਼ਹਿਰ ਕੈਨੂਸੀਅਸ ਵਿਚ ਬੈਠਾ ਜਿਵੇਂ ਆਖਦੇ ਹਨ, ਗਿੱਟੀਆਂ ਗਿਣ ਰਿਹਾ ਸੀ। ਸਾਮ੍ਹਣੇ ਨੀਰੋ ਨਾਮੇ ਰੋਮਨ ਆਗੂ ਦੀ ਫ਼ੌਜ ਸੀ। ਹੈਨੀਬਾਲ ਦੇ ਵਧਵੇਂ ਪਾਹਰੂਆਂ, ਡਿੱਠਾ ਕਿ ਸਾਮ੍ਹਣੇ ਵੈਰੀ ਦਲ ਵਿਚੋਂ ਇਕ ਟੋਲੀ ਤੁਰੀ ਹੈ, ਨੇੜੇ ਆਏ ਤਾਂ ਦਿੱਸਿਆ ਕਿ ਜਕੜੇ ਹੋਏ ਕੁਝ ਕੈਦੀ ਹਨ ਸਿਪਾਹੀਆਂ ਦੀ ਹਰਾਸਤ ਵਿਚ, ਹੋਰ ਨੇੜੇ ਆਏ ਤਾਂ ਮਾਲੂਮ ਹੋਇਆ ਕਿ ਕੈਦੀ ਅਫ਼ਰੀਕਾ ਦੇ ਹਨ। ਵੇਖਦੇ ਵੇਖਦੇ ਇਕ ਸਿਪਾਹੀ ਅੱਗੇ ਵਧਿਆ ਤੇ ਧਰਤੀ ਉਤੇ ਇਕ ਸਿਰ ਸੁਟ ਕੇ ਮੁੜ ਗਿਆ। ਕਾਰਥੇਜੀ ਸਿਪਾਹੀਆਂ ਨੇ ਸਿਰ ਚੁੱਕ ਆਂਦਾ ਤਾਂ ਹੈਨੀਬਾਲ ਨੇ ਪਛਾਣਿਆ ਕਿ ਉਸ ਦੇ ਭਾਈ ਹਸਦਰੂਬਲ ਦਾ ਸਿਰ ਹੈ। ਹੈਨੀਬਾਲ ਨੂੰ ਤਦ ਪਤਾ ਲੱਗਾ ਕਿ ਹਸਦਰੂਬਲ ਉਸ ਦੀ ਮਦਦ ਲਈ ਇਟਲੀ ਪਹੁੰਚ ਗਿਆ ਸੀ। ਜਕੜੇ ਹੋਏ ਅਫ਼ਰੀਕੀ ਕੈਦੀਆਂ ਤੋਂ ਪਤਾ ਲੱਗਾ ਕਿ ਉਨ੍ਹਾਂ ਨੂੰ ਹਸਦਰੂਬਲ ਨੇ ਭੇਜਿਆ ਸੀ ਹੈਨੀਬਾਲ ਨੂੰ ਖ਼ਤਮ ਕਰਨ ਲਈ ਕਿ ਅਸੀਂ ਤੇਰੀ ਮਦਦ ਲਈ ਇਟਲੀ ਵਿਚ ਆ ਵੜੇ ਹਾਂ। ਅਫ਼ਰੀਕੀ ਜਾਸੂਸ ਧੁਰ ਪਹੁੰਚਣ ਲੱਗੇ ਸਨ ਕਿ ਹੈਨੀਬਾਲ ਹਿੱਲ ਤੁਰਣ ਕਰਕੇ ਉਸ ਨੂੰ ਨਾ ਮਿਲ ਸਕੇ ਤੇ ਫੜ ਲਏ ਗਏ। ਰੋਮਨਾਂ ਨੂੰ ਜਦ ਏਨ੍ਹਾਂ ਅਫ਼ਰੀਕੀ ਜਾਸੂਸਾਂ ਤੋਂ ਪਤਾ ਲਗਾ ਕਿ ਹੈਨੀਬਾਨ ਲਈ ਕੁਮਕ ਉਸੇ ਰਾਹ ਇਟਲੀ ਆ ਵੜੀ ਹੈ ਉਨ੍ਹਾਂ ਨੇ ਸ਼ਬਾ ਸ਼ਬ ਹਸਦਰੂਬਲ ਉੱਤ ਹਮਲਾ ਕੀਤਾ ਤੇ ਭਾਂਜ ਦੇ ਕੇ ਹਸਦਰੂਬਲ ਨੂੰ ਪਕੜ ਲਿਆ। ਹੈਨੀਬਾਲ ਨੂੰ ਰੋਮਨਾਂ ਵਲੋਂ ਹੋਏ ਏਸ ਜ਼ੁਲਮ ਦੀ ਬੜੀ ਕਾਰੀ ਸਟ ਵਜੀ ਕਿਉਂਕਿ ਉਸ ਦਾ ਆਪਣਾ ਸਲੂਕ ਹਰਾਏ ਵੈਰੀਆਂ ਨਾਲ ਏਹੋ ਜੇਹਾ ਨਹੀਂ ਸੀ ਹੁੰਦਾ ਉਸ ਵੇਖ ਲਿਆ ਕਿ ਹੁਣ ਹੋਰ ਜਿੱਤ ਮੁਸ਼ਕਲ ਹੈ। ਕੂਚ ਕਰਕੇ ਇਟਲੀ ਦੀ ਹੇਠਲੀ ਨੁਕਰ ਦੇ ਸ਼ਹਰ ਬਰੂਟੀਅਮ ਆ ਗਿਆ ਤੇ ਪੰਜ ਸਾਲ ਉਥੇ ਡੇਰਾ

ਪਾਈ ਰਖਿਆ। ਰੋਮਨਾਂ ਨੂੰ ਹੌਂਸਲਾ ਨਹੀਂ ਪਿਆ ਅਧਮੋਏ ਸ਼ੇਰ ਉੱਤੇ ਹਮਲਾ ਕਰਨ ਦਾ।

"ਆਖਰ "ਚੇਲੇ ਜਾਣ ਖੜਪ" ਵਾਲੀ ਗੱਲ ਹੋਈ। ਰੋਮਨਾਂ ਨੂੰ ਜਦ ਪਤਾ ਲੱਗਾ ਕਿ ਹੈਨੀਬਾਲ ਦੀ ਕੁਮਕ ਆ ਪੁਜੀ ਹੈ ਚੁਸਤ ਰੋਮਨ ਜਰਨੈਲ ਹੈਨੀਬਾਲ ਦੇ ਸਾਮਣੋਂ ਉਠ ਕੇ ਇਕ ਸਾਤੇ ਵਿਚ ਢਾਈ ਸੌ ਮੀਲ ਫੌਜ ਨੂੰ ਲੈ ਗਿਆ, ਜਾਂਦੇ ਨੇ ਹਸਦਰੂਬਲ ਦੀ ਫੌਜ ਨੂੰ ਇਕੋ ਵਾਰ ਮੁਕਾ ਦਿਤਾ ਤੇ ਇਕ ਸਾਤਾ ਮੁੜਨ ਲਈ ਲਾ ਕੇ ਪੰਦਰਾਂ ਦਿਨਾਂ ਦੇ ਅੰਦਰ ਮੁੜ ਕੇ ਫ਼ੌਜ ਸਣੇ ਹੈਨੀਬਾਲ ਦੀ ਫੌਜ ਦੇ ਸਾਮ੍ਹਣੇ ਉਥੇ ਹੀ ਆ ਬੈਠਾ ਜਿਥੋਂ ਤੁਰ ਕੇ ਗਿਆ ਸੀ। ਹੈਨੀਬਾਲ ਭਾਣੇ ਉਸ ਦੀ ਫ਼ੌਜ ਉਸੇ ਥਾਂ ਪੰਦਰਾਂ ਦਿਨ ਬੈਠੀ ਰਹੀ ਹੈ। ਸੋਲ੍ਹਾਂ ਵਰ੍ਹਿਆਂ ਤੋਂ ਹੈਨੀਬਾਲ ਰੋਮਨਾਂ ਦੇ ਮੁਕਾਬਲੇ ਵਿਚ ਚਾਲਾਂ ਚਲਦਾ ਆਂਦਾ ਜਾਂਦਾ ਰਿਹਾ ਸੀ ਪਰ ਏਸ ਲੰਮੇ ਸਮੇਂ ਵਿਚ ਅਜੇਹੀ ਫ਼ੁਰਤੀ ਤੇ ਲੰਮੀ ਮਾਰ ਕਿਸੇ ਰੋਮਨ ਆਗੂ ਵਲੋਂ ਨਹੀਂ ਸੀ ਹੋਈ।

ਅਕਲ ਹੈਰਾਨ ਹੈ ਕਿ ਏਸ ਘੋਰ ਡਰਾਮੇ ਵਿਚ ਜਾਨਾਂ ਨਾਲ ਲੜ ਰਹੇ ਕਲਾਕਾਰਾਂ ਵਿਚੋਂ ਕਿਸ ਦੀ ਪ੍ਰਸੰਸਾ ਕੀਤੀ ਜਾਵੇ। ਹੈਨੀਬਾਲ ਦੀ ਜੋ ਆਪਣੇ ਦੇਸ਼ ਤੋਂ ਸਮੁੰਦਰ ਤੇ ਪਹਾੜਾਂ ਦਾ ਵੱਖ ਕੀਤਾ ਹੋਇਆ ਬਿਨਾ ਕੁਮਕ, ਬਿਨਾ ਕਿਸੇ ਦੀ ਸ਼ਹ ਦੇ, ਬਿਨਾ ਆਪਣੇ ਦੇਸ਼ ਵਾਸੀਆਂ ਦੀ ਹਾਕ ਸੁਣਨ ਦੇ ੧੬ ਵਰ੍ਹੇ ਉੱਕਾ ਪਰਾਏ ਪੌਣ ਪਾਣੀ ਵਿਚ ਥੋੜੀ ਜੇਹੀ ਤਲਬ-ਖਾਣੀ ਫ਼ੌਜ ਨਾਲ ਉਭਰਦੇ ਰੋਮਨ ਸਾਮਰਾਜ ਨੂੰ ਚਿੱਤ ਕਰਦਾ ਰਿਹਾ ਯਾ ਹੈਨੀਬਾਲ ਦੇ ਉਨ੍ਹਾਂ ਬਹੁ-ਭਾਂਤੀ ਤੇ ਬਹੁ-ਜਾਤੀ ਸਿਪਾਹੀਆਂ ਦੀ ਜਿਨ੍ਹਾਂ ਨੇ ਵਗਦੇ ਦਰਿਆਵਾਂ ਤੇ ਉੱਚੇ ਐਲਪਸ ਨੂੰ ਪਾਰ ਕੀਤਾ, ਪਾਰ ਕਰਕੇ ਵੈਰੀ ਦਲ ਨੂੰ ਥਾਂ ਥਾਂ ਭਾਜਾਂ ਦਿੱਤੀਆਂ, ਅਨੇਕ ਦੁੱਖ ਤੇ ਕਸ਼ਟ ਓਪਰੇ ਦੇਸ਼ ਵਿਚ ਝਲਦੇ ਹੋਏ ਕੇਵਲ ਹੈਨੀਬਾਲ ਦੀ ਲਿਵ ਪਾਲਦੇ ਹੋਏ ਓਸਦੇ ਖ਼ਰੀਦੇ ਗੋਲਿਆਂ ਵਾਂਗ ਉਸ ਦੀ ਜਿੱਤ ਵਿਚ ਆਪਣੀ ਜਿੱਤ; ਉਸਦੀ ਸ਼ਾਨ ਵਿਚ ਆਪਣੀ ਸ਼ਾਨ ਸਮਝੀ ਤੇ ਕਦੇ ਭੁੱਲ ਕੇ ਭੀ ਉਸ ਦੇ ਹੁਕਮ ਅਗੇ ਹੁਤ ਨਾ ਕੀਤੀ। ਯਾ ਰੋਮਨ ਦ੍ਰਿੜ੍ਹਤਾ ਤੇ ਝਾਲਸ਼ਕਤੀ ਦੀ ਜਿਸ ਨੇ ਉਤੋਂ ਅੜਤੀ ਕਈ ਹਾਰਾਂ ਖਾ ਕੇ ਰੋਮ ਦੇ ਦਰਵਾਜ਼ੇ ਨਾ ਖੋਲ੍ਹੇ ਸਗੋਂ ਜਿਉਂ ਜਿਉਂ ਮਾਰ ਪਈ ਤਿਉਂ ਤਿਉਂ ਪੱਕੀ ਹੁੰਦੀ ਗਈ। ਆਗੂ ਬਥੇਰੇ ਹੋਏ ਹਨ ਪਰ ਅਜੇਹਾ ਕੋਈ ਨਹੀਂ ਜਿਸ ਦੀ ਖਿੱਚ ਉਸ ਦੀ ਫੌਜ ਨੂੰ ਐਨੀ

ਹੋਵੇ ਕਿ ਸਭ ਕੁਝ ਜਿੱਤਨੇ ਹੋਏ ਖਾਲੀ ਹੋਵਨ ਪਰ ਫ਼ੌਜ ਉਸ ਤੋਂ ਮੂੰਹ ਨਾ ਫੇਰੇ ।

ਹੈਨੀਬਾਲ ਕੁੜੱਕੀ ਵਿਚ ਫਾਥੇ ਸ਼ੇਰ ਵਾਂਗ ਇਟਲੀ ਦੀ ਦੱਖਣੀ ਖੂੰਦਰ ਵਲ ਮੁੜ ਪਿਆ । ਰੋਮਨ ਫ਼ੌਜ ਪਿੱਛੇ ਪਿੱਛੇ ਸੀ, ਹਮਲਾ ਕਰਨ ਦਾ ਹੀਆ ਨਾ ਕਰਦੀ ਹੋਈ ਕੇਵਲ ਦੂਰੋਂ ਵੇਖੀ ਜਾਣ ਲਈ । ਬਰੂਟੀਅਮ ਵਿਚ ਪੰਜ ਸਾਲ ਹੋਰ ਕਾਰਥੇਜੀ ਫ਼ੌਜਾਂ ਡੇਰੇ ਪਾਈ ਬੈਠੀਆਂ ਰਹੀਆਂ, ਸਮੇਂ ਦਾ ਦਰਿਆ ਵਗਦਾ ਰਿਹਾ ਪਰ ਰੰਗ ਹੋਰ ਦੇ ਹੋਰ ਹੋ ਗਏ ।

ਸਪੇਨ ਵਿਚ ਪਹਿਲਾਂ ਤਾਂ ਰੋਮਨ ਫ਼ੌਜ ਹਾਰ ਖਾ ਕੇ ਦੜ ਵਟ ਕੇ ਬੈਠੀ ਰਹੀ । ਸਮਾਂ ਆਇਆ ਕਿ ਇਕ ਨਵਾਂ ਰੋਮਨ ਜਰਨੈਲ ਸਿਪੀਓ ਨਾਮੇ ਚਮਕਦੇ ਸਤਾਰੇ ਵਾਲਾ ਉੱਠਿਆ, ਉਸਨੇ ਸਪੇਨ ਵਿਚ ਹਸਦਰੂਬਲ ਦੇ ਪਿਛੋਂ ਕਾਰਥੇ-ਜ਼ੀਆ ਦਾ ਮੁਕਾਬਲਾ ਕਰਦੇ ਨੇ ਐਤਨਾ ਬਲ ਕੀਤਾ ਕਿ ਕਾਰਥੇਜੀ ਸਤਾ ਉੱਕਾ ਵਲ੍ਹੇਟੀ ਗਈ । ਉਸ ਨੇ ਏਥੇ ਹੀ ਬਸ ਨਹੀਂ ਕੀਤੀ, ਰੋਮ ਵਾਲਿਆਂ ਦੇ ਵਰਜਦਿਆਂ ਤੇ ਹਾ ਹਾ ਕਰਦਿਆਂ ਸਮੁੰਦਰ ਪਾਰ ਕਰਕੇ ਅਫਰੀਕਾ ਵੜ ਕੇ ਹੈਨੀਬਾਲ ਦੀ ਜਨਮ ਭੂਮੀ ਕਾਰਥੇਜ਼ ਦੇ ਸਿਰ ਜਾ ਕਾਲ ਕੜਕਾਇਆ । ਵੇਖਣ ਨੂੰ ਕੇਡੀ ਪੁਠੀ ਤੇ ਅਸਚਰਜ ਕਰਨ ਵਾਲੀ ਚਾਲ ਸੀ ਕਿ ਇਕ ਪਾਸੇ ਤਾਂ ਰੋਮ ਦਰੜਿਆ ਹੋਇਆ ਭੈ ਭੀਤ ਹੋ ਕੇ ਹੈਨੀਬਾਲ ਨੂੰ ਆਪਣੇ ਦੇਸ਼ੋਂ ਬਾਹਰ ਕੱਢਣ ਦੇ ਅਸਮਰਥ ਸੀ ਤੇ ਦੂਜੇ ਪਾਸੇ ਉਸ ਦਾ ਜਰਨੈਲ ਅਫਰੀਕਾ ਜਾ ਕੇ ਹੈਨੀਬਾਲ ਦੇ ਦੇਸ਼ ਉਤੇ ਜਾ ਚੜ੍ਹਿਆ ਸੀ । ਡੂੰਘੀ ਨਜ਼ਰ ਨਾਲ ਵੇਖਿਆਂ ਸਿਪੀਓ ਦਾ ਕਦਮ ਜਿਹਾ ਅਜਬ ਲਗਦਾ ਸੀ ਓਨਾ ਹੀ ਟਿਕਾਣੇ ਵਾਲਾ ਸੀ । ਹੈਨੀਬਾਲ ਦੇ ਸਾਹਮਣੇ ਹੋ ਕੇ ਲੜਨ ਨਾਲੋਂ ਉਸ ਨੇ ਪਿਛਵਾੜੇ ਹੋ ਕੇ ਹਮਲਾ ਕਰਨਾ ਠੀਕ ਸਮਝਿਆ, ਇਟਲੀ ਦੀ ਜੰਗ ਚੌਮੁਹਰੀ ਵਾਂਗ ਛੱਡ ਕੇ ਸਿਪੀਓ ਸਥਾਨ ਭੇਦ ਕਰ ਕੇ ਹੈਨੀਬਾਲ ਦੀ ਪਿੱਠ ਉੱਤੇ ਜਾ ਪਿਆ । ਡਾਢੀ ਦਲੇਰੀ ਤੇ ਜਾਦੂ ਚਾਲ ਸੀ ।

ਘਰੋਂ ਬੇਰੁਖ਼ੀ ਤੇ ਕਰੋਧ ਦੇ ਹੁਕਮ ਆਉਂਦਿਆਂ ਸਿਪੀਓ ਇਕ ਮਾੜਾ ਜਿਹਾ ਬੇੜਾ ਲੈ ਕੇ ਅਫਰੀਕਾ ਦੇ ਕਿਨਾਰੇ ਜਾ ਉੱਤਰਿਆ । ਕਾਰਥੇਜ਼ ਦੀ ਫ਼ੌਜ ਮੁਕਾਬਲਾ ਨਾ ਕਰ ਸਕੀ, ਦਿਨ ਵਿਚ ਰੋਮਨ ਫ਼ੌਜ ਅਗੇ ਹਥਿਆਰ ਸੁੱਟਣ ਵਾਲੀ ਸੀ । ਖ਼ਬਰ ਆਈ ਕਿ ਹੈਨੀਬਾਲ ਭੀ ਅਫਰੀਕਾ ਆਣ ਪੁਜਿਆ ਹੈ ।

ਕਾਰਥਜੀਆਂ ਨੇ ਸੁਲ੍ਹਾ ਦੀ ਗੱਲ ਬਾਤ ਠੱਪ ਕੇ ਮੁਕਾਬਲੇ ਦੀ ਤਿਆਰੀ ਕਰ ਦਿੱਤੀ।

ਸਿਪੀਓ ਨੇ ਸੰਧੇਰਾ ਫੜਿਆ ਜਾਪਦਾ ਸੀ, ਹੱਨੇ ਯਾ ਬੱਨੇ, ਸ਼ਹੀਦੀ ਯਾ ਫ਼ਤਹ। ਜਿਵੇਂ ਹੈਨੀਬਾਲ ਨੇ ਇਟਲੀ ਵੜ ਕੇ ਸਿਰ ਧੜ ਦੀ ਬਾਜ਼ੀ ਲਾ ਦਿਤੀ ਸੀ। ਸਿਪੀਓ ਅਫ਼ਰੀਕਾ ਵੜ ਕੇ ਪਿੱਛੇ ਮੁੜਨ ਦਾ ਨਾਮ ਹੀ ਭੁੱਲ ਗਿਆ। ਸਮੁੰਦਰ ਦੇ ਕਿਨਾਰੇ ਨੂੰ ਹਟ ਕੇ ਆਪਣਾ ਬਚਾ ਕਰਨ ਦੀ ਥਾਂ ਉਹ ਸਗੋਂ ਅੱਗੇ ਵਧ ਗਿਆ ਤੇ ਕਾਰਥੇਜ ਵਾਲੇ ਹੈਰਾਨ। ਉਸਦੇ ਅੱਗੇ ਵਧਣ ਵਿਚ ਭੇਦ ਸੀ। ਇਕ ਉਸਨੂੰ ਹੈਨੀਬਾਲ ਨਾਲ ਲੜਣ ਲਈ ਮਨ-ਪਸੰਦ ਮੈਦਾਨ ਮਿਲ ਗਿਆ ਦੂਜੇ ਉਸ ਨੂੰ ਕਾਰਥੇਜ ਤੋਂ ਨਵੇਂ ਬਿਗੜੇ ਨਯੂਮਿਡੀਆ ਦੇ ਰਸਾਲੇ ਦੇ ਨੇੜ ਨਾਲ ਮਦਦ ਦੀ ਆਸ ਸੀ। ਸਿਪੀਓ ਨੇ ਓਹੀ ਢੰਗ ਰਚਿਆ ਜੋ ਹੈਨੀਬਾਲ ਨੇ ਕੈਨਾ ਦੀ ਲੜਾਈ ਵਿਚ ਕੀਤਾ ਸੀ, ਬਾਹੂਆਂ ਉਤੇ ਰਸਾਲਾ ਤੇ ਮਧ ਵਿਚ ਪਤਲੀ ਲੰਮੀ ਪਾਲ ਪੈਦਲਾਂ ਦੀ! ਕਾਰਥੇਜੀ ਹਾਥੀਆਂ ਵਿਰੁਧ ਸਿਪੀਓ ਨੇ ਓਹੀ ਬਚਾ ਕੀਤਾ ਜੋ ਇਕ ਵਾਰ ਸਿੰਕਦਰ ਨੇ ਕੀਤਾ, ਜਦ ਹਾਥੀ ਵਧੇ ਤਾਂ ਰੋਮਨ ਪੈਦਲਾਂ ਨੇ ਪਾਟ ਕੇ ਓਨ੍ਹਾਂ ਲਈ ਰਾਹ ਬਣਾ ਦਿਤੇ ਹਾਥੀ ਖੱਲਾ ਰਾਹ ਵੇਖ ਕੇ ਵਿਚ ਦੀ ਲੰਘ ਕੇ ਪਾਰ ਹੋ ਗਏ ਤੇ ਹਾਨੀਕਾਰਕ ਨਾ ਹੋਏ। ਰੋਮਨ ਪੈਦਲਾਂ ਦੇ ਅਗੇ ਲੋਥਾਂ ਦੇ ਢੇਰ ਲਗ ਗਏ। ਰੋਮਨ ਰਸਾਲਾ ਕਾਰਥੇਜੀ ਰਸਾਲੇ ਨਾਲ ਲੜਦਾ ਲੜਦਾ ਉਨ੍ਹਾਂ ਨੂੰ ਧਕ ਕੇ ਲੈ ਗਿਆ। ਕਾਰਥੇਜੀ ਰਸਾਲਾ ਭੱਜ ਤੁਰਿਆ। ਮਗਰ ਰੋਮਨ ਰਸਾਲਾ ਸੀ! ਹੈਨੀਬਾਲ ਦੇ ਹਾਥੀ ਅਰਥ ਨਾ ਆਏ। ਜਦ ਰੋਮਨ ਮਧ ਪੈਦਲ ਲੋਥਾ ਦੇ ਉਤੋਂ ਦੀ ਵਧਣ ਲਗੇ ਹੈਨੀਬਾਲ ਇਸ ਮੌਕੇ ਦੀ ਉਡੀਕ ਵਿਚ ਸੀ! ਹਮਲੇ ਦਾ ਹੁਕਮ ਦਿੱਤਾ। ਦੋਹਾਂ ਪੈਦਲਾਂ ਦਾ ਘਮਸਾਣ ਮਚ ਗਿਆ ਪਰ ਜਦ ਰੋਮਨ ਰਸਾਲਾ ਮੁੜ ਕੇ ਆਯਾ ਤਾਂ ਮਿਥੀ ਹੋਈ ਜੁਗਤ ਅਨੁਸਾਰ ਕਾਰਥੇਜੀ ਫ਼ੌਜ ਦੀ ਪਿੱਠ ਵਲ ਆ ਪਿਆ। ਕਾਰਥੇਜੀ ਫ਼ੌਜ ਰਸਾਲੇ ਅਤੇ ਪੈਦਲਾਂ ਦੇ ਵਿਚਕਾਰ ਆ ਕੇ ਮਾਰੀ ਗਈ ਤੇ ਜ਼ਾਮਾ ਦੀ ਲੜਾਈ ਦਾ ਸੇਹਰਾ ਸਿਪੀਓ ਦੇ ਸਿਰ ਰਿਹਾ।

ਸੁਲਹ ਦੀਆਂ ਰੋਮਨ ਸ਼ਰਤਾਂ ਬੜੀਆਂ ਨਰਮ ਸਨ! ਕਾਰਥੇਜੀ ਲੋਕ ਸਭਾ ਵਿਚ ਇਕ ਫੋਕਾ ਦਲੀਲਬਾਜ਼ ਅਜੇ ਵੀ ਲੜੀ ਜਾਣ ਦੀ ਰਟ ਲਾ ਰਿਹਾ ਸੀ। ਹੈਨੀਵਾਲ ਨੇ ਉਸ ਨੂੰ ਫੜ ਕੇ ਬਹਾਲ ਦਿਤਾ ਤੇ ਹੱਸ ਕੇ ਆਖਿਆ ਜੇਹੜਾ

ਆਦਮੀ ੩੬ ਸਾਲ ਪਰਦੇਸਾਂ ਵਿਚ ਚਾਕਰੀ ਕਰਦਾ ਆਇਆ ਹੋਵੇ ਉਸ ਨੂੰ ਸਭਾ ਦੀ ਵਰਤੋਂ ਤੇ ਰੀਤ ਭੁੱਲ ਹੀ ਜਾਯਾ ਕਰਦੀ ਹੈ। ਏਹ ਆਖ ਕੇ ਉਹਨੇ ਬੜੇ ਜ਼ੋਰ ਨਾਲ ਪ੍ਰੇਰਨਾ ਕੀਤੀ ਕਿ ਰੋਮਨ ਸ਼ਰਤਾਂ ਕਬੂਲ ਕਰਨਾ ਹੀ ਸਿਆਣਪ ਹੈ।

ਸਤ ਸਾਲ ਹੈਨੀਬਾਲ ਕਾਰਥੇਜ਼ ਦੇ ਜ਼ੁੰਮੇ ਲਾਯਾ ਦੰਡ ਭਰਨ ਵਿਚ ਤੇ ਕਾਰਥੇਜੀਆਂ ਨੂੰ ਵਿਪਾਰ ਅਤੇ ਕਿਰਤ ਵਿਚ ਉੱਨਤ ਕਰਨ ਲਈ ਤਨ ਮਨ ਨਾਲ ਜੁਟਿਆ ਰਿਹਾ। ਇੰਝ ਜਾਪਦਾ ਸੀ ਕਿ ਯਾ ਤਾਂ ਉਹ ਆਪਣੀ ਕਸਮ ਭੁੱਲ ਗਿਆ ਹੈ ਯਾ ਉਸ ਨੂੰ ਤਜਰਬੇ ਨੇ ਨਵੇਂ ਰਾਹ ਪਾਯਾ ਹੈ। ਪਰ ਭਾਵੀ ਬੜੀ ਪਰਬਲ ਹੈ। ਹੈਨੀਬਾਲ ਦੇ ਸਾਰੇ ਉਸਾਰੂ ਜਤਨ ਬਿਰਥਾ ਗਏ ਕਿਉਂਕਿ ਰੋਮਨ ਦਲੀਲਬਾਜ਼ਾਂ ਤੇ ਬਦਲਾ ਲਊ ਆਗੂਆਂ ਨੇ ਹੈਨੀਬਾਲ ਦਾ ਖੁਰਾ ਖੋਜ ਮਿਟਾਣ ਦੀ ਠਾਣ ਲਈ। ਉਹਨਾਂ ਲਈ ਹੈਨੀਬਾਲ ਇਕ ਹਊਆ ਸੀ। ਸਿਪੀਓ ਨੇ ਬਥੇਰਾ ਜਤਨ ਕੀਤਾ ਕਿ ਰੋਮਨ ਹੈਨੀਬਾਲ ਵਰਗੇ ਸੂਰਮੇ ਨਾਲ ਸਾਊਆਂ ਵਾਲਾ ਸਲੂਕ ਕਰਨ ਪਰ ਕਿਸੇ ਨੇ ਉਸਦੀ ਨਾ ਸੁਣੀ।

ਆਖ਼ਰ ਆਪਣੇ ਉਦਾਲੇ ਰੋਮਨ ਜਾਲ ਸੌੜਾ ਹੁੰਦਾ ਵੇਖਕੇ ਹੈਨੀਬਾਲ ਕਾਰਥੇਜ ਤੋਂ ਸਮੁੰਦਰ ਦੇ ਰਾਹ ਭੱਜ ਤੁਰਿਆ। ਆਪਣੇ ਵਤਨ ਦੇ ਉਸਨੇ ਕੇਵਲ ਸੋਲਾਂ ਸਾਲ ਵੇਖੇ ਸਨ, ਨੌਂ ਸਾਲ ਅੰਞਾਣੀ ਉਮਰ ਦੇ ਸੱਤ ਸਾਲ ਅੱਖਾਂ ਖੋਲ੍ਹ ਕੇ ਭੀੜ ਤੇ ਕਸ਼ਟ ਦੇ। ਵਤਨ ਤੋਂ ਬੇ-ਵਤਨ ਹੋ ਕੇ ਉਸ ਨੇ ਫੇਰ ਇਕ ਸਦੀਵੀ ਰੋਮਨ ਵੈਰ ਦਾ ਰਾਹ ਫੜ ਲਿਆ। ਪੂਰਬੀ ਭੂਮਧਯ ਸਾਗਰ ਦੇ ਪੁਰਾਤਨ ਸ਼ਹਰ ਟਾਇਰ ਵਿਚ ਉਹ ਪਹੁੰਚਿਆ। ਟਾਇਰ ਫ਼ੋਨੀਸ਼ਨ ਕੌਮ ਦਾ ਜਮਾਂਦਰੂ ਝੂਲਾ ਸੀ। ਉਸ ਨੇ ਡਿਠਾ ਕਿ ਰੋਮਨਾਂ ਵਿਰੁਧ ਪੱਛਮ ਨੂੰ ਚੁੱਕਣ ਵਿਚ ਉਸ ਨੂੰ ਸਫਲਤਾ ਨਹੀਂ ਹੋਈ। ਸੁੱਝੀ ਕਿ ਚਲੋ ਹੁਣ ਪੂਰਬ ਨੂੰ ਵੈਰੀ ਦੇ ਮਥੇ ਮਾਰਾਏ। ਸੀਰੀਆ ਦਾ ਬਾਦਸ਼ਾਹ ਐਂਟੀਔਕ ਯੂਨਾਨ ਦੀ ਮਦਦ ਲਈ ਰੋਮਨਾਂ ਦੇ ਵਿਰੁਧ ਲੜਨ ਦੀਆਂ ਤਿਆਰੀਆਂ ਕਰ ਰਿਹਾ ਸੀ, ਹੈਨੀਬਾਲ ਉਸ ਕਲ ਅਪੜਿਆ। ਪਰ ਐਂਟੀਔਕ ਇਕ ਕਮ-ਦਿਲਾ ਭਰਮੀ ਆਦਮੀ ਸੀ, ਨਾ ਉਸ ਨੇ ਹੈਨੀਬਾਲ ਦੀ ਤਦਬੀਰ ਵਰਤੀ, ਸਗੋਂ ਉਸ ਉਤੇ ਵਿਸ਼ਵਾਸ ਭੀ ਨਾ ਕੀਤਾ। ਮੂਰਖ ਐਂਟੀਔਕ ਉਸ ਆਦਮੀ ਉਤੇ ਸ਼ਕ ਕਰਕੇ ਜਿਸ ਨੇ ਕਦੇ ਕੀਤਾ ਬਚਨ ਨਹੀਂ ਸੀ ਹਾਰਿਆ ਲੜਾਈ ਵਿਚੋਂ ਰੋਮਨਾਂ ਤੋਂ ਬੁਰੀ ਤਰ੍ਹਾਂ ਹਾਰਿਆ। ਰਮਨਾਂ ਨੇ

ਮੰਗ ਕੀਤੀ ਕਿ ਹੈਨੀਬਾਲ ਨੂੰ ਸਾਡੇ ਹਵਾਲੇ ਕਰ ਦੇ। ਇਕ ਪਾਸੇ ਇਕ ਵਿਅਕਤੀ ਹੈਨੀਬਾਲ ਦੂਜੇ ਪਾਸੇ ਸਾਰੇ ਰੋਮਨ ਸਾਮਰਾਜ ਦਾ ਬਲ। ਹੈਨੀਬਾਲ ਇਹ ਮੰਗ ਸੁਣ ਕੇ ਪਰੂਸ਼ੀਆਂ ਬਾਦਸ਼ਾਹ ਦੇ ਦਰਬਾਰ ਵਿਚ ਜਾ ਪਹੁੰਚਿਆ। ਰੋਮਨਾਂ ਨੇ ਪਿਛਾ ਕੀਤਾ ਤੇ ਬਾਦਸ਼ਾਹ ਪਰੂਸ਼ੀਆ ਤੋਂ ਮੰਗ ਕੀਤੀ ਕਿ ਹੈਨੀਬਾਲ ਨੂੰ ਹਵਾਲੇ ਕੀਤਾ ਜਾਵੇ।

ਇਕ ਦਿਨ ਹੈਨੀਬਾਲ ਨੂੰ ਪਤਾ ਲੱਗਾ ਕਿ ਰੋਮਨ ਜਾਸੂਸ ਉਸ ਦੇ ਨੇੜੇ ਪੁਜ ਗਏ ਸਨ। ਬਾਰੀ ਖੋਲ੍ਹ ਕੇ ਵੇਖਿਆ ਕਿ ਓਪਰੇ ਓਪਰੇ ਆਦਮੀ ਉਸਦੇ ਘਰ ਦਾ ਘੇਰਾ ਘੱਤ ਰਹੇ ਹਨ। ਯਕਾਯਕ ਇਕ ਟੋਲੀਘਰ ਦੀ ਡਿਉੜੀ ਵਿਚ ਆ ਪਹੁੰਚੀ, ਹਥਿਆਰ ਖੜਕ ਰਹੇ ਸਨ। ਪਰੂਸੀਆ ਦੇ ਦਰਬਾਰ ਵਿਚ ਇਕ ਰੋਮਨ ਦੂਤ ਆਇਆ ਥੋੜਾ ਹੀ ਚਿਰ ਹੋਆ ਸੀ, ਉਸ ਦੇ ਜਤਨ ਸਫਲ ਹੋ ਰਹੇ ਸਨ। ਨੌਕਰਾਂ ਨੇ ਗੁਪਤ ਰਾਹ ਵਲ ਹੋਣ ਦੀ ਧਾਰੀ ਤਾਂ ਡਿੱਠਾ ਕਿ ਅਗੇ ਸੰਗੀਨਾਂ ਦੀਆਂ ਨੋਕਾਂ ਲਿਸ਼ਕ ਰਹੀਆਂ ਸਨ, ਘੇਰੇ ਵਿਚ ਮੋਰੀ ਉੱਕਾ ਨਹੀਂ ਸੀ। ਕੋਈ ਰਾਹ ਨਿਕਲਣ ਦਾ ਨਹੀਂ ਸੀ। ਪਰ ਇਕ ਰਾਹ ਸੀ ਜਿਸ ਨੂੰ ਕੋਈ ਸਾਮਰਾਜੀ ਤਾਕਤ ਨਹੀਂ ਰੋਕ ਸਕਦੀ। ਹੈਨੀਬਾਲ ਨੇ ਸਦਾ ਤਿਆਰ ਰੱਖੀ ਜਾਂਦੀ ਜ਼ਹਰ ਮੰਗਾਈ ਤੇ ਪੀ ਲਈ—'ਆਓ ਅਜ ਰੋਮਨਾਂ ਵਿਚਾਰੀਆਂ ਦੀ ਚਿਰਕੋਣੀ ਚਿੰਤਾਂ ਨੂੰ ਦੂਰ ਕਰ ਦੇਈਏ, ਇਕ ਬੁਢੇ ਦੀ ਮੌਤ ਲਈ ਉਡੀਕ ਕਰਨੀ ਉਨ੍ਹਾਂ ਤੋਂ ਨਹੀਂ ਬਣਦੀ।''

ਏਹ ਕਹੰਦਾ ਹੋਯਾ ਤੇ ਆਪਣੀ ਪਰਤੱਗਿਆ ਨੂੰ ਅਖੀਰੀ ਸੁਆਸ ਤੀਕ ਪਾਲਦਾ ਹੋਯਾ ਸੂਰਮਾ ਹੈਨੀਬਾਲ ਸਦਾ ਦੀ ਨੀਂਦ ਸੌਂ ਗਿਆ।

ਹੈਨੀਬਾਲ ਦੇ ਪਿਛੋਂ ਰੋਮਨ ਸਾਮਰਾਜ ਬੜੀ ਛੇਤੀ ਵਧਿਆ ਪਰ ਸਾਨੂੰ ਕੇਵਲ ਕਾਰਥੇਜ਼ ਦੀ ਬੀਤੀ ਨਾਲ ਕੰਮ ਹੈ। ਹੁੰਦੇ ਹੁੰਦੇ ਰੋਮਨਾਂ ਨੇ ਕਾਰਥੇਜ਼ੀ ਰਾਜ ਦੇ ਨਿਸ਼ਾਨ ਇਕ ਇਕ ਕਰਕੇ ਮਿਟਾ ਤਿਤੇ। ਅਖੀਰ ਵਿਚ ਕਾਰਥੇਜ ਦਾ ਘੇਰਾ ਘਤਿਆ ਗਿਆ। ਤਕੜਾ ਚਿਰ ਕਾਰਥੇਜ਼ੀ ਮਰਦ ਇਸਤ੍ਰੀਆਂ ਆਖਰੀ ਲੜਾਈ ਲੜਦੇ ਰਹੇ। ਏਥੋਂ ਤੀਕ ਕਿ ਪਾਣੀ ਤੇ ਰਾਸ਼ਨ ਵੀ ਮੁਕ ਗਏ। ਕਾਰਥੇਜ਼ੀ ਬੇੜੇ ਦੇ ਰੱਸੇ ਪੈੜੇ ਮੁਕ ਗਏ ਤਾਂ ਕਾਰਥੇਜ਼ੀ ਬੀਰਂਗਣਾਂ ਨੇ ਆਪਣੇ ਕੇਸ ਕਟ ਕਟ ਕੇ ਰੱਸੇ ਬਣਾਏ। ਆਖਰ ਰੋਮਨ ਦਲ ਜਿਤਿਆ ਪਰ ਕਾਰਥੇਜ ਇਕ ਸੁਆਹ ਦਾ ਢੇਰ ਹੋ ਚੁਕਾ ਸੀ ਤੇ ਇਕ ਇਕ ਕਿਸ਼ਤੀ ਉਹਨਾਂ ਦੀ ਸਮੁੰਦਰ

ਦੀ ਤਹ ਵਿਚ ਬੈਠ ਗਈ ਸੀ ।

ਏਥੇ ਹੀ ਬਸ ਨਹੀਂ ਹੋਈ । ਸ਼ਹਰ ਦੀ ਇਟ ਨਾਲ ਇਟ ਵਜਾ ਕੇ, ਪੱਧਰ ਕਰਕੇ ਉੱਤੇ ਹਲ ਫੇਰਿਆ ਗਿਆ ਤਾਂ ਕੇ ਕਾਰਥੇਜ਼ ਦਾ ਨਿਸ਼ਾਨ ਕਾਇਮ ਨਾ ਰਹਿ ਸਕੇ। ਇਸ ਬੇ-ਨਿਸ਼ਾਨ ਕੌਮੀ ਮਸਾਣ ਉਤੇ ਰੋਮਨ ਆਚਾਰਜਾਂ ਨੇ ਰਹੁ ਰੀਤ ਨਾਲ ਬਖਸ਼ ਦੀ ਜਾਚਨਾ ਕੀਤੀ ਕਿ ਮੁੜ ਕੇ ਕਾਰਥੇਜ਼ ਸੁਰਜੀਤ ਨਾ ਹੋਵੇ ।

ਤਿਆਗ

"ਅੱਗੀ ਪਾਲਾ ਕੱਕਰ ਹੋਵੇ ਖਾਣਾ ਹੋਵੇ ਵਾਉ ।
ਸੁਰਗੇ ਦੀਆਂ ਸੋਹਣੀਆਂ ਇਸਤ੍ਰੀਆਂ ਹੋਵਨ ਨਾਨਕ ਸੱਭੇ ਜਾਉ,
ਭੀ ਤੁੰਹੇ ਸਾਲਾਹਣਾ..............।"

ਈਸਵੀ ਸੰਮਤ ਤੋਂ ਕੁਛ ਪੰਜ ਸੌ ਸਾਲ ਪਹਿਲੋਂ ਕਪਿਲਵਸਤੂ ਦੇ ਸਾਖਿਆਕੁਲ ਰਾਜਾ ਸੁਧੋਦਨਾਂ ਦੇ ਘਰ ਉਸ ਮਹਾਨ ਵਿਅਕਤੀ ਨੇ ਜਨਮ ਲਿਆ ਜਿਸ ਤੋਂ ਬੁੱਧ ਮੱਤ ਚੱਲਿਆ, ਜਿਸ ਦੀ ਮਾਨਤਾ ਅੱਜ ਦੁਨੀਆਂ ਦੇ ੪੦,੫੦ ਕਰੋੜ ਬੰਦੇ ਕਰ ਰਹੇ ਹਨ। ਗੌਤਮ ਬੁੱਮ ਮਹਲਾਂ ਵਿਚ ਅਤੇ ਉਸ ਸਮੇਂ ਦੇ ਚਲਤ ਇਤਿਹਾਸ ਵਿਚ ਰਾਜਪੁਤ੍ਰ ਸਿੱਧਾਰਥ ਕਰਕੇ ਪ੍ਰਸਿੱਧ ਸੀ। ਇਕ ਉਚੇ ਕੁਲੀਨ ਰਾਜ ਭਾਗ ਵਾਲੇ ਛੱਤ੍ਰੀ ਘਰਾਣੇ ਵਾਂਗ ਉਸ ਦੀ ਪਾਲਣਾ ਹੋਈ ਪਰ ਜਨਮ ਵੇਲੇ ਦੇ ਰਮਲਿਆਂ ਜੋਤਿਸ਼ਾਚਾਰੀਆਂ ਤੋਂ ਲਾ ਕੇ ਉਸ ਦੇ ਸਾਥੀ ਅਮੀਰਜ਼ਾਦਿਆਂ ਅਤੇ ਨਿੱਤ ਮਿਲਣ ਵਾਲੇ ਨਿਕਟਵਰਤੀਆਂ ਨੂੰ ਇਕ ਗੱਲ ਮੁਢੋਂ ਹੀ ਪਰਤੀਤ ਹੋ ਚੁਕੀ ਸੀ, ਕਿ ਉਹ ਲੋਕਰਾਜ ਮਾਨਣ ਵਾਲਾ ਨਹੀਂ। ਰਾਜ ਪੁੱਤਰਾਂ ਵਾਲੇ ਸਾਰੇ ਠਾਠ ਵਿਚ ਪਲਦਿਆਂ, ਵੱਡੇ ਹੁੰਦਿਆਂ ਉਸ ਵਿਚ ਇਕ ਅਲੌਕਿਕ ਉਦਾਸੀ ਸੀ ਜੋ ਕਿਸੇ ਕਿਸੇ ਦਿਨ ਉਸ ਉੱਤੇ ਇੰਝ ਛਾ ਜਾਂਦੀ ਸੀ ਜਿਵੇਂ ਕਿਸੇ ਚਿੱਟੀ ਬਰਫ਼-ਢੱਕੀ ਚੋਟੀ ਉੱਤੇ ਬੱਦਲ ਛਾ ਜਾਣ ਤੇ ਉਸ ਨੂੰ ਮਾਂਦ ਕਰ ਦੇਣ।

"ਸਭ ਕੇ ਮੱਧ ਸਗਲ ਤੇ ਉਦਾਸ"

ਸਿਆਣਿਆਂ ਪੰਡਤਾਂ ਅਤੇ ਸਿੱਖਿਆ ਦੇਣ ਵਾਲਿਆਂ ਨੀਤੀਵਾਨਾਂ ਨੇ

ਪਿਤਾ ਨੂੰ ਦ੍ਰਿੜਾ ਦਿੱਤਾ ਸੀ ਕਿ ਕਵਰ ਸਿੱਧਾਰਥ ਨੂੰ ਤਿਆਗ ਅਤੇ ਵੈਰਾਗ ਵਲੋਂ ਕਿਵੇਂ ਨਾ ਕਿਵੇਂ ਹੋੜ ਰਖਣਾ ਉਸ ਦੀ ਪਾਲਣਾ ਵਿਚ ਇਕ ਅਵਸ਼ਯ ਅੰਕ ਹੈ ਨਹੀਂ ਤਾਂ ਉਸ ਦੇ ਰਾਜ-ਪਾਠ ਤਿਆਗ ਕੇ ਬਨਬਾਸੀ ਜੋਗੀ ਹੋ ਜਾਣ ਦੀ ਪ੍ਰਬਲ ਸੰਭਾਵਨਾ ਹੈ। ਸੋ ਪਿਤਾ ਨੇ ਉਸ ਲਈ ਰੁੱਤਾਂ ਅਨੁਸਾਰ ਅਲਗ ਅਲਗ ਮਹਲ ਬਣਵਾ ਦਿਤੇ ਸਨ ਜਿਨ੍ਹਾਂ ਵਿਚ ਅਨੇਕਾਂ ਸਿਆਣੇ ਨੌਕਰ ਚਾਕਰ ਰੂਪਵੰਤ ਬਾਂਦੀਆਂ ਰਾਗੀ ਤੇ ਨਿਰਤਕਾਰ ਉਸ ਦਾ ਦਿਲ ਪਰਚਾਉਣ ਲਈ ਤਨੋ ਮਨੋ ਜੁਟੇ ਰਹਿੰਦੇ ਸਨ, ਮੰਤਵ ਏਹ ਸੀ ਕਿ ਸ਼ਾਹਜ਼ਾਦੇ ਸਿੱਧਾਰਥ ਦਾ ਦਿਲ ਇਕ ਪਲ ਭਰ ਭੀ ਖੇਲ ਤਮਾਸ਼ਿਆਂ ਦੇ ਰੰਗਾਂ ਅਤੇ ਦੁਨਿਆਵੀ ਚੋਜ਼ਾਂ ਵਿਚ ਮੇਲ੍ਹਣ ਤੋਂ ਸੱਖਣਾ ਨਾ ਜਾਵੇ।

ਮਹਲ ਕੀ ਸਨ ਚਿੰਤਾਤੁ ਪਿਤਾ ਨੇ ਸੁਵਰਗ ਬਣਵਾ ਦਿਤੇ ਸਨ। ਜਿਨ੍ਹਾਂ ਵਿਚ ਸਿੱਧਾਰਥ ਸਦਾ ਹੀ ਖੁਸ਼ੀਆਂ ਮਾਣਦਾ ਰਹੇ ਅਤੇ ਦੁਖ ਕਲੇਸ਼ ਦਾ ਉਸ ਨੂੰ ਗਿਆਨ ਹੀ ਨਾ ਹੋਵੇ। ਦਿਨੇ ਨਫ਼ਰਾਂ ਦੀ ਅਰਦਲ, ਬਾਗਾਂ ਵਿਚ ਚੁਹਲ, ਚੌਪਟ ਸ਼ਤਰੰਜ, ਹਵਾ ਨਾਲ ਬਿਦਣ ਵਾਲੇ ਘੋੜਿਆਂ ਦੀ ਸਵਾਰੀ। ਰਾਤ ਨੂੰ ਮਨਮੋਹਨੀਆਂ ਬਾਂਦੀਆਂ ਅਪਛੱਰਾਂ ਦੇ ਨਾਚ ਤੇ ਰੰਗ ਮੰਚ। ਏਸ ਨੀਤੀ ਨੂੰ ਸਿਰੇ ਚੜ੍ਹਾਉਣ ਲਈ ਸਿੱਧਾਰਥ ਦਾ ਵਿਆਹ ਮਹਾਂ ਸੁੰਦਰ ਰਾਜਪੁਤ੍ਰੀ ਦੇ ਸੁਅੰਬਰ ਵਿਚ ਰਚ ਦਿਤਾ ਗਿਆ। ਰਾਜਾ ਦੇ ਸਲਾਹਕਾਰਾਂ ਅਨੁਸਾਰ ਕੰਵਰ ਨੂੰ ਮੋਹ ਮਾਯਾ ਦੇ ਜਾਲ ਵਿਚ ਜਕੜਨ ਲਈ ਉਸ ਨੂੰ ਗ੍ਰਿਸਤ ਮਾਰਗ ਦਾ ਪੰਥੀ ਬਣਾ ਦੇਣਾ ਇਕ ਉਚ ਨੀਤੀ ਦਾ ਸਾਧਨ ਸਮਝਿਆ ਗਿਆ।

ਸੋ ਸੁਧੋਦਨ ਦਾ ਇਕਲੋਤਾ ਪੁਤ੍ਰ ਤੇ ਯਸ਼ੋਦਰਾ ਦਾ ਪਤੀ ਏਸ ਨਕਲੀ ਸੁਵਰਗ ਵਿਚ ਇਕ ਨਸ਼ੀਲੇ ਭੌਰੇ ਵਾਂਗ ਜੁਆਨੀ ਦੇ ਝੂਟੇ ਲੈਣ ਲਾ ਦਿਤਾ ਗਿਆ ਪਰ ਕਹਿੰਦੇ ਹਨ,

"ਸਹਸ ਸਿਆਣਪਾਂ ਲਖ ਹੋਇੰ ਤਾਂ ਇਕ ਨਾ ਚਲੈ ਨਾਲ"

ਭਲਾ ਭਾਵੀ ਨੂੰ ਵੀ ਕੋਈ ਇਸਤ੍ਰੀ ਜਾਯਾ ਟਾਲ ਸਕਦਾ ਹੈ ! ਇਕ ਦਿਨ ਸ਼ਹਜ਼ਾਦਾ ਅਪਣੇ ਸਵਰਗ ਧਾਮ ਦੇ ਮੈਦਾਨ ਵਿਚ ਬੈਠਾ ਹਵਾ ਲੈ ਰਿਹਾ ਸੀ ਕਿ ਇਕ ਬੱਗਾ ਹੰਸ ਫੜ ਫੜ ਕਰਦਾ ਅਸਮਾਨ ਵਿਚੋਂ ਉਸ ਦੇ ਪੈਰਾਂ ਕੋਲ ਆਣ ਲੱਥਾ। ਸੋਹਣੀ ਕੂਲੀ ਗਰਦਨ ਵਿਚ ਇਕ ਤੀਰ ਖੁਭਿਆ ਹੋਯਾ ਸੀ, ਵਿਚੋਂ ਲਾਲ ਰਤ ਦੀ ਧਾਰ ਵਗ ਰਹੀ ਸੀ, ਚੁੰਝ ਖੁੱਲੀ, ਸਾਹ ਚਲਦਾ ਸੀ ਪਰ ਦੁੱਖ ਨਾਲ। 'ਸੋਹਣੇ ਵਿਲਕਦੇ

ਪੰਖੀ ਨੂੰ ਜਾਨ ਤੋੜਦਾ ਵੇਖ ਕੇ ਸਿੱਧਾਰਥ ਦੇ ਜਿੰਦ-ਸਾਗਰ ਵਿਚ ਇਕ ਨਵੀਂ ਭਾਂਤ ਦੀ ਲਹਰ ਉਤਪੰਨ ਹੋਈ ਜੋ ਅਗੇ ਕਦੇ ਨਹੀਂ ਸੀ ਰਮਕੀ ਅਤੇ ਜਿਸ ਨੇ ਉਸ ਦੇ ਬੇਦਾਗ਼ ਤੇ ਨਿਰਛਲ ਹਿਰਦੇ ਵਿਚ ਤਰਥੱਲੀ ਪਾ ਦਿਤੀ। ਪੰਛੀ ਨੂੰ ਚੁੱਕਿਆ, ਤੀਰ ਕੱਢਿਆ, ਉਮਡੇ ਪਿਆਰ ਨਾਲ ਗਲ ਲਾ ਲਿਆ।

ਇਕ ਆਦਮੀ ਭੱਜਾ ਆਯਾ—"ਕੰਵਰ ਜੀ ਏਹ ਪੰਛੀ ਮੇਰੇ ਮਾਲਕ ਨੇ ਫੁੰਡਿਆ ਹੈ, ਦੇ ਦੇਉ।" "ਪੰਛੀ ਕਿਸ ਦਾ ? ਜੋ ਉਸ ਦੀ ਜਾਨ ਲਵੇ ਕਿ ਜੋ ਉਸ ਨੂੰ ਜਾਨ ਦੇਵੇ ?"

ਪੰਛੀ ਭਲਾ ਕਿਸ ਨੇ ਦੇਣਾ ਸੀ, ਪੰਛੀ ਨੇ ਸਿੱਧਾਰਥ ਦੀ ਦੁਨੀਆਂ ਵਿਚ ਇਕ ਨਵਾਂ ਫੁਰਨਾ ਉਪਜਾਯਾ ਜੋ ਪਹਲੋਂ ਕਦੇ ਨਹੀਂ ਸੀ ਫੁਰਿਆ। ਪੰਛੀ—ਫੱਟੜ ਪੰਛੀ– ਕਿਸੇ ਬੇਦਰਦ ਨੇ ਤੀਰ ਮਾਰਿਆ ਬੱਦਲਾਂ ਵਿਚ ਉਡਦੇ ਨੂੰ। ਏਹ ਕਿੱਥੋਂ ਆਯਾ, ਕਿੱਥੇ ਚਲਿਆ ਸੀ ? ਏਸ ਦੇ ਸਾਥੀ ? ਇਸ ਦੀ ਹਵਾਈ ਦੁਨੀਆਂ ? ਬਾਹਰਲੀ ਦੁਨੀਆਂ ? ਮਹਲ ਮਾੜੀਆਂ ਤੋਂ ਬਾਹਰਲੀ ਦੁਨੀਆਂ ? ਏਹ ਦੁਨੀਆਂ ਕੇਹੋ ਜਹੀ ਦੁਨੀਆਂ ਹੈ ? ਬਸ-ਸੰਕਲਪ ਕੀਤਾ ਕਿ ਮੈਂ ਸ਼ਹਰ ਵੇਖਣਾ ਹੈ।

ਡੌਂਡੀ ਪਿਟ ਗਈ, ਕੱਲ ਨੂੰ ਰਾਜਪੁਤ੍ਰ ਸਿੱਧਾਰਥ ਜੀ ਸ਼ਹਰ ਦਾ ਦੌਰਾ ਕਰਨਗੇ, ਘਰ ਬਾਰ ਮੁਹਾਰੇ ਸਭ ਸੁਥਰੇ ਹੋਣ। ਸੜਕਾਂ ਨੂੰ ਬੋਹਕਰ ਫਿਰਨ ਲਗੇ, ਪਰਜਾ ਨੇ ਬੂਹੇ ਬੜੇ ਸੰਬਰ ਦਿੱਤੇ, ਡਿਉੜ੍ਹੀਆਂ ਸਜਾ ਲਈਆਂ। ਲੰਗੜੇ ਲੂਲਿਆਂ ਨੂੰ ਓਲ੍ਹੇ ਬੈਠੇ ਰਹਣ ਦੀ ਤਾੜਨਾ ਹੋ ਗਈ। ਨਰ-ਨਾਰੀ ਸਜੀਲੇ ਬਸਤਰ ਪਾ ਕੇ ਸ਼ਹਜ਼ਾਦੇ ਨੂੰ ਜੀ ਆਇਆਂ ਆਖਣ ਅਤੇ ਉਸ ਦਾ ਦੀਦਾਰ ਦੇਣ ਲਈ ਘਰਾਂ ਬਾਜ਼ਾਰਾਂ ਕੋਠਿਆਂ ਉੱਤੇ ਰਜ ਕੇ ਖਲੋ ਗਏ। ਸਿੱਧਾਰਥ ਦੀ ਰੰਗ ਬਰੰਗੀ ਸਵਾਰੀ ਆਈ। "ਜੈ ਹੋ' ਦੀਆਂ ਆਵਾਜ਼ਾਂ ਨਾਲ ਉਸ ਦਾ ਸੁਆਗਤ ਹੋਯਾ ਤੇ ਜਲੂਸ ਸਾਰਾ ਸ਼ਹਰ ਭੌਂ ਕੇ ਮਹਲਾਂ ਨੂੰ ਮੁੜਨ ਲੱਗਾ ਸੀ ਕਿ ਫੇਟੇ ਦੇ ਮਾਰੇ ਹੋਏ ਇਕ ਬੁੱਢੇ ਨੂੰ ਚਾ ਉੱਠਿਆ ਰਾਜਪੁਤ੍ਰ ਨੂੰ ਵੇਖਣ ਦਾ ਉਹ ਰਹ ਨ ਸਕਿਆ, ਪਾਸੇ ਮਾਰਦਾ ਲੰਗੜਾਂਦਾ ਹੋਯਾ, ਡੰਗੋਰੀ ਦਾ, ਆਸਰਾ ਲੈ ਕੇ ਮੂੰਹ ਤੋਂ ਝੱਗ ਸੁਟਦਾ ਉਹ ਐਨ ਉਸ ਥਾਂ ਆ ਖਲੋਤਾ ਜਿੱਥੇ ਸ਼ਾਹੀ ਰਥ ਹਾਥੀਆਂ ਦਾ ਖਿਚਿਆ ਆ ਰਿਹਾ ਸੀ ਤੇ ਜਿਵੇਂ ਕਹਿੰਦੇ ਹਨ ਹੋਣੀ ਨਹੀਂ ਟਲਦੀ ਸਿੱਧਾਰਥ ਦੀਆਂ ਨਜ਼ਰਾਂ ਉਸ ਉੱਤੇ ਪਈਆਂ। ਵੇਖਦੇ ਸਾਰ ਸਵਾਰੀ ਰੋਕ ਦਿੱਤੀ ਗਈ। ਇਕ

ਬੁੱਢਾ ਗਰੀਬ ਅਧਰੰਗ ਦਾ ਰੋਗੀ। ਏਹ ਕੀ ? ਏਹੋ ਜੇਹੇ ਭੀ ਹੁੰਦੇ ਹਨ ?
ਹਾਂ ਜੀ ਆਦਮੀ ਬੁੱਢੇ ਹੋ ਜਾਂਦੇ ਹਨ, ਉਮਰ ਬਿਤਾ ਕੇ ਤੇ ਫੇਰ ?.. ਫੇਰ
ਮਰ ਜਾਂਦੇ ਹਨ।
ਕੀ ਮੈਂ ਭੀ ਬੁੱਢਾ ਹੋ ਜਾਣਾ ਹੈ ? ਅੱਗੋਂ ਸਭ ਚੁੱਪ, ਇਕ ਚੁੱਪ ਨੇ ਮਾਨੋ ਸੌ
ਵਕਤਿਆਂ ਦਾ ਕੰਮ ਕੀਤਾ ਤੇ ਸਿੱਧਾਰਥ ਨੂੰ ਆਪ ਫੁਰਨੇ ਫੁਰ ਗਏ। 'ਤੇ ਮਰ
ਕੇ ਫੇਰ ?'' ਸਰੀਰਾਂ ਨੂੰ ਅਗਨੀ ਭੇਟ ਕਰ ਦਿੱਤਾ ਜਾਂਦਾ ਹੈ। "ਬਸ ਕਿੱਸਾ ਮੁੱਕ
ਜਾਂਦਾ ਹੈ ?'' ਫੇਰ ਅੱਗੋਂ ਚੁਪ।
ਅਹਲਕਾਰ ਤੇ ਨਫ਼ਰ ਵਿਚਾਰੇ ਬੁੱਢੇ ਨੂੰ ਕੋਸਣ ਲੱਗੇ ਪਰ ਉਸ ਦਾ ਕੀ ਕਸੂਰ
ਸੀ। ਸਵਾਰੀ ਮਹਲਾਂ ਨੂੰ ਮੁੜ ਆਈ : ਸ਼ਹਰ ਨੂੰ ਦੇਖ ਕੇ ਸਿੱਧਾਰਥ ਨੂੰ ਇਕੋ
ਗੱਲ ਯਾਦ ਰਹੀ, ਉਹ ਭੈੜਾ ਕੋਝਾ ਬੁੱਢਾ ਰੋਗੀ ਏਸੇ ਤਰ੍ਹਾਂ ਇਕ ਦੋ ਵਾਰ ਫੇਰ
ਬਾਹਰ ਜਾ ਕੇ ਸਿੱਧਾਰਥ ਨੇ ਲੰਗੜੇ ਲੂਲੇ ਕੋੜ੍ਹੀ ਤੀਵੀਆਂ ਪੁਰਸ਼ ਡਿੱਠੇ, ਸ਼ਮਸ਼ਾਨ
ਭੂਮੀ ਵਿਚ ਸ਼ਰੀਰ ਦਾਹ ਹੁੰਦੇ ਵੇਖੇ, ਟੁੱਟੀਆਂ ਲੱਤਾਂ ਵਾਲੇ ਪਸ਼ੂ ਤੇ ਅੱਖਾਂ ਹੀਣ
ਜਾਨਵਰ ਜੀਵਨ ਪੰਧ ਨੂੰ ਦੁੱਖਾਂ ਵਿਚ ਕੱਟਦੇ ਵੇਖੇ। ਦੁਨੀਆਂ ਦੇ ਦੁੱਖਾਂ ਕਲੇਸ਼ਾਂ ਨੇ
ਹਿਰਦੇ ਉੱਤੇ ਐਨਾ ਭਾਰ ਪਾਯਾ ਕਿ ਮਹਲਾਂ ਦੀ ਜ਼ਿੰਦਗੀ ਇਕ ਸੂਲਾਂ ਦੀ
ਸੇਜ ਬਣ ਗਈ; ਵਧੇਰੇ ਇਸ ਕਰਕੇ ਕਿ ਦੁਨੀਆਂ ਦੇ ਰਾਗ ਰੰਗ ਮੇਲ ਮੋਹ
ਪਿਆਰ ਇਕ ਵਲ ਧੂਹੰਦੇ ਸਨ, ਦੁਨੀਆਂ ਦਾ ਨਾਂ-ਰਹਣਾ ਅੰਸ਼ ਇਸ ਦੇ ਭੁਲੇਖੇ
ਇਸਦੀ ਘਰ ਘਰ ਬਲਦੀ ਕਸ਼ਟਾਂ ਦੀ ਅੱਗ ਦੂਜੇ ਪਾਸੇ ਖਿਚ ਪਾ ਰਹੀ ਸੀ।
ਰਾਤ ਨੂੰ ਸੁੱਤਾ ਪਿਆ ਸਿੱਧਾਰਥ ਕੁਰਲਾ ਕੁਰਲਾ ਕੇ ਜਾਗ ਪੈਣ ਲੱਗਾ, ਰੇਸ਼ਮੀ
ਸੇਜਾਂ ਉੱਤੇ ਪਈ ਰਾਣੀ ਉਠ ਉਠ ਕੇ ਦਿਲਾਸਾ ਦੇਣ ਲੱਗੀ। "ਪਤੀ ਜੀ ਕੀ
ਹੋਯਾ ? ਕੋਈ ਭੈੜਾ ਸੁਪਨਾ ਆਯਾ ?'' "ਹਾਂ ਯਸ਼ੋਧਰਾ ਔਹ ਵਖ ਦੁਨੀਆਂ
ਕੁਰਲਾ ਰਹੀ ਹੈ, ਕਸ਼ਟਾਂ ਵਿਚ ਭਰਮਾਂ ਦੇ ਸਾਗਰਾਂ ਵਿਚ, ਔਹ ਵੇਖ ਭਾਂਬੜ ਮਚ
ਰਹੇ ਹਨ। ਕੋਈ ਬਚਾਵੇ ਤੇ ਰਾਹ ਦੱਸੇ। ਯਸ਼ੋਧਰਾ ਮੇਰਾ ਦਿਲ ਤਰਸ ਤੇ
ਦਰਦ ਨਾਲ ਲੂਹਿਆ ਜਾ ਰਿਹਾ ਹੈ। ਯਸ਼ੋਧਰਾ ਛਡ ਮੈਨੂੰ ਜਾਣ ਦੇਹ, ਮੈਨੂੰ
ਆਪਣਾ ਕਰਮ ਸੰਭਾਲਣ ਦੇਹ ਏਸ ਅੜੌਣੀ ਨੂੰ ਫਰੋਲਣ ਦੇ।''
ਬਸ ਮਹਲਾਂ ਵਿਚ ਉਪਰੋਂ ਉਪਰੋਂ ਵੇਖਣ ਨੂੰ ਸਭ ਕੁਛ ਠੀਕ ਸੀ ਪਰ
ਵਾਸਤਾ ਵਿਚ ਸ਼ਹਜ਼ਾਦੇ ਸਿੱਧਾਰਥ ਦੇ ਤਿਆਗ ਦਾ ਆਰੰਭ ਦਿਲਾਂ ਵਿਚ ਹੋ
ਚੁਕਾ ਸੀ। ਸਭ ਤੋਂ ਵੱਧ ਉਸ ਪ੍ਰੇਮਣ ਨੂੰ ਆਉਣ ਵਾਲੇ ਵਿਯੋਗ ਤੇ ਸੁੰਨੀ ਸੇਜ

ਦਾ ਭੈ ਦਿਨ ਰਾਤ ਖਾਣ ਲੱਗਾ ਜੋ ਨਿਤਪ੍ਰਤੀ ਵੇਖ ਰਹੀ ਸੀ ਕਿ ਕਿਵੇਂ ਉਸ ਦੇ ਪਤੀ ਦੇ ਤੌਰ ਬਦਲ ਰਹੇ ਸਨ ਤੇ ਕਿਵੇਂ ਉਸ ਨੂੰ ਸੁੰਦਰ ਰੂਪ ਰਾਗ ਰੰਗ ਤੇ ਮਹਲਾਂ ਦੇ ਚਹਲ ਪਹਲ ਤੋਂ ਉਦਾਸੀ ਆ ਰਹੀ ਸੀ।

ਆਖਰ ਜੁਦਾਈ ਦੀ ਘੜੀ ਆਣ ਪੁਜੀ। ਅੱਧੀ ਰਾਤ, ਮਹਲਾਂ ਵਿਚ ਚੁੱਪ, ਸ਼ਾਂਤ, ਕੇਵਲ ਬਲਦੀਆਂ ਧੂਪਾਂ ਤੇ ਅਤਰ ਫਲੇਲ ਦੀਆਂ ਸੁਗੰਧੀਆਂ ਪਹਰਾ ਦੇ ਰਹੀਆਂ ਸਨ। ਬਾਂਦੀਆਂ ਵਿਛਿਆਂ ਕਲੀਨਾਂ ਉੱਤੇ ਡਾਲੀਆਂ ਤੋਂ ਟੁਟੀਆਂ ਕਲੀਆਂ ਵਾਂਗ ਥਾਂ ਥਾਂ ਬਿਖਰੀਆਂ ਪਈਆਂ ਸੁਫਨੇ ਲੈ ਰਹੀਆਂ ਸਨ। ਸਾਰੇ ਸ਼ਾਂਤੀ ਤੇ ਬੇਸੁਧੀ ਵਰਤ ਰਹੀ ਸੀ ਧਰ ਇਕ ਦਿਲ ਸੀ ਜੋ ਏਸ ਭੁਲੇਖੇ ਤੋਂ ਨਿੱਕਲ ਕੇ ਅਸਮਾਨੀ ਗੁੰਝਲਾਂ ਖੋਲ੍ਹਣ ਵਲ ਨੂੰ ਫੜ ਫੜ ਕਰਨਾ ਲੋਚ ਰਿਹਾ ਸੀ। ਉਸ ਲਈ ਨੀਂਦ ਕਿੱਥੋਂ। ਜਿਨ੍ਹਾਂ ਨੂੰ ਬੁੱਝਣਾ ਬੁਝਣ ਦੀ ਲਿਵ ਲਗ ਚੁਕੀ ਸੀ ਉਨ੍ਹਾਂ ਨੂੰ ਇਸ ਪਰੀ ਬਲਾ ਤੋਂ ਛੁਟਕਾਰਾ ਕਿਵੇਂ ਹੁੰਦਾ। ਸਿੱਧਾਰਥ ਜਾਗਿਆ ਤੇ ਉਠ ਬੈਠਾ। ਬਰਾਬਰ ਦੀ ਸ਼ਹਜਾਦੀ ਯਸ਼ੋਧਰਾ ਨਵੇਂ ਜਨਮੇ ਪੁਤ੍ਰ ਨੂੰ ਛਾਤੀ ਨਾਲ ਲਾਈ ਪਈ ਸੀ। ਸੁਤੀ ਉਹ ਭੀ ਨਹੀਂ ਸੀ। ਸੌਣ ਦਾ ਸੁਆਂਗ ਲਾ ਰਹੀ ਸੀ। ਉਸ ਨੂੰ ਪਤਾ ਸੀ ਭਾਣੀ ਦੇ ਵਰਤਣ ਦਾ, ਅੱਖਾਂ ਦੇ ਭਿੰਮਨਾਂ ਵਿਚੋਂ ਉਠ ਬੈਠੇ ਪਤੀ ਵਲ ਵੇਖ ਰਹੀ ਸੀ। ਦੋਵੇਂ ਦਿਲ ਧੜਕ ਰਹੇ ਸਨ ਦੋਵੇਂ ਸਰੀਰ ਗ੍ਰਹਨ ਵਸ ਹੋ ਰਹੇ ਸਨ ਇਕਸੇ ਹੋਣੀ ਦੇ ਪਰਛਾਵੇਂ ਨਾਲ ਆਖਰ ਜੋਤ ਤਾਂ ਇਕੋ ਸੀ ਨਾਂ।

ਖਬਰੇ ਕਦੋਂ ਤੋਂ ਸਿਧਾਰਥ ਏਸ ਘੜੀ ਦੀ ਉਡੀਕ ਵਿਚ ਆਪਣੇ ਸੰਕਲਪਾਂ ਨੂੰ ਤਕੜੇ ਸੰਗਲਾਂ ਨਾਲ ਜਕੜਨ ਦੇ ਉਪਰਾਲੇ ਕਰ ਰਿਹਾ ਸੀ। ਖਬਰੇ ਕਦੋਂ ਤੋਂ ਬਸ ਅਣਹੋਣੇ ਪਲ ਵਿਚ ਬੰਧਨਾਂ ਨੂੰ ਭੰਨ ਤੋੜ ਕੇ ਮੁਕਤ ਹੋ ਨਿਕਲਣ ਦੀਆਂ ਵਿਧੀਆਂ ਦੇ ਨਕਸ਼ੇ ਬਣਾ ਰਿਹਾ ਸੀ। ਇਕ ਪਾਸੇ ਮਰਦਊ ਪੂਰਨ ਤਿਆਗ ਨਾਲ ਵੱਟੇ ਹੋਏ ਧਾਰਨੇ ਮਹਲਾਂ ਮਾੜੀਆਂ ਤੋਂ ਉੱਕਿਆ ਦਿਲ ਦੁਖੀ ਦੁਨੀਆਂ ਦੇ ਦਰਦ ਵੰਡਉਣ ਅਤੇ ਔਖਧੀ ਲੱਭਣ ਦੀ ਚੇਸ਼ਟਾ ਦੂਜੇ ਪਾਸੇ ਕੋਮਲ ਰੂਪਵੰਤ ਨਾਰੀ ਦੀ ਮੋਹ ਫਾਸ, ਨਵੀਂ ਜਿੰਦ ਦਾ ਧੜਕਦਾ ਦਿਲ ਤੇ ਉਸ ਦੀ ਜਨਮਾਂਤ੍ਰੀ ਖਿੱਚ ਸਿਧਾਰਥ ਦੇ ਦਿਲ ਨੇ ਆਖਿਆ ਇਕ ਵਾਰ ਅਪਨੇ ਜਾਏ ਦਾ ਮੂੰਹ ਚੁੰਮ ਲਵੇ। ਪਰ ਦੂਜੇ ਪਾਸਿਓਂ ਆਵਾਜ਼ ਆਈ, ਖਬਰਦਾਰ ਭੁਲੇਖੇ ਹਨ ਪਿਓ ਕੌਣ ਤੇ ਪੁਤ੍ਰ ਕੌਣ। ਮਾਂ ਵਿਚਾਰੀ ਏਸ ਚੁਪਚੁਪੀਤੇ ਘੋਲ ਨੂੰ ਅਧਮੀਚੀਆਂ

ਅੱਖਾਂ ਵਿਚੀਂ ਦੇਖ ਰਹੀ ਸੀ, ਕੁਛ ਆਸ ਭੀ ਸੀ ਪਰ ਨਿਰਾਸਤਾ ਨੇੜੇ ਜਾਪਦੀ ਸੀ।

ਕਈ ਮਹੀਨਿਆਂ ਤੋਂ ਬੱਦਲ ਘਿਰ ਰਹੇ ਸਨ ਆਖਰ ਮੀਂਹ ਭੀ ਪੈਣਾ ਸੀ, ਪਰ ਕੀ ਪਤਾ ਬੱਦਲ ਟਿਕ ਜਾਣ। ਯਸ਼ੋਧਰਾ ਨਾਲ ਗਲ ਬਾਤ ਦਾ ਰੁਖ—ਬਣ ਰਿਹਾ ਰੁਖ—ਸਾਫ ਪ੍ਰਤੀਤ ਕਰਾ ਰਿਹਾ ਸੀ ਏਹ ਰਾਗ, ਏਹ ਰੰਗ ਇਹ ਤਮਾਸ਼ੇ ਏਹ ਮੋਹਨੀਆਂ ਸਭ ਪਰਛਾਂਵੇਂ ਹਨ ਨਾ ਰਹਣੇ ਅਲੋਪ ਹੋ ਜਾਣ ਵਾਲੇ। ਸੁੱਖ ਕਿਥੇ ਹਨ ਏਸ ਦੁਨੀਆਂ ਵਿਚ—ਨਿੱਵਣ ਵਾਲੇ ਸੁਖ—ਕਿਤੇ ਭੀ ਨਹੀਂ। ਏਹ ਰਮਜ਼ਾਂ ਇਹ ਗੱਲਾਂ ਹਰ ਰੋਜ਼ ਯਸ਼ੋਧਰਾ ਦੇ ਕੰਨਾਂ ਵਿਚ ਪੈ ਰਹੀਆਂ ਸਨ ਪਰ ਆਸਾਂ ਭਰੀ, ਮਾਂ ਬਣਨ ਵਾਲੀ ਰਾਜਪਤੀ ਨੂੰ ਪੈਰਾਂ ਹੇਠੋਂ ਜ਼ਮੀਨ ਦਾ ਨਿੱਕਲ ਜਾਣਾ ਇਕ ਅਣਹੋਣੀ ਗੱਲ ਜਾਪਦੀ ਰਹੀ।

ਆਖਰ ਮਰਦ ਮਰਦ ਹੀ ਨਿੱਕਲਿਆ, ਇਸਤ੍ਰੀ ਦੀਆਂ ਆਸਾਂ ਹਵਾ ਹੋ ਗਈਆਂ। ਸਿੱਧਾਰਥ ਨੇ ਮਲਕੜੇ ਜਹੇ ਰੇਸ਼ਮ ਤੇ ਮਖਮਲਾਂ ਦੇ ਕੜ ਜਾਲ ਪੈਰਾਂ ਤੋਂ ਛੰਡੇ ਤੇ ਉੱਠ ਤੁਰਿਆ। ਖਬਰੇ ਬਾਉਲੀ ਯਸ਼ੋਧਰਾ ਨੂੰ ਕੀ ਹੋ ਗਿਆ। ਭਾਵੀ ਦੀ ਸੱਟ ਨਾਲ ਸਹਮੀ ਮੂੰਹੋਂ ਕੁਛ ਨਾ ਕਹ ਸਕੀ ਵਰਜਣ ਵਾਲਾ ਹੱਥ ਚੁਕ ਨਾਂ ਸਕੀ ਤੇ ਸਿੱਧਾਰਥ ਚਾਰੇ ਪਾਸੇ ਅਪਣੇ ਪਰਛਾਵੇ ਦੇ ਜੀਊਂਦੇ ਤੇ ਨਿਰਜੀਉ ਸਾਮਾਨਾਂ ਵਲ ਤੱਕਦਾ ਨਿੱਕਲ ਤੁਰਿਆ ਜਿਵੇਂ ਆਖਰੀ ਘੜੀ ਵਿਚ ਭੌਰ ਸਭ ਕੁਛ ਸੁਟਕੇ ਅਪਨੇ ਧਰੂ ਤਾਰੇ ਵਲ ਤੁਰ ਪੈਂਦਾ ਹੈ। ਜਿਉਂ ਜਿਉਂ ਰੋਕ ਤੇ ਅਟਕਾਰ ਦੇ ਸਾਮਾਨ ਦੂਰ ਹੋ ਰਹੇ ਸਨ ਸਿੱਧਾਰਥ ਦਾ ਕਦਮ ਤੇਜ ਹੋ ਰਿਹਾ ਸੀ, ਹੌਲਾ ਹੋ ਰਿਹਾ ਸੀ। ਡਿਉੜੀ ਉੱਤੇ ਪਹੁੰਚ ਕੇ ਨਫ਼ਰ ਨੂੰ ਹੁਕਮ ਦਿਤਾ 'ਮੇਰਾ ਘੋੜਾ'। ਘੋੜਾ ਆ ਗਿਆ ਤੇ ਸਿਧਾਰਥ ਬਲਾਕ ਮਾਰ ਕੇ ਰਾਜ ਪਾਠ ਰਾਣੀ ਪੁਤ੍ਰ ਬਾਂਦੀਆਂ ਤੇ ਸਾਰੇ ਜੀ ਪਰਚਾਵੇ ਛੱਡ ਕੇ ਬਣ ਦੇ ਹਨੇਰੇ ਵਿਚ ਅਲੋਪ ਹੋ ਗਿਆ। ਨਹੀਂ ਨਹੀਂ ਹਨੇਰੇ ਵੱਲ ਨਹੀਂ ਚਾਨਣ ਵਲ, ਦੁਨੀਆਂ ਦੇ ਭਾਰ ਹੌਲੇ ਕਰਨ ਵਲ, ਦੁਖੀਆਂ ਦੇ ਦਰਦ ਮਿਟਾਉਣ ਲਈ ਸੱਚ ਦਾ ਸੂਰਜ ਚਾੜ੍ਹਨ ਲਈ, ਆਪਣੀ ਦਯਾ ਤੇ ਉਦਾਰਤਾ ਨਾਲ ਜੱਗ ਨੂੰ ਤਾਰਣ ਲਈ।

ਬੁੱਧ ਜੀ ਦੇ ਪੁਰਾਣੇ ਕਿੱਸਿਆਂ ਵਿਚ ਬਿਆਨ ਕਰਦੇ ਹਨ ਕਿ ਯਸ਼ੋਧਰਾ ਕਮਲੀ ਜੇਹੀ ਹੋਈ ਆਪਣੇ ਨਾਲ ਦੋ ਤਿੰਨ ਸੌ ਬਾਂਦੀਆਂ ਨੂੰ ਲੈ ਕੇ ਉਸ ਨੂੰ ਭਾਲਣ ਤੁਰ ਪਈ। ਅੱਗੇ ਅੱਗੇ ਉਦਾਸੀ ਦਾ ਫੱਟਿਆ ਰਾਂਝਣ ਤੇ ਮਗਰ ਹੀਰਾਂ

ਦੀ ਵਹੀਰ। ਰਾਣੀ ਤੇ ਬਾਂਦੀਆਂ ਨੇ ਭਾਂਤ ਭਾਂਤ ਦੇ ਮੋਹ ਜਾਲ ਪਾਏ ਪਰ ਬੁੱਧ ਆਪਣੇ ਹਠ ਵਿਚ ਕਾਇਮ ਰਿਹਾ। ਜਾਂਦੇ ਜਾਂਦੇ ਨੇ ਡਿੱਠਾ ਕਿ ਇਕ ਤੀਰ-ਸਾਜ ਕਾਰੀਗਰ ਕਮਾਣ ਦੀ ਬਨਾਵਟ ਨੂੰ ਇਕ ਅੱਖ ਬੰਦ ਕਰਕੇ ਵੇਖਦਾ ਸੀ। ਥੋੜੀ ਜੇਹੀ ਸੁਧਾਈ ਕਰਕੇ ਫੇਰ ਸਿਕ ਅੱਖ ਮੂੰਦ ਕੇ ਦੂਜੀ ਨਾਲ ਵੇਖੇ। ਬੁੱਧ ਨੇ ਪ੍ਰਸ਼ਨ ਕੀਤਾ ਏਹ ਤੂੰ ਕੀ ਕਰਦਾ ਹੈਂ, ਇਕ ਅੱਖ ਨਾਲੋਂ ਦੋ ਨਾਲ ਵਧੇਰੇ ਦਿੱਸਿਆ ਕਰਦਾ ਹੈ। ਕਾਰੀਗਰ ਬੋਲਿਆ ਜਦ ਕਿਸੇ ਚੀਜ਼ ਨੂੰ ਪੂਰੇ ਕਮਾਲ ਤੇ ਪੁਚੌਣਾ ਹੋਵੇ ਉਥੇ ਦੋ ਦਾ ਕੰਮ ਨਹੀਂ ਇਕ ਹੀ ਵਰਤਣੀ ਚਾਹੀਦੀ ਹੈ। ਜੇ ਕਰ ਮੈਂ ਤੀਰ ਦੇ ਵਿੰਗ ਟੇਢ ਦੋ ਅੱਖਾਂ ਨਾਲ ਵੇਖਣ ਲਗਾਂ ਮੇਰੀਆਂ ਅੱਖਾਂ ਵਿਚ ਬੇ-ਲੋੜੀਆਂ ਹੋਰ ਚੀਜ਼ਾਂ ਆ ਕੇ ਮੇਰੀ ਨਜ਼ਰ ਨੂੰ ਅਲਝੜੇ ਵਿਚ ਪਾ ਦੇਣਗੀਆਂ। ਜਦ ਮਨ ਵਿਚ ਦੇ ਸੰਕਲਪ ਨੂੰ ਕਮਾਲ ਦੀ ਚੋਟੀ ਉੱਤੇ ਪੁਚੌਣਾ ਹੋਵੇ ਤਦ ਦੋ ਚਿੱਤ ਨਹੀਂ ਚਾਹੀਦੇ ਇਕੋ ਚਿੱਤ ਰਖਣਾ ਚਾਹੀਏ। ਬੁੱਧ ਦਾ ਜੋਗੀਆ ਬਾਣਾ ਵੇਖ ਕੇ ਕਾਰੀਗਰ ਬੋਲਿਆ ਤੂੰ ਚੰਗਾ ਸਾਧ ਹੈਂ, ਸੰਕਲਪ ਜੋਗੀਆਂ ਵਾਲਾ ਧਾਰੀ ਬੈਠਾ ਹੈਂ ਤੇ ਮਗਰ ਰੰਨਾਂ ਦੀ ਹੇੜ ਲਾਈ ਫਿਰਦਾ ਹੈਂ। ਬੁੱਧ ਨੂੰ ਏਸ ਕਟਾਖ ਨੇ ਹੋਰ ਪੱਕਿਆਂ ਕਰ ਦਿਤਾ।

ਅਗੇ ਗਿਆ ਤਾਂ ਇਕ ਨਵਹੇਲੀ ਖ਼ੇਲ ਰਹੀ ਸੀ। ਇਕ ਬਾਂਹ ਵਿਚ ਦੋ ਚੂੜੀਆਂ ਚਾਂਦੀ ਦੀਆਂ ਦੂਜੀ ਵਿਚ ਸੋਨੇ ਦੀ ਇਕ, ਜਦ ਖੇਲੇ ਤਾਂ ਚਾਂਦੀ ਦੀਆਂ ਚੂੜੀਆਂ ਖੜਕਣ। ਬੁਧ ਪੁਛ ਬੈਠਾ ਦੋ ਖੜਕਦੀਆਂ ਹਨ ਸੋਨੇ ਦੀ ਚੂੜੀ ਛਣਕਦੀ ਨਹੀਂ—ਉੱਤਰ ਮਿਲਿਆ ਕਿ ਮੇਰੀ ਸੋਨੇ ਦੀ ਇਕੱਲੀ ਵੰਗ ਉਨ੍ਹਾਂ ਪੁਜੇ ਸਾਧਾਂ ਵਾਂਗ ਹੈ ਜੋ ਦੁਨੀਆਂ ਤਜ ਕੇ ਫਿਰ ਕਿਸੇ ਦੀ ਝਾਕ ਨਹੀਂ ਕਰਦੇ, ਤੇਰੇ ਵਾਂਗ ਨਹੀਂ ਕਿ ਕਪੜੇ ਭਗਵੇ ਪਾ ਲਏ ਤੇ ਮਗਰ ਕੁੜੀਆਂ ਲਾ ਲਈਆਂ। ਏਸ ਉੱਤਰ ਨਾਲ ਬੁਧ ਦੇ ਦਿਲ ਵਿਚ ਜੋ ਮਾੜੀ ਮੋਟੀ ਢਿੱਲ ਸੀ ਜਾਂਦੀ ਰਹੀ।

ਜਦ ਬੁੱਧ ਨੇ ਵੇਖਿਆ ਕਿ ਯਸ਼ੋਧਰਾ ਤੇ ਉਸ ਦੀਆਂ ਬਾਂਦੀਆਂ ਪਿੱਛਾ ਨਹੀਂ ਛਡਦੀਆਂ ਤਾਂ ਇਕ ਬਿਰਛ ਨਾਲੋਂ ਟਾਹਣੀ ਤੋੜ ਕੇ ਉਹ ਯਸ਼ੋਧਰਾ ਕੋਲ ਢੁਕਿਆ ਤੇ ਆਖਣ ਲੱਗਾ, "ਵੇਖ ਯਸ਼ੋਧਰਾ ਕਿ ਇਹ ਟਾਹਣੀ ਮੁੜ ਕੇ ਜੁੜ ਸਕਦੀ ਹੈ ?—ਬਸ ਏਸੇ ਤਰ੍ਹਾਂ ਮੈਂ ਮੁੜ ਕੇ ਉਹੀ ਸਿੱਧਾਰਥ ਨਹੀਂ ਬਣ ਸਕਦਾ।" ਇਹ ਆਖ ਕੇ ਬੁਧ ਤੁਰ ਪਿਆ ਤੇ ਯਸ਼ੋਧਰਾ ਵਿਚਾਰੀ ਨਿਰਾਸ ਹੋ ਕੇ ਮਹਲਾਂ ਨੂੰ ਤੁਰ ਆਈ।

ਕੁਛ ਸਮਾਂ ਬੁੱਧ ਉਸ ਵੇਲੇ ਦੇ ਬਾਣ ਪ੍ਰਸਤਾਂ ਵਾਲੇ ਢੰਗ ਨਾਲ ਤਪ ਸਾਧਨ ਕਰਦਾ ਰਿਹਾ। ਸਰੀਰ ਸੁਕ ਕੇ ਪਿੰਜਰ ਬਣ ਗਿਆ ਤੇ ਰੱਬ ਅਜੇ ਭੀ ਨਾ ਬਹੁੜਿਆ। ਆਖਰ ਇਕ ਦਿਨ ਸੁਤੇ ਸਿੱਧ ਅੰਦਰੋਂ ਅਜੇਹਾ ਚਾਨਣ ਹੋਯਾ ਭਲਾ ਸਰੀਰ ਨੂੰ ਸੁਕਾ ਦੇਣ ਨਾਲ ਬੁੱਧੀ ਜਿਸ ਰਾਹੀਂ ਸੱਚ ਪਾਉਣਾ ਹੈ ਕਿਵੇਂ ਪੂਰਾ ਕੰਮ ਕਰ ਸਕਦੀ ਹੈ ? ਚੌਕੜੀ ਛੱਡ ਕੇ ਖਾਣ ਪੀਣ ਲੱਗ ਪਿਆ ਤੇ ਫਿਰਦਾ ਫਿਰਦਾ ਗਯਾ ਦੇ ਵਣਾਂ ਵਿਚ ਇਕ ਬੋਧੀ ਬਿਰਛ ਹੇਠ ਆਸਣ ਜਮਾ ਕੇ ਬੈਠ ਗਿਆ, ਸ਼ਾਂਤ ਨਿਰਾਸ ਨਿਰਵਿਕਲਪ।

ਸਰੀਰ ਨੂੰ ਕਸ਼ਟ ਦੇ ਕੇ ਪਿੰਜਰ ਬਨਾਣ ਦਾ ਕੀ ਲਾਭ ? ਭਾਂਤ ਭਾਂਤ ਦੇ ਹਠ ਧਾਰ ਕੇ ਸਰੀਰਕ ਅੰਗਾਂ ਨੂੰ ਸੁੱਕੇ ਸੜੇ ਪੱਤਿਆਂ ਵਾਂਗ ਕਰ ਦੇਣ ਨਾਲ ਸੋਝੀ ਤੇ ਬੁੱਧੀ ਤਾਂ ਤਿੱਖੀ ਨਹੀਂ ਹੋ ਜਾਂਦੀ। ਜੀਵਨ ਦੀ ਅੜਉਣੀ ਦੀ ਗੰਢ ਤਾਂ ਕਿਸੇ ਅੰਦਰਲੀ ਸੋਝੀ ਦੇ ਜਾਗ ਪੈਣ ਨਾਲ ਹੀ ਖੁਲ੍ਹ ਸਕੇਗੀ। ਇਸ ਪ੍ਰਕਾਰ ਦੇ ਖਿਆਲਾਂ ਦੇ ਆ ਜਾਣ ਨਾਲ ਬੁੱਧ ਨੇ ਤਪੱਸੀਆਂ ਹਠੀਆਂ ਬਾਣਪ੍ਰਸਤਾਂ ਵਾਲਾ ਰਾਹ ਛੱਡਿਆ, ਸਰੀਰ ਨੂੰ ਭੁਖ ਤੇਹ ਵਰਤ ਆਦਕ ਸੰਜਮਾਂ ਦੇ ਕਠਨ ਸਾਧਨਾਂ ਤੋਂ ਛੁਟਕਾਰਾ ਦੇ ਕੇ ਆਪਣਾ ਜੀਵਨ ਇਕ ਵਿਚਾਰਵਾਨ ਪੁਰਸ਼ ਵਾਂਗ ਬਿਤਾਉਣ ਲਈ ਇਕ ਬੋਹੜ ਹੇਠ ਡੇਰੇ ਲਾ ਕੇ ਬਹਿ ਗਿਆ। ਸਰੀਰ ਨੂੰ ਰੱਖਣ ਲਈ ਸੰਜਮ ਦਾ ਆਹਾਰ ਫੇਰੀ ਪਾ ਕੇ ਲੈ ਆਯਾ ਕਰੇ ਆਉਂਦਿਆਂ ਜਾਂਦਿਆਂ ਨਾਲ ਸਾਧਾਰਨ ਬਚਨ ਬਿਲਾਸ ਕਰ ਲਿਆ ਕਰੇ ਪਰ ਆਪਣੀ ਭਾਲ ਨੂੰ ਦਿਨ ਰਾਤ ਸੁੱਤਾ ਜਾਗਦਾ ਸੰਝ ਸਵੇਰ-ਆਪਣੀ ਅੰਤ੍ਰੀਵ ਭਾਲ ਨੂੰ ਇਕ ਸਦਾ ਜਾਗਦੀ ਜੋਤ ਵਾਂਗ ਜਗਾਈ ਰਖੇ।

ਕਈ ਸਾਲਾਂ ਦੇ ਅਜੇਹੇ ਪੂਰਨ ਤਿਆਗ ਹੌਸਲੇ ਭਰੇ ਸ਼ਾਂਤ ਜੀਵਨ ਨਾਲ ਬੁੱਧ ਨੂੰ ਉਹ ਚਾਨਣ ਹੋਯਾ ਜਿਸ ਨਾਲ ਦੁਨੀਆਂ ਆਪੇ ਉਸ ਵਲ ਧੂਹੀ ਗਈ ਜਿਵੇਂ ਪਾਣੀ ਦੇ ਤਿਹਾਏ ਜਲ ਦੇ ਸੋਮੇ ਵੱਲ ਨੂੰ ਖਿਚ ਜਾਂਦੇ ਹਨ। ਉਸ ਦੇ ਦਰਸ਼ਨਾਂ ਨਾਲ ਲੋਕਾਂ ਨੂੰ ਠੰਡ ਪੈਣ ਲਗ ਪਈ ਤੇ ਉਸ ਦੇ ਬਚਨਾਂ ਨਾਲ ਦੁਖੀ ਦੁਨੀਆਂ ਦੀ ਜਲਣ ਬੁਝਣ ਲਗ ਪਈ। ਸੁਲਝੀ ਕੁੰਡਲਨੀ ਨਾਲ ਬੁੱਧ ਜੀ ਦੇ ਲੂੰ ਲੂੰ ਤੋਂ ਸ਼ਾਂਤੀ ਦਯਾ ਠੰਢ ਦਯਵੀਂ ਆਨੰਦ ਵਗਣ ਲਗਾ ਜਿਸ ਨਾਲ ਦਰਸ਼ਕਾਂ ਨੂੰ ਉਹ ਨਿੱਘ ਪ੍ਰਾਪਤ ਹੋਣ ਲਗ ਪਿਆ ਜਿਵੇਂ ਸੂਰਜ ਦੀਆਂ ਕਿਰਨਾਂ ਤੋਂ ਪ੍ਰਾਣੀਆਂ ਨੂੰ ਠੰਢ ਤੋਂ ਮੁਕਤੀ ਪ੍ਰਾਪਤ ਹੁੰਦੀ ਹੈ। ਸ਼ਰਧਾ ਤੇ ਪਿਆਰ ਨਾਲ ਨੇੜੇ ਆਉਣ ਵਾਲਿਆਂ ਨੂੰ ਸਾਖਿਆਤ ਪ੍ਰਤੀਤ ਹੋਣ ਲਗਾ ਕਿ ਧੁਰ ਦੀ ਸੋਝੀ ਵਾਲਾ

ਕੋਈ ਅਗਮ ਕਥਾ ਸੁਣਾ ਰਿਹਾ ਹੈ।

ਮੁਢਲਾ ਤੇ ਵੱਡਾ ਗਿਆਨ ਉਸ ਨੂੰ ਏਹ ਹੋਯਾ ਕਿ ਮਨੁਖੀ ਜੀਵਨ ਦਾ ਅੰਸ਼ ਹੀ ਦੁੱਖ ਹੈ· ਜੰਮਣ ਦੁਖ, ਮਰਨ ਦੁਖ, ਬੁਢੇਪਾ ਦੁਖ, ਰੋਗ ਦੁਖ ਪਿਆਰੇ ਦਾ ਵਿਛੋੜਾ ਦੁਖ ਦੁਖਿਆਰੇ ਨਾਲ ਮੇਲ ਦੁਖ ਆਦਿ ਲੋੜੀਂਦੀ ਵਸਤ ਨਾ ਪ੍ਰਾਪਤ ਹੋਣਾ ਦੁਖ ਕਮ ਅਨਲੋੜੀਂਦੀ ਦੀ ਪ੍ਰਾਪਤੀ ਦੁਖ ਗੱਲ ਕੀ ਮਨੁੱਖੀ ਜੀਵਨ ਦੀ ਨੀਂਹ ਦੁਖ ਉਤੇ ਹੈ। ਏਸ ਦੁਖ ਦਾ ਮੂਲ ਕਾਰਣ ਕੀ ਹੈ। ਮੂਲ ਕਾਰਨ ਮਨੁਖੀ ਕਾਂਖਾ ਹੈ। ਤਾਂ ਤੇ ਕਾਂਖਾ ਦੇ ਤਿਆਗ ਤੋਂ ਦੁਖ ਨੇੜੇ ਨਹੀਂ ਭਟਕਦੇ ਕਾਂਖਾ ਤੋਂ ਮਨੁਖੀ ਜਨਮ ਹੁੰਦਾ ਹੈ, ਜਨਮ ਜਨਮ ਦੇ ਲੇਖੇ ਪੈਂਦੇ ਹਨ ਤੇ ਦੁਖ ਸਹੇੜੇ ਜਾਂਦੇ ਹਨ ਤਾਂ ਤੇ ਮੁਕਤੀ ਦੀ ਪ੍ਰਾਪਤੀ ਦਾ ਉਹ ਅਸ਼ਟ ਪੱਖੀ ਮਾਰਗ ਹੈ, ਸ਼ੁਭ ਨਦਰ ਸ਼ੁਭ ਵਿਚਾਰ ਸ਼ੁਭ ਬੋਲ, ਸ਼ੁਭ ਕਰਮ, ਸ਼ੁਭ ਉਪਜੀਵਕਾ, ਸ਼ੁਭ ਉੱਦਮ ਸ਼ੁਭ ਮਨ ਅਤੇ ਸ਼ੁਭ ਲਿਵ। ਇਸ ਅਸ਼ਟ ਪੱਖੀ ਮਾਰਗ ਨੂੰ ਸਮਝ ਕੇ ਇਸ ਉਤੇ ਤੁਰਨ ਵਾਲਾ ਜੀਵਨ ਦੇ ਦੋਵੇਂ ਸਿਰਿਆਂ ਤੋਂ ਬਚ ਕੇ ਵਿਚਕਾਰਲਾ ਸਹਜ ਸਾਗਰ ਧਾਰਦਾ ਹੋਯਾ ਨਿਰਵਾਣ ਨੂੰ ਪ੍ਰਾਪਤ ਹੁੰਦਾ ਹੈ। ਸੰਖੇਪ ਕਰਕੇ ਬਿਆਨ ਕਰਨਾ ਹੋਵੇ ਵੱਡੀ ਵਿਚਾਰ ਏਹ ਹੈ ਕਿ ਦੁਨੀਆਂ ਦੇ ਸਭ ਧੰਦੇ ਓੜਕ ਦੁਖ ਦਾ ਕਾਰਨ ਬਣਦੇ ਹਨ ਜਿਸ ਕਰਕੇ ਦੁਨੀਆਂ ਦੇ ਰੰਗ ਨੂੰ ਬਿਰਛ ਦੀ ਛਾਯਾ ਸਮਝਣਾ ਚਾਹੀਦਾ ਹੈ ਤੇ ਏਹ ਬਿਰਤੀ ਦਰਿੜ ਕਰਕੇ ਸ਼ੁਧ ਆਚਾਰ ਵਲ ਤੁਰਨਾ ਚਾਹੀਦਾ ਹੈ।

ਬੁੱਧ ਨੇ ਜਾਤ ਪਾਤ ਦੇ ਸਨਾਤਨੀ ਫੰਦਿਆਂ ਨੂੰ ਤਜਿਆ ਤੇ ਨਾਲ ਹੀ ਬ੍ਰਾਹਮਣਾਂ ਦੇ ਤਪ-ਸਾਧਨਾ ਆਦਿਕ ਢੰਗਾਂ ਦਾ ਭੀ ਖੰਡਨ ਕਰਕੇ ਇਕ ਪ੍ਰਕਾਰ ਦਾ ਅਮਲੀ ਜੀਵਨ ਦ੍ਰਿੜਾਯਾ। ਬੁੱਧ ਦੀ ਸਿੱਖਿਆ ਲੈਣ ਲਈ ਹਿੰਦੂ ਦੁਨੀਆਂ ਤਿਆਰ ਸੀ, ਹਿੰਦੂ ਮੱਤ ਦੇ ਤਵਾਂ ਤੇ ਸਰੀਰਕ ਸਾਧਨਾ ਨਾਲ ਸੰਤੁਸ਼ਟ ਨਹੀਂ ਸੀ, ਜਿਸ ਕਰਕੇ ਬੁੱਧ ਦੀ ਸਿਖਿਆ ਗ੍ਰਹਨ ਕਰਨ ਵਾਲੇ ਛੇਤੀ ਹੀ ਜਮਾਂ ਹੋ ਗਏ ਤੇ ਚੇਲੇ ਬਨਣ ਵਾਲਿਆਂ ਦੀ ਭੀੜ ਲਗ ਗਈ। ਏਨ੍ਹਾਂ ਚੇਲਿਆਂ ਦਾ ਸੰਜਮੀ ਢੰਗ ਰਮਤੇ ਫੇਰੀ ਵਾਲੇ ਅਭਿਆਗਤਾ ਦਾ ਸੀ। ਉਦਾਸੀ ਬਸਤਰ ਧਾਰਕੇ ਗ੍ਰਿਸਤੀਆਂ ਦੇ ਘਰ ਤੋਂ ਫੇਰੀ ਪਾ ਕੇ ਭਿਖਿਆ ਰੂਪ ਵਿਚ ਦਿਨ ਦਾ ਆਹਾਰ ਮੰਗ ਲੈਣਾ, ਦਿਨ ਭ ਜੰਤਾ ਨੂੰ ਆਪਣੇ ਅਸੂਲਾਂ ਦਾ ਗਿਆਨ ਜ਼ਿਆਦਾ ਕਰਕੇ ਪ੍ਰਸ਼ਨ ਉਤਰ ਦੀ ਸ਼ਕ ਵਿਚ ਦੇਣਾ। ਸਰੋਤਿਆਂ ਦੀ ਆਪਣੀ ਬੋਲੀ ਵਿਚ ਉਦਾਹਰਣ ਦੇਕੇ ਸਿਖਿਆ ਸਪਸ਼ਟ ਕਰਨਾ। ਇਕ ਮਾਈ ਦਾ ਪੁਤ੍ਰ ਸੱਪ ਲੜਕੇ ਮਰ ਗਿਆ। ਰੋਗਾਂ ਨਲੋ

ਦੇ ਦੂਰ ਕਰਨ ਵਾਲੇ ਗੌਤਮ ਬੁਧ ਦਾ ਨਾਉਂ ਸੁਣ ਕੇ ਉਸ ਕੋਲ ਆਈ—ਮੇਰੇ ਬਚੇ ਨੂੰ ਜੀਉਂਦਾ ਕਰ। ਉਤਰ ਮਿਲਿਆ ਕਿ ਬਚੇ ਨੂੰ ਰਾਈ ਦੇ ਦਾਣਿਆਂ ਨਾਲ ਜੀਉਂਦਾ ਕਰੂੰਗਾ ਪਰ ਰਾਈ ਅਜੇਹੇ ਘਰੋਂ ਆਣੀ ਜਾਵੇ ਜਿਥੇ ਅਗੇ ਕੋਈ ਮੌਤ ਨਾ ਹੋਈ ਹੋਵੇ। ਰਾਈ ਤਾਂ ਬਹੁਤੇ ਘਰਾਂ ਤੋਂ ਲਭ ਪਈ ਪਰ ਅਜੇਹਾ ਘਰ ਕਿਵੇਂ ਲਭੇ ਜਿਥੇ ਕਦੇ ਕੋਈ ਮਰਗ ਨਾ ਹੋਈ ਹੋਵੇ।

ਬੁੱਧ ਦਾ ਵਤੀਰਾ ਲੋਕਾਂ ਨੂੰ ਨਿਰਾਲਾ ਸੁਅੱਛ ਸਾਦਾ ਤੇ ਬੜਾ ਸਧਾਰਨ ਜਾਪਦਾ ਸੀ। ਜਾਤ ਪਾਤ ਤੇ ਊਚ ਨੀਚ ਨੂੰ ਉਸ ਦੇ ਕੋਲ ਕੋਈ ਥਾਂ ਨਹੀਂ ਸੀ। ਹਿੰਦੂ ਮਤ ਨੀਚਾਂ ਨੂੰ ਦੂਰ ਦੂਰ ਕਰਦਾ ਸੀ, ਬੁੱਧ ਇਨ੍ਹਾਂ ਨੂੰ ਨੇੜੇ ਸਦ ਕੇ ਓਨਾਂ ਨਾਲ ਹੋਰਨਾਂ ਵਾਂਗ ਮਿਲ ਬੈਠਣ ਲਗ ਪਿਆ। ਸਗੋਂ ਉਨ੍ਹਾ ਦੇ ਹਥੋਂ ਭਿਖਿਆ ਲੈਣਾ ਪਰਵਾਣ ਕਰਣ ਲਗ ਪਿਆ। ਤਿਲਕ ਜੰਞੂ ਬੁਧ ਨੇ ਖੰਡਣ ਕਰ ਦਿਤੇ। ਜੰਤਾ ਲਈ ਪ੍ਰੇਮ ਤੇ ਉਨ੍ਹਾਂ ਨੂੰ ਜੀਵਨ ਅੜਾਉਣੀਆਂ ਤੋਂ ਛੁਟਕਾਰਾ ਦਿਵਾਉਣ ਦਾ ਉਤਸ਼ਾਹ ਐਨਾ ਸੀ ਕਿ ਲੋਕ ਮੱਲੋ ਮਲੀ ਉਸ ਦੇ ਪਿਆਰ ਤੇ ਦਯਾ ਭਰਪੂਰ ਸ਼ਰੀਰ ਵਲ ਖਿਚੇ ਤੁਰੇ ਆਉਂਦੇ ਸਨ। ਅਮੀਰਾਂ ਨੇ ਆਪਣੇ ਬਾਗ ਤੇ ਵਾੜੀਆਂ ਉਸ ਲਈ ਖੋਲ੍ਹ ਦਿਤੀਆਂ। ਗਰੀਬਾਂ ਨੂੰ ਬੁਧ ਇਕ ਰੱਬ ਦਾ ਭੇਜਿਆ ਅਵਤਾਰ ਦਿਸਦਾ ਸੀ। ਦੂਰ ਦੂਰ ਤੀਕ ਉਸ ਦੇ ਮਿਠੇ ਨਿਮ੍ਰਤਾ ਭਰੇ ਸੁਭਾ ਦੇ ਚਰਚੇ ਹੋਣ ਲਗ ਪਏ, ਜਿਥੋਂ ਦੀ ਉਹ ਲੰਘਦਾ ਸੀ ਲੋਕ ਉਸ ਧਰਤੀ ਨੂੰ ਪੂਜਣ ਤੀਕ ਜਾਂਦੇ ਸਨ। ਬੁੱਧ ਦਾ ਨਿਤਨਿਯਮ ਸਵੇਰ ਦੀ ਫੇਰੀ ਤੋਂ ਆਰੰਭ ਹੋਂਦਾ ਸੀ। ਪੀਲਾ ਚੋਲਾ ਸਿਰ ਤੇ ਪੈਰ ਨੰਗੇ ਹੱਥ ਵਿਚ ਮਧੂਕੜੀ ਲਈ ਮਿੱਟੀ ਦਾ ਕਾਸਾ। ਪਹਲੋਂ ਪਹਲ ਇਕੱਲਾ ਫੇਰ ਉੱਘਾ ਹੋ ਕੇ ਸਾਗਰ ਓਸੇ ਬਾਣੇ ਵਾਲੇ ਚੇਲਿਆਂ ਦੀ ਪਾਲ। ਦਰ ਦਰ ਦੁਆਰੇ ਦੁਆਰੇ ਜਾਕੇ ਰੂਪ ਚਪਾੜੇ ਅੱਖੀਆਂ ਨਵੀਆਂ ਤੇ ਖਿੜੇ ਮੁਖੜੇ ਖਲੋ ਜਾਣਾ, ਜੋ ਗ੍ਰਹਿਸਤੀ ਦੇਵੇ ਸੋ ਪਰਵਾਣ ਕਰ ਲੈਣਾ, ਨਾ ਦੇਵੇ ਅਗੇ ਤੁਰ ਪੈਣਾ ਮੂੰਹੋਂ ਛੁਟ ਧੰਨਵਾਦ ਤੋਂ ਕੁਛ ਨਹੀਂ ਉਚਾਰਣਾ ਪੇਟ ਦਾ ਧੰਧਾ ਇਸ ਤਰਹ ਨਿਬੇੜ ਕੇ ਆਪਣੇ ਡੇਰੇ ਜਾ ਬੈਠਣਾ ਤੇ ਲੋਕਾਂ ਨੂੰ ਸਿਖਿਆ ਦੇਣੀ।

ਹੌਲੀ ਹੌਲੀ ਲੋਕਾਂ ਨੂੰ ਉਸਦੀ ਪੂਰੀ ਵਿਥਿਆ ਦਾ ਪਤਾ ਲੱਗਦਾ ਗਿਆ ਕਿ ਏਹ ਇਕ ਰਾਜਪੁਤ੍ਰ ਹੈ ਤੇ ਇਸਦੀ ਰਾਣੀ ਤੇ ਪੁਤ੍ਰ ਭੀ ਹੈਨ। ਬੁਧ ਨੇ ਆਪਣੇ ਸਿਰੜ ਨੂੰ ਦ੍ਰਿੜ੍ਹਤਾ ਨਾਲ ਪਾਲਿਆ। ਸਿਰੜ ਧੀ ਮਥਾ ਤਿਉੜੀ ਤੇ ਦਿਲ ਵਿਚ ਉਦਾਸੀ ਵਾਲਾ ਨਹੀਂ, ਅੰਦਰਲੇ ਚਾਨਣ ਤੇ ਦੁਨੀਆਂ ਦੇ ਨਾ ਰਹਣੇ ਚਮਤਕਾਰ

ਤੋਂ ਉਪਰਾਮਤਾ ਨੇ ਉਸ ਵਿਚ ਇਕ ਸਦਾ ਖਿੜੇ ਫੁੱਲ ਵਾਂਗ ਵਿਚਰਨ ਦੀ ਜਾਂਚ ਉਤਪੰਨ ਕਰ ਦਿੱਤੀ। ਪੋਹ ਮਾਘ ਦੀਆਂ ਤ੍ਰਕਾਲਾਂ ਵੇਲੇ ਆਪਣੀ ਮਸਤੀ ਦੇ ਏਕਾਂਤ ਵਿਚ ਰਾਹ ਦੇ ਕਿਨਾਰੇ ਬੈਠੇ ਨੂੰ ਰਾਹੀ ਨੇ ਆਖਿਆ ਮਹਾਤਮਾ ਜੀ ਕੀ ਹਾਲ ਹੈ। ਬੁਧ ਨੇ ਜਵਾਬ ਦਿਤਾ ਬੜਾ ਚੰਗਾ ਹੈ। ਰਾਹੀ ਨੇ ਬੁਧ ਦੇ ਅੰਦਰੋਂ ਕੋਈ ਗਿਲੇ ਉਲਾਂਭੇ ਦੀ ਬਾਤ ਸੁਨਣ ਦੀ ਆਸ ਵਿਚ ਫੇਰ ਆਖਿਆ ਮਹਾਤਮਾ ਜੀ ਪਾਲਾ ਉੱਤਰ ਰਿਹਾ ਹੈ, ਭੁਇੰ ਠਰ ਰਹੀ ਹੈ ਤੇ ਤੇਰੇ ਗਲ ਦਾ ਚੋਲਾ ਭੀ ਠੰਢ ਝੱਲੂ ਨਹੀਂ ਕੀ ਤੂੰ ਸੁਖੀ ਹੈਂ ? ਜਵਾਬ ਆਯਾ ਹਾਂ ਭਾਈ ਮੈਂ ਅਨੰਦ ਹਾਂ ਜੇਹੜੇ ਲੋਕ ਅਨੰਦ ਵਿਚ ਹਨ ਮੈਂ ਭੀ ਉਨ੍ਹਾਂ ਵਿਚੋਂ ਇਕ ਹਾਂ। ਬੁਧ ਦੀ ਏਸ ਪਰਬਤਾਂ ਵਰਗੀ ਸਥਿਰਤਾ ਤੇ ਦਰਿਆਵਾਂ ਵਰਗੀ ਮਨ-ਮੌਜ ਨੇ ਉਸ ਨੂੰ ਲੋਕ-ਪ੍ਰਿਯਾਂ ਬਣਾ ਦਿਤਾ। ਰਾਜੇ ਤੇ ਅਮੀਰ ਉਸ ਨੂੰ ਸੱਦੇ ਦੇਣ ਲਗ ਪਏ ਤੇ ਕੋਲ ਬੈਠ ਕੇ ਉਸ ਦੇ ਬਚਨ ਬਿਲਾਸ ਬੜੇ ਅਦਬ ਨਾਲ ਸੁਨਣ ਲਗ ਪਏ। ਇਕ ਕਿਰਸਾਣ ਆਖਣ ਲਗਾ ਬੁਧ ਤੂੰ ਵਿਹਲੜ ਹੈ ਕੁਛ ਕੰਮ ਕਰਿਆ ਕਰ, ਜਵਾਬ ਮਿਲਿਆ ਮੇਰੀ ਭੀ ਕਿਰਸਾਣੀ ਹੈ, ਸਿਦਕ ਮੇਰਾ ਬੀਜ ਹੈ, ਉਪਰ ਕਸ਼ਟਾਂ ਦੀ ਬਰਖਾ ਹੁੰਦੀ ਹੈ, ਗਿਆਨ ਮੇਰੀ ਹਲ-ਪੰਜਾਲੀ ਹੈ, ਸਰੀਰ ਜ਼ਬਾਨ ਤੇ ਮਨ ਨੂੰ ਸਾਧਨ ਵਿਚ ਰੱਖ ਕੇ ਮੈਂ ਏਸ ਜਗਤ ਦੇ ਭੌਜਲ ਪਾਰ ਕਰਨ ਵਾਲੀ ਖੇਤੀ ਕਰਦਾ ਹਾਂ ਤੇ ਲੋਕਾਂ ਨੂੰ ਏਹ ਕਿਰਸਾਣੀ ਸਿਖਾਂਦਾ ਹਾਂ।

'ਮਨ ਮੇਰਾ ਗਜ ਜਹਵਾ ਮੇਰੀ ਕਾਤੀ, ਮਪ ਮਪ ਕਾਟੋ ਜਮਕੀ ਫਾਸੀ।

ਚਾਲੀ ਵਰ੍ਹੇ ਬੁਧ ਨੇ ਏਸ ਤਰ੍ਹਾਂ ਥਾਂ ਥਾਂ ਫਿਰਕੇ ਦੁਨੀਆਂ ਦੇ ਤਪੇ ਹਿਰਦਿਆਂ ਨੂੰ ਪ੍ਰਚਾਰ ਨਾਲ ਠਰਿਆ। ਚੇਲਿਆਂ ਦੀ ਇਕ ਜਮਾਤ ਬਣ ਗਈ। ਹਿੰਦੂ ਦੁਨੀਆਂ ਨੂੰ ਜਾਤ ਪਾਤ ਊਚ ਨੀਚ ਅਤੇ ਤਪ ਸਾਧਨਾਂ ਦਿਆਂ ਬਿਖੜੇ ਤੇ ਨਿਰਮੂਲ ਪੈਂਡਿਆਂ ਤੋਂ ਛੁਟਕਾਰਾ ਮਿਲਣ ਲੱਗਾ ਤੇ ਦੁਨੀਆਂ ਨੂੰ ਇਕ ਭਲੀ ਪ੍ਰਕਾਰ ਸੋਝੀ ਆਈ ਕਿ ਬ੍ਰਾਹਮਣਾਂ ਤੇ ਆਚਾਰਜਾਂ ਦੇ ਚਲਾਏ ਮੱਤ ਭੀ ਸੁਧਾਈ ਯੋਗ ਹਨ, ਹਿੰਦੂ ਮਰਯਾਦਾ ਦੇ ਉਸਰੇ ਕੋਟ, ਆਦਮੀ ਆਦਮੀ ਨੂੰ ਇਕ ਦੂਜੇ ਤੋਂ ਵੱਖ ਕਰਨ ਵਾਲੇ ਕੋਟ ਪਾਇਦਾਰ ਨਹੀਂ ਮੰਦਰਾਂ ਵਿਚ ਪੁਜਾਰੀਆਂ ਦੀਆਂ ਪ੍ਰਚਲਤ ਕੀਤੀਆਂ ਰੀਤਾਂ ਵਿਚ ਪਾਜ ਹੈਨ।

ਸਾਰੀ ਉਮਰ ਗੌਤਮ ਬੁੱਧ ਬੜੇ ਹਿਤ ਤੇ ਉੱਦਮ ਨਾਲ ਥਾਂ ਥਾਂ ਫਿਰ ਕੇ ਆਪ ਅਤੇ ਚੇਲਿਆਂ ਦੇ ਪ੍ਰਸ਼ਨ ਉਤ੍ਰ ਨਾਲ ਲੋਕਾਂ ਨੂੰ ਆਪਣੇ ਵਿਚਾਰਾਂ ਨਾਲ

ਪ੍ਰਫੁਲਤ ਕਰਦਾ ਰਿਹਾ। ਏਥੋਂ ਤੀਕ ਕਿ ਵਡੀ ਉਮਰ ਵਿਚ ਸਰੀਰ ਦੇ ਦੁਰਬਲ ਤੇ ਰੋਗ-ਵਸ ਹੁੰਦਿਆਂ ਭੀ ਉਸ ਨੇ ਆਪਣਾ ਏਹ ਕਰਮ ਤਿਆਗਿਆ ਨਹੀਂ। ਜਦ ਰਾਜੇ ਅਤੇ ਅਮੀਰ ਉਸ ਦੀ ਸਿੱਖਿਆ ਲੈ ਕੇ ਉਸ ਦੇ ਚੇਲੇ ਬਨਣ ਲੱਗ ਪਏ। ਆਮ ਜੰਤਾ ਆਪੇ ਹੀ ਵਗਦੇ ਰੌ ਨੂੰ ਵੇਖ ਕੇ ਨਾਲ ਤੁਰ ਪਈ।

ਕਪਲਵਸਤੂ ਨੂੰ ਤਿਆਗ ਕੇ ਸਾਰੀ ਉਮਰ ਬੁੱਧ ਨੇ ਇਕ ਪੂਰਨ ਤਿਆਗੀ ਵਾਂਗ ਗੁਜ਼ਾਰੀ। ਪਰ ਸੰਜੋਗਾਂ ਨੇ ਇਕ ਵਾਰ ਉਸ ਨੂੰ ਮੁੜ ਆਪਣੇ ਵਤਨ ਵਿਚ ਫੇਰੀ ਪਾਣ ਦਾ ਅਵਸਰ ਦਿਤਾ। ਰਾਣੀ ਯਸ਼ਧਰਾ ਤੇ ਉਸ ਦੇ ਬੁਢੇ ਸੌਹਰੇ ਗੌਤਮ ਦੇ ਪਿਤਾ ਨੂੰ ਭੀ ਤਾਂਘ ਉਠੀ ਕਿ ਉਸ ਰਾਜ-ਪੁਤ੍ਰ ਨੂੰ ਜਿਸ ਨੇ ਜਗਤ ਵਿਚ ਇਕ ਹੋਰ ਪ੍ਰਕਾਰ ਦਾ ਰਾਜ ਕਾਇਮ ਕੀਤਾ ਸੀ ਤੇ ਇਕ ਨਵਾਂ ਚਾਨਣ ਕੀਤਾ ਸੀ, ਉਸ ਨੂੰ ਅਪਨਾਉਣ, ਉਸ ਦੇ ਦਰਸ਼ਨ ਕਰਨ, ਉਸ ਦੇ ਚੇਲੇ ਬਨਣ। ਭਲਾ ਬੁਧ ਨੂੰ ਏਸ ਸਦੇ ਤੋਂ ਕਿਵੇਂ ਨਾਂਹ ਹੋ ਸਕਦੀ ਸੀ। ਪੈਂਤੜਾ ਉਲਟ ਚੁਕਾ ਸੀ। ਉਦੋਂ ਗੌਤਮ ਦੁਨੀਆਂ ਨੂੰ ਵੇਖਣਾ ਲੋੜਦਾ ਸੀ। ਹੁਣ ਦੁਨੀਆਂ ਉਸ ਗੌਤਮ ਨੂੰ ਵੇਖਣਾ ਲੋੜੀਦੀ ਸੀ। ਜਿਸ ਨੇ ਦੁਨੀਆਂ ਦਾ ਪਾਜ ਉਧੇੜ ਕੇ ਜਗਤ ਅਗੇ ਨੰਗਿਆ ਕਰਕੇ ਉਸ ਨੂੰ ਵਿਚ ਸਮਝਣ ਦੀ ਜਾਚ ਦੱਸੀ ਸੀ। ਏਸ ਘਰ ਘਰ ਬਲਦੀ ਅੱਗੇ ਨੇ ਦੁਨੀਆਂ ਦੀਆਂ ਅੱਖਾਂ ਬੁਧ ਵੱਲ ਚੁਕਣ ਦੀ ਪ੍ਰੇਰਨਾ ਕੀਤੀ ਤੇ ਦੁਨੀਆਂ ਦੀਆਂ ਉਸ ਪ੍ਰੇਮ ਸੋਮੇ ਦਯਾ ਪੁੰਜ ਪੂਰਨ ਅਨੰਦੀ ਮਹਾਂ ਮੋਹਨ ਗੌਤਮ ਵਲ ਖਿਚੀ ਤੁਰੀ ਆਈ। ਗੌਤਮ ਤੇ ਉਸ ਦੇ ਡੇਰੇ ਸਾਧਾਂ ਦੇ ਡੇਰੇ ਨਹੀਂ ਸਨ ਸ਼ਾਂਤੀ ਤੇ ਆਨੰਦ ਦੇ ਸਾਗਰ ਸਨ ਜਿਥੇ ਦੁਨੀਆਂ ਚੁੱਭੀਆਂ ਲਾਉਣ ਲਈ ਆਉਣ ਲਗ ਪਈ। ਨਾਲ ਇਕ ਤਰ੍ਹਾਂ ਓਹੀ ਕੰਵਰ ਸਿਧਾਰਥ ਵਾਲਾ ਸੀ ਪਰ ਫੌਜਾਂ ਤੇ ਨਫਰ ਤੇ ਘੋੜੇ ਹਾਥੀ ਤੇ ਰੱਥਾਂ ਦੀ ਥਾਂ ਹਲਦੀ ਰੰਗੇ ਚੋਲਿਆਂ ਵਾਲੇ ਸਾਧਾਂ ਦੀ ਇਕ ਪਾਲ ਸੀ। ਸਿਰ ਤੇ ਪੈਰ ਨੰਗੇ, ਹੱਥਾਂ ਵਿਚ ਕਾਸੇ, ਅੱਖਾਂ ਨੀਵੀਆਂ ਤੇ ਚੇਹਰੇ ਸ਼ਾਂਤੀ ਤੇ ਅਨੰਦ ਨਾਲ ਬਿਸਮਾਦੀ। ਸਭ ਤੋਂ ਅੱਗੇ ਗੌਤਮ ਬੁਧ ਸੀ ਤੇ ਰਾਣੀ ਯਸ਼ੋਧਰਾ ਧੜਕਦੇ ਦਿਲ ਨਾਲ ਆਪਣੇ ਗੁਆਚੇ—ਵਰ੍ਹਿਆਂ ਦੇ ਗੁਆਚੇ ਪਤੀ ਨੂੰ ਖੈਰ ਪਾਉਣ ਲਈ ਬੜੇ ਸਤਕਾਰ ਨਾਲ ਅਗੇ ਵਧੀ। ਪਰ ਇਨਸਾਨੀ ਦਿਲ ਆਖਰ ਦਿਲ ਹੀ ਸੀ, ਜਦ ਨੇੜੇ ਢੁੱਕੀ ਬੁਧ ਦੇ ਚਰਨਾਂ ਵਿਚ ਬੇਸੁਧ ਜੇਹੀ ਹੋ ਕੇ ਢਹ ਪਈ ਤੇ ਹੰਝੂਆਂ ਦਾ ਹੜ ਵਗ ਕੇ 'ਏਸ਼ੀਆ ਦੇ ਚਾਨਣ' ਦੇ ਪੈਰਾਂ ਨੂੰ ਚੁੱਮਣ ਲਗਾ। ਬੁਢਾ ਬਾਪ ਆਪਣੇ ਪੀਤਾਂਬਰੀ ਹਠ ਨਾਲ ਖਲੋਤਾ ਤਾਂ ਰਿਹਾ ਪਰ ਪੁਤ੍ਰ

ਦਾ ਚੇਲਾ ਬਨਣਾ ਧਾਰ ਝੁਕਾ ਸੀ। ਸੋ ਥਾਂ ਖਲੋਤੇ ਨਮਸਕਾਰ ਕੀਤੀ। ਸਾਰਾ ਕਪਲਵਸਤੂ ਉਮਡ ਕੇ ਆਪਣੇ ਸਿਧਾਰਥ ਨੂੰ ਜੀ ਆਇਆਂ ਕਹਿਣ ਲਈ ਆ ਗਿਆ ਸੀ। ਸੰਭਵ ਹੈ ਬੁਧ ਦੇ ਦਯਾ ਰੂਪ ਹਿਰਦੇ ਵਿਚ ਏਸ ਦ੍ਰਿਸ਼ਯ ਨੂੰ ਵੇਖ ਕੇ ਕੋਈ ਬੇਮਲੂਮ ਜਿਹਾ ਹੌਕਾ ਉਠਿਆ ਹੋਵੇ ਪਰ ਵੇਖਣ ਵਾਲੇ ਦਸਦੇ ਹਨ ਕਿ ਬੁਧ ਨੇ ਆਪਣੇ ਸਜੇ ਹੱਥ ਨੂ ਚੁਕ ਕੇ ਅਸੀਸ ਦਿਤੀ ਤੇ ਆਪਣੀ ਬੇਸੁਧ ਰਾਣੀ ਨੂੰ ਉਥੇ ਹੀ ਦਾਸੀਆਂ ਦੇ ਹੱਥਾਂ ਵਿਚ ਛੱਡ ਕੇ ਅਗੇ ਤੁਰ ਪਿਆ।

ਗੌਤਮ ਬੁਧ ਦੀ ਸਫਲਤਾ ਜੇਕਰ ਭਲੀ ਪ੍ਰਕਾਰ ਵੇਖਣੀ ਹੋਵੇ ਤਾਂ ਇਤਿਹਾਸ ਵਿਚੋਂ ਉਨ੍ਹਾਂ ਪੰਨਿਆਂ ਨੂੰ ਵਾਚਣਾ ਚਾਹੀਦਾ ਹੈ ਜਿਨ੍ਹਾਂ ਵਿਚ ਦਸਿਆ ਹੈ ਕਿ ਕਿਵੇਂ ਬੁਧ ਧਰਮ ਸਾਰੇ ਭਾਰਤ ਵਿਚ ਫੈਲ ਕੇ ਕਾਬਲ ਕੰਧਾਰ ਤਿੱਬਤ ਮਲਾਯਾ ਚੀਨ ਤੇ ਹਿੰਦ ਸਾਗਰ ਤੇ ਦੂਰ ਦੁਰਾਡੇ ਟਾਪੂਆਂ ਤਕ ਪ੍ਰਫੁਲਤ ਹੋਯਾ ਤੇ ਕਿਵੇਂ ਦੁਨੀਆਂ ਦੀ ਅੱਧੀ ਨਾਲੋਂ ਵਧ ਵਸੋਂ ਅੱਜ ਤੀਕ ਕਿਸੇ ਨਾ ਕਿਸੇ ਰੂਪ ਵਿਚ ਬੁਧ ਨੂੰ ਆਪਣਾ ਨਿਰਵਾਨ ਦਾਤਾ ਮੰਨਦੀ ਹੈ।

ਸਭ ਤੋਂ ਵੱਡਾ ਪੁਜਾਰੀ ਬੁਧ ਦੇ ਸਮਕਾਲੀ ਸ਼ਾਗਿਰਦਾਂ ਅਤੇ ਮੁਰਸ਼ਿਦਾਂ ਤੋਂ ਉਤਰ ਕੇ ਮਹਾਯੋਗੀ ਰਾਜਾ ਅਸ਼ੋਕ ਹੋਯਾ ਹੈ ਜਿਸ ਨੇ ਉਸ ਵੇਲੇ ਦੀ ਜਾਣੀ ਦੁਨੀਆਂ ਦੇ ਅੱਧ ਤੋਂ ਵਧੇਰੇ ਹਿੱਸੇ ਉਤੇ ਬੁਧ ਮਤ ਦਾ ਪ੍ਰਚਾਰ ਕੀਤਾ, ਜਿਸ ਦੇ ਵੇਲੇ ਦੇ ਉਕਰੇ ਹੋਏ ਬੁਧ ਬਚਨ ਪੱਥਰਾਂ ਪਹਾੜਾਂ ਜੰਗਲਾਂ ਵਿਚ ਅਜ ਤੀਕ ਲਭਦੇ ਹਨ। ਰਾਜਾ ਅਸ਼ੋਕ ਇਕ ਤਰ੍ਹਾਂ ਬੁਧ ਮਤ ਦਾ ਸਭ ਤੋਂ ਵੱਡਾ ਉੱਚਾ ਥੰਮ ਬਣਿਆ। ਦੁਨੀਆਂ ਦੇ ਹੋਰ ਅਨੇਕਾਂ ਰਾਜੇ ਪਾਤਸ਼ਾਹ ਜਾਬਰ ਤਲਵਾਰ ਤੇ ਜ਼ੋਰ ਨਾਲ ਰਾਜ ਕਾਇਮ ਕਰਦੇ ਰਹੇ ਅਤੇ ਅੱਜ ਭੀ ਕਰ ਰਹੇ ਹਨ। ਪਰ ਅਸ਼ੋਕ ਹੀ ਇਕ ਅਜੇਹਾ ਅਦੁਤੀ ਬਾਦਸ਼ਾਹ ਸੀ ਜਿਸ ਨੇ ਗਰੀਬੀ ਗਦਾ ਨਾਲ ਪਿਆਰ ਨਾਲ ਕਾਬਲ ਕੰਧਾਰ ਤੋਂ ਲਾ ਕੇ ਚੀਨ ਜਾਪਾਨ ਤੇ ਹਿੰਦਸਾਗਰ ਦੇ ਅੰਤਮ ਟਾਪੂਆਂ ਤੀਕ ਬੁਧ ਦਾ ਸੁਨੇਹਾ ਪੁਚਾਯਾ। ਹਿੰਦੂ ਮੱਤ ਭਾਰਤ ਦੇ ਕੰਢਿਆਂ ਤੋਂ ਟਪ ਨਹੀਂ ਸਕਿਆ ਪਰ ਰਾਜਾ ਅਸ਼ੋਕ ਸੀ ਜਿਸ ਨੇ ਬੁਧ ਮਤ ਦੀ ਮਹਕ ਹਿੰਦੁਸਤਾਨ ਤੋਂ ਹਜ਼ਾਰਾਂ ਕੋਹਾਂ ਤੀਕ ਸਾਗਰਾਂ ਤੇ ਟਾਪੂਆਂ ਵਿਚ ਪੁਚਾਈ। ਏਸ ਵੱਡੀ ਸੇਵਾ ਕਰਕੇ ਹੀ ਰਾਜਾ ਅਸ਼ੋਕ ਦੀ ਵਡਿਆਈ ਆਪ ਉਸ ਦੇ ਗੁਰੂ ਗੌਤਮ ਬੁਧ ਦੇ ਸਮਾਨ ਗਿਣੀ ਜਾਂਦੀ ਹੈ।

ਸੂਰਮਗਤੀ

ਜਿਸ ਉਮਰ ਵਿਚ ਅੱਜ ਕਲ ਦੇ ਆਗੂ ਮਸਾਂ ਸਿਰ ਕੱਢਣਾ ਆਰੰਭ ਕੀਤਾ ਕਰਦੇ ਹਨ ਸਿੰਕਦਰ ਅੱਧੀ ਦੁਨੀਆਂ ਫ਼ਤਹ ਕਰਕੇ ਵੇਹਲਾ ਹੋ ਚੁੱਕਾ ਸੀ। ਕੇਵਲ ਸੋਲਾਂ ਵਰ੍ਹਿਆਂ ਦਾ ਮੁੰਡਾ ਸੀ ਜਦ ਉਸਨੇ ਆਪਣੀ ਪਹਿਲੀ ਲੜਾਈ ਬਾਪ ਦੀ ਆਗਿਆ ਬਿਨਾਂ ਆਪੇ ਸਹੇੜੀ ਤੇ ਆਪੇ ਲੜੀ। ਤੇ ਮਸਾਂ ੩੦ ਵਰ੍ਹਿਆਂ ਦਾ ਸੀ ਜਦ ਉਹ ਪੱਛਮ ਵਲੋਂ ਚੜ੍ਹ ਕੇ ਸਾਰੇ ਏਸ਼ੀਆ ਦੀ ਪੰਜਾਬ ਤੀਕ ਸਫ਼ਾਈ ਕਰ ਚੁੱਕਾ ਸੀ। ਏਨ੍ਹਾਂ ਚੌਦਾਂ ਪੰਦਰਾਂ ਵਰ੍ਹਿਆਂ ਵਿਚ ਉਸ ਨੇ ਕਿੰਨੀਆਂ ਲੜਾਈਆਂ ਲੜੀਆਂ; ਕੇਹੜੇ ਕੇਹੜੇ ਰਾਜ ਉੱਲਦ ਮਾਰੇ, ਕਿੱਥੇ ਕਿੱਥੇ ਆਪਣੇ ਸਤਰਪ (ਯੂਨਾਨੀ ਸਮਰਾਟ) ਕਾਇਮ ਕੀਤੇ, ਅਕਲ ਹੈਰਾਨ ਹੈ ਕਿ ਉਹ ਕਿਸ ਸ਼ਕਤੀ ਦਾ ਮਾਲਕ ਸੀ। ਇਤਿਹਾਸ ਦੇ ਹੋਰ ਚੋਣਵੇਂ ਫੌਜੀ ਸਾਲਾਰ ਜੂਲੀਅਸ ਸੀਜ਼ਰ, ਹੈਨੀਬਾਲ ਨੈਪੋਲੀਅਨ ਤੇ ਹਿਟਲਰ ਆਦਕ ਆਪਣੇ ਆਪਣੇ ਦੀਪਾਂ ਦੀਆਂ ਹੱਦਾਂ ਅੰਦਰ ਜ਼ਰੂਰ ਆਪਣਾ ਆਪਣਾ ਸਿੱਕਾ ਜਮਾਂਦੇ ਰਹੇ ਪਰ ਜਿਸ ਤਰ੍ਹਾਂ ਸਿਕੰਦਰ ਨੇ ਆਪਣਾ ਵਤਨ ਹਜ਼ਾਰਾਂ ਕੋਹ ਪਿੱਛੇ ਛੱਡ ਕੇ ਅਣਜਾਣੇ ਦੇਸਾਂ ਉੱਤੇ ਅਣਗਾਹੇ ਮੈਦਾਨਾਂ ਤੇ ਖਬਲਾਂ ਵਿਚ ਓਪਰੇ ਪੌਣ ਪਾਣੀਆਂ ਵਿਚ ਯੂਨਾਨੀ ਰਾਜ ਕਾਇਮ ਕੀਤਾ ਉਸ ਦਾ ਪਾਸੰਗ ਭੀ ਅੱਜ ਤੀਕ ਕਿਸੇ ਤੋਂ ਹੋ ਨਹੀਂ ਸਕਿਆ।

ਸਿਕੰਦਰ ਦਾ ਬਾਪ ਫ਼ਿਲਿਪ ਮਕਦੋਨੀ (**Macedonia**) ਦਾ ਬਾਦਸ਼ਾਹ ਸੀ ਜਿਸ ਕਰਕੇ ਕਈ ਇਤਿਹਾਸਕਾਰ ਸਿਕੰਦਰ ਨੂੰ ਪੂਰਾ ਯੂਨਾਨੀ ਭੀ ਮੰਨਣੋ ਝਿਜਕਦੇ ਹਨ—ਯੂਨਾਨ ਦੀ ਧੁੰਨੀ ਅਸਲ ਵਿਚ ਰਾਜਧਾਨੀ ਏਥੰਜ ਦਾ ਇਲਾਕਾ

ਹੈ ਜਿੱਥੋਂ ਕਿ ਯੂਨਾਨ ਦੇ ਮਹਾਂਪੁਰਖਾਂ ਦੀ ਪ੍ਰਣਾਲੀ ਚੱਲੀ। ਫਿਲਿਪ ਆਪ ਭੀ ਤਕੜੇ ਬਲ ਵਾਲਾ ਹੋਯਾ ਹੈ । ਇਸ ਨੇ ਮਕਦੋਨੀਆਂ ਤੋਂ ਪੂਰਬ ਪਛਮ ਅਤੇ ਦਖਣ ਦੇ ਕਈ ਯੂਨਾਨੀ ਸੂਬੇ ਸਰ ਕਰ ਕੇ ਅਧੀਨ ਕਰ ਲਏ ਸਨ। ਉਦੋਂ ਯੂਰਪ ਵਿਚ ਈਰਾਨੀਆਂ ਦਾ ਚੋਖਾ ਜ਼ੋਰ ਸੀ ਤੇ ਯੂਨਾਨੀਆਂ ਨੂੰ ਤਹਕਾ ਹੀ ਰਹਿੰਦਾ ਸੀ ਕਿ ਈਰਾਨੀ ਦਲ ਦਰੇ ਦਾਨਿਆਲ ਟਪ ਕੇ ਅਜ ਵੀ ਆਯਾ ਤੇ ਕੱਲ ਵੀ। ਜਿਸ ਤਰ੍ਹਾਂ ਹਿੰਦ ਨੂੰ ਉੱਤਰ ਵਲੋਂ ਗੌਰੀ ਤੇ ਗ਼ਜ਼ਨੀ ਦੇ ਜਾਬਰਾਂ ਦਾ ਧੜਕਾ ਰਿਹਾ ਕਰਦਾ ਸੀ ਓਸੇ ਤਰ੍ਹਾਂ ਯੂਨਾਨੀਆਂ ਨੂੰ ਡਰ ਸੀ ਕਿ ਈਰਾਨੀ ਦਲ ਜ਼ਰੂਰ ਹਮਲਾ ਕਰਕੇ ਯੂਨਾਨ ਵਿਚ ਆ ਪੈਰ ਜਮਾਏਗਾ। ਈਰਾਨੀਆਂ ਦਾ ਸਾਮਰਾਜ ਹਿੰਦ ਤੋਂ ਲੈ ਕੇ ਰੂਮ ਸ਼ਾਮ ਤੇ ਯੂਰਪ ਦੇ ਕੁਝ ਹਿੱਸਿਆਂ ਤੀਕ ਫੈਲਿਆ ਹੋਇਆ ਸੀ। ਯੂਨਾਨੀ ਜਦ ਆਪੋ ਵਿਚ ਲੜਦੇ ਸਨ ਤਾਂ ਸਿਆਣੇ ਆਖਦੇ ਸਨ ਘਰੋਗੀ ਜੰਗ ਮਿਟਾ ਕੇ ਦਰੇ ਦਾਨਿਆਲ ਅਤੇ ਏਸ਼ੀਆਂ ਵਲ ਮੂੰਹ ਕਰਨਾ ਚਾਹੀਦਾ ਹੈ ਤਾਂ ਜੋ ਈਰਾਨੀ ਭੂਤ ਨੂੰ ਦੂਰ ਕਰ ਦਿਤਾ ਜਾਵੇ।

ਗਵਾਂਢੀ ਦੇਸ਼ ਉਠ ਕੇ ਹਮਲਾ ਕਰੇ ਤਾਂ ਏਨਾ ਡਰ ਨਹੀਂ ਲਗਦਾ ਕਿਉਂਕਿ ਉਸ ਦੀ ਕੁਝ ਪਛਾਣ ਹੁੰਦੀ ਹੈ; ਉਸ ਦੇ ਬਲ ਦਾ ਅੰਦਾਜ਼ਾ ਹੁੰਦਾ ਹੈ। ਪਰ ਜਦ ਦੂਰ ਤੋਂ ਅਣਜਾਣੀ ਧਾੜ ਭਾਵੇਂ ਮਾੜੀ ਹੀ ਹੋਵੇ ਆ ਪਵੇ ਤਾਂ ਬਹੁਤ ਭੈ ਲਗਦਾ ਹੈ। ਏਸ਼ੀਆ ਦੇ ਲੋਕਾਂ ਨੂੰ ਯੂਨਾਨੀ **barbarians** ਮਲੇਛ ਸਮਝਦੇ ਸਨ ਤੇ ਜਿਉਂ ਜਿਉਂ ਈਰਾਨੀ ਰਾਜ ਨੇੜੇ ਆ ਰਿਹਾ ਸੀ ਤਿਉਂ ਤਿਉਂ ਯੂਨਾਨੀਆਂ ਦੇ ਲੂੰ ਕੰਡੇ ਹੁੰਦੇ ਜਾ ਰਹੇ ਸਨ। ਈਰਾਨੀ ਤਹਤ ਵਿਚ ਆ ਜਾਣਾ ਯੂਨਾਨੀਆਂ ਲਈ ਇਕ ਅਣਹੋਣੀ ਨਾਂ ਝੱਲੇ ਜਾਣ ਵਾਲੀ ਤੇ ਦੁਨੀਆਂ ਨੂੰ ਉਪਰ ਥਲੀ ਕਰਨ ਵਾਲੀ ਘਟਨਾ ਸੀ।

ਏਹੀ ਕਾਰਨ ਸੀ ਕਿ ਜਦ ਫਿਲਿਪ ਆਪਣਾ ਦਾਬਾ ਯੂਨਾਨ ਉੱਤੇ ਬਿਠਾ ਚੁਕਾ ਤਾਂ ਉਸ ਨੂੰ ਭੀ ਈਰਾਨੀਆਂ ਨਾਲ ਅਗੇ ਪਿੱਛੇ ਮੱਥਾ ਡਾਹਣ ਦੀ ਆਵਸ਼ਕਤਾ ਨਾ ਟਲਦੀ ਜਾਪਣ ਲਗ ਪਈ। ਈਰਾਨੀ ਭੂਤ ਦਾ ਡਰ ਕਿਸ ਤਰ੍ਹਾਂ ਯੂਨਾਨੀਆਂ ਉੱਤੇ ਸਵਾਰ ਸੀ ਸਿਕੰਦਰ ਦੇ ਇਕ ਬੋਲ ਤੋਂ ਸਿੱਧ ਹੁੰਦਾ ਹੈ। ਸਿਕੰਦਰ ਦੀ ਮਾਂ ਓਲਿੰਪੀਆ ਸੁਨੱਖੀ ਤਕੜੀ ਜੱਬੇ ਵਾਲੀ ਇਸਤ੍ਰੀ ਸੀ। ਫ਼ਿਲਪ ਨੇ ਜਦ ਜੁਆਨੀ ਲੰਘਾ ਕੇ ਦੂਜਾ ਵਿਆਹ ਕੀਤਾ ਤਾਂ ਮਾਂ ਪੁਤ ਦੋਵੇਂ ਬਿਗੜ ਗਏ। ਵਿਆਹ ਦਾ ਜਸ਼ਨ ਮਨਾਯਾ ਜਾ ਰਿਹਾ ਸੀ। ਨਵੀਂ ਰਾਣੀ ਦਾ ਮਾਮਾ ਨਸ਼ੇ

ਵਿਚ ਬਕ ਉੱਠਿਆ, "ਮਕਦੂਨੀਆਂ ਵਾਲਿਆਂ ਨੂੰ ਸੁਖ ਸੁੱਖਣੀ ਚਾਹੀਦੀ ਹੈ ਕਿ ਰੱਬ ਉਹਨਾਂ ਨੂੰ ਇਕ ਯੁਵਰਾਜ ਬਖ਼ਸ਼ੇ।" ਸਿਕੰਦਰ ਨੇ ਕੰਨ ਚੱਕੇ ਤੇ ਚਮਕ ਕੇ ਆਖਣ ਲੱਗਾਂ 'ਤਾਂ ਕੀ ਮੈਂ ਕਿਸੇ ਉਧਾਲੀ ਹੋਈ ਦਾ ਪੁਤ ਹਾਂ ਓਇ'। ਮਤਵਾਲੇ ਫਿਲਿਪ ਨੂੰ ਪੁੱਤ ਦੀ ਗੱਲ ਚੁਭ ਗਈ, ਨਵੀਂ ਰਾਣੀ ਦਾ ਪੱਖ ਕਰਨ ਲਈ ਗੁੱਸੇ ਵਿਚ ਤਲਵਾਰ ਫੜ ਕੇ ਸਿਕੰਦਰ ਵਲ ਹੋਯਾ, ਯਾ ਤਾਂ ਪੈਰ ਥਿੜਕ ਗਿਆ ਯਾ ਸਿਕੰਦਰ ਨੇ ਧੱਕਾ ਦੇ ਦਿੱਤਾ, ਉਹ ਡਿਗ ਪਿਆ। ਸਿੰਕਦਰ ਆਖਣ ਲੱਗਾ ਔਹ ਵੇਖੋ ਯੂਰਪ ਤੋਂ ਏਸ਼ੀਆ ਵੜਨ ਵਾਲਾ ਸੂਰਮਾ ਇਕ ਸਜ ਤੋਂ ਦੂਜੀ ਸੇਜ ਉਤੇ ਚੜ੍ਹਨ ਲੱਗਾ ਹੀ ਮੂੰਹ ਭਾਰ ਪਿਆ ਹੈ।

ਸੀਜ਼ਰ ੩੩ ਸਾਲ ਦੀ ਉਮਰ ਵਿੱਚ ਸਿਕੰਦਰ ਦੀ ਜੀਵਨੀ ਪੜ੍ਹਦਾ ਪੜ੍ਹਦਾ ਅੱਥਰੂ ਵਗਾਣ ਲਗ ਪਿਆ। ਪੁਛਣ ਤੋਂ ਆਖਣ ਲਗਾ ਕਿ ਸਿਕੰਦਰ ਨੇ ੩੩ ਸਾਲ ਦੀ ਆਯੂ ਤੀਕ ਸਭ ਕੁਝ ਕਰ ਲਿਆ ਸੀ ਮੈਂ ਹਾਲਾਂ ਪੂਣੀ ਵੀ ਨਹੀਂ ਕੱਤੀ। ਨੈਪੋਲੀਅਨ ਦੀ ਬਾਬਤ ਭੀ ਆਖਦੇ ਹਨ ਕਿ ਸਿਕੰਦਰ ਦਾ ਵਰਤਾਂਤ ਪੜ੍ਹ ਕੇ ਕਿਤਾਬ ਵਗਾਹ ਮਾਰੀ ਤੇ ਆਖਿਆ ਕਿ ਯੂਰਪ ਤਾਂ ਇਕ ਨਿਕੜਾ ਜੇਹਾ ਮੈਦਾਨ ਹੈ, ਨਾਮ ਤਾਂ ਏਸ਼ੀਆ ਵਿਚ ਵੜ ਕੇ ਹੀ ਹੋ ਸਕਦਾ ਹੈ। ਨੈਪੋਲੀਅਨ ੨੯ ਸਾਲ ਦੀ ਉਮਰ ਵਿਚ ਹਾਲਾਂ ਤੋਪਖਾਨੇ ਦਾ ਹੀ ਕੁਮੇਦਾਨ ਸੀ ਜਿਸ ਉਮਰ ਵਿਚ ਸਿਕੰਦਰ ਈਰਾਨੀ ਦੱਲ ਨੂੰ ਦੋ ਵੱਡੀਆਂ ਸ਼ਿਕਸਤਾਂ ਦੇ ਕੇ ਈਰਾਨ ਦਾ ਤਖ਼ਤਾ ਉਲਟ ਚੁੱਕਿਆ ਸੀ। ਨੈਪੋਲੀਅਨ ਆਪਣੇ ਯੁੱਧਾਂ ਬਾਬਤ ਜ਼ਿਕਰ ਕਰਦਾ ਆਪਣੀ ਬੋਲੀ ਸ਼ਬਦ 'ਬੁਢੜੀ' ਯੂਰਪ ਲਈ ਘਿਰਣਾ ਜੇਹੀ ਨਾਲ ਵਰਤਿਆ ਕਰਦਾ ਸੀ।

ਇਹ ਠੀਕ ਹੈ ਕਿ ਸਿਕੰਦਰ ਦੇ ਸਮੇਂ ਹੋਰ ਸਨ ਤੇ ਨੈਪੋਲੀਅਨ ਵੇਲੇ ਜੰਗ ਦੇ ਢੰਗ ਤੇ ਵਸੀਲੇ ਬਹੁਤ ਬਦਲ ਚੁਕੇ ਸਨ, ਪਰ ਆਖਰ ਆਗੂ ਆਗੂ ਦਾ ਮੁਕਾਬਲਾ ਕਰਨ ਲੱਗਿਆਂ ਓਨ੍ਹਾਂ ਦੇ ਆਪਣੇ ਜੀਵਨ ਤੇ ਸਫਲਤਾ ਨੂੰ ਓਲ੍ਹੇ ਨਹੀਂ ਕੀਤਾ ਜਾ ਸਕਦਾ। ਸਿੰਕਦਰ ਨੇ ਇਕ ਵੀ ਲੜਾਈ ਨਹੀਂ ਹਾਰੀ ਤੇ ਨਾ ਕਦੀ ਦੁਸ਼ਮਨ ਦੇ ਮੁਕਾਬਲੇ ਵਿਚ ਕਦੇ ਇੱਕ ਵਾਰੀ ਭੀ ਪਿੱਛੇ ਹਟਿਆ। ਏਸ ਨਿਕੀ ਵਰੇਸ ਵਿਚ ਐਨੀ ਸਫਲਤਾ ਦੀ ਲੀਹ ਕਿਨ੍ਹਾਂ ਗੱਲਾਂ ਉਤੇ ਬੱਝੀ?

ਮਾਂ ਓਲਿੰਪੀਆ ਉਤ੍ਰੀ ਯੂਨਾਨ ਦੇ ਬਾਦਸ਼ਾਹ ਦੀ ਧੀ ਸੀ। ਸੁਭਾ ਦੀ ਮਨ-ਚਲੀ, ਧਾਰਮਕ ਰਹੁ ਰੀਤ ਦੀ, ਸੂਫੀਆਨਾ ਰਾਗ ਰੰਗ ਦੀ ਮੁਸ਼ਤਾਕ, ਸੋਹਣੀ,

ਸ਼ਰੀਕਾ ਨਾ ਜਰਨ ਵਾਲੀ ਤੇ ਬੜੀ ਨਿੱਘੀ ਮਾਂ। ਸਿਕੰਦਰ ਏਸ਼ੀਆ ਵਿਚ ਸੀ ਤਾਂ ਉਸ ਦੇ ਪਿੱਛੇ ਛੱਡੇ ਹੋਏ ਕਾਰਿੰਦੇ ਐਂਟੀਪੇਟਰ ਤੋਂ ਖਤ ਆਯਾ ਕਿ ਤੇਰੀ ਮਾਂ ਰਾਜਨੀਤਕ ਕੰਮਾ ਵਿਚ ਦਖ਼ਲ ਦੇਂਦੀ ਹੈ। ਸਿਕੰਦਰ ਖਤ ਪੜ੍ਹ ਕੇ ਆਖਣ ਲਗਾ ਐਂਟੀਪੇਟਰ ਨੂੰ ਪਤਾ ਨਹੀਂ ਕਿ ਮਾਂ ਦਾ ਇਕ ਅੱਥਰੂ ਅਜੇਹੇ ਹਜ਼ਾਰਾਂ ਖੱਤਾਂ ਨੂੰ ਧੋ ਦੇਂਦਾ ਹੈ। ਜਦ ਫ਼ਿਲਿਪ ਨੇ ਦੂਜੀ ਰਾਣੀ ਨੂੰ ਮਹਲਾਂ ਵਿਚ ਲੈ ਆਂਦਾ ਸਿਕੰਦਰ ਆਪਣੀ ਮਾਂ ਨੂੰ ਲੈ ਕੇ ਵੱਖ ਹੋ ਗਿਆ। ਸੁਭਾ ਮਾਂ ਉੱਤੇ ਸੀ, ਹਸਣਾ ਪਰ ਅਮੋੜ ਤੇ ਤਿੱਖਾ, ਜਦ ਇਕ ਖ਼ਿਆਲ ਬੱਝ ਜਾਂਦਾ ਸਲਾਹਕਾਰਾਂ ਦੇ ਵਰਜਦਿਆਂ ਉਹੋ ਕਰਦਾ ਸੀ ਜੋ ਮਨ ਵਿਚ ਹੁੰਦੀ। ਈਰਾਨੀਆਂ ਨਾਲ ਗਰਾਨੀਕਸ ਦੀ ਲੜਾਈ ਵਿਚ ਸਲਾਹਕਾਰ ਬਥੇਰਾ ਕਹ ਚੁਕੇ ਕਿ ਕਾਹਲੀ ਨਹੀਂ ਕਰਨੀ ਪਰ ਸਿਕੰਦਰ ਨੇ ਕਿਸੇ ਦੀ ਨਾ ਸੁਣੀ, ਸਾਥੀਆਂ ਤੇ ਸਾਲਾਰਾਂ ਦੇ ਵਰਜਦਿਆਂ ਹਮਲਾ ਕਰ ਦਿਤਾ ਫ਼ਤਹ ਤਾਂ ਹੋ ਗਈ ਪਰ 'ਖ਼ਬਰੇ ਕਿਨਾਂ ਸਬਰਾਂ ਨਾਲ। ਜਾਪਦਾ ਹੈ ਕਿ ਸਿਕੰਦਰ ਨੂੰ ਅੰਦਰੋਂ ਕੁਛ ਅਜੇਹੀ ਸ਼ਕਤੀ ਉਭਾਰਦੀ ਸੀ ਕਿ ਓਸ ਨੂੰ ਕਦੇ ਆਪਣੀ ਸਫਲਤਾ ਦੇ ਸ਼ਕ ਦਾ ਹਵਾ ਮਾਤ੍ਰ ਭੀ ਸੁਝਾ ਹੋਯਾ ਹੀ ਨਹੀਂ।'........ ਨਿਸਚੇ ਕਰ ਆਪਣੀ ਜੀਤ ਕਰੋ।'

ਸਮਰਕੰਦ ਵਿਚ ਇਕ ਵਾਰ ਇਕੱਠੇ ਖਾਂਦਿਆਂ ਪੀਂਦਿਆਂ ਉਸ ਦਾ ਪੁਰਾਣਾ ਮਿੱਤਰ ਕਲੀਟਸ ਕੁਬਚਨ ਬੋਲਣ ਲਗ ਪਿਆ। ਹਟਾਯਾ ਹਟਿਆ ਨਾਂਹ। ਬਥੇਰਾ ਵਰਜਿਆ ਪਰ ਨਾ ਚੁਪ ਕੀਤਾ। ਕਲੀਟਸ ਨੇ ਇਕ ਵਾਰ ਘਮਸਾਣ ਵਿਚ ਸਿਕੰਦਰ ਦੀ ਜਾਨ ਬਚਾਈ ਸੀ। ਭਾਵੇਂ ਉਸ ਨੂੰ ਇਸ ਗੱਲ ਦਾ ਗੁਮਾਨ ਸੀ। ਆਖਰ ਗੁੱਸੇ ਵਿਚ ਆ ਕੇ ਸਿਕੰਦਰ ਨੇ ਕਲੀਸ ਦੇ ਢਿੱਡ ਵਿਚ ਸੇਲਾ ਖੋਭ ਕੇ ਉਸ ਨੂੰ ਮਾਰ ਦਿੱਤਾ। ਪਰ ਦਿਲ ਦਾ ਭੀ ਅਤ ਨਰਮ ਸੀ, ਪੁਰਾਣੇ ਮਿਤ੍ਰ ਨੂੰ ਗੁੱਸੇ ਵਿਚ ਮਾਰ ਤਾਂ ਬੈਠਾ ਫੇਰ ਉਹੋ ਨੇਜਾ ਉਸ ਦੇ ਢਿੱਡ ਵਿਚੋਂ ਕੱਢ ਕੇ ਆਪਣੇ ਮਾਰਨ ਲੱਗਾ ਸੀ ਕਿ ਸਿਪਾਹੀਆਂ ਨੇ ਫੜ ਲਿਆ, ਪਰ ਲਗਾਤਾਰ ਦੋ ਤਿੰਨ ਦਿਨ ਪਛਤਾਵੇ ਵਿਚ ਐਨਾ ਪਿਆ ਕਿ ਕੁਛ ਨਾ ਖਾਧਾ ਨਾ ਪੀਤਾ।

ਈਸਵੀ ਸੰਮਤ ਤੋਂ ੩੫੬ ਵਰ੍ਹੇ ਪਹਲੋਂ ਪੈਦਾ ਹੋਯਾ। ਬਾਪ ਫ਼ਿਲਿਪ ਭਾਵੇਂ ਲੰਗੋਟੀ ਦਾ ਜਤੀ ਨਹੀਂ ਸੀ ਪਰ ਯੁਧ ਵਿਚ ਬਹਾਦਰ, ਕਰੜਾ, ਨੀਤੀਵਾਨ ਤੇ ਬਹੁਤ ਸਿਆਣਾ ਰਾਜ-ਪ੍ਰਬੰਧਕ ਸੀ। ਜਦ ਏਥੰਜ਼ ਦੇ ਗਾਲੜੀ ਫ਼ਿਲਾਸਫ਼ਰ ਆਪਣੀਆਂ ਬਾਰੀਕੀਆਂ ਵਿਚ ਮਸਤ ਸਨ ਫ਼ਿਲਿਪ ਨੇ ਆਪਣੇ ਬਲ ਤੇ ਫੌਜੀ

ਸਾਧਨਾਂ ਨਾਲ ਯੂਨਾਨ ਦੇ ਖਿੰਡੇ ਹੋਏ ਰਾਜ ਸਾਰੇ ਗੰਢ ਦਿਤੇ ਸਨ ਤੇ ਮਕਦੋਨੀਆ ਰਾਜ ਦੇ ਪੈਰ ਤਕੜੇ ਕਰਕੇ ਇਸ ਤਰ੍ਹਾਂ ਆਪਣੇ ਪੁਤ੍ਰ ਲਈ ਪੱਕੀਆਂ ਨੀਹਾਂ ਕਰ ਦਿੱਤੀਆਂ ਸਨ। ਫ਼ਿਲਿਪ ਨੇ ਸਿਆਣੀ ਨਜ਼ਰ ਨਾਲ ਵੇਖ ਲਿਆ ਸੀ ਕਿ ਸਿਕੰਦਰ ਹੋਨਹਾਰ ਹੈ ਤੇ ਢੱਕਿਆਂ ਢੱਕੇ ਜਾਣ ਵਾਲਾ ਨਹੀਂ। ਉਸ ਦੀ ਸਿੱਖਿਆ ਲਈ ਬਾਪ ਨੇ ਉਨ੍ਹਾਂ ਦਿਨਾਂ ਦੇ ਉੱਘੇ ਸਿਆਣੇ ਨੀਯਤ ਕੀਤੇ ਸਨ ਤੇ ਕੁਝ ਚਿਰ ਜਗਤ-ਪ੍ਰਸਿਧ ਫਿਲਾਸਫਰ ਅਰਸਤੂ ਭੀ ਉਸ ਦਾ ਉਸਤਾਦ ਰਿਹਾ।

ਖਾਣ ਪੀਣ ਵਿਚ ਤੇ ਸ਼ਰਾਬ ਦੀ ਵਰਤੋਂ ਵਿਚ ਸਿਕੰਦਰ ਜੁਆਨੀ ਵਿਚ ਸੰਜਮੀ ਸੀ। ਯੂਨਾਨ ਵਿਚ ਸ਼ਰਾਬ ਖ਼ੁਰਾਕ ਦਾ ਅੰਗ ਸਮਝੀ ਜਾਂਦੀ ਸੀ ਜਿਸ ਕਰਕੇ ਹਰ ਯੂਨਾਨੀ ਥੋੜਾ ਬਹੁਤ ਅੰਗੂਰੀ ਸ਼ਰਾਬ ਦਾ ਸੇਵਨ ਜ਼ਰੂਰ ਕਰਦਾ ਸੀ। ਭਾਵੇਂ ਪਿੱਛੋਂ ਸਿਕੰਦਰ ਆਪਣੇ ਜਰਨੈਲਾਂ ਨਾਲ ਰਲ ਕੇ ਜਿੱਤਾਂ ਦੀਆ ਖੁਸ਼ੀਆਂ ਸਮੇਂ ਸਰਬ ਦੇ ਮੱਘੇ ਪੀ ਜਾਂਦਾ ਸੀ ਪਰ ਛੋਟੇ ਹੁੰਦਿਆਂ ਸਿਕੰਦਰ ਨੂੰ ਨਾ ਸ਼ਰਾਬ ਦੀ ਵਧੇਰੇ ਚੇਸ਼ਟਾ ਸੀ ਨਾ ਆਪਣੇ ਸਮਕਾਲੀ ਯੂਨਾਨੀਆਂ ਵਾਂਗ ਖੇਲਾਂ ਦੌੜਾਂ ਵਿਚ ਵਿਖਾਵਾ ਕਰਨ ਦੀ। ਅੰਵ ਜਾਪਦਾ ਸੀ ਕਿ ਮੁੰਡੇ ਪੁਣ ਵਿਚ ਭੀ ਉਸ ਨੂੰ ਮੁਲਕ-ਗੀਰੀਆਂ ਦੇ ਸੁਪਨੇ ਆਉਂਦੇ ਸਨ। ਪਿਓ ਦੇ ਦਰਬਾਰੀਆਂ ਨੇ ਪੁੱਛਿਆ ਕੀ ਤੂੰ ਓਲਿੰਪਿਕ ਖੇਡਾਂ ਵਿਚ ਦੌੜ ਲਾਵੇਂਗਾ, ਜਵਾਬ ਦਿਤਾ ਹਾਂ ਜੇ ਮੇਰੇ ਨਾਲ ਦੌੜਨ ਵਾਲੇ ਸਾਰੇ ਰਾਜਕੁਮਾਰ ਹੋਣ। ਜਦ ਉਸ ਦਾ ਬਾਪ ਕੋਈ ਸ਼ਹਰ ਲੈਂਦਾ ਯਾ ਕੋਈ ਸੂਬਾ ਫ਼ਤਹ ਕਰਦਾ ਤਾਂ ਸਿਕੰਦਰ ਨੂੰ ਖ਼ੁਸੀ ਨਹੀਂ ਸੀ ਹੁੰਦੀ ਉਸ ਦੇ ਮੱਥੇ ਵੱਟ ਪੈ ਜਾਂਦੇ ਸਨ ਕਿਉਂਕਿ ਪਿਉ ਦੀਆਂ ਜਿੱਤਾਂ ਦਾ ਨਤੀਜਾ ਏਹੋ ਹੋਣਾ ਸੀ ਕਿ ਉਸ ਦੇ ਲਈ ਮੈਦਾਨ ਸੌੜਾ ਹੁੰਦਾ ਜਾ ਰਿਹਾ ਸੀ। ਘੋੜਿਆਂ ਦੇ ਸੌਦਾਗਰ ਇਕ ਘੋੜਾ ਲਿਆਏ, ਸਿਕੰਦਰ ਦੇ ਬਾਪ ਲਈ। ਪਰ ਘੋੜਾ ਕਿਸੇ ਨੂੰ ਉੱਤੇ ਹੀ ਨਾ ਚੜ੍ਹਨ ਦੇਵੇ। ਘੋੜਾ ਮੋੜਨ ਲਗੇ ਸਨ ਕਿ ਸਿਕੰਦਰ ਬੋਲਿਆ ਮੈਂ ਚੜ੍ਹ ਸਕਦਾ ਹਾਂ। ਪਿਉ ਤੇ ਦਰਬਾਰੀ ਸਾਰੇ ਸਿਕੰਦਰ ਦੇ ਹੋਛੇਪਣ ਉਤੇ ਹੱਸਣ ਲੱਗੇ, ਵਰਜਿਆ ਪਰ ਸਿਕੰਦਰ ਭਲਾ ਕਿਵੇਂ ਮੁੜਦਾ ਸੀ। ਆਖਰ ਗੁੱਸੇ ਵਿਚ ਫਿਲਿਪ ਕਹਣ ਲਗਾ ਤੂੰ ਏਨ੍ਹਾਂ ਵਡਿਆਂ ਨਾਲੋਂ ਵਧੇਰੇ ਹੁਸ਼ਿਆਰ ਹੈਂ। ਨਾ ਸਵਾਰੀ ਹੋ ਸਕੀ ਤਾਂ ਕੀ ਦੇਵੇਂਗਾ, ਝੱਟ ਜਵਾਬ ਦਿੱਤਾ ਘੋੜੇ ਦਾ ਸਾਰਾ ਮੁੱਲ। ਗਲ ਏਹ ਸੀ ਕਿ ਜਦ ਦੂਜੇ ਐਵੇਂ ਤਮਾਸ਼ਗੀਰੀ ਕਰ ਰਹੇ ਸਨ ਸਿਕੰਦਰ ਵਿਚਾਰ ਨਾਲ ਤਾੜ ਰਿਹਾ ਸੀ ਤੇ ਪਾ ਗਿਆ ਕਿ ਘੋੜਾ ਅਸਲ ਵਿਚ ਆਪਣੇ ਪਰਛਾਵੇਂ ਤੋਂ ਡਰਦਾ

ਹੈ ਜਿਸ ਕਰਕੇ ਟਿਕਦਾ ਨਹੀਂ ਤੇ ਕਿਸੇ ਨੂੰ ਚੜ੍ਹਨ ਨਹੀਂ ਦੇਂਦਾ। ਸਿਕੰਦਰ ਨੇ ਘੋੜੇ ਦੀ ਵਾਂਗ ਫੜ ਲਈ ਮੂੰਹ ਘੋੜੇ ਦਾ ਸੂਰਜ ਵਲ ਨੂੰ ਕਰ ਦਿਤਾ, ਪੁਚਕਾਰ ਕੇ ਕੁਛ ਕਦਮ ਤੋਰ ਲੈ ਗਿਆ, ਜਦ ਉਹ ਤ੍ਰਿਭਕ ਦੇ ਚਮਕਣ ਲੱਗੇ ਤਾਂ ਰਾਸ ਖਿੱਚ ਲਵੇ ਤੇ ਪਿਆਰ ਦੇਵੇ। ਵੇਹੰਦਿਆਂ ਵੇਹੰਦਿਆਂ ਸਿਕੰਦਰ ਨੇ ਆਪਣਾ ਉਪਰਲਾ ਚੋਗਾ ਸੁਟ ਦਿਤਾ ਤੇ ਹਲਕਾ ਹੋ ਕੇ ਥਾਪੀ ਦੇਂਦਾ ਬਲਾਕ ਮਾਰ ਕੇ ਉਪਰ ਚੜ੍ਹ ਬੈਠਾ। ਵੇਖਣ ਵਾਲੇ ਲਗੇ ਡਰਨ ਕਿ ਕੋਈ ਭਾਣਾ ਨਾ ਬੀਤ ਜਾਵੇ ਪਰ ਸਿਕੰਦਰ ਨੇ ਪਹਲੋਂ ਜਾਨਵਰ ਦੇ ਕਾਬੂ ਕਰ ਰੱਖਿਆ, ਜਦ ਉਸ ਦਾ ਦਿਲ ਠਹਰ ਗਿਆ ਹੌਲੀ ਹੌਲੀ ਉਸ ਨੂੰ ਛੱਡਿਆ ਤੇ ਆਖਰ ਪੂਰਾ ਸਰਪਟ ਦੌੜਾਯਾ। ਘੋੜਾ ਢਿੱਲਾ ਹੋ ਗਿਆ ਤੇ ਸਿਕੰਦਰ ਦੇ ਬਾਪ ਨੇ ਮੂੰਹ ਚੁੰਮਿਆ ਤੇ ਆਖਿਆ। ਬੇਟਾ ਤੇਰੇ ਵਾਸਤੇ ਮਕਦੋਨੀਆ ਤਾਂ ਛੋਟਾ ਹੈ ਤੂੰ ਕੋਈ ਵਡਾ ਦੇਸ ਲੱਭ ਆਪਣੇ ਲਈ।

ਸਿਕੰਦਰ ਦੇ ਆਚਰਣ ਦੀ ਝਾਕੀ ਇਕ ਹੋਰ ਵਰਤਾਂਤ ਤੋਂ ਪਾਈ ਜਾਂਦੀ ਹੈ। ਮਸ਼ਹੂਰ ਸਿਆਣੇ ਅਰਸਤੂ ਨੇ ਆਪਣਿਆਂ ਕੁਝ ਕੁ ਜ਼ਬਾਨੀ ਸਿੱਖਿਆਵਾਂ ਦੀ ਸੰਚੀ ਕਿਤਾਬ ਦੀ ਸ਼ਕਲ ਵਿਚ ਛਾਪ ਦਿੱਤੀ। ਸਿਕੰਦਰ ਏਸ਼ੀਆਂ ਵਿਚ ਸੀ, ਉਸ ਨੇ ਸੁਣਿਆ ਅਪਣੇ ਉਸਤਾਦ ਨੂੰ ਚਿੱਠੀ ਲਿਖੀ। 'ਲਿਖਤਮ ਸਿਕੰਦਰ ਜੋਗ ਅਰਸਤੂ—ਪ੍ਰਣਾਮ। ਜ਼ਬਾਨੀ ਸਿੱਖਿਆਵਾਂ ਨੂੰ ਕਿਤਾਬ ਦੀ ਸ਼ਕਲ ਵਿਚ ਛਾਪ ਕੇ ਤੁਸੀਂ ਚੰਗਾ ਨਹੀਂ ਕੀਤਾ, ਕਿਉਂਕਿ ਹੁਣ ਸਾਡੇ ਵਿਚ ਦੂਜਿਆਂ ਨਾਲੋਂ ਕੀ ਵਾਧਾ ਰਹ ਗਿਆ ਜਦ ਉਹ ਸਿੱਖਿਆ ਜੋ ਅਸੀਂ ਸਮਝਦੇ ਸੀ ਕੇਵਲ ਸਾਡੇ ਲਈ ਹੈ ਸਾਰਿਆਂ ਦੇ ਅਗੇ ਰੱਖ ਦਿੱਤੀ ਗਈ ਹੈ। ਨਿਸਚਾ ਜਾਣ ਕਿ ਮੈਨੂੰ ਤਾਂ ਇਸ ਗਲ ਦਾ ਮਾਨ ਹੈ ਕਿ ਮੈਂ ਉੱਚੀਆਂ ਗੱਲਾ ਦਾ ਜਾਣੂ ਹੋਵਾਂ ਨਾ ਕਿ ਤਾਕਤ ਤੇ ਮੁਲਕਗੀਰੀ ਦਾ। 'ਖੁਸ਼ ਰਹੋ' ਸਿਕੰਦਰ ਨੂੰ ਤੜਪ ਸੀ ਤਾਂ ਏਹ ਕਿ ਉਹ ਦੂਜਿਆਂ ਨਾਲੋਂ ਅੱਗੇ ਵਧ ਕੇ ਰਹੇ। ਏਹ ਇਕ ਲਿਵ ਉਸ ਦੀ ਅਦਭੁਤ ਸਫਲਤਾ ਦੀ ਕੁੰਜੀ ਸੀ। ਜਦ ਹੋਰ ਯੂਰਪੀ ਲੋਕ ਏਸ਼ੀਆ ਨੂੰ ਫਤਹ ਕਰਨ ਦੀਆਂ ਸਲਾਹਾਂ ਵਿਚ ਹੀ ਸਨ ਸਿਕੰਦਰ ਨੇ ਗੱਦੀ ਬੈਠਣ ਤੋਂ ਪਹਿਲਾਂ ਹੀ ਦ੍ਰਿੜ ਸੰਕਲਪ ਕੀਤਾ ਹੋਯਾ ਸੀ ਕਿ ਏਸ਼ੀਆ ਉੱਤੇ ਚੜ੍ਹਾਈ ਕਰਨੀ ਹੈ। ਈਰਾਨ ਦੇ ਸਫੀਰ ਆਏ ਬਾਦਸ਼ਾਹ ਨੂੰ ਸਲਾਮੀ ਦੇਣ ਪਰ ਫ਼ਿਲਿਪ ਹੋਰ ਦੇ ਰੁੱਝਾ ਹੋਯਾ ਸੀ। ਸਿਕੰਦਰ ਨੂੰ ਅਜੇਹਾ ਸਮਾਂ ਰਬ ਦੇਵੇ। ਉਸ ਨੇ ਉਨ੍ਹਾਂ ਦੀ ਖ਼ਾਤਰਦਾਰੀ ਅਜੇਹੀ ਕੀਤੀ ਕਿ

ਉਹ ਬੜੇ ਖੁਸ਼ ਹੋਏ ਤੇ ਸਿਕੰਦਰ ਨੇ ਉਨ੍ਹਾਂ ਤੋਂ ਹੌਲੀ ਹੌਲੀ ਈਰਾਨ ਦੇ ਬਾਦਸ਼ਾਹ ਉਸ ਦੇ ਸੁਭਾ, ਉਸ ਵੈਰੀਆਂ ਨਾਲ ਸਲੂਕ, ਈਰਾਨ ਦੇ ਰਸਤੇ, ਫੌਜਾਂ ਦੀ ਗਿਣਤੀ ਬਾਬਤ ਐਨੀ ਸੂਚਨਾ ਕੱਢ ਲਈ ਕਿ ਉਹ ਹੈਰਾਨ ਹੋਣ ਲੱਗੇ ਕਿ ਇਸ ਉਮਰ ਦੇ ਗੱਭਰੂ ਵਿਚ ਐਨੀ ਭੁੱਖ ਦੂਜੇ ਦੇਸ਼ ਦੀ ਹਾਲਤ ਬਾਬਤ ਹੋ ਸਕਦੀ ਹੈ :

ਸਿਕੰਦਰ ਨੂੰ ਪੁਰਾਤਨ ਕਵਿਤਾ ਤੇ ਫ਼ਿਲਸਫ਼ੇ ਦੀਆਂ ਪੁਸਤਕਾਂ ਪੜ੍ਹਨ ਦਾ ਸ਼ੌਕ ਸੀ ਤੇ ਸਮੇਂ ਸਮੇਂ ਜੰਗ ਦੇ ਮੈਦਾਨ ਵਿਚ ਭੀ ਉਸ ਨੂੰ ਅਜੇਹਾ ਸਾਹਿੱਤ ਭੇਜਿਆ ਜਾਂਦਾ ਰਿਹਾ। ਜਦ ਤੋਂ ਉਸ ਨੇ ਸੁਰਤ ਸੰਭਾਲੀ ਦੋ ਚੀਜ਼ਾਂ ਉਸ ਦੇ ਅੰਗ ਸੰਗ ਰਹਿੰਦੀਆਂ ਸਨ, ਯੂਨਾਨੀ ਮਹਾਂਕਵੀ ਹੋਮਰ ਰਚਿਤ ਪੁਸਤਕ ਈਲੀਅਡ ਜਿਸ ਵਿਚ ਮਹਾਂਭਾਰਤ ਵਾਂਗ ਟਰਾਇ ਦੇ ਜੰਗ ਦਾ ਕਿੱਸਾ ਹੈ ਤੇ ਇਕ ਕਟਾਰ, ਏਹ ਦੋ ਚੀਜ਼ਾਂ ਰਾਤ ਨੂੰ ਭੀ ਉਸ ਦੇ ਸਿਰ੍ਹਾਣੇ ਹੇਠ ਹੁੰਦੀਆਂ ਸਨ।

੨੦ ਬਰਸ ਦੀ ਆਯੂ ਵਿਚ ਸਿਕੰਦਰ ਦਾ ਪਿਤਾ ਧਰੋਹੀਆਂ ਨੇ ਕਤਲ ਕਰ ਦਿੱਤਾ ਤੇ ਸਿਕੰਦਰ ਨੇ ਮਕਦੋਨੀਆ ਦੀ ਬਾਦਸ਼ਾਹਤ ਸੰਭਾਲੀ। ਲੋਕਾਂ ਨੇ ਉਸ ਨੂੰ ਸਲਾਹ ਦਿਤੀ ਕਿ ਭਾਵੇਂ ਤੇਰੇ ਪਿਤਾ ਨੇ ਗਵਾਂਢੀ ਸੂਬੇ ਸਾਰੇ ਨਿਵਾ ਲਏ ਸਨ ਪਰ ਤੂੰ ਉਨ੍ਹਾਂ ਨਾਲ ਸ਼ਾਂਤੀ ਦਾ ਵਤੀਰਾ ਰੱਖ ਕੇ ਆਪਣੇ ਦੇਸ਼ ਨੂੰ ਸੰਭਾਲ ਕੇ ਘਰ ਬਹਿ ਰਹੁ। ਪਰ ਸਿਕੰਦਰ ਅਜੇਹੇ ਢਹਿੰਦੀ ਸਲਾਹ ਕਿੱਥੇ ਮੰਨਣ ਵਾਲਾ ਸੀ। ਉਸ ਨੇ ਉੱਤਰ ਵਿਚ ਦਰਿਆ ਡੈਨਯੂਬ ਤਕ ਦੇਸ਼ ਮਲ ਕੇ ਉਥੋਂ ਦੇ ਮਲੇਛ-ਬਿਰਤੀ ਲੋਕਾਂ ਨੂੰ ਰੌਂਦ ਸਿਟਿਆ। ਦੱਖਣ ਵਿਚ ਥੀਬਸ ਸ਼ਹਿਰ ਦੇ ਯੂਨਾਨੀ ਆਕੀ ਹੋ ਬੈਠੇ, ਹਮਲਾ ਕਰਕੇ ਸ਼ਹਰ ਨੂੰ ਸਰ ਕੀਤਾ ਤੇ ਹਜ਼ਾਰਾਂ ਬੀਬੀ ਸ਼ਹਿਰੀਏ ਬਾਜ਼ਾਰ ਵਿਚ ਗ਼ੁਲਾਮੀ ਵਿਚ ਵੇਚ ਦਿਤੇ। ਏਥੰਜ਼ ਦੇ ਮਾਊ ਯੂਨਾਨੀਆਂ ਨਾਲ ਨਰਮੀ ਦਾ ਵਰਤਾਓ ਕਰਕੇ ਤਾੜਨਾ ਕਰ ਦਿਤੀ ਕਿ ਸਿੱਧੇ ਹੋ ਕੇ ਆਪਣਾ ਕੰਮ ਕਰੀ ਜਾਓ। ਏਸ ਮਿਲੇ ਜੁਲੇ ਕਰੜੇ ਤੇ ਨਰਮ ਕਦਮਾਂ ਦਾ ਸਿੱਟਾ ਏਹ ਨਿਕਲਿਆ ਕਿ ਯੂਨਾਨੀਆਂ ਨੇ ਇਕ ਆਵਾਜ਼ ਹੋ ਕੇ ਸਿਕੰਦਰ ਨੂੰ ਆਪਣਾ ਫ਼ੌਜੀ ਆਗੂ ਮੰਨ ਲਿਆ ਤੇ ਈਰਾਨ ਵਿਰੁਧ ਲੜਨ ਲਈ ਉਸ ਦੀ ਹਮਾਇਤ ਕਰਨ ਦਾ ਫ਼ੈਸਲਾ ਕਰ ਲਿਆ।

ਸਿਕੰਦਰ ਦਾ ਨਿਯਮ ਸੀ ਕਿ ਉਹ ਸਦਾ ਹੀ ਦੇਵਤਿਆਂ ਨੂੰ ਰੀਝਾਉਣ ਲਈ ਆਪਣੀ ਸਫ਼ਲਤਾ ਲਈ ਯੂਨਾਨੀ ਰਸਮਾਂ ਰਵਾਇਤਾਂ ਅਨੁਸਾਰ ਜ਼ਰੂਰ

ਕੁਛ ਨਾ ਕੁਛ ਕਰਦੀ ਸੀ। ਜਿੱਥੇ ਦੇਵਤੇ ਬੋਲ ਕੇ ਪ੍ਰੱਛਿਆ ਦੇਂਦੇ ਸਨ ਉਥੇ ਪ੍ਰੱਛਿਆ ਕਰਨ ਜਾਂਦਾ ਸੀ। ਮੰਦਰਾਂ ਵਿਚ ਦੇਵਤਿਆਂ ਨੂੰ ਅਸ਼ਨਾਨ ਦੇਣਾ, ਧੂਪ ਦੇਣੀ ਜਾਂ ਕੁਰਬਾਨੀ ਦੇਣੀ, ਪੁਜਾਰੀਆਂ ਨੂੰ ਦਾਨ ਦੇ ਕੇ ਖੁਸ਼ ਕਰਨਾ। ਏਨ੍ਹਾਂ ਕਰਮਾਂ ਤੋਂ ਕਦੇ ਨਹੀਂ ਸੀ ਉੱਕਦਾ। ਈਰਾਨੀਆਂ ਵਿਰੁੱਧ ਚੜ੍ਹਨ ਤੋਂ ਪਹਿਲਾਂ ਉਸ ਨੇ ਡੈਲਫੀ ਦੇ ਪ੍ਰਸਿਧ ਪ੍ਰੱਛਿਆ ਦੇਣੇ ਦੇਵਤੇ ਤੋਂ ਜਾ ਕੇ ਪ੍ਰੱਛਿਆ ਕੀਤੀ ਜਵਾਬ ਉਤਸ਼ਾਹਜਨਕ ਮਿਲਿਆ ਤੇ ਤਿਆਰੀ ਆਰੰਭ ਦਿਤੀ।


ਯੂਨਾਨ ਤੋਂ ਚੜ੍ਹਨ ਲਗੇ ਨੇ ਜਾਗੀਰਾਂ ਜਮੀਨਾਂ ਵਜ਼ੀਫ਼ੇ ਸਾਰੇ ਦੋਸਤਾਂ ਯਾਰਾਂ ਤੇ ਲੋੜਵੰਦਾਂ ਨੂੰ ਵੰਡ ਦਿਤੇ। ਕਿਸੇ ਨੂੰ ਪਿੰਡ, ਕਿਸੇ ਨੂੰ ਬਾਗ, ਕਿਸੇ ਨੂੰ ਕਿਸੇ ਬੰਦਰਗਾਹ ਦੀ ਚੁੰਗੀ। ਆਸ਼ਾ ਏਹ ਸੀ ਕਿ ਉਹ ਲੋਕ ਜੋ ਏਸ ਮਹਾਨ ਮੁਹਿੰਮ ਵਿਚ ਉਸ ਦੇ ਨਾਲ ਤਰਨਗੇ ਉਨ੍ਹਾਂ ਦੇ ਸੈਨ ਸਾਕ ਪਿਛੋਂ ਬੇ ਗੁਜ਼ਾਰੇ ਨਾ ਰਹਿਣ। ਸਰਕਾਰੀ ਖਜ਼ਾਨਾ ਖਾਲੀ ਵਰਗਾ ਹੋ, ਗਿਆ, ਜਿਸ ਨੂੰ ਵੇਖ ਕੇ ਇਕ ਹਿਤੂ ਕਹਿਣ ਲਗਾ ਤੂੰ ਆਪਣੇ ਕੋਲ ਕੀ ਰਖਿਆ ਹੈ। ਸਿਕੰਦਰ ਨੇ ਜਵਾਬ ਦਿਤਾ ਮੇਰੇ ਕੋਲ ਮੇਰੀਆਂ ਆਸਾਂ। "ਪਰ ਉਨਾਂ ਵਿਚ ਤਾਂ ਤੇਰੇ ਸਿਪਾਹੀ ਭਾਈਵਾਲ ਹੋਣਗੇ।" ਇਹ ਕਹਿ ਕੇ ਉਸ ਮਿਤ੍ਰ ਨੇ ਦਿਤੀ ਹੋਈ ਭੁਇੰ ਲੈਣੋਂ ਨਾਂਹ ਕਰ ਦਿਤੀ। ਕਈਆਂ ਹੋਰਨਾਂ ਨੇ ਭੀ ਏਹ ਉਦਾਰਤਾ ਵਿਖਾਈ, ਵਿਖਾਕੇ ਜਾਇਦਾਦਾਂ ਆਦਿ ਲੈਣੋਂ ਨਾਂਹ ਕਰ ਦਿਤੀ। ਪਰ ਜਿਨ੍ਹਾਂ ਨੂੰ ਲੋੜ ਸੀ ਸਿਕੰਦਰ ਨੇ ਸਭ ਨੂੰ ਝਾੜ ਦਿਤਾ ਸੱਖਣਾ ਕਿਸੇ ਨੂੰ ਨਾ ਰਹਿਣ ਦਿਤਾ।

ਵੇਖਿਆ ਜਾਵੇ ਸਿਕੰਦਰ ਦਾ ਚਾਲੀ ਪੰਜਾਹ ਹਜਾਰ ਫੌਜ਼ ਲੈ ਕੇ ਸਦੀਆਂ ਤੋਂ ਕਾਇਮ ਹੋਈ ਧਨ ਦੌਲਤ ਨਾਲ ਰੱਜੀ ਹੋਈ ਅੱਧ ਏਸ਼ੀਆ ਉੱਤੇ ਭਾਰੂ ਹੋਈ ਈਰਾਨੀ ਬਾਦਸ਼ਾਹੀ ਦੇ ਮੁਕਾਬਲੇ ਵਿਚ ਜਾ ਕੁੱਦਣਾ ਇਕ ਬੱਚਿਆਂ ਵਾਲਾ ਕਮਲਪੁਣਾ ਜਾਪਦਾ ਸੀ ਪਰ ਨਹੀਂ। ਬਾਦਸ਼ਾਹ ਦਾਰਾ ਜੇ ਚਾਹੁੰਦਾ ਤਾਂ ਸਿਕੰਦਰ ਦੇ ਪਿਛਲਿਆਂ ਨੂੰ ਲਾਲਚ ਦੇ ਕੇ ਸੋਨੇ ਦੇ ਹੜ੍ਹ ਵਗਾ ਕੇ ਯੂਨਾਨ ਨੂੰ ਖੇਰੂੰ ਖੇਰੂੰ ਕਰ ਦੇਂਦਾ—ਤੇ ਕੁਝ ਸਫਲਤਾ ਏਸ ਤਰ੍ਹਾਂ ਹੋਈ ਭੀ—ਪਰ ਸਿਕੰਦਰ ਦੇ ਚੜ੍ਹਦੇ ਸਤਾਰੇ ਉਸ ਦੇ ਹੱਨੇ ਬਨੇ ਵਾਲੇ ਢੰਗ ਉਸ ਦੀ ਵਾਵਰੋਲੇ ਵਾਲੀ ਤੇਜੀ ਨੇ ਕਿਸੇ ਦਾ ਬਸ ਚੱਲਣ ਨਹੀਂ ਦਿਤਾ।

ਕਹੰਦੇ ਹਨ ਸਿਕੰਦਰ ਹੇਠ ਓਸ ਵੇਲੇ ਕੁਲ ੩੦ ਹਜ਼ਾਰ ਪੈਦਲ ਤੇ ੪ ਹਜ਼ਾਰ ਘੋੜ ਸਵਾਰ ਸਨ। ਫੌਜ ਦੀ ਪਹਿਲੀ ਤਲਬ ਲਈ ਭੀ ਪੂਰਾ ਰੁਪਿਆ

ਨਹੀਂ ਸੀ ਤੇ ਕੁਲ ੩੦ ਦਿਨਾਂ ਦਾ ਰਾਸ਼ਨ ਸੀ। ਦਰੇ ਦਾਨਿਆਲ ਦਾ ਸਮੁੰਦਰ ਟਪ ਕੇ ਏਸ਼ੀਆ ਦੇ ਬੂਹੇ ਜਾ ਖੜਕਾਏ ਤੇ ਟਰਾਇ (Troy) ਪਹੁੰਚ ਕੇ ਸਿਕੰਦਰ ਨੇ ਦੇਵੀ ਮਾਈਨਰਵਾ ਨੂੰ ਭੇਂਟ ਚੜ੍ਹਾਈ ਤੇ ਓਥੇ ਸ਼ਹੀਦ ਬਜ਼ਰਗਾਂ ਨੂੰ ਪਿੰਡ ਪੂਜੇ। ਬਜ਼ੁਰਗ ਸੂਰਮੇ ਅੱਚੀਲੀਜ਼ (Achilles) ਦੀ ਮੜੀ ਦੇ ਪੱਥਰ ਨੂੰ ਅਸ਼ਨਾਨ ਕਰਵਾਯਾ ਤੇ ਦੋਸਤਾਂ ਸਣ ਉਸ ਦੀ ਕਬਰ ਦੁਆਲੇ ਨੰਗੇ ਹੋ ਕੇ ਪਰਕਰਮਾ ਕੀਤੀ, ਹਾਰ ਪਹਨਾਏ। ਯੂਨਾਨੀਆਂ ਵਿਚ ਨੰਗੇ ਹੋਣਾ ਅਜਬ ਨਹੀਂ ਸੀ ਸਮਝਿਆ ਜਾਂਦਾ ਸਰੀਰਕ ਪੁਸ਼ਟੀ ਲਈ ਕਈ ਹੋਰ ਸਾਧਨਾਂ ਵਿਚੋਂ ਨੰਗੇ ਹੋ ਕੇ ਮਾਲਸ਼ ਕਰਨਾ ਨ੍ਹਾਉਣਾ ਨੱਚਣਾ ਵੱਡੇ ਵੱਡੇ ਸਿਆਣੇ ਕਰਿਆ ਕਰਦੇ ਸਨ। ਪਰ ਕਿਸੇ ਵਡੇਰੇ ਦਾ ਸਤਕਾਰ ਕਰਨ ਲਗਿਆਂ ਨੰਗੇ ਹੋਣ ਦਾ ਅਰਥ ਸੀ ਆਪਣੇ ਆਪ ਨੂੰ ਉਸ ਦੇ ਸਾਮ੍ਹਣੇ ਅੰਞਾਣ ਅਧੀਨ ਬਾਲਕ ਸਮਝਣਾ ਤੇ ਆਪਣਾ ਵੱਡਪਣ ਸਭ ਭੁੱਲ ਜਾਣਾ।

ਓਧਰੋਂ ਦਾਰਾ ਦੀਆਂ ਫੌਜਾਂ ਨੂੰ ਭੀ ਪਤਾ ਲਗ ਚੁੱਕਾ ਸੀ ਤੇ ਈਰਾਨੀ ਦਲ ਦਰਿਆ ਗਰਾਨੀਕਸ ਦੇ ਪਰਲੇ ਕੰਢੇ ਮੁਕਾਬਲੇ ਲਈ ਤਿਆਰ ਸੀ। ਸਿਆਣਿਆਂ ਨੇ ਸਲਾਹ ਦਿਤੀ ਕਿ ਇਕ ਤਾਂ ਦਿਨ ਸ਼ੁਭ ਨਹੀਂ ਦੂਜੇ ਦਰਿਆ ਦਾ ਰੋੜ ਕਾਫੀ ਹੈ ਦੁਸ਼ਮਣ ਉਚੇ ਕੰਢੇ ਉਤੇ ਬੈਠੇ ਹਨ ਇਸ ਲਈ ਹੋਰ ਤਿਆਰੀ ਕਰਨੀ ਚਾਹੀਦੀ ਹੈ ਪਰ ਸਿਕੰਦਰ ਕਦ ਸੁਨਣ ਵਾਲਾ ਸੀ ਥੋੜਾ ਜਿਹਾ ਰਸਾਲਾ ਲੈ ਕੇ ਦਰਿਆ ਦੇ ਗਾਰੇ ਵਿਚੀਂ ਟਪ ਕੇ ਜਿਵੇਂ ਤਿਵੇਂ ਹੋ ਸਕਿਆ ਈਰਾਨੀ ਦਲ ਵਿਚ ਜਾ ਧਸਿਆ ਤੇ ਹੱਥੋਪਾਈ ਦੀ ਲੜਾਈ ਲਗ ਪਈ। ਸਿਕੰਦਰ ਦਾ ਫ਼ੌਲਾਦੀ ਟੋਪ ਤੇ ਦੋਂਹ ਕੰਨਪਟੀਆਂ ਉਤੇ ਖੰਭਾਂ ਦੀ ਨਿਸ਼ਾਨੀ ਵੈਰੀ ਦਲ ਨੂੰ ਪਤਾ ਸੀ। ਫੋਰੇ ਵਿਚ ਸਿਕੰਦਰ ਨੂੰ ਤਿੰਨ ਚਾਰ ਈਰਾਨੀ ਅਫਸਰਾਂ ਨੇ ਘੇਰ ਲਿਆ ਤੇ ਜ਼ਖਮੀ ਵੀ ਕੀਤਾ ਪਰ ਉਹ ਡਟ ਗਿਆ। ਹੋਰ ਈਰਾਨੀ ਆ ਗਏ ਤੇ ਸਿਕੰਦਰ ਨੂੰ ਮੁਕਾਉਣ ਹੀ ਲਗੇ ਸਨ ਕਿ ਸਿਕੰਦਰ ਦਾ ਆੜੀ ਕਲੀਵਸ ਪਹੁੰਚ ਗਿਆ ਤੇ ਸਿਕੰਦਰ ਬਚ ਗਿਆ। ਦੋਵੇਂ ਪਿਠਾਂ ਨੂੰ ਜੋੜ ਕੇ ਅਜੇਹੇ ਜੂਝੇ ਕਿ ਈਰਾਨੀਆਂ ਦੀ ਬਸ ਹੋ ਗਈ। ਏਨੇ ਨੂੰ ਯੂਨਾਨੀ ਪੈਦਲ ਫ਼ੌਜ ਦੇ ਸਿਪਾਹੀ ਜੋ ਕਿ ਮੋਢੇ ਨਾਲ ਮੋਢਾ ਜੋੜ ਕੇ ਇਕ ਨਿਗਰ ਰੂਪ ਧਾਰ ਲਿਆ ਕਰਦੇ ਸਨ ਦਰਿਆ ਲੰਘ ਕੇ ਆ ਪਹੁੰਚੇ ਤੇ ਈਰਾਨੀ ਦਲ ਦੇ ਦੋਹਾਂ ਸਿਰਿਆਂ ਉਤੇ ਹਮਲਾ ਕਰ ਦਿਤਾ ਗਿਆ। ਬਸ ਫੇਰ ਕੀ ਸੀ ਈਰਾਨੀਆਂ ਨੇ ਦਿਲ ਛਡ ਦਿਤਾ ਤੇ ਮੈਦਾਨ ਤੋਂ ਭੱਜ ਤੁਰੇ। ਈਰਾਨੀ ਦਲ


Getae
ILLYRIA
Triballi
Agrianes
THRACIA
MACEDONIA
Pontus Euxinus
M. Ionium
BITHYNIA
Halys
MYSIA
CAPADOCIA
LYDIA
PHRYGIA
ARMENIA
PISIDIA
CARIA
PAMPHYLIA
Mare Caspium
Mare Internum
Creta
Cyprus
SYRIA
MESOPOTAMIA
Tigris
Arbela
MEDIA
Ecbatana
BABYLONIA
Babylon
Euphrates
Susa
Cossaei
PERSIS
Persepolis
CARMANIA
HYRCANIA
PARTHIA
Margiana
BACTRIA
SOGDIANA
Alexandria Eschata
Oxus
Oxianus L.
Jaxartes
ARIA
DRANGIANA
Alexandria (Kandahar)
ARACHOSIA
GEDROSIA
Indus
Hydaspes
Malli
INDIA
AEGYPTUS
Nilus
Sinus Arabicus
ARABIA
Sinus Persicus
Oceanus Indicus
Alexander's Empire
English Miles
0 100 200 300 400 500

ਸਿਕੰਦਰ ਦਾ ਸਾਮਰਾਜ

੨੦ ਹਜਾਰ ਮੋਏ ਤੇ ਫੱਟੜ ਮੈਦਾਨ ਵਿਚ ਛੱਡ ਗਿਆ। ਸਿਕੰਦਰ ਨੇ ਯੂਨਾਨੀਆਂ ਨੂੰ ਵਡਿਆਉਣ ਲਈ ਤੇ ਉਨ੍ਹਾਂ ਨੂੰ ਜਿੱਤ ਵਿਚ ਹਿੱਸੇਦਾਰ ਬਨਾਉਣ ਲਈ ਤਿੰਨ ਸੌ ਛੋਟੀਆਂ ਢਾਲਾਂ ਈਰਾਨੀਆਂ ਤੋਂ ਖੋਈਆਂ ਹੋਈਆਂ ਘਰ ਭਜੀਆਂ ਜਿਨ੍ਹਾਂ ਉੱਤੇ ਲਿਖਿਆ ਹੋਯਾ ਸੀ। "ਸਿਕੰਦਰ ਪੁਤ ਫਿਲਿਪ ਦੇ ਅਤੇ ਯੂਨਾਨੀਆਂ ਨੇ ਏਹ ਏਸ਼ੀਆਈ ਵਹਸ਼ੀਆਂ ਤੋਂ ਜਿੱਤੀਆਂ।" ਜਿਸ ਤੋਂ ਸਿੱਧ ਹੁੰਦਾ ਹੈ ਕਿ ਉਹ ਨਿਰਾ ਰਣ ਜੂਝ ਨਹੀਂ ਸੀ ਨੀਤੀਵਾਨ ਭੀ ਸੀ।

ਗਰਾਨੀਕਸ ਦੀ ਜਿੱਤ ਦਾ ਅਸਰ ਏਹ ਹੋਯਾ ਕਿ ਬਹੁਤ ਸਾਰੇ ਸਮੁੰਦਰ ਕਿਨਾਰੇ ਦੇ ਸ਼ਹਰਾਂ ਨੇ ਸੁਤੇ ਸਿਧ ਈਨ ਮੰਨ ਲਈ ਤੇ ਦਰਵਾਜ਼ੇ ਖੋਲ੍ਹ ਦਿੱਤੇ। ਸਿਕੰਦਰ ਦੀ ਯੂਨਾਨੀ ਫੌਜ ਹਥਿਆਰਾਂ ਦੀ ਹਲਕੀ ਤੇ ਤੇਜ਼ ਤੁਰਨ ਵਾਲੀ ਸੀ। ਆਪ ਆਰਾਮ ਵਿਚ ਪੈਣ ਵਾਲਾ ਆਦਮੀ ਨਹੀਂ ਸੀ, ਉਸ ਨੂੰ ਅੱਠੇ ਪਹਰ ਸੁੱਤੇ ਜਾਗਦੇ ਨੂੰ ਲਗਨ ਲਗੀ ਰਹਿੰਦੀ ਸੀ ਅੱਗੇ ਵਧਣ ਦੀ, ਚਲ ਸੁ ਚਲ, "ਅਗਾਂਹੂ ਕੁ ਤਾਂ ਪਿੱਛਾ ਮੂਲ ਮਚਾਗਵਾਂ।" ਅਜੇਹੇ ਆਗੂ ਦੇ ਸਿਪਾਹੀ ਢਿਲੇ ਜਾਂ ਸੁਸਤ ਕਿਵੇਂ ਰਹ ਸਕਦੇ ਸੀ ਰਸਾਲਾ ਤਾਂ ਸੀ ਹੀ ਛਬਾਛਬ ਛਾਪੇ ਮਾਰਨ ਵਾਸਤੇ, ਪੈਦਲ ਫ਼ੌਜ ਦੇ ਸਿਪਾਹੀਆਂ ਦੇ ਹੱਥਾਂ ਵਿਚ ਅਠਾਰਾਂ ਫੁਟੇ ਹਲਕੇ ਬੱਲਮ ਹੁੰਦੇ ਸਨ ਤੇ ਆਦਮੀਆਂ ਦੀਆਂ ਅਠ ਪਾਲਾਂ ਹੁੰਦੀਆਂ ਸਨ ਇਕ ਦੂਜੇ ਦੇ ਪਿੱਛੇ ਮੋਢੇ ਨਾਲ ਮੋਢਾ ਖਹਵਾਂ, ਸਭ ਤੋਂ ਪਿਛਲੀ ਪਾਲ ਦੇ ਬੱਲਮਾਂ ਦੀਆਂ ਨੋਕਾਂ ਮੂਹਰਲੀ ਪਾਲ ਤੀਕ ਅਪੜੀਆਂ ਸਨ ਦਜ ਉਹ ਪੈਵੇਂ ਲੋਟ ਹੁੰਦੀਆਂ। ਸਵਾਰਾਂ ਸਿਰ ਧਾਤ ਦੇ ਟੋਪ ਧੜ ਉੱਤੇ ਅੱਗੇ ਪਿੱਛੇ ਧਾਤ ਦੀ ਚਾਦਰ, ਹੱਥ ਕਿਰਚਾਂ ਤੇ ਛੇ ਫੁਟ ਲੰਮੇ ਭਾਲੇ ਹੁੰਦੇ ਸਨ। ਗੱਭੇ ਪੈਦਲ ਸੱਜੇ ਖੱਬੇ ਸਵਾਰ ਹੁੰਦੇ ਸਨ। ਸਿਕੰਦਰ ਆਪ ਸੱਜੇ ਬਾਹੂ ਰਸਾਲੇ ਦੀ ਅਗਵਾਈ ਕੀਤਾ ਕਰਦਾ ਸੀ ਤੇ ਖੱਬੇ ਰਸਾਲੇ ਦੀ ਕਮਾਨ ਉਸ ਦੇ ਵੱਡੇ ਅਫ਼ਸਰ ਪਾਰਮੀਨਿਓ ਹੇਠ ਹੁੰਦੀ ਸੀ। ਕੁਛ ਤੀਰ ਕਮਾਨਾਂ ਵਾਲੀ ਫ਼ੌਜ ਭੀ ਸੀ।

ਗਰਾਨੀਕਸ ਦੀ ਲੜਾਈ ਵਿਚ ਏਹ ਹੋਯਾ ਕਿ ਯੂਨਾਨੀ ਰਸਾਲਾ ਸਿਕੰਦਰ ਦੀ ਅਗਵਾਈ ਹੇਠ ਪਹਲੋਂ ਹੀ ਦਰਿਆ ਪਾਰ ਕਰਕੇ ਈਰਾਨੀਆਂ ਵਿਚ ਜਾ ਧਸਿਆ। ਚਿਰ ਤੋਂ ਈਰਾਨੀਆਂ ਅਜੇਹਾ ਫੁਰਤੀਲਾ ਹਮਲਾ ਬਿੱਜ ਵਾਂਗ ਪੈਂਦਾ ਨਹੀਂ ਸੀ ਡਿਠਾ ਤੇ ਨਾ ਹੱਥੋ ਪਾਈ ਤੀਕ ਨੌਬਤ ਪਹੁੰਚਣ ਦਿੱਤੀ ਸੀ। ਜਦ ਰਸਾਲੇ ਨੇ ਈਰਾਨੀ ਫੌਜ ਦੇ ਢਿੱਡ ਵਿਚ ਵੜ ਕੇ ਕੁਝ ਚਿਰ ਲੜ ਕੇ ਪੈਰ

ਜਮਾ ਲਏ ਤਾਂ ਤੁਰਦੀਆਂ ਰੂਨੇ ਗਚ ਕੰਧਾਂ ਵਾਂਗ ਬਣੇ ਬਣਾਏ ਪੈਦਲ ਪਹੁੰਚ ਗਏ ਤੇ ਈਰਾਨੀਆਂ ਨੂੰ ਧਕ ਕੇ ਲੈ ਗਏ । ਈਰਾਨੀਆਂ ਵਲ ਕੁਝ ਪਲਟਣਾਂ ਤਨਖਾਹ ਦਾਰ ਯੂਨਾਨੀਆਂ ਦੀਆਂ ਭੀ ਸਨ ਜੋ ਆਪਣੇ ਦੇਸ ਵਿਰੁਧ ਲੜ ਰਹੀਆਂ ਸਨ । ਸਿਕੰਦਰ ਨੇ ਹੁਕਮ ਦਿੱਤਾ ਕਿ ਏਨ੍ਹਾਂ ਯੂਨਾਨੀ ਗ਼ਦਾਰਾਂ ਨੂੰ ਸ਼ਰਨ ਮੰਗਣ ਤੇ ਵੀ ਨਹੀਂ ਦੇਣੀ ਜਿਸ ਕਰਕੇ ਭਾਵੇਂ ਸਿਕੰਦਰ ਦੀ ਫ਼ੌਜ ਦਾ ਨੁਕਸਾਨ ਵਧੇਰੇ ਹੋਯਾ ਪਰ ਅਗੋਂ ਲਈ ਧਾਕ ਪੈ ਗਈ ।

ਜਮਾਂਦਰੂ ਆਗੂਆਂ ਦੇ ਆਚਰਣ ਵਿਚ ਦੋ ਪਾਸੇ ਕਮਾਲ ਦੇ ਹੋਯਾ ਕਰਦੇ ਹਨ, ਸਥਿਤੀ ਵਿਚ ਪਰਬਤ ਵਾਂਗ ਅਡੋਲ, ਮੌਨੀ, ਸ਼ਾਂਤ, ਊਚ ਨੀਚ ਸੋਗ ਹਰਖ ਚਿਲਮਿਲ ਨਿੰਦ ਚਿੰਦ ਤੋਂ ਰਹਤ, ਕਾਮ ਕਰੋਧ ਤੋਂ ਅਤੀਤ । ਤੇ ਗਤੀ ਵਿਚ ਬਿਜਲੀ ਵੱਤ ਅੱਗ ਦੇ ਬਬੋਲੇ ਵਾਂਗ । ਏਹੋ ਸਿਫਤਾਂ ਸ਼ੇਰ ਵਿਚ ਹੁੰਦੀਆਂ ਹਨ, ਆਰਾਮ ਦੇ ਵੇਲੇ ਨਿੱਸਲ, ਮੁਰਦਾ, ਅੱਖੀਆਂ ਚੜੀਆਂ, ਹਰ ਨਸ ਢਿਲੀ, ਜਦ ਜਾਗ ਪਵੇ ਤਾਂ ਨਾੜੀ ਨਾੜੀ ਤੰਦ ਵਾਂਗ ਕਸੀ ਹੋਈ, ਅੱਖਾਂ ਗਜ਼ਬਨਾਕ ਤੇ ਅੰਞ ਕੁੱਦਨਾ ਜਿਵੇਂ ਕੋਈ ਕਮਾਨੀ ਛੁਟ ਜਾਵੇ । ਐਵੇਂ ਨਹੀਂ ਸੁੱਤੇ ਸ਼ੇਰ ਦਾ ਪ੍ਰਮਾਣ ਦਿੱਤਾ ਜਾਂਦਾ । ਸੁੱਤੇ ਸ਼ੇਰ ਤੇ ਜਾਗ ਪਏ ਸ਼ੇਰ ਦਾ ਥੋੜਾ ਹੀ ਫਰਕ ਹੁੰਦਾ ਹੈ । ਸੁੱਤੇ ਸ਼ੇਰ ਦੀ ਆਉਣ ਵਾਲੀ ਜਾਗਣ ਦੀ ਅਵਸਥਾ ਦਾ ਪਹਲੋਂ ਹੀ ਏਨਾ ਤਪ ਹੁੰਦਾ ਹੈ ਕਿ ਉਸ ਨੂੰ ਸੁੱਤਿਆਂ ਵੇਖ ਕੇ ਬੰਦਾ ਭੈ ਭੀਤ ਹੋ ਜਾਂਦਾ ਹੈ । ਉਠਦੀ ਜਵਾਨੀ ਵਿਚ ਹੀ ਸਿੰਕਦਰ ਦੇ ਏਹ ਚਿਹਨ ਪ੍ਰਗਟ ਸਨ ਜੋਸ਼ ਦੀਆਂ ਠਾਠਾਂ ਸਵੈ-ਸਾਧਨ ਤੇ ਦਿਲ ਦਾ ਉਦਾਰਚਿਤ । ਕਹਿੰਦੇ ਹਨ ਕਿ ਉਸ ਨੂੰ ਆਪਣੀ ਭੁਖ ਪਿਆਸ ਉੱਤੇ ਪੂਰਾ ਵਸ ਸੀ । ਜਦ ਉਸ ਨੂੰ ਕਿਸੇ ਚੀਜ਼ ਯਾ ਆਸ਼ੇ ਦੀ ਪ੍ਰਾਪਤੀ ਦੀ ਲਿਵ ਹੁੰਦੀ ਸ਼ਰਾਬ ਕਾਮ ਤਮਾਸ਼ੇ ਖੇਲਾਂ ਕੋਈ ਚੀਜ਼ ਰੋਕ ਨਹੀਂ ਸੀ ਪਾ ਸਕਦੀ । ਜੰਗ ਵਿਚ ਕੈਦ ਕੀਤੀਆਂ ਇਸਤ੍ਰੀਆਂ ਉਸ ਦੇ ਭਾਣੇ ਬੇਜਾਨ ਬੁੱਤ ਸਨ । ਸ਼ਹਿਨਸ਼ਾਹ ਦਾਰਾ ਦੀ ਰਾਣੀ ਅਤੇ ਉਸ ਦੀਆਂ ਧੀਆਂ ਨਾਲ ਜੋ ਵਰਤਾਉ ਉਸ ਨੇ ਕੀਤਾ ਉਹ ਕਿਸੇ ਦੇਵਤਾ ਦਾ ਹੀ ਵਤੀਰਾ ਹੋ ਸਕਦਾ ਹੈ। ਕੋਰੀਆ ਦੀ ਮਲਕਾ ਨੇ ਸਿਕੰਦਰ ਨੂੰ ਅਤ ਦਰਜੇ ਦੇ ਸੁਆਦਿਸ਼ਟ ਖਾਣੇ ਭੇਜੇ ਨਾਲ ਰਸੋਈਏ ਭੀ ਭੇਜੇ । ਉਸ ਨੇ ਜ਼ਵਾਬ ਦਿਤਾ ਕਿ ਜਵਾਨੀ ਵਿਚ ਮੈਂ ਬਿਨਾਂ ਰਸੋਈਆਂ ਤੋਂ ਹੀ ਗੁਜ਼ਾਰਾ ਕਰਨਾ ਸਿਖਾਇਆ ਗਿਆ ਹਾਂ । ਸ਼ਾਹਵੇਲਾ ਕਰਨਾ ਸਾਰੀ ਰਾਤ ਤੁਰ ਕੇ ਤੇ ਰੋਟੀ ਖ਼ਾਣੀ ਹਲਕੇ ਜੇਹੇ ਸ਼ਾਹਵੇਲੇ ਦੀ । ਏਸੇ ਤਰ੍ਹਾਂ ਨੈਪੋਲੀਅਨ ਨੇ ਆਪਣੀ ਮਾਂ

ਨੂੰ ਆਪਣੀਆਂ ਆਦਤਾਂ ਬਾਰੇ ਲਿਖਿਆ ਸੀ ਇਕ ਚਿੱਠੀ ਵਿਚ। "ਰਾਤ ਦੇ ਦਸ ਵਜੇ ਮੈਂ ਸੌਂ ਜਾਂਦਾ ਹਾਂ, ਤੜਕੇ ਚਾਰ ਵਜੇ ਉੱਠ ਬੈਠਦਾ ਹਾਂ, ਦਿਨ ਵਿਚ ਕੇਵਲ ਇਕ ਵਾਰ ਖਾਂਦਾ ਹਾਂ—ਤਿੰਨ ਵਜੇ।" ਜੂਲੀਅਸ ਸੀਜ਼ਰ ਸਰੀਰ ਦਾ ਕਾਠਾ ਨਹੀਂ ਸੀ ਪਰ ਉਹ ਆਖਿਆ ਕਰਦਾ ਸੀ ਮੈਂ ਆਪਣੀ ਕਮਜ਼ੋਰ ਸੇਹਤ ਨੂੰ ਕੂਲਾ ਜੀਵਨ ਬਤੀਤ ਕਰਨ ਦਾ ਬਹਾਨਾ ਨਹੀਂ ਬਣਾਇਆ ਸਗੋਂ ਚੰਗੀ ਜ਼ਿੰਦਗੀ ਨੂੰ ਮਾੜੀ ਸੇਹਤ ਦਾ ਇਲਾਜ ਸਮਝਦਾ ਹਾਂ। ਸੀਜ਼ਰ ਆਪਣੀ ਸਰੀਰਕ ਪੁਸ਼ਟੀ ਲਈ ਸਾਦਾ ਖ਼ੁਰਾਕ ਖੁੱਲ੍ਹੀ ਹਵਾ ਵਿਚ ਸੌਣ ਅਤੇ ਅਉਖਾਂ ਨੂੰ ਸਹਣਾ ਜ਼ਰੂਰੀ ਸਮਝਿਆ ਕਰਦਾ ਸੀ। ਸਿਕੰਦਰ ਦਾ ਜੁੱਸਾ ਏਨ੍ਹਾ ਦੋਹਾਂ ਜਰਨੈਲਾਂ ਤੋਂ ਤਕੜਾ ਸੀ। ਦਸਦੇ ਹਨ ਕਿ ਸਿਕੰਦਰ ਹਰ ਲੜਾਈ ਤੋਂ ਪਹਲਾਂ ਘੂਕ ਗੂੜ੍ਹੀ ਨੀਂਦੇ ਆਰਾਮ ਕਰਿਆ ਕਰਦਾ ਸੀ ਏਹ ਉਹ ਸ਼ੇਰ ਵਾਲੀ ਨੀਂਦ ਸੀ ਜਦ ਨਿਚਿੰਦ ਹੋ ਕੇ ਆਪਣੇ ਆਪ ਨੂੰ ਭੁਲਾ ਕੇ ਆਪਣੇ ਇਰਾਦੇ ਤੇ ਹੌਸਲੇ ਵਿਚ ਪੱਕਾ ਏਸ ਅਹਿਲ ਨਿਸਚੇ ਵਿਚ ਕਿ ਮੈਂ ਜਦ ਚਾਹਾਂਗਾ ਉਠ ਕੇ ਸ਼ਿਕਾਰ ਮਾਰ ਲਵਾਂਗਾ ਸ਼ੇਰ ਸੌਂ ਜਾਂਦਾ ਹੈ। ਸਿਕੰਦਰ ਦੇ ਦਿਲ ਦੀ ਹਾਲਤ ਪੁੱਜ ਕੇ ਸ਼ਾਂਤ ਤੇ ਨਾ ਡੋਲਣ ਵਾਲੇ ਕਦੇ ਘਬਰਾਹਟ ਨੂੰ ਨਾ ਢੁੱਕਣ ਦੇਣ ਵਾਲੇ ਸਾਧਨਾ-ਭਰਪੂਰ ਮਨ ਦੀ ਸੀ। ਉਸ ਨੂੰ ਕਦੇ ਫੁਰਨਾ ਹੀ ਨਹੀਂ ਸੀ ਫੁਰਿਆ ਕਿ ਮੇਰੀ ਤਦਬੀਰ ਜਾਂ ਕੱਲ ਵਾਲੇ ਮੋਰਚੇ ਦਾ ਪਲਾਨ ਅਸ਼ੁਧ ਜਾਂ ਕਸਰ ਵਾਲਾ ਹੋ ਸਕਦਾ ਹੈ।

ਗਰਾਨੀਕਸ ਦੀ ਲੜਾਈ ਦੇ ਪਿਛੋਂ ਸਾਲ ਭਰ ਦੋਨੋ ਫ਼ੌਜਦਾਰ ਆਪਣੇ ਦਾਅ ਸਵਾਰਦੇ ਰਹੇ। ਸਿਕੰਦਰ ਦੇ ਜਹਾਜ਼ਾਂ ਨੇ ਇਕ ਦੋ ਬੰਦਰ ਲੈ ਲਏ। ਬਹੁਤ ਸਾਰੇ ਸ਼ਹਿਰ ਤੁਰਕਾਂ ਦੇ ਆਪੇ ਹੀ ਅਧੀਨ ਹੋ ਗਏ। ਸਿਕੰਦਰ ਦੀ ਕਿਸਮਤ ਨੂੰ ਈਰਾਨੀਆਂ ਦਾ ਸਿਆਣਾ ਤੇ ਮਸ਼ਹੂਰ ਸਮੁੰਦਰੀ ਬੇੜੇ ਦਾ ਕਮਾਂਡਰ ਮੈਮਨਨ ਮਰ ਗਿਆ। ਸਿਕੰਦਰ ਨੇ ਸਿਆਣਪ ਤੇ ਦੂਰ ਦੀ ਸੋਝੀ ਨਾਲ ਸ਼ਰਨ ਆਏ ਸ਼ਹਿਰਾਂ ਤੇ ਖਲਕਤ ਨਾਲ ਕਰੜਾਈ ਨਹੀਂ ਵਰਤੀ ਸਗੋਂ ਆਦਰ ਕੀਤਾ ਜਿਸ ਨਾਲ ਨਵੀਂ ਪਰਜਾ ਖੁਸ਼ ਹੋ ਗਈ ਤੇ ਸਗੋਂ ਈਰਾਨੀਆਂ ਦੇ ਲੁਟ ਮਾਰ ਦੇ ਵਤੀਰੇ ਤੋਂ ਤੰਗ ਆਈ ਹੋਣ ਕਰਕੇ ਸਿਕੰਦਰ ਦੀ ਦਿਲੋਂ ਹਾਮੀ ਹੋ ਗਈ। ਓਧਰੋਂ ਦਾਰਾ ਗਰਾਨੀ ਕਸ ਦੀ ਹਾਰ ਦਾ ਬਦਲਾ ਲੈਣ ਲਈ ਤਿਆਰੀਆਂ ਵਿਚ ਰੁੱਝ ਗਿਆ। ਸਿਕੰਦਰ ਤੁਰਕੀ ਦੇ ਦੱਖਣੀ ਕਿਨਾਰੇ ਦੇ ਪਹਾੜਾਂ ਵਿਚ ਜਿੱਥੇ ਕਿ ਕੀਮਤੀ ਖਾਣਾ ਹਨ ਰੁਝਿਆ ਹੋਇਆ ਸੀ। ਦੋਹਾਂ ਦਲਾਂ ਦੀ ਦੂਜੀ ਲੜਾਈ ਦਾ ਢੁਕਾ ਭੂ-ਮੱਧ

ਸਮੁੰਦਰ ਦੇ ਪੂਰਬੀ ਕਿਨਾਰੇ ਦੇ ਸ਼ਹਿਰ ਇਸੱਸ ਕੋਲ ਹੁੰਦਾ ਜਾਪ ਰਿਹਾ ਸੀ। ਸਿਕੰਦਰ ਨੂੰ ਸੀਲੀਸ਼ੀਆ ਦੇ ਪਹਾੜਾਂ ਵਿਚ ਫਿਰਦਾ ਦੇਖ ਕੇ ਦਾਰਾ ਸਮਝਦਾ ਸੀ ਕਿ ਉਹ ਡਰਦਾ ਟਲ ਰਿਹਾ ਹੈ। ਏਧਰੋਂ ਇਕੰਦਰ ਸਗੋਂ ਏਸ ਤਾੜ ਵਿਚ ਸੀ ਕਿ ਥੋੜੀ ਫ਼ੌਜ ਨਾਲ ਦੂਣੀ ਫ਼ੌਜ ਦਾ ਮੁਕਾਬਲਾ ਮੈਦਾਨ ਨਾਲੋਂ ਪਹਾੜੀ ਇਲਾਕੇ ਵਿਚ ਸੁਖਾਲਾ ਹੈ। ਦਾਰਾ ਦੀ ਫ਼ੌਜ ਹੇਠ ਦੱਖਣ ਵਲ ਨੂੰ ਆਈ ਤੇ ਸਿਕੰਦਰ ਦੀ ਉੱਤਰ ਵਲ ਨੂੰ ਹੋਈ ਟਾਕਰਾ ਇਸੱਸ ਦੇ ਮੈਦਾਨ ਵਿਚ ਹੋ ਗਿਆ।

ਪੂਰਬ ਵਲ ਪਹਾੜ 'ਤੇ ਪੱਛਮ ਵਿਚ ਸਮੁੰਦਰ। ਵਿਚਕਾਰ ਚਾਰ ਮੀਲ ਚੌੜਾ ਮੈਦਾਨ ਸੀ। ਸਿਕੰਦਰ ਨੇ ਆਪਣੀ ਫ਼ੌਜ ਪਹਾੜ ਤੋਂ ਸਮੁੰਦਰ ਤਕ ਵਿਛਾ ਦਿੱਤੀ, ਸੱਜੇ ਪਾਸੇ ਆਪ ਖੱਬੇ ਬਾਹੂ ਉੱਤੇ ਪਾਰਮੀਨੀਓ ਦਾ ਰਸਾਲਾ ਤੇ ਗੱਭੇ ਪੈਦਲ। ਦਾਰਾ ਸਮਝਦਾ ਸੀ ਕਿ ਸਿਕੰਦਰ ਡਰਦਾ ਦੱਖਣ ਵੱਲ ਨੂੰ ਜਾ ਰਿਹਾ ਹੈ। ਜਦ ਸਿਕੰਦਰ ਨੇ ਮੌਕਾ ਤਾੜ ਕੇ ਸ਼ਬ ਸ਼ਬ ਮੂੰਹ ਉਸ ਵੱਲ ਕਰ ਲਿਆ ਤਦ ਦਾਰਾ ਸਮਝਿਆ ਕਿ ਲੜਾਈ ਆ ਗਈ। ਸੂਹਿਆਂ ਨੇ ਦੱਸਿਆ ਸੀ ਪਾਰਮੀਨੀਓ ਉੱਤੇ ਪੈਣ ਨਾਲ 'ਜਿੱਤਣ ਦੀ ਵਧੇਰੇ ਆਸ ਹੈ ਸੋ ਉਸ ਨੇ ਸਿਕੰਦਰ ਦੀ ਖੱਬੀ ਬਾਂਹੀ ਉੱਤੇ ਜ਼ੋਰ ਪਾ ਦਿੱਤਾ ਜਿਸ ਨਾਲ ਉਸ ਦਾ ਆਪਣਾ ਖਬਾ ਪਾਸਾ ਕਮਜ਼ੋਰ ਹੋ ਗਿਆ ਤੇ ਸਿਕੰਦਰ ਨੇ ਤੇਜੀ ਨਾਲ ਉਸ ਨੂੰ ਮਰੋੜ ਦਿਤਾ ਤੇ ਤੁਰਤ ਪਾਰਮੀ-ਨੀਓ ਦੀ ਮਦਦ ਲਈ ਰਸਾਲੇ ਭੇਜ ਦਿੱਤੇ। ਏਸ ਲੜਾਈ ਵਿਚ ਵੀ ਦਾਰਾ ਦੀ ਫ਼ੌਜ ਦਾ ਗੱਭਾ ਤਨਖ਼ਾਹਕਾਰ ਯੂਨਾਨੀ ਸਿਪਾਹੀਆਂ ਦਾ ਸੀ ਪਰ ਤਲਬਾਂ ਵਾਲੇ ਭਲਾ ਜਾਨ ਤੋੜ ਕੇ ਕਦ ਲੜਦੇ ਹਨ। ਉਨ੍ਹਾਂ ਨੂੰ ਸਿਕੰਦਰ ਦੀ ਨਾ ਮੁੜਨ ਵਾਲੀ ਪੈਦਲ ਫ਼ੌਜ ਨੇ ਮਸਲ ਦਿੱਤਾ। ਏਸ ਲੜਾਈ ਵਿਚ ਫਿਰ ਆਪ ਦਾਰਾ ਤੇ ਸਿਕੰਦਰ ਦੀ ਇਕਲਵੰਜੀ ਟੱਕਰ ਹੋਈ ਤੇ ਸ਼ਿਕੰਦਰ ਦਾ ਪੱਟ ਜ਼ਖਮੀ ਹੋਇਆ। ਲੜਾਈ ਤੋਂ ਪਹਿਲਾਂ ਸਿਕੰਦਰ ਨੇ ਆਪਣੀ ਫ਼ੌਜ ਨੂੰ ਆਖਿਆ ਕਿ ਆਪਾਂ ਇਕ ਲੜਾਈ ਜਿੱਤ ਲਈ ਹੈ ਹੁਣ ਦੂਜੀ ਜਿੱਤਾਂਗੇ, ਤਕੜੇ ਹੋ ਕੇ ਵੈਰੀ ਦਾ ਮੂੰਹ ਫੇਰ ਦਿਉ ਫੇਰ ਏਨ੍ਹਾਂ ਦੇ ਸੋਨਾਂ ਚਾਂਦੀ ਤੇ ਹੋਰ ਮਾਲ ਸਭ ਤੁਹਾਡੇ ਹਵਾਲੇ ਹੋਣਗੇ! ਸੋ ਸ਼ਿਕੰਦਰ ਦੀ ਫ਼ੌਜ ਜਾਨ ਨਾਲ ਲੜੀ। ਉਹ ਚਾਹੁੰਦਾ ਸੀ ਕਿ ਦਾਰਾ ਨੂੰ ਜਿਉਂਦੇ ਨੂੰ ਫੜ ਲਿਆ ਜਾਵੇ। ਦਾਰਾ ਦੇ ਰਥ ਘੋੜੇ ਲਾਸ਼ਾਂ ਉਤੋਂ ਰਥ ਨਾ ਲੰਘ ਸਕਣ ਕਰਕੇ ਸੀਖਪਾ ਹੋ ਕੇ ਰਾਸਾਂ ਵੱਢਣ ਲੱਗੇ ਤੇ ਦਾਰਾ ਰਥ ਤੋਂ ਉਤਰ ਕੇ ਇਕ ਤਿਆਰ ਘੋੜੇ ਉੱਤੇ ਰਾਤ ਪੈਣ ਲੱਗੀ ਤੋਂ ਕਿਧਰੇ ਉੜ ਗਿਆ। ਉਸ ਦੀ

ਫ਼ੌਜ ਭੀ ਭੱਜ ਨਿਕਲੀ। ਚਾਨਣੇ ਚਾਨਣੇ ਪਿੱਛਾ ਕੀਤਾ ਗਿਆ, ਰਾਤ ਪਈ ਤੋਂ ਸਭ ਆਪੋ ਆਪਣੇ ਰਾਹੀਂ ਪੈ ਗਏ ਤੇ ਸਿਕੰਦਰ ਦੀ ਏਸ਼ੀਆਈ ਜਿੱਤ ਦੀ ਸਾਈ ਉਸ ਦੇ ਹੱਥ ਲੱਗੀ।

ਦਾਰਾ ਦਾ ਰਥ ਤੇ ਇਕ ਕਮਾਣ ਸਿਕੰਦਰ ਦੇ ਹਥ ਲਗੇ ਤੇ ਰਾਤ ਪਈ ਤੋਂ ਉਹ ਪਿੱਛਾ ਛੱਡ ਕੇ ਮੁੜਿਆ ਤਾਂ ਵੇਖਿਆ ਕਿ ਉਸ ਦੇ ਸਿਪਾਹੀ ਈਰਾਨੀ ਕੈਂਪ ਨੂੰ ਲੁੱਟ ਰਹੇ ਹਨ, ਦਾਰਾ ਦਾ ਨਿੱਜੀ ਡੇਰਾ ਸਿਕੰਦਰ ਲਈ ਸਾਂਭ ਛੱਡਿਆ ਸੀ। ਹਥਿਆਰ ਰੱਖ ਕੇ ਬਕਤਰ ਲਾਹ ਕੇ ਸ਼ਿਕੰਦਰ ਆਖਣ ਲੱਗਾ ਆਓ ਹੁਣ ਲੜਾਈ ਦੀ ਗਰਦ ਤੇ ਥਕੇਵਾਂ ਲਾਹਣ ਲਈ ਦਾਰਾ ਦੇ ਗੁਸਲਖਾਨੇ ਵਿਚ ਨ੍ਹਾਈਏ ਹੁਣ ਤਾਂ ਸਭ ਕੁਛ ਜੇਤੂਆਂ ਦਾ ਹੋ ਗਿਆ ਹੈ—ਜਾਕੇ ਵੇਖਿਆ ਕਿ ਕੂੰਡਾ, ਥਾਲ ਤੇ ਮਾਲਸ਼ ਦੇ ਤੇਲਦਾਰ ਸਭ ਸੋਨੇ ਦੇ ਸਨ ਜਿਨ੍ਹਾਂ ਉੱਤੇ ਕੰਮ ਕੀਤਾ ਹੋਇਆ ਸੀ। ਕਮਰਾ ਸੁਗੰਧੀ ਨਾਲ ਸੁਰਤਹਿਰ ਰਿਹਾ ਸੀ। ਅਗੇ ਵੱਧਿਆ ਤਾਂ ਵੇਖਿਆ ਕਿ ਉੱਚਾ ਤੇ ਖੁਲ੍ਹਾ ਛਡਿਆ ਦਾਲਾਨ ਹੈ ਜਿਸ ਵਿਚ ਚੌਂਕੀਆਂ ਤਖ਼ਤਪੋਸ਼ ਬਿੱਛੇ ਹੋਏ ਸਨ ਤੇ ਖਾਣ ਪੀਣ ਦੀ ਪੂਰੀ ਤਿਆਰੀ ਉੱਚ ਠਾਠ ਦੀ ਕੀਤੀ ਹੋਈ ਸੀ। ਵੇਖ ਕੇ ਆਪਣੇ ਸਾਥੀਆਂ ਵਲ ਮੁੜ ਕੇ ਆਖਣ ਲੱਗਾ ਆਹ ਹੈ ਬਾਦਸ਼ਾਹੀ। ਅਜੇ ਰੋਟੀ ਖਾਣ ਲੱਗਿਆ ਹੀ ਸੀ ਕਿ ਖਬਰ ਮਿਲੀ ਕਿ ਕੈਦੀਆਂ ਵਿਚ ਸ਼ਹਿਨਸ਼ਾਹ ਦਾਰਾ ਦੀ ਮਾਂ ਪਤਨੀ ਤੇ ਦੋ ਕੁਆਰੀਆਂ ਧੀਆਂ ਭੀ ਹਨ ਜੋ ਦਾਰਾ ਦਾ ਰਥ ਤੇ ਕਮਾਣ ਵੇਖ ਕੇ ਸਮਝ ਬੈਠੀਆਂ ਹਨ ਕਿ ਉਹ ਮਾਰਿਆ ਗਿਆ ਹੈ ਰੋਣ ਪਿੱਟਣ ਲੱਗੀਆਂ ਹੋਈਆਂ ਹਨ। ਜਿੱਤ ਦੀ ਖੁਸ਼ੀ ਨਾਲੋਂ ਉਨ੍ਹਾਂ ਦੀ ਚਿੰਤਾ ਦੂਰ ਕਰਨੀ ਜ਼ਰੂਰੀ ਸਮਝ ਕੇ ਸੁਨੇਹਾ ਭੇਜਿਆ ਕਿ ਦਾਰਾ ਮਾਰਿਆ ਨਹੀਂ ਭੱਜ ਕੇ ਬਚ ਗਿਆ ਹੈ। ਤਸੱਲੀ ਦਵਾਈ ਕਿ ਉਹ ਉੱਕਾ ਨਾ ਡਰਨ ਜਿਸ ਸਾਕ ਸੰਬੰਧੀ ਨੂੰ ਉਨ੍ਹਾਂ ਦੇ ਦਬਵਾਉਣਾ ਹੋਵੇ ਦਰਜੇ ਅਨੁਸਾਰ ਯੋਗ ਤਰੀਕੇ ਨਾਲ ਸਿਕੰਦਰ ਦੇ ਖਰਚ ਨਾਲ ਦਬਵਾ ਲੈਣ ਤੇ ਜਿਸ ਸਾਮਾਨ ਦੀ ਲੋੜ ਹੋਵੇ ਮੰਗ ਲੈਣ, ਦਿੱਤਾ ਜਾਵੇਗਾ। ਏਹ ਭੀ ਯਕੀਨ ਦਿਵਾਇਆ ਕਿ ਮਰਤਬੇ ਅਨੁਸਾਰ ਉਨ੍ਹਾਂ ਨੂੰ ਖਰਚ ਦਿੱਤਾ ਜਾਵੇਗਾ ਅਤੇ ਨੌਕਰ ਉਸੇ ਤਰ੍ਹਾਂ ਦਿਤੇ ਜਾਣਗੇ। ਸਭ ਤੋਂ ਵੱਡੀ ਗੱਲ ਏਹ ਕਿ ਸ਼ਿਕੰਦਰ ਨੇ ਉਨ੍ਹਾਂ ਨੂੰ ਹਥ ਲਾਉਣਾ ਤਾਂ ਕੀ ਅੱਖ ਚੁੱਕ ਕੇ ਉਨ੍ਹਾਂ ਨੂੰ ਵੇਖਣ ਤਕ ਦਾ ਯਤਨ ਨਹੀਂ ਕੀਤਾ ਤੇ ਪੂਰੀ ਰਖਿਆ ਕੀਤੀ। ਦੁਨੀਆਂ ਜਾਣਦੀ ਹੈ ਕਿ ਦਾਰਾ ਦੀ ਮਲਕਾ ਇਕ ਮਹਾਂ ਸੁੰਦਰੀ ਪਦਮਨੀ ਸੀ ਤੇ ਆਪ ਦਾਰਾ ਭੀ

ਕੱਦ ਕਾਠ ਤੇ ਰੰਗ ਰੂਪ ਵਲੋਂ ਇਕ ਦੀਦਾਰੀ ਜਵਾਨ ਸੀ। ਸਿਕੰਦਰ ਨੂੰ ਪਤਾ ਲਗਾ ਕਿ ਪਾਰਮੀਨਿਓ ਦੇ ਸਿਪਾਹੀਆਂ ਨੇ ਉਸ ਦੇ ਅਸਥਾਨਕ ਨੌਕਰਾਂ ਦੀਆਂ ਇਸਤ੍ਰੀਆਂ ਨੂੰ ਛੇੜਿਆ ਹੈ। ਉਸ ਨੇ ਪਾਰਮੀਨੀਓ ਨੂੰ ਡਾਂਟ ਕੇ ਲਿਖਿਆ ਕਿ ਜੇ ਕਸੂਰ ਸਾਬਤ ਹੋਯਾ ਤਾਂ ਸਿਪਾਹੀਆਂ ਨੂੰ ਵਹਸ਼ੀ ਜਾਨਵਰ ਵਾਂਗ ਮੌਤ ਦੀ ਸਜ਼ਾ ਦਿਤੀ ਜਾਵੇਗੀ ਕਿਉਂਕਿ ਉਹ ਪਰਜਾ ਨੂੰ ਦੁਖ ਦੇਂਦੇ ਹਨ। ਓਸੇ ਚਿੱਠੀ ਵਿਚ ਉਸ ਨੇ ਲਿਖਿਆ ਕਿ ਮੈਂ ਦਾਰਾ ਦੀ ਮਲਕਾ ਨੂੰ ਅੱਖੀਂ ਵੇਖਣਾ ਤਾਂ ਕੀ ਕਿਸੇ ਨੂੰ ਉਸ ਦੇ ਰੂਪ ਦਾ ਵਰਨਣ ਕਰਨ ਦੀ ਭੀ ਆਗਿਆ ਨਹੀਂ ਦਿੱਤੀ। ਉਹ ਆਖਿਆ ਕਰਦਾ ਸੀ ਕਿ ਨੀਂਦ ਅਤੇ ਇਸਤ੍ਰੀ ਸੰਗ ਤੋਂ ਹੀ ਉਹ ਨੂੰ ਗਿਆਨ ਹੁੰਦਾ ਸੀ ਕਿ ਜੀਵਨ ਫ਼ਾਨੀ ਹੈ ਅਰਥਾਤ ਖੁਸ਼ੀ ਤੇ ਅਕੇਵਾਂ ਦੋਵੇਂ ਹਾਲਤਾਂ ਇਨਸਾਨ ਦੀ ਏਸ ਇਕ ਕਮਜ਼ੋਰੀ ਤੇ ਦੁਰਬਲਤਾ ਨੂੰ ਫਲ ਲੱਗਦੇ ਹਨ।

ਸਿਕੰਦਰ ਖਾਣ ਪੀਣ ਵਿਚ ਭੀ ਸੰਜਮੀ ਸੀ। ਸ਼ਰਾਬ ਦੀ ਵਰਤੋਂ ਕਦੇ ਦੇ ਇਸ ਕਰਕੇ ਵਧ ਜਾਂਦੀ ਸੀ ਕਿ ਉਸ ਨੂੰ ਵੇਹਲੇ ਵੇਲੇ ਗੱਲਾਂ ਬਾਤਾਂ ਦਾ ਚਸਕਾ ਸੀ ਤੇ ਸਾਥੀਆਂ ਨੂੰ ਨਾਲ ਲਈ ਰੱਖਣ ਦਾ। ਵੇਹਲੇ ਸਮਿਆਂ ਵਿਚ ਸਵੇਰੇ ਉਠ ਕੇ ਪਹਲਾਂ ਪੂਜਾ ਕਰਕੇ ਕੁਰਬਾਨੀ ਦੇ ਕੇ ਮੂੰਹ ਜੂਠਾ ਕੀਤਾ ਕਰਦਾ ਸੀ। ਬਾਕੀ ਦਾ ਦਿਨ ਸ਼ਿਕਾਰ, ਰੋਜ਼ਨਾਮਚਾ ਲਿੱਖਣ ਫੌਜੀ ਮੁਆਮਲੇ ਨਿਪਟਾਉਣ ਯਾ ਪੜ੍ਹਨ ਵਿਚ ਲਾਂਦਾ ਸੀ। ਸਿਰਤੋੜ ਜਾਂਦੇ ਰਥ ਵਿਚੋਂ ਛਾਲ ਮਾਰਨ ਦਾ ਸ਼ੌਕ ਸੀ। ਜਦ ਤ੍ਰਕਾਲਾਂ ਨੂੰ ਮੁੜਦਾ ਤਾਂ ਨ੍ਹਾ ਧੋ ਕੇ ਵਟਨਾ ਕਰਕੇ ਰਸੋਈਆਂ ਨੂੰ ਸੱਦ ਕੇ ਪਛਦਾ ਕਿ ਖਾਣਾ ਤਿਆਰ ਹੈ। ਰਾਤ ਦਾ ਖਾਣਾ ਤਕੜੀ ਰਾਤ ਗਈ ਖਾਂਦਾ ਸੀ ਤੇ ਨਾਲ ਖਾਣ ਵਾਲਿਆਂ ਨੂੰ ਬਰਾਬਰ ਦਾ ਖਾਣਾ ਪਰੋਸਣ ਦੀ ਤਾਕੀਦ ਸੀ। ਜਦ ਮੱਛੀ ਯਾ ਫਲ ਆਦਕ ਬਾਹਰੋਂ ਉਸ ਲਈ ਆਉਂਦੇ ਵੰਡ ਦੇਂਦਾ ਸੀ। ਸ਼ਿਕੰਦਰ ਦਾ ਭੋਜਨ ਭੰਡਾਰ ਉੱਚ ਦਰਜੇ ਦਾ ਸੀ, ਜਿਉਂ ਜਿਉਂ ਵਾਧਾ ਹੋਂਦਾ ਗਿਆ ਖਾਣ ਦਾ ਖ਼ਰਚ ਭੀ ਵਾਧਦਾ ਗਿਆ ਤੇ ੧੦ ਹਜ਼ਾਰ ਰੁਪਏ ਦਿਹਾੜੀ ਤਕ ਪਹੁੰਚ ਗਿਆ ਸੀ।

ਇਸੱਸ ਦੀ ਲੜਾਈ ਦੇ ਪਿਛੋਂ ਦਮਿਸ਼ਕ ਵਿਚੋਂ ਈਰਾਨੀਆਂ ਦੇ ਮਾਲ ਮਤਾ ਨਾਲ ਸ਼ਿਕੰਦਰ ਦੇ ਸਿਪਾਹੀ ਐਨਾ ਫਿੱਟੇ ਕਿ ਉਨ੍ਹਾਂ ਦੀ ਹਾਲਤ ਉਨ੍ਹਾਂ ਸ਼ਿਕਾਰੀ ਕੁੱਤਿਆਂ ਵਾਲੀ ਹੋ ਗਈ ਜਿਨ੍ਹਾਂ ਦੇ ਮੂੰਹ ਨੂੰ ਲਹੂ ਲੱਗ ਚੁਕਾ ਹੋਵੇ ਤੇ ਉਹ

ਸ਼ਿਕਾਰ ਮਗਰ ਲਗਣ ਨੂੰ ਰੱਸੇ ਤੁੜਾ ਰਹੇ ਹੋਣ। ਸੀਰੀਆ ਦਾ ਸ਼ਹਰ ਟਾਇਰ ਲੈਣ ਲਈ ਘੇਰਾ ਘਤਣਾ ਪਿਆ ਤੇ ਸਤ ਮਹੀਨੇ ਲੱਗੇ। ਅਰਬ ਦੇਸ ਨਾਲ ਹੀ ਸੀ ਪਰ ਪਹਲੋਂ ਮਿਸਰ ਲੈਣ ਦਾ ਫੈਸਲਾ ਹੋਯਾ। ਨੈਪੋਲੀਅਨ ਭੀ ਹਿੰਦੁਸਤਾਨ ਦੀ ਅੰਗਰੇਜ਼ੀ ਅਮਲਦਾਰੀ ਉਲਟਾਉਣ ਵਾਸਤੇ ਪਹਲੋਂ ਮਿਸਰ ਵਿਚ ਪੈਰ ਜਮਾਉਣਾ ਲੋੜਦਾ ਸੀ। ਅੰਗਰੇਜ਼ੀ ਸਮੁੰਦਰੀ ਤਾਕਤ ਨੇ ਉਸ ਦੀ ਮਨਸ਼ਾ ਪੂਰੀ ਹੋਣ ਨਾ ਦਿਤੀ। ਸਿਕੰਦਰ ਜੇ ਚਾਹੁੰਦਾ ਤਾਂ ਇਸੱਸ ਤੋਂ ਸਿਧਾ ਈਰਾਨ ਵਲ ਹੋ ਕੇ ਈਰਾਨ ਵਿਚ ਵੜ ਜਾਂਦਾ ਤੇ ਮੁਆਮਲਾ ਮੁਕਾ ਦੇਂਦਾ। ਪਰ ਮਿਸਰ ਤੇ ਸੀਰੀਆ ਵਿਚ ਈਰਾਨੀ ਹਕੂਮਤ ਦੀ ਸਫ ਵਲ੍ਹੇਟੇ ਬਿਨਾ ਅੱਗੇ ਵਧਣ ਵਿਚ ਪਿਛਾ ਚੌੜ ਹੋ ਜਾਣ ਦਾ ਡਰ ਸੀ, ਸੋ ਮਿਸਰ ਲੈ ਕੇ ਦਰਿਆ ਨੀਲ ਦੇ ਮੂੰਹ ਉੱਤੇ ਆਪਣੇ ਨਾਉਂ ਦਾ ਸ਼ਹਰ ਇਸਕੰਦਰੀਆ ਵਸਾਯਾ। ਨੈਪੋਲੀਅਨ ਆਖਿਆ ਕਰਦਾ ਸੀ ਮੇਰੇ ਕੋਲ ਸਮੁੰਦਰੀ ਤਾਕਤ ਨਹੀਂ ਮੈਂ ਧਰਤੀ ਉਤੋਂ ਹੀ ਸਮੁੰਦਰ ਜਿੱਤ ਲਵਾਂਗਾ। ਉਸ ਨੇ ਯਤਨ ਕੀਤੇ ਜੋ ਫਲੀਭੂਤ ਨਾ ਹੋਏ। ਓਹੀ ਕੰਮ ਸਿਕੰਦਰ ਨੇ ਬਿਨਾਂ ਦਾਵਾ ਕੀਤੇ ਪੂਰਾ ਕੀਤਾ। ਸ਼ਹਰ ਟਾਇਰ ਸਮੁੰਦਰ ਦੇ ਕਿਨਾਰੇ ਧਨੀ ਸੌਦਾਗਰਾਂ ਅਤੇ ਜਹਾਜ਼ੀ ਬੇੜਿਆਂ ਦੇ ਮਾਲਕਾਂ ਦਾ ਸੀ। ਸਮਾਂ ਤਾਂ ਲਗ ਗਿਆ ਪਰ ਜਦ ਟਾਇਰ ਫ਼ਤਹ ਹੋ ਗਿਆ ਇਕ ਤਾਂ ਬੇਓੜਕ ਦੌਲਤ ਹਥ ਲਗੀ ਦੂਜਾ ਬੇੜਿਆਂ ਦੇ ਮਾਲਕ ਆਪੇ ਈਨ ਮੰਨ ਗਏ ਤੇ ਭੂ-ਮਧ ਸਾਗਰ ਦੇ ਪੂਰਬੀ ਗੁਠ ਦੀ ਸਾਰੀ ਤਾਕਤ ਤੇ ਸੌਦਾਗਰ ਦੇ ਹਥ ਆ ਗਈ। ਉਧਰੋਂ ਜਦ ਮਿਸਰੀਆਂ ਨੇ ਡਿੱਠਾ ਕਿ ਸਿਕੰਦਰ ਜਿੱਤਦਾ ਵਧਦਾ ਆ ਰਿਹਾ ਹੈ ਉਨ੍ਹਾਂ ਨੇ ਈਰਾਨ ਦਾ ਜੂਲਾ ਲਾਹ ਮਾਰਿਆ ਤੇ ਸਿਕੰਦਰ ਨੂੰ ਡਾਢੀ ਖੁਸ਼ੀ ਨਾਲ ਜੀ ਆਇਆਂ ਆਖਿਆ।

ਸਿਕੰਦਰ ਦੀ ਬਾਬਤ ਕਈ ਇਤਿਹਾਸਕਾਰਾਂ ਨੇ ਆਖਿਆ ਹੈ ਕਿ ਉਹ ਆਪਣੇ ਆਪ ਨੂੰ ਰੱਬ ਦੀ ਅੰਸ਼ ਤੇ ਪੂਜਣ ਯੋਗ ਦੇਵਤਾ ਅਖਵਾਂਦਾ ਸੀ। ਉਸ ਦੇ ਜੀਵਨ ਦੇ ਵਰਤਾਂਤ ਇਸ ਗਲ ਦੀ ਪੁਸ਼ਟੀ ਨਹੀਂ ਕਰਦੇ। ਉਦੋਂ ਦੇ ਰਿਵਾਜਾਂ ਅਨੁਸਾਰ ਦੇਵਤਿਆਂ ਨੂੰ ਪੂਜਣਾ ਕੁਰਬਾਨੀਆਂ ਦੇਣੀਆਂ ਸ਼ਗਨਾ ਅਵਾਜਾਂ ਪਸ਼ੂ ਪੰਛੀਆਂ ਦੇ ਵਤੀਰੇ ਤੋਂ ਆਗਮ ਦੇ ਹਾਲ ਜਾਂਚਣੇ ਸਭ ਕੁਛ ਸੀ ਤੇ ਅੱਜ ਕੱਲ ਦੇ ਜਾਗ੍ਰਤ ਦੇ ਜਮਾਨੇ ਨਾਲੋਂ ਵਧੇਰੇ ਸੀ। ਪਰ ਸਿਕੰਦਰ ਨੇ ਆਪ ਕਦੇ ਏਹੋ ਜੇਹਾ ਦਾਵਾ ਨਹੀਂ ਕੀਤਾ। ਯੂਨਾਨੀਆਂ ਨਾਲ ਅਪਣਿਆਂ ਤੇ ਨਿਟਕਵਰਤੀਆਂ ਵਾਲਾ ਸਲੂਕ ਕਰਦਾ ਸੀ। ਪਰ ਨੀਤੀ ਵਜੋਂ ਏਸ਼ੀਆਈ ਲੋਕਾਂ ਨੂੰ ਦੂਰ ਦਾ

ਦਬਦਬੇ ਵਾਲਾ ਸਲੂਕ ਕਰਦਾ ਸੀ। ਅਜ ਜਦ ਕਿ ਸਾਇੰਸ ਅਤੇ ਚਾਨਣ ਦਾ ਜ਼ਮਾਨਾ ਹੈ ਗਾਂਧੀ ਨੂੰ ਦੇਵਤਾ ਮਨ ਕੇ ਉਸ ਦੀ ਮੂਰਤੀ ਕਈ ਮੰਦਰਾਂ ਵਿਚ ਰੱਖੀ ਗਈ ਹੈ ਪੂਜਣ ਲਈ ਇਸ ਵਿਚ ਕੀ ਅਜਬ ਗੱਲ ਹੈ ਕਿ ਅੱਜ ਤੋਂ ਦੋ ਹਜ਼ਾਰ ਸਾਲ ਪਹਲੋਂ ਜਦ ਕਿ ਰੱਬ ਦੀ ਹੋਂਦ ਦਾ ਭੀ ਚੰਗਾ ਚਰਚਾ ਨਹੀਂ ਸੀ ਚਲਿਆ ਉਸ ਆਦਮੀ ਨੂੰ ਜਿਸਨੇ ਆਪਣੇ ਨਿਕੇ ਜਿਹੇ ਮੁਲਕ ਤੋਂ ਬਿਦੇਸ਼ੀ ਰਾਜ ਦੀ ਲਟਕਦੀ ਤਲਵਾਰ ਚੁਕ ਕੇ ਹਿੰਦੁਸਤਾਨ ਵਰਗੇ ਕਈ ਮੁਲਕ ਫਤਹ ਕਰ ਲਏ, ਜੇ ਕਰ ਪੂਜਣ ਯੋਗ ਦੇਵਤਾ ਮਨ ਭੀ ਲਿਆ ਕੋਈ ਵੱਡੀ ਬੁਰਾਈ ਦੀ ਗੱਲ ਨਹੀਂ ਸੀ। ਨਵੇਂ ਮੁਲਕਾਂ ਨੂੰ ਫਤਹ ਕਰ ਕੇ ਅਧੀਨ ਰੱਖਣ ਵਾਲੇ ਸਦਾ ਹੀ ਨਵੀਂ ਪਰਜਾ ਨੂੰ ਪ੍ਰਸੰਨ ਕਰਨ ਲਈ ਉਨਾਂ ਦੇ ਧਾਰਮਿਕ ਰਵਾਜਾਂ ਨੂੰ ਵਡਿਆਈ ਦਿਆ ਕਰਦੇ ਹਨ। ਸਿਕੰਦਰ ਨੇ ਭੀ ਜਦ ਮਿਸਰ ਫਤਹ ਕੀਤਾ ਉਹ ਓਥੋਂ ਦੇ ਮਿਸਰੀ ਮੰਦਰਾਂ ਵਿਚ ਗਿਆ ਤੇ ਸਿਰ ਨਿਵਾਯਾ। ਨੈਪੋਲੀਅਨ ਨੇ ਭੀ ਮਿਸਰ ਫ਼ਤਹ ਕਰਨ ਦੀ ਤਿਆਰੀ ਵਿਚ ਇਕ ਮਸਜਿਦ ਦਾ ਨਕਸ਼ਾ ਤਿਆਰ ਕੀਤਾ ਸੀ। ਸਿੱਖ ਪਲਟਣਾਂ ਦੇ ਅੰਗਰੇਜ਼ ਅਫਸਰ ਸਿਖਾਂ ਨੂੰ ਰਹਤ ਰਖਣ ਉਤੇ ਤਾੜਿਆ ਕਰਦੇ ਸਨ ਤੇ ਕਈ ਵਾਰ ਆਪ ਦਾੜ੍ਹੀਆਂ ਰਖ ਕੇ ਸਾਫ਼ੇ ਬੰਨ੍ਹ ਲਿਆ ਕਰਦੇ ਸਨ। ਅਕਬਰ ਨੇ ਹਿੰਦੂਆਂ ਨੂੰ ਖੁਸ਼ ਕਰਨ ਲਈ ਦੀਨ ਹੀ ਨਵਾਂ ਘੜ ਲਿਆ ਸੀ, ਦੀਨੇ ਈਲਾਹੀ। ਸੋ ਸਿਕੰਦਰ ਨੇ ਜੇ ਕਿਸੇ ਕਿਸਮ ਦੀਆਂ ਧਾਰਮਿਕ ਰੀਤਾਂ ਪਾਲੀਆਂ ਏਹ ਉਸ ਦੀ ਏਸ਼ੀਆ ਫ਼ਤਹ ਕਰਨ ਦੀ ਨੀਤੀ ਦਾ ਅੰਗ ਸਨ।

ਜਦ ਸਿਕੰਦਰ ਮਿਸਰ ਫ਼ਤਹ ਕਰਕੇ ਮੁੜਿਆ ਉਸ ਦੀ ਉਮਰ ਦੇ ਕੁਲ ਸਤ ਵਰੇ ਬਾਕੀ ਸਨ-ਹਾਇ ਹੋਣੀਏ ਕੁੱਲ ਸੱਤ ਵਰ੍ਹੇ। ਜੇ ਕਿਸੇ ਨੂੰ ਪਤਾ ਹੁੰਦਾ ਕਿ ਜਿਸ ਦੇ ਘੋੜਿਆਂ ਦੀਆਂ ਟਾਪਾਂ ਤਲੇ ਜ਼ਮੀਨ ਕੰਬਦੀ ਹੈ ਉਸ ਨੇ ਸੱਤਾਂ ਵਰ੍ਹਿਆਂ ਨੂੰ ਖਾਕ ਹੋ ਜਾਣਾ ਹੈ ਖਬਰੇ ਕੀ ਹੁੰਦਾ। ਕਿਸੇ ਪੁੱਛਿਆ ਦੇਣ ਵਾਲੇ ਨੇ, ਕਿਸੇ ਜੋਤਸ਼ੀ ਨੇ ਕਿਸੇ ਅਉਲੀਏ ਨੇ ਨਹੀਂ ਦਸਿਆ ਕਿ ਤੂੰ ਤਾਂ ਸੱਤਾਂ ਵਰ੍ਹਿਆਂ ਦਾ ਮੇਹਮਾਨ ਹੈਂ ਕਾਸਨੂੰ ਧਰਤੀ ਉੱਤੇ ਖੌਰੂ ਮਚਾ ਰਿਹਾ ਹੈਂ। ਏਹ ਇਤਿਹਾਸਕ ਗੱਲ ਹੈ ਕਿ ਸਿਕੰਦਰ ਅਪਣੇ ਨਾਲ ਜੋਤਸ਼ੀ ਪੁੱਛਿਆ ਦੇਣ ਵਾਲੇ ਰਮਲੀਏ ਤੇ ਸ਼ਗਨ ਵਿਚਾਰਨ ਵਾਲੇ ਬਥੇਰੇ ਰੱਖਦਾ ਸੀ ਤੇ ਹਰ ਲੜਾਈ ਤੋਂ ਪਹਲੋਂ ਸਾਰਿਆਂ ਤੋਂ ਪੁਛਦਾ ਸੀ। ਪਰ

"ਮੌਤਕਹੇ ਮੈਂ ਸਭ ਤੋਂ ਵਡੀ ਜੋ ਚਾਹਾਂ ਸੋ ਕਰਦੀ"।

"ਜੇ ਜਾਣਾ ਤਿਲ ਥੋਰੜੇ ਸੰਭਲ ਬੁੱਕ ਭਰੀ"

ਹੋਣੀ ਸਿਕੰਦਰ ਨੂੰ ਚਾਰੇ ਪਾਸੇ ਜੇਤੂ ਵੇਖ ਕੇ ਚੁੱਪ ਰਹੀ, ਮੁਸਕਰਾ ਵੀ ਰਹੀ ਸੀ ਤੇ ਅਥਰੂ ਵੀ ਸਿਟ ਰਹੀ ਸੀ। ਇਮਤਿਹਾਨ ਵਿਚ ਲਿਖਦਿਆਂ ਵਿੱਦਿ-ਆਰਥੀਆਂ ਨੂੰ ਜਦ ਵੱਡਾ ਪਹਰੂਆ ਘੜੀ ਚੁੱਕ ਕੇ ਉੱਚੀ ਆਵਾਜ਼ ਨਾਲ ਬੋਲਦਾ ਹੈ "ਫਿਫਟੀਨ ਮਿਨਟਸ ਮੋਰ" ਦਿਲਾਂ ਵਿਚ ਕਿਵੇਂ ਫੜਫੜਾਹਟ ਪੈਂਦੀ ਹੈ ਤੇ ਕਿਵੇਂ ਲਿਖਦੇ ਹੱਥ ਤੇ ਉਂਗਲੀਆਂ ਸਗੋਂ ਸੁੰਨ ਹੋ ਜਾਂਦੇ ਹਨ। ੨੪ ਵਰ੍ਹਿਆਂ ਦੇ ਮੁਛ ਫੁੱਟਦੇ ਵੀਰ ਸਿਕੰਦਰ ਨੂੰ ਕਿਸੇ ਨਾ ਦਸਿਆ ਕਿ ਕੁਲ ਸਤ ਵਰ੍ਹੇ ਰਹਿ ਗਏ ਹਨ—ਤੇ ਇਤਿਹਾਸ ਦਸਦਾ ਹੈ ਕਿ ਉਹ ਸੱਤ ਵਰ੍ਹੇ ਕੇਹੋ ਜੇਹੇ ਜਾਦੂ ਦੇ ਸੱਤ ਵਰ੍ਹੇ ਸਨ। ਕੇਡੀ ਵਿੱਥ ਹੈ ਬੰਦੇ ਵਿਚ, ਇਕਨਾਂ ਨੂੰ ਸੱਤਰ ਵਰ੍ਹੇ ਵੀ ਸੁਤਿਆਂ ਲੰਘ ਜਾਂਦੇ ਹਨ, ਸਿਕੰਦਰ ਨੂੰ ਸੱਤ ਵੀ ਬੜੇ ਸਨ।

ਮਿਸਰ ਦੇ ਯੂਨਾਨੀ ਸੂਬਾ ਬਣ ਜਾਣ ਪਰ ਫਿਲਸਫੇ ਮੱਤਿਆਂ ਅਥੀਨੀਆਂ ਨੂੰ ਸੂਰਤ ਆਈ ਕਿ ਸਿਕੰਦਰ ਤਾਂ ਜਿੱਧਰ ਜਾਂਦਾ ਹੈ ਪ੍ਰਿਥਵੀ ਅਗੋਂ ਝੁਕਦੀ ਜਾਂਦੀ ਹੈ। ਓਨ੍ਹਾਂ ਵੀ ਏਲਚੀ ਭੇਜੇ, ਤੂੰ ਸਾਡਾ ਹੈਂ ਅਸੀਂ ਤੇਰੇ ਹਾਂ, ਅਸੀਂ ਤੇਰੇ ਨਾਲ ਹਾ। ਪਰਸੂ ਪਰਸਾ ਪਰਸਰਾਮ ਵਾਲੀ ਗੱਲ ਹੋਈ। ਕਿਉਂ ਨਾ ਹਵੇ, ਇਕ ਯੂਨਾਨ ਦੀ ਥਾ ਸਿਕੰਦਰ ਨੇ ਦਸ ਯੂਨਾਨ ਚੁਕ ਕੇ ਬੋਝੇ ਵਿਚ ਪਾ ਲਏ ਤੇ ਦਾਰਾ ਦੋ ਭਾਂਜਾਂ ਖਾ ਕੇ ਡੇਢ ਹਜ਼ਾਰ ਮੀਲ ਦੂਰ ਬੈਠਾ ਹੀ ਕੰਬ ਰਿਹਾ ਸੀ ਕਿ ਹੁਣ ਇਸ ਪੱਛਮੀ ਬਲਾ ਤੋਂ ਕਿਵੇਂ ਛੁਟਕਾਰਾ ਪਾਵੇ। ਆਖਰ ਉਸਨੂੰ ਈਹੋ ਸੁਝੀ ਕਿ ਉਸ ਨਾਲ ਸੁਲਹ ਸਫਾਈ ਕੀਤੀ ਜਾਵੇ। ਦੂਤ ਭੇਜ ਕੇ ਆਖਿਆ ਦਰਿਆ ਇਫ਼ਰਾਤ ਤੋਂ ਪਰੇ ਪੱਛਮ ਨੂੰ ਸਭ ਤੇਰੀ ਸਿਕਦਾਰੀ, ਦਸ ਹਜ਼ਾਰ ਟੈਲੰਟ (ਅਜ ਦਾ ੨੦ ਕਰੋੜ ਰੁਪਿਆ) ਲੈ ਲੈ ਤੇ ਨਾਲ ਆਪਣੀ ਧੀ ਦਾ ਸਾਕ ਪੇਸ਼ ਕਰਦਾ ਹਾਂ। ਕੋਈ ਛੋਟਾ ਸਿਕੰਦਰ ਏਨ੍ਹਾਂ ਸ਼ਰਤਾਂ ਨੂੰ ਮੰਨ ਲੈਂਦਾ ਪਰ ਫ਼ਿਲਿਪ ਦਾ ਪੁਤ ਓਲਿੰਪੀਆ ਦਾ ਇਕਲੌਤਾ ਸ਼ੇਰ ਤੇ ਯੂਨਾਨੀ ਅਰਸਤੂ ਦਾ ਚੇਲਾ ਕਿਵੇਂ ਮੰਨ ਲੈਂਦਾ। ਸਿਕੰਦਰ ਦੇ ਕੈਂਪ ਵਿਚ ਗੱਲ ਚੱਲੀ ਤਾਂ ਵੱਡਾ ਸਟਾਫ ਅਫ਼ਸਰ ਪਾਰਮੀਨੀਓ ਆਖਣ ਲਗਾ ਜੇ ਮੈਂ ਸਿਕੰਦਰ ਹੋਵਾਂ ਮੈਂ ਤਾਂ ਮੰਨ ਲਵਾਂ। ਹੱਸ ਕੇ ਸਿਕੰਦਰ ਆਖਣ ਲਗਾ ਜੇ ਮੈਂ ਪਾਰਮੀਨੀਓ ਹੋਵਾਂ ਮੈਂ ਵੀ ਮੰਨ ਲਵਾਂ।

ਜਿਉਂ ਜਿਉਂ ਸਿਕੰਦਰ ਦਾ ਰਾਜ ਵਧਦਾ ਜਾਂਦਾ ਸੀ ਫੌਜ ਵੀ ਕਈ

ਗੁਣਾਂ ਹੋਂਦੀ ਗਈ ਪਰ ਦਾਰਾ ਦੀ ਫ਼ੌਜ ਨਾਲੋਂ ਫੇਰ ਵੀ ਬਹੁਤ ਘੱਟ ਸੀ। ਦਾਰਾ ਦੀ ਫ਼ੌਜ ਸੀ ਤਾਂ ਬਹੁਤ ਭਾਰੀ ਗਿਣਤੀ ਵਿਚ ਪਰ ਭਾਨਮਤੀ ਦੇ ਕੁੰਬੇ ਵਾਂਗ ਸਾਰੇ ਦੇਸ਼ਾਂ ਦੀ ਜੋ ਕਿ ਉਸ ਦੇ ਅਧੀਨ ਸਨ। ਦਾਰਾ ਦੇ ਜੰਗੀ ਕਾਰੀਗਰਾਂ ਨੇ ਸਿਕੰਦਰ ਦੀ ਪੈਦਲ Phalanx ਪੈਦਲਾਂ ਦੀ ਸੰਘਣੀ ਜੁੜਵੀਂ ਪਲਟਣ ਦਾ ਭੀ ਇਲਾਜ ਲੱਭ ਲਿਆ ਸੀ। ਅਜੇਹੇ ਰਥ ਤਿਆਰ ਕੀਤੇ ਜਿਨ੍ਹਾਂ ਦੇ ਪਹੀਆਂ ਦੇ ਨਾਲ ਬਾਹਰ ਨੂੰ ਤਲਵਾਰਾਂ ਜੜ ਦਿਤੀਆਂ ਤਾਂ ਜੋ ਚਲਦੇ ਰਥ ਪੈਦਲਾਂ ਦੀਆਂ ਲੱਤਾਂ ਵੱਢ ਦੇਣ। ਦਾਰਾ ਨੇ ਆਪਣੀ ਫੌਜ ਇਰਾਕ ਦੇ ਸ਼ਹਰ ਬੇਬੀਲੋਨ ਕੋਲ ਜੋੜ ਲਈ ਤੇ ਉਥੋਂ ਇਫ਼ਰਾਤ ਦੇ ਕੰਢੇ ਕੰਢੇ ਹੋ ਕੇ ਗੌਗਾ ਮੇਲਾ ਪਹੁੰਚ ਗਿਆ। ਸਿਕੰਦਰ ਦੀ ਫ਼ੌਜ ਭੀ ਸਾਹਮਣੇ ਜਾ ਪਹੁੰਚੀ। ਈਰਾਨੀ ਫ਼ੌਜ ਕਈ ਕੋਹਾਂ ਤੀਕ ਫੈਲੀ ਹੋਈ ਸੀ ਤੇ ਜਦ ਰਾਤ ਨੂੰ ਦਾਰਾ ਨੇ ਆਪਣੀ ਫ਼ੌਜ ਦਾ ਮਸ਼ਾਲਾਂ ਦੇ ਚਾਨਣ ਨਿਰਣਾ ਕੀਤਾ ਤਾਂ ਯੂਨਾਨੀ ਫ਼ੌਜਦਾਰ ਪਾਰਮੀਨੀਓ ਦਾ ਦਿਲ ਦਹਲ ਗਿਆ। ਪਾਰਮੀਨੀਓ ਨੇ ਸਲਾਹ ਦਿੱਤੀ ਕਿ ਰਾਤੋ ਰਾਤ ਹੀ ਹਮਲਾ ਕਰ ਦਿੱਤਾ ਜਾਵੇ। ਅਗੇ ਸਿਕੰਦਰ ਨੇ ਜਵਾਬ ਦਿਤਾ ਕਿਉਂ ਮੈਂ ਚੋਰ ਹਾਂ ਕਿ ਰਾਤ ਨੂੰ ਹੀ ਫ਼ਤਹ ਚੋਰੀ ਕਰ ਲਵਾਂ। ਗੱਲ ਏਹ ਸੀ ਕਿ ਸਿਕੰਦਰ ਦੀ ਫ਼ੌਜ ਪੈਂਡਾ ਕਰਕੇ ਆਈ ਥੱਕੀ ਹੋਈ ਸੀ ਤੇ ਸਿਕੰਦਰ ਚਾਹੁੰਦਾ ਸੀ ਕਿ ਆਰਾਮ ਕਰ ਲਵੇ। ਰਾਤ ਨੂੰ ਦੂਰ ਦੂਰ ਤੀਕ ਈਰਾਨੀ ਫੌਜਾ ਦੀਆਂ ਧੂਣੀਆਂ ਦਿੱਸ ਰਹੀਆਂ ਸਨ। ਦੂਰੋਂ ਆਵਾਜ਼ ਉਨ੍ਹਾਂ ਦੀ ਐਸ ਤਰਾਂ ਆ ਰਹੀ ਸੀ ਜਿਵੇਂ ਸਮੁੰਦਰ ਦੀਆ ਠਾਠਾਂ ਖੜਕ ਰਹੀਆਂ ਹੋਣ। ਸਿਕੰਦਰ ਇਕੱਲਾ ਆਪਣੇ ਤੰਬੂ ਵਿਚ ਜੋਤਸ਼ੀ ਨੂੰ ਲੈ ਕੇ ਦੇਵਤਿਆਂ ਦੀ ਪੂਜਾ ਤੇ ਮੰਤ੍ਰਾਂ ਵਿਚ ਜੁਟਿਆ ਹੋਯਾ ਸੀ। ਇੱਤਿਹਾਸਕਾਰ ਲਿਖਦਾ ਹੈ ਕਿ ਉਸ ਨੇ ਭੈ ਦੇਵਤੇ ਦੀ ਪੂਜਾ ਕੀਤੀ ਜਿਸ ਦਾ ਅਰਥ ਕੁਛ ਅਜੇਹਾ ਹੈ ਜੋ ਓਸ ਜ਼ਮਾਨੇ ਦੇ ਆਦਮੀ ਹੀ ਸਮਝ ਸਕਦੇ ਹਨ। ਦੇਵਤਿਆਂ ਵੱਲੋਂ ਨਿਸ਼ਾ ਹੋ ਜਾਣ ਪਰ ਸਿਕੰਦਰ ਆਰਾਮ ਨਾਲ ਸੌਂ ਗਿਆ। ਅਤੇ ਐਨਾ ਘੂਕ ਸੁੱਤਾ ਕਿ ਸਵੇਰ ਨੂੰ ਪਾਰਮੀਨੀਓ ਨੇ ਕਈ ਹਾਕਾਂ ਮਾਰ ਕੇ ਜਗਾਯਾ। "ਐਡੀ ਵੱਡੀ ਜੰਗ ਸਾਮ੍ਹਣੇ ਹੋਣ ਵਾਲੀ ਹੈ ਤੇ ਤੂੰ ਐਂਝ ਸੁੱਤਾ ਹੈਂ ਜਿਵੇਂ ਫ਼ਤਹ ਹੋ ਚੁੱਕੀ ਹੁੰਦੀ ਹੈ"। ਜਵਾਬ ਦਿੱਤਾ ਕਿ ਏਦੂੰ ਹੋਰ ਵਧੇਰੇ ਫਤਹ ਕੀ ਹੋ ਸਕਦੀ ਹੈ ਕਿ ਜਿਸ ਨੂੰ ਸਾਰੇ ਲੱਭਦੇ ਰਹੇ ਹਾਂ ਅੱਜ ਸਾਡੇ ਸਾਮ੍ਹਣੇ ਆ ਗਿਆ ਹੈ। ਖਾਸ

ਪਿਆਰਾ ਘੋੜਾ ਬੂਸ਼ਫਲ ਬੁਢਾ ਹੋ ਰਿਹਾ ਸੀ ਸਿਕੰਦਰ ਨੇ ਇਕ ਹੋਰਸ ਘੋੜੇ ਉਤੇ ਚੜ੍ਹ ਕੇ ਸਾਰੀਆਂ ਫ਼ੌਜਾ ਵੇਖੀਆਂ, ਫੇਰ ਬੂਸ਼ਫਾਲ ਲੈ ਲਿਆ ਜੋ ਸੌਦਾਗਰਾਂ ਨੇ ਦਿੱਤਾ ਸੀ। ਕਹਿੰਦੇ ਹਨ ਕਿ ਇਸ ਘੋੜੇ ਦੀ ਛਾਤੀ ਬੜੀ ਚੌੜੀ ਸੀ ਤੇ ਸਿਕੰਦਰ ਦਾ ਉਸ ਨਾਲ ਬੜਾ ਪਿਆਰ ਸੀ, ਤੇ ਕੁਛ ਦਿਲਾਂ ਦੀ ਸਮਝ ਭੀ ਸੀ ਕਿਉਂਕਿ ਹਰ ਲੜਾਈ ਵਿਚ ਸਿਕੰਦਰ ਦੀ ਉਸਨੇ ਹਰ ਰਮਜ਼ ਸਮਝ ਕੇ ਵੇਲੇ ਵੇਲੇ ਅਨੁਸਾਰ ਸਿਕੰਦਰ ਦਾ ਮੰਨ ਬੁੱਝਣ ਵਾਲੀ ਗਤੀ ਧਾਰਨ ਕੀਤੀ।

ਹਮਲਾ ਕਰਨ ਲਗੇ ਸਿਕੰਦਰ ਨੇ ਆਪਣੀ ਫੌਜ ਅੱਗੇ ਖਲੋਕੇ ਉਨ੍ਹਾਂ ਨੂੰ ਵੰਗਾਰਿਆ, ਤਕਰੀਰ ਅੱਗੇ ਨਾਲੋਂ ਕੁਛ ਲੰਮੀ ਤੇ ਵਧੇਰੇ ਜੋਸ਼ ਭਰੀ ਅੱਗੋਂ ਸਿਪਾਹੀ ਤਾਂਘ ਰਹੇ ਸਨ ਤੇ ਆਖ ਰਹੇ ਸਨ ਅੱਗੋਂ ਲਗ ਅਸੀਂ ਤੇਰੇ ਨਾਲ ਏਨਾ ਵਹਸ਼ੀਆਂ ਨਾਲ ਟਕਰਾਂਗੇ।" ਸਿਕੰਦਰ ਨੇ ਆਪਣਾ ਸੇਲਾ ਸੱਜੇ ਹੱਥੋਂ ਖਬੇ ਵਿਚ ਕਰਕੇ ਸੱਜੇ ਹਥ ਨੂੰ ਅਸਮਾਨ ਵਲ ਚੁਕ ਕੇ ਆਖਿਆ ਜੇਕਰ ਮੈਂ ਸਚ ਮੁਚ ਬ੍ਰਹਸਪਤ ਦਾ ਪੁਤ੍ਰ ਹਾਂ ਤਾਂ ਐ ਦੇਵਤਿਓ ਅੱਜ ਯੂਨਾਨੀਆਂ ਦੀ ਮਦਦ ਕਰੋ। ਐਨ ਏਸ ਵੇਲੇ ਉਸ ਦਾ ਜੋਤਸ਼ੀ ਅਰਿਸਟੈਂਰਡ ਚਿੱਟਾ ਚੋਲਾ ਗਲ ਵਿਚ ਤੇ ਸੋਨੇ ਦਾ ਤਾਜ ਸਿਰ ਉੱਤੇ ਪਾਈ ਭੱਜ ਕੇ ਆਯਾ ਤੇ ਉੱਪਰ ਵਲ ਨੂੰ ਉਂਗਲੀ ਕੀਤੀ ਤਾਂ ਇਕ ਚੀਲ ਅਸਮਾਨ ਵਿਚ ਉਡ ਰਹੀ ਸੀ। ਜਿਸ ਨੂੰ ਦੇਖ ਕੇ ਸਾਰੀ ਫ਼ੌਜ ਨੂੰ ਅਜੇਹਾ ਜੋਸ਼ ਆਇਆ ਕਿ ਠੱਲਿਆ ਨਾ ਗਿਆ ਤੇ ਸਿਕੰਦਰ ਨੇ ਰਸਾਲੇ ਦੇ ਅੱਗੇ ਲੱਗ ਕੇ ਈਰਾਨੀ ਦਲ ਦੇ ਗੱਭੇ ਤੋਂ ਖਬੇ ਵਲ ਨੂੰ ਹਮਲਾ ਕਰ ਦਿਤਾ। ਓਧਰੋਂ ਦਾਰਾ ਦੇ ਸੱਜੇ ਹੱਥ ਵਾਲੇ ਰਸਾਲੇ ਨੇ ਪਾਰਮੀਨੀਓ ਦੇ ਰਸਾਲੇ ਉਤੇ ਹੱਲਾ ਬੋਲ ਦਿਤਾ। ਪਾਰਮੀਨੀਓ ਪਿੱਛੇ ਧਕਿਆ ਗਿਆ। ਸਿਕੰਦਰ ਦਾ ਰਸਾਲਾ ਕੁਝ ਥੋੜਾ ਹੀ ਵਧਣ ਲਗਾ ਸੀ ਕਿ ਦਾਰਾ ਦੇ ਖੱਬੇ ਹਥ ਦੇ ਰਸਾਲੇ ਨੇ ਵੈਰੀ ਦਲ ਦੇ ਰਸਾਲੇ ਨੂੰ ਘੇਰ ਲੈਣ ਦੀ ਕੋਸ਼ਿਸ਼ ਕੀਤੀ ਮਗਰ ਹੀ ਦਾਤੀਆਂ ਵਾਲੇ ਰਥ ਦਾਰਾ ਨੇ ਠਲ੍ਹ ਦਿੱਤੇ। ਕੁਛ ਚਿਰ ਐਵੇਂ ਲਗਾ ਜਿਵੇਂ ਲੜਾਈ ਦੁਵੱਲੀ ਹੋ ਰਹੀ ਸੀ। ਪਰ ਛੇਤੀ ਹੀ ਓਧਰੋਂ ਪਾਰਮੀਨੀਓ ਨੇ ਕੁਛ ਹਟ ਕੇ ਪੈਰ ਜਮਾ ਲਏ ਤੇ ਦੂਜੇ ਪਾਸੇ ਸਿਕੰਦਰ ਈਰਾਨੀ ਫੌਜ ਨੂੰ ਵਿਚਕਾਰੋਂ ਚੀਰ ਕੇ ਅੱਗੇ ਵਧਿਆ। ਦਾਤੀਆਂ ਵਾਲੇ ਰਥਾਂ ਨੂੰ ਕੁਛ ਚਿਰ ਤੀਰਾਂ ਦੀ ਬੁਛਾੜ ਨੇ ਤੇ ਲੰਮਿਆਂ ਨੇਜ਼ਿਆਂ ਨੇ ਠੱਲਿਆ ਕਿਉਂਕਿ ਘੋੜੇ ਤੀਰ ਖਾਂਦੇ ਹੀ ਬਿਚਲ ਜਾਂਦੇ ਸਨ। ਫੇਰ ਸਿਕੰਦਰ ਦੀ ਦੱਸੀ ਹੋਈ ਜੁਗਤ ਵਰਤੀ ਗਈ—ਜਿਸ ਵੇਲੇ ਅਗੋਂ ਦਾਤੀਆਂ ਵਾਲਾ ਰਥ ਆਵੇ

ਯੂਨਾਨੀ ਪੈਦਲ ਪਾਟ ਜਾਣ ਤੇ ਰਥ ਨੂੰ ਜਦ ਵਿਚ ਦੀ ਘੋੜੇ ਲੈ ਕੇ ਲੰਘ ਜਾਣ ਤਾਂ ਫਿਰ ਮਿਲ ਜਾਣ ਜਿਵੇਂ ਖਰਬੂਜੇ ਦੀ ਫਾੜੀ ਮੁੜ ਕੇ ਮਿਲਾਈਦੀ ਜਾਂਦੀ ਹੈ। ਲੜਾਈ ਦਾ ਫੈਸਲਾ ਓਦੋਂ ਹੋਣਾ ਸ਼ੁਰੂ ਹੋ ਗਿਆ ਜਦ ਸਿਕੰਦਰ ਆਪਣੇ ਰਸਾਲੇ ਨੂੰ ਲੈ ਕੇ ਸਫ਼ਾਂ ਚੀਰ ਕੇ ਅੱਗੇ ਵਧਿਆ ਜਿਥੇ ਦਾਰਾ ਰਥ ਵਿਚ ਖਲੋਤਾ ਹਦਾਇਤਾਂ ਦੇ ਰਿਹਾ ਸੀ। ਐਨ ਉਸ ਵੇਲੇ ਜਦ ਸਿਕੰਦਰ ਨੇ ਈਰਾਨੀ ਫੌਜ ਦੇ ਦੋ ਟੁਕੜੇ ਕਰ ਦਿਤੇ ਸਨ ਤੇ ਸਾਮ੍ਹਣੇ ਦਾਰਾ ਦਿਸਦਾ ਸੀ ਪਾਰਮੀਨੀਓ ਵਲੋਂ ਸੁਨੇਹਾ ਆਯਾ ਕਿ ਮੈਨੂੰ ਮਦਦ ਭੇਜੋ ਨਹੀਂ ਤਾਂ ਮੈਂ ਗਿਆ। ਮਦਦ ਭੇਜਣੀ ਪਈ, ਸਿਕੰਦਰ ਦੀ ਵਧਣ ਰਫਤਾਰ ਧੀਮੀ ਪੈ ਗਈ ਪਰ ਦਾਰਾ ਨੇ ਵੇਖ ਲਿਆ ਕਿ ਸਿਕੰਦਰ ਭੁੱਖੇ ਸ਼ੇਰ ਵਾਂਗ ਵੇਖ ਰਿਹਾ ਸੀ ਤੇ ਉਸ ਨੂੰ ਪਤਾ ਕਿ ਉਸ ਨੂੰ ਜਿਉਂਦਾ ਫੜਨਾ ਚਾਹੁੰਦਾ ਹੈ। ਜਿੰਦ ਪਿਆਰੀ ਨੂੰ ਲੈ ਕੇ ਦਾਰਾ ਤਿਆਰ ਖਲੋਤੀ ਬਛੇਰੀ ਉਤੇ ਚੜ੍ਹ ਕੇ ਮੈਦਾਨ ਛਡ ਗਿਆ. ਪਿੱਛਾ ਹੋਯਾ ਪਰ ਉਸ ਨੇ ਫੜਾਈ ਨਾ ਖਾਧੀ। ਲੜਾਈ ਦੇ ਜਿਤ ਲੈਣ ਦੀ ਐਨੀ ਖੁਸ਼ੀ ਨਹੀਂ ਸਿਕੰਦਰ ਨੂੰ ਹੋਈ ਜਿੰਨੀ ਦਿਲਗੀਰੀ ਹੋਈ ਦਾਰਾ ਦੇ ਦੂਜੀ ਵਾਰ ਹੱਥੋਂ ਨਿੱਕਲ ਜਾਣ ਦੀ। ਏਸ ਦਾ ਅਪਰਾਧ ਪਾਰਮੀਨੀਓ ਦੇ ਸਿਰ ਲੱਗਾ ਜਿਸ ਨੇ ਐਨ ਵੇਲੇ ਸਿਰ ਮਦਦ ਮੰਗ ਕੇ ਸਿਕੰਦਰ ਨੂੰ ਕਮਜ਼ੋਰ ਕਰ ਦਿੱਤਾ ਸੀ।

ਈਰਾਨੀ ਸ਼ਹਿਨਸ਼ਾਹੀਅਤ ਢਹਿ ਗਈ ਤੇ ਸਿਕੰਦਰ ਨੇ ਘਰ ਨੂੰ ਫ਼ਤਹ ਦੀ ਖਬਰ ਦੇਂਦੇ ਹੋਏ ਲਿਖ ਭੇਜਿਆ ਕਿ ਜ਼ਲਿਮ ਦਾ ਅੰਤ ਕਰ ਦਿਤਾ ਗਿਆ ਹੈ ਤੁਸੀਂ ਆਪਣੇ ਆਪ ਲਈ ਖੈਰੀਅਤ ਸਮਝੋ। ਟਾਵੇਂ ਟਾਵੇਂ ਜਥੇ ਫੌਜ ਦੇ ਰਹਿ ਗਏ ਸਨ ਖਿੰਡੇ ਹੋਏ ਤੇ ਜਾਂ ਕਿਤੇ ਕਿਤੇ ਪਿੱਛੋਂ ਖਬਰ ਆਉਂਦੀ ਸੀ ਕਿ ਅਮਕੇ ਸੂਬੇ ਵਿਚ ਰਈਅਤ ਬਿਗੜ ਗਈ ਹੈ ਬਸ ਏਨ੍ਹਾਂ ਨੂੰ ਸੋਧਣ ਦਾ ਕੰਮ ਹੀ ਰਹਿ ਗਿਆ ਸੀ। ਜਦ ਸਿਕੰਦਰ ਈਰਾਨ ਦੇ ਅੰਦਰ ਵੜਿਆ ਤਾਂ ਅੱਗੋਂ ਕਿਤੇ ਕਿਤੇ ਈਰਾਨੀਆਂ ਨੇ ਚੰਗਾ ਮੁਕਾਬਲਾ ਕੀਤਾ। ਇਤਿਹਾਸਕਾਰ ਕਹਿੰਦਾ ਹੈ ਕਿ ਉਸ ਨੇ ਵੇਖਿਆ ਕਿ ਈਰਾਨੀ ਭੀ ਯੂਨਾਨੀਆਂ ਵਾਂਗ ਆਰੀਆ ਨਸਲ ਦੇ ਹਨ। ਤਿੰਨ ਸਾਲ ਲੱਗੇ ਈਰਾਨ ਨੂੰ ਕਾਬੂ ਕਰਦਿਆਂ। ਅਫਗਾਨਿਸਤਾਨ ਨੂੰ ਲਿਤਾੜਕੇ ਸਮਰਕੰਦ ਤੇ ਬੁਖ਼ਾਰੇ ਜਾ ਪਹੁੰਚਿਆ ਜਿੱਥੇ ਉਸ ਨੇ ਰੁਖਸਾਨਾ ਨਾਮਕ ਸ਼ਾਹਜ਼ਾਦੀ ਵਿਆਹ ਲਈ। ਦਾਰਾ ਵਿਚਾਰਾ ਕਿਸੇ ਅਪਣੇ ਸੂਬੇਦਾਰ ਦੇ ਹੱਥੋਂ ਮਾਰਿਆ ਗਿਆ।

ਆਦਮੀ ਦਾ ਦਿਲ ਬਦਲਦਿਆਂ ਕੀ ਚਿਰ ਲਗਦਾ ਹੈ। ਸਿਕੰਦਰ ਘਰੋਂ ਈਰਾਨ ਫ਼ਰਾਂਸ ਦਾ ਬਲ ਤੋੜਨ ਲਈ ਤੁਰਿਆ ਸੀ ਕਿਉਂਕਿ ਈਰਾਨੀ ਯੂਨਾਨ ਨੂੰ ਢਾਹ ਕੇ ਗੋਲਾ ਬਨਾਣਾ ਚਾਹੁੰਦੇ ਸੀ। ਜਦ ਈਰਾਨੀ ਬਾਦਸ਼ਾਹੀ ਦੀ ਸਫ਼ਾ ਵਲ੍ਹੇਟੀ ਗਈ। ਉਸ ਦੇ ਦਿਲ ਵਿਚ ਆਯਾ ਕਿ ਮੈਂ ਆਪਣਾ ਯੂਨਾਨੀ ਸਾਮਰਾਜ ਏਸ਼ੀਆ ਵਿਚ ਕਿਉਂ ਨਾ ਕਾਇਮ ਕਰ ਲਵਾਂ। ਜਿਸ ਆਸ਼ੇ ਨੂੰ ਲੈ ਕੇ ਤੁਰਿਆ ਸੀ ਤੇ ਮੁਸ਼ਕਲ ਸਮਝਦਾ ਸੀ ਜਦ ਉਹ ਸ਼ੀਘਯ ਹੀ ਪ੍ਰਾਪਤ ਹੋ ਗਿਆ ਤਾਂ ਦਿਲ ਬਦਲ ਗਿਆ, ਦਿਲ ਪੌੜੀ ਦੇ ਸਿਖਰ ਦੇ ਟੰਬਿਆਂ ਨੂੰ ਧਾਯਾ। ਆਪ ਏਸ਼ੀਆ ਦੀ ਇਸਤ੍ਰੀ ਨਾਲ ਵਿਆਹ ਰਚਾ ਕੇ ਆਪਣੇ ਅਫਸਰਾਂ ਨੂੰ ਤੇ ਸਿਪਾਹੀਆਂ ਨੂੰ ਏਸੇ ਰਾਹ ਤੇ ਪ੍ਰੇਰਨ ਲੱਗ ਪਿਆ। ਪਰ ਸਿਪਾਹੀਆਂ ਨੂੰ ਜਿਨ੍ਹਾਂ ਮੁੜ ਘਰੀਂ ਪਹੁੰਚਣਾ ਸੀ ਯੂਨਾਨ ਕਿਵੇਂ ਭੁੱਲੇ। ਸਿਪਾਹੀ ਪਿਛੇ ਮੁੜਨ ਨੂੰ ਤਾਂਘਣ ਤੇ ਸਿਕੰਦਰ ਅੱਗੇ ਵਧਣ ਨੂੰ, ਜਵਾਨੀ ਵਿਚ ਸੀ ਕਿਉਂ ਬਸ ਕਰਦਾ। ਸੁਭਾ ਅੱਗੇ ਨਾਲੋਂ ਕੁਛ ਰੁੱਖਾ ਗੁਸੈਲ ਤੇ ਸ਼ਾਹਾਨਾ ਹੋ ਗਿਆ। ਸਿਪਾਹੀਆਂ ਨੇ ਜਦ ਜ਼ਿੱਦ ਕੀਤੀ ਤਾਂ ਆਖਣ ਲਗਾ ਜੇ ਆਪਾਂ ਇਥੋਂ ਮੁੜਨ ਲੱਗੇ ਸਾਨੂੰ ਪਿੱਛੇ ਮੜਦਿਆ ਵੇਖ ਕੇ ਏਹ ਲੋਕ ਜਿਨ੍ਹਾਂ ਨੂੰ ਅਸਾਂ ਹਾਰ ਦਿਤੀ ਹੈ ਸਾਡਾ ਪਿੱਛਾ ਕਰਨਗੇ ਤੰਗ ਕਰਨਗੇ ਤੇ ਸੁੱਕਿਆਂ ਨਹੀਂ ਜਾਣ ਦੇਣਗੇ। ਪਰ ਚੰਗਾ ਜੇ ਤੁਸਾਂ ਜ਼ਰੂਰ ਮੁੜਨਾ ਹੈ ਜਾਓ ਆਪਣੇ ਨਾਉਂ ਕਟਾ ਲਓ। ਏਹ ਸੁਣ ਕੇ ਸਿਪਾਹੀਆਂ ਦੇ ਦਿਲ ਭਰ ਆਏ। ਆਪਣੇ ਲੱਗੇ ਨਹੀਂ ਅਸੀਂ ਤੇਰਾ ਸਾਥ ਦਿਆਂਗੇ ਧੁਰ ਦੂਨੀਆਂ ਦੇ ਸਿਰ ਤੀਕ।

ਸ਼ਕ ਨਹੀਂ ਕਿ ਸਿਕੰਦਰ ਦੇ ਸਿਪਾਹੀਆਂ ਦਾ ਉਸ ਨਾਲ ਦਿਲੀ ਪਿਆਰ ਸੀ। ਇਕ ਵਾਰ ਜਦ ਬਲੋਚਿਸਤਾਨ ਦੇ ਥਲ ਵਿਚ ਕਈ ਦਿਨ ਪਾਣੀ ਨਾ ਮਿਲਿਆ ਸਾਰੇ ਬੜੇ ਵਿਆਕੁਲ ਹੋਏ। ਆਖਰ ਇਕ ਥਾਂ ਜਦ ਥੋੜਾ ਜੇਹਾ ਪਾਣੀ ਮਿਲਿਆ ਤਾਂ ਸਿਪਾਹੀ ਫ਼ੌਲਾਦੀ ਟੋਪ ਪਾਣੀ ਦਾ ਭਰ ਕੇ ਸਿਕੰਦਰ ਵਲ ਨੱਠੇ। ਸਿਕੰਦਰ ਨੇ ਪਾਣੀ ਦਾ ਟੋਪ ਹੱਥ ਵਿਚ ਫੜ ਲਿਆ ਤੇ ਜਦ ਦੁਆਲੇ ਆਦਮੀਆਂ ਦੇ ਸੁੱਕੇ ਬੁਲ੍ਹ ਵੇਖੇ ਫੜਿਆ ਫੜਾਯਾ ਪਾਣੀ ਦਾ ਟੋਪ ਰੇਤੇ ਵਿਚ ਡੋਲ੍ਹ ਦਿਤਾ ਏਹ ਕਹਿੰਦੇ ਹੋਏ ਨੇ ਕਿ ਜੇਕਰ ਮੈਂ ਪੀ ਲਵਾਂ ਐਨ੍ਹਾਂ ਗਰੀਬਾਂ ਦੇ ਹੌਂਸਲੇ ਕੌਣ ਬੰਨ੍ਹੂ, ਘੋੜੇ ਦਾ ਲਗਾਮ ਹੁਣਕਿਆ ਤੇ ਤੁਰ ਪਿਆ। ਮਰਣ ਤੋਂ ਕੁਛ ਚਿਰ ਪਹਿਲਾਂ ਉਸ ਨੇ ਆਪਣਾ ਵਤੀਰਾ ਤੇ ਬਾਣਾ ਭੀ ਖਾਸਾ ਬਦਲ ਲਿਆ ਸੀ। ਈਰਾਨੀ ਪੋਸ਼ਸ਼ ਤੇ ਆਦਤਾਂ ਧਾਰ ਲਈਆਂ ਸਨ ਜਿਸ ਕਰਕੇ ਬਹੁਤ ਸਾਰੇ ਪਿਛਾਂ

ਖਿੱਚੂ ਆੜੀ ਉਸ ਨੂੰ ਈਰਾਨੀ ਨਿਵਾਜ਼ ਆਖਣ ਲਗ ਪਏ ਸਨ। ਪਰ ਏਨ੍ਹਾਂ ਸਾਰੀਆਂ ਗੱਲਾਂ ਦੇ ਹੁੰਦਿਆਂ ਸਿਪਾਹੀਆਂ ਨੇ ਉਸ ਨਾਲ ਪ੍ਰੇਮ ਤੇ ਸਿਦਕ ਕਾਇਮ ਰੱਖਿਆ।

ਯੂਨਾਨੀ ਯਲਗ਼ਾਰ ਨੇ ਹਿੰਦੂ ਕੁਸ਼ ਟੱਪ ਕੇ ਪੰਜਾਬ ਵਲ ਮੂੰਹ ਕਰ ਲਿਆ। ਆਸ਼ਾ ਏਹ ਸੀ ਕਿ ਜਿੱਥੇ ਜਿੱਥੇ ਈਰਾਨੀ ਦਾਬਾ ਸੀ ਉਸ ਨੂੰ ਮਿਟਾ ਦਿਤਾ ਜਾਵੇ। ਸੌ ਸਾਲ ਪਹਲੋਂ ਈਰਾਨੀ ਸ਼ਹਿਨਸ਼ਾਹ **Xerxes** ਨੇ ਯੂਨਾਨ ਉੱਤੇ ਹਮਲਾ ਕਰਨ ਲਈ ਹਿੰਦੁਸਤਾਨੀ ਲਿਆਂਦੇ ਸੀ। ਗੌਗਾਮਾਲਾ ਦੀ ਲੜਾਈ ਵਿਚ ਕੁਛ ਗਿਣਤੀ ਹਿੰਦੁਸਤਾਨੀਆਂ ਦੀ ਈਰਾਨੀ ਦਲ ਵਿਚ ਸੀ। ਸਿਕੰਦਰ ਨੇ ਗੰਗਾ ਤੀਕ ਪਹੁੰਚ ਕੇ ਈਰਾਨੀ ਦਾਬੇ ਦਾ ਨਾਮ ਨਿਸ਼ਾਨ ਮਿਟਾਣਾ ਮਿਥਿਆ ਹੋਯਾ ਸੀ। ਦਰਿਆ ਇੰਡਸ ਉੱਤੇ ਪੁਲ ਬੰਨ ਕੇ ਫੌਜ ਪਾਰ ਹੋ ਗਈ। ਜੇਹਲਮ ਤੀਕ ਤਕਸ਼ਿਲਾ ਦੇ ਬਾਦਸ਼ਾਹ ਦਾ ਰਾਜ ਸੀ ਜਿਸ ਨਾਲ ਮਿਤ੍ਰਾਨਾ ਗੰਢ ਕੇ ਸਿਕੰਦਰ ਅੱਗੇ ਵਧਿਆ। ਰਾਜਾ ਪੋਰਸ ਆਪਣੀ ਹੱਦ ਜੇਹਲਮ ਉਤੇ ਪਹੁੰਚ ਗਿਆ ਮੁਕਾਬਲੇ ਲਈ। ਉਸ ਦੀ ਫੌਜ ਵਿਚ ਦੋ ਸੌ ਹਾਥੀ ਸਨ। ਦੋਵੇਂ ਫੌਜਾਂ ਆਮੋ ਸਾਮ੍ਹਣੇ ਜੇਹਲਮ ਦੇ ਕਿਨਾਰਿਆਂ ਉਤੇ ਆਣ ਉਤਰੀਆਂ। ਪੋਰਸ ਨੂੰ ਭਾਸਿਆ ਕਿ ਸਿਕੰਦਰ ਪਾਣੀ ਦੇ ਉੱਤਰ ਜਾਣ ਦੀ ਉਡੀਕ ਵਿਚ ਹੈ। ਸਿਕੰਦਰ ਨੇ ਫੌਜ ਲੈ ਕੇ ਤਿੰਨੀ ਥਾਈਂ ਦਰਿਆ ਪਾਰ ਕਰਨ ਦਾ ਝਾਉਲਾ ਦਿਤਾ। ਪਰ ਪੱਤਣ ਦੂਰ ਸੀ ਦਸ ਬਾਰਾਂ ਕੋਹ ਉੱਪਰ ਜਿੱਥੇ ਬਰੇਤੀ ਵਿਚ ਵਣੀ ਸੀ। ਸਿਕੰਦਰ ਆਪਣੇ ਸਲਾਰ ਕਰਟੇਰ ਨੂੰ ਬਾਕੀ ਦੀ ਫੌਜ ਸਪੁਰਦ ਕਰਕੇ ਆਪ ਇਕ ਹਿੱਸਾ ਫੌਜ ਦਾ ਲੈ ਕੇ ਰਾਤੋ ਰਾਤ ਪੱਤਣ ਤੇ ਜਾ ਪੁੱਜਾ ਤੇ ਵਰ੍ਹਦੇ ਮੀਂਹ ਵਿਚ ਜਦ ਕਿਸੇ ਨੂੰ ਖਿਆਲ ਨਹੀਂ ਸੀ ਹੋ ਸਕਦਾ ਕਿ ਅਜੇਹੇ ਮੌਸਮ ਵਿਚ ਫੌਜ ਦਰਿਆ ਟਪ ਜਾਵੇਗੀ ਪਾਰ ਕਰ ਗਿਆ ਤੇ ਮੁੜ ਕੇ ਅਚਨਚੇਤ ਪੋਰਸ ਦੀ ਪਿੱਠ ਵਲ ਜਾ ਪਿਆ। ਏਧਰੋਂ ਉਸ ਦੀ ਬਾਕੀ ਫੌਜ ਵੀ ਮੌਕਾ ਪਾ ਕੇ ਦਰਿਆ ਲੰਘ ਆਈ ਤੇ ਪੋਰਸ ਦੀ ਫੌਜ ਦੋ ਪੁੜਾਂ ਦੇ ਵਿਚਕਾਰ ਆ ਕੇ ਦਰੜੀ ਗਈ। ਪੋਰਸ ਫੜਿਆ ਗਿਆ, ਜਦ ਸਿਕੰਦਰ ਨੇ ਪੁੱਛਿਆ ਤੇਰੇ ਨਾਲ ਕਿਸ ਤਰ੍ਹਾਂ ਦਾ ਸਲੂਕ ਕਰਾਂ ਦੋ ਹਰਫਾਂ ਵਿਚ ਜੁਆਬ ਮਿਲਿਆ, "ਬਾਦਸ਼ਾਹਾਂ ਵਾਲਾ।" ਸਿਕੰਦਰ ਬਹੁਤ ਖੁਸ਼ ਹੋਯਾ, ਪੋਰਸ ਨੂੰ ਉਸ ਦਾ ਰਾਜ ਮੋੜ ਕੇ ਵਧੇਰੇ ਇਲਾਕਾ ਦੇ ਦਿਤਾ। ਬਿਆਸ ਤੀਕ ਸਿਕੰਦਰ ਫੌਜਾਂ ਨੂੰ ਦੱਬ ਘੁਟ ਕੇ ਲੈ ਆਯਾ ਪਰ ਅਗੋਂ ਓਨ੍ਹਾਂ ਉੱਕਾ ਨਾਂਹ ਕਰ ਦਿਤੀ।

ਲਾਚਾਰ ਉਸ ਨੇ ਇਕ ਬੇੜਾ ਤਿਆਰ ਕਰਵਾਯਾ ਤੇ ਦਰਿਆ ਦੇ ਰਸਤੇ ਉਹ ਇੰਡਸ ਦੇ ਮੂੰਹ ਉਤੇ ਸਮੁੰਦਰ ਦੇ ਕਿਨਾਰੇ ਪਹੁੰਚ ਗਿਆ। ਬੇੜੇ ਦੇ ਸਾਲਾਰ ਨੀਅਰਚਸ ਨੂੰ ਹੁਕਮ ਹੋਯਾ ਕਿ ਉਹ ਸਮੁੰਦਰ ਦੇ ਰਾਹ ਈਰਾਨ ਪਹੁੰਚੇ, ਆਪ ਖੁਸ਼ਕੀ ਦੇ ਰਸਤੇ ਹੋ ਲਿਆ। ਬਲੋਚਸਤਾਨ ਦੇ ਗਰਮ ਥਲਾਂ ਵਿਚੀਂ ਲੰਘਦੀ ਫ਼ੌਜ ਭੁੱਖੀ ਤਿਹਾਈ ਅੱਧੀ ਰਹਿ ਗਈ ਪਰ ਕੀ ਹੋ ਸਕਦਾ ਸੀ। ਆਖਰ ਸ਼ਹਿਰ ਸੂਸਾ ਪਹੁੰਚ ਕੇ ਦਮ ਲਿਆ। ਟਿਕਣ ਵਾਲਾ ਬੰਦਾ ਨਹੀਂ ਸੀ।

ਜੇ ਭਲਾ ਸਿਕੰਦਰ ਈਰਾਨੀ ਹੜ੍ਹ ਨੂੰ ਜੋ ਪੱਛਮ ਵੱਲ ਨੂੰ ਵਗ ਰਿਹਾ ਸੀ ਤੇ ਯੂਨਾਨ ਦੇ ਦਰਵਾਜ਼ਿਆਂ ਤੀਕ ਪਹੁੰਚ ਚੁਕਾ ਸੀ ਨਾ ਰੋਕਦਾ ਖਬਰੇ ਸਾਰਾ ਯੂਰਪ ਨਾ ਸਹੀ ਅੱਧਾ ਤਾਂ ਜ਼ਰੂਰ ਮੁਸਲਮਾਨ ਹੋ ਜਾਂਦਾ। ਨਾ ਮੁਸਲਮਾਨ ਹੁੰਦਾ ਰੋਮਨ ਸਾਮਰਾਜ ਤਾ ਜੰਮਣਾ ਹੀ ਨਹੀਂ ਸੀ ਜਿਸ ਰਾਹੀਂ ਬਰਤਾਨਵੀ ਤੇ ਹੋਰ ਸਾਮਰਾਜ ਪੱਛਪੀ ਵਜਾ ਦੇ ਕਾਇਮ ਹੋਏ। ਨਾ ਏਹ ਸਾਮਰਾਜ ਪੁੰਗਰਨੇ ਪਾਉਂਦੇ ਨਾ ਦੁਨੀਆ ਵਿਚ democracy (ਲੋਕ ਰਾਜ) ਉਤਪੰਨ ਹੁੰਦੇ ਜੋ ਕਿ ਯੂਰਪ ਵਿਚ ਜੰਮੇ ਪਲੇ ਤੇ ਉਥੋਂ ਵਧ ਕੇ ਏਸ਼ੀਆ ਤੇ ਅਮਰੀਕਾ ਵਿਚ ਫਲੇ ਫੁੱਲੇ। ਖਬਰ ਈਰਾਨੀ ਇਸ਼ਰਤ ਮੁਸਲਮਾਨੀ ਢੰਗ ਦੀ ਯੂਰਪ ਦੀ ਸਭਿੱਤਾ ਕਿੱਧਰ ਨੂੰ ਲੈ ਜਾਂਦੀ। ਸਿਕੰਦਰ ਨੇ ਏਸ ਹੜ੍ਹ ਨੂੰ ਨਾ ਕੇਵਲ ਯੂਰਪ ਵਲ ਵਗਦੇ ਨੂੰ ਠਲ੍ਹ ਪਾਈ ਬਲਕਿ ਏਸ਼ੀਆ ਵਿਚੋਂ ਇਸ ਦੀਆਂ ਜੜ੍ਹਾਂ ਪੁੱਟ ਸੁੱਟੀਆਂ। ਕੌਣ ਆਖ ਸਕਦਾ ਹੈ ਕਿ ਅਜ ਦੀ ਸਭਿਤਾ ਜਗਤ ਵਿਚ ਤੇ ਜੀਵਨ ਦੇ ਹਰ ਪਾਸੇ ਵਿਚ ਸਿਕੰਦਰ ਦਾ ਹੱਥ ਨਹੀਂ।

੩੨੩ ਈਸਵੀ ਵਿਚ ਸਿਕੰਦਰ ਬੇਬੀਲੋਨ ਚਲਿਆ ਗਿਆ। ਉਥੇ ਉਸ ਨੂੰ ਦੇਸ਼ਾਂ ਪਰਦੇਸ਼ਾਂ ਦੇ ਸਫੀਰ ਸਿਰ ਨਿਵਾਉਣ ਆਏ ਜਿਨ੍ਹਾਂ ਵਿਚ ਇਕ ਰੋਮ ਦਾ ਸਫ਼ੀਰ ਭੀ ਸੀ ਜਿਨ੍ਹਾਂ ਦਾ ਸਾਮਰਾਜ ਢੇਰ ਚਿਰ ਪਿੱਛੋਂ ਉਪੱਨਾ। ਜਿਉਂ ਜਿਉਂ ਦੂਰ ਦੁਰਾਡੇ ਦੇਸ਼ਾਂ ਤੋਂ ਫਤਹ ਕੀਤੀਆਂ ਕੌਮਾਂ ਦੇ ਦੂਤ ਆ ਕੇ ਪ੍ਰਣਾਮ ਕਰਕੇ ਅਤੇ ਆਪੋ ਆਪਣੀਆਂ ਸਮਸਿਆਵਾਂ ਪੇਸ਼ ਕਰਦੇ ਉਸ ਨੂੰ ਗਿਆਨ ਹੋ ਰਿਹਾ ਸੀ ਕਿ ਨਿਰਾ ਦੇਸ਼ ਫ਼ਤਹ ਕਰ ਲੈਣ ਨਾਲ ਗੱਲ ਮੁੱਕਦੀ ਨਹੀਂ ਸਗੋਂ ਗੰਭੀਰ ਹੋ ਜਾਂਦੀ ਹੈ। ਸਿਕੰਦਰ ਦੇ ਸੁਪਨੇ ਤੇ ਉਮੰਗਾਂ ਹਜ਼ਾਰ ਗੁਣਾ ਵਧ ਕੇ ਇਕ ਵਡੇ ਬਾਗ ਵਾਂਗ ਫਲੀਭੂਤ ਹੋ ਰਹੇ ਸਨ। ਮਿਸਰ ਤੇ ਏਸ਼ੀਆ ਦੀ ਇਸਲਾਮੀ ਦੁਨੀਆਂ ਉਸ ਦੇ ਨਾਮ ਤੋਂ ਕੰਬ ਰਹੀ ਸੀ। ਮਧ ਏਸ਼ੀਆ ਵਿਚ ਉਸ ਦਾ ਨਾਮ ਜਪਿਆ ਜਾ

ਰਿਹਾ ਸੀ। ਤੁਰਕੀ ਅਤੇ ਚੀਨ ਤਕ ਯੂਨਾਨੀ ਸਤਰਪ ਇੰਝ ਨਿਡਰ ਤੇ ਅਡੋਲ ਬੈਠੇ ਰਾਜ ਕਰ ਰਹੇ ਸਨ ਜਿਵੇਂ ਦੁਨੀਆਂ ਵਿਚ ਜੰਗ ਕਦੇ ਹੋਈ ਹੀ ਨਹੀਂ। ਹਾਲਾਂ ਕਲ ਹੀ ਸਿਕੰਦਰ ਨੇ ਦਰੇ ਦਾਨਿਆਲ ਟੱਪ ਕੇ ਏਸ਼ੀਆ ਦਾ ਰੁਖ ਕੀਤਾ ਅੱਜ ਈਰਾਨੀ ਹਕੂਮਤ ਤੇ ਦਾਬਾ ਧਰਤੀ ਤੋਂ ਮਲਕੜੇ ਜੇਹੇ ਅਲੋਪ ਹੋ ਗਏ ਸਨ। ਓਲਿੰਪੀਆ ਦਾ ਸੂਰਬੀਰ ਪੁਤ੍ਰ ਆਪ ਬਹੁਤ ਬਦਲ ਗਿਆ ਸੀ। ਕੇਵਲ ਦੇਸ ਸਰ ਕਰ ਲੈਣ ਦੇ ਅਰਥ ਕੁਝ ਨਹੀਂ ਸੀ ਜੇ ਇਸ ਸਿਧ ਕੀਤੇ ਇਤਿਹਾਸ ਨੂੰ ਨਾ ਮਿਟਣ ਵਾਲੀਆਂ ਲੀਹਾਂ ਉਤੇ ਕਿਸੇ ਸੁਵੱਲੇ ਰੁੱਖ ਨਾ ਪਾਯਾ ਜਾਵੇ। ਜਵਾਨੀ ਦੇ ਮਾਰਾਂ ਮਾਰਨ ਵਾਲੇ ਵਲਵਲ ਮਧਮ ਪੈ ਰਹੇ ਸਨ। ਸਿਆਣੇ ਪੁੱਜੇ ਨੀਤੀਵਾਨਾਂ ਵਾਂਗ ਫਿਕਰ ਪੈ ਰਹੇ ਸਨ ਕਿ ਏਨ੍ਹਾਂ ਸਰ ਕੀਤੀਆਂ ਮੱਲਾਂ ਤੇ ਜਗੀਰਾਂ ਦੀਆਂ ਨੀਹਾਂ ਅਸਥਿਰ ਪੱਕੀਆਂ ਕਿਵੇਂ ਕੀਤੀਆਂ ਜਾਣ। ਸਿਕੰਦਰ ਦੀ ਅਨ੍ਹੀ ਜਵਾਨੀ ਵਾਲੀ ਮਤ ਉਸਾਰੂ ਤੇ ਪਾਇਦਾਰ ਵਿਤੁੰਤਾਂ ਵਲ ਪਈ।

ਤਲਵਾਰ ਲਾਂਭੇ ਰਖ ਕੇ ਤਲਵਾਰ ਦੀ ਖੇਤੀ ਨੂੰ ਸੰਭਾਲਣ ਤੇ ਆਉਣ ਵਾਲੀਆਂ ਯੂਨਾਨੀ ਨਸਲਾਂ ਦੇ ਅੱਗੇ ਲਈ ਉਸਾਰੀ ਕਰਨੀ ਜ਼ਰੂਰੀ ਜਾਪਣ ਲੱਗੀ। ਆਪ ਦਾਰਾ ਦੀ ਦੁਹਿਤਾ ਸਟਾਇਰਾ ਨਾਲ ਦੂਜਾ ਵਿਆਹ ਕਰ ਲਿਆ। ਵਡੇ ਅਫਸਰਾਂ ਵਿਚੋਂ ਸੈਂਕੜਿਆਂ ਨੂੰ ਈਰਾਨੀ ਇਸਤਰੀਆਂ ਵਿਆਹ ਦਿਤੀਆਂ। ਨਯਾਇਕ ਪੂਰਵਕ ਖਾਤਾ ਖੋਲ੍ਹ ਕੇ ਸਭਨਾਂ ਵਿਆਹਾਂ ਦਾ ਵੇਰਵਾ ਭਰਿਆ ਗਿਆ। ਸਿਪਾਹੀਆਂ ਦਾ ਕਰੋੜਾਂ ਰੁਪਇਆਂ ਦਾ ਕਬਜਾ ਲਾਹ ਕੇ ਪ੍ਰੇਰਨਾ ਕੀਤੀ ਕਿ ਟੱਬਰ-ਦਾਰ ਬਣ ਜਾਓ ਤੇ ਈਰਾਨ ਨੂੰ ਆਪਣਾ ਦੇਸ਼ ਸਮਝੋ। ਮੰਤਵ ਏਹ ਸੀ ਕਿ ਯੂਨਾਨੀ ਸੂਰਮਿਆਂ ਨੂੰ ਨਿੱਕੇ ਭੀੜੇ ਸਮਾਜੀ ਚੱਕਰ ਵਿਚੋਂ ਕਢ ਕੇ ਖੁਲ੍ਹੀ ਦੁਨੀਆਂ ਦੇ ਬੰਦੇ ਬਣਾਯਾ ਜਾਵੇ ਤੇ ਇਕ ਅਦੁਤੀਆ ਸਾਮਰਾਜ ਦੀ ਨੀਂਹ ਬੰਨ੍ਹੀ ਜਾਵੇ। ਨਾਲ ਹੀ ਈਰਾਨੀ ਯੁਵਕਾਂ ਦੀ ਭਰਤੀ ਖੋਲ੍ਹ ਦਿਤੀ ਉਨ੍ਹਾਂ ਨੂੰ ਪੱਛਮੀ ਢੰਗ ਦੀ ਵਿੱਦਿਆ ਤੇ ਜੰਗੀ ਸਿਖਿਆ ਦੇਣ ਲਈ। ਸਗੋਂ ਈਰਾਨੀ ਅਮੀਰਜ਼ਾਦਿਆਂ ਨੂੰ ਸੂਬਿਆਂ ਅਤੇ ਦੇਸ਼ਾਂ ਦੇ ਸਤਰਪ ਸਥਾਪਨ ਕਰ ਦਿਤਾ। ਮੰਤਵ ਏਹ ਸੀ ਕਿ ਜੰਗੀ ਫਤਹ ਹੋ ਚੁੱਕੀ ਹੁਣ ਏਸ਼ੀਆ ਨੂੰ ਯੂਨਾਨੀ ਸਾਮਰਾਜ ਵਿਚ ਅਭੇਦ ਕਰ ਲਿਆ ਜਾਵੇ। ਪਰ ਏਨ੍ਹਾਂ ਨਿਆਰੇ ਤੇ ਅਜਬ ਵਤੀਰਿਆਂ ਤੋਂ ਫੌਜ ਸਗੋਂ ਨਾਰਾਜ਼ ਹੋਣ ਲਗ ਪਈ।

ਸਿਕੰਦਰ ਜੀਉਂਦਾ ਰਹਿੰਦਾ ਕੀ ਜਾਣੇ ਇਤਿਹਾਸ ਕਿਸੇ ਪਾਸੇ ਕਰਵਟ ਲੈਂਦਾ। ਦੁਨੀਆਂ ਦਾ ਰੁਖ ਹੋਰ ਹੀ ਹੋ ਜਾਣਾ ਸੀ।

ਪਰ "ਮਤਾ ਕਰੇ ਪੂਰਬ ਕੇ ਤਾਂਈ ਪੱਛਮ ਹੀ ਸੈ ਜਾਤ।"

ਉਹ ਗਰਗੀ ਦੇ ਤਾਪ ਨਾਲ ਡਿਗ ਪਿਆ ਤੇ ਛੇਬੇ ਹੀ ਹਾਲਤ ਖ਼ਰਾਬ ਹੋ ਗਈ। ਜੋਤਸ਼ੀਆਂ ਨੇ ਭੀ ਆਸ ਨਾ ਬਨ੍ਹਾਈ। ਸਿਕੰਦਰ ਦਾ ਸਮੁੰਦਰੀ ਦਲਪਤ ਨੀਅਰਚਸ ਬੀਮਾਰ ਬਾਦਸ਼ਾਹ ਦੇ ਕੋਲ ਬੈਠਾ ਹਿੰਦ ਤੋਂ ਮੁੜਨ ਦੇ ਬਿਪਦਾ ਭਰੇ ਕਿੱਸੇ ਸੁਣਾਉਂਦਾ ਰਹਿੰਦਾ। ਦੇਸ਼ਾਂ ਦੇ ਦੂਤ ਮਿਲਣ ਅਤੇ ਹਾਲ ਪੁੱਛਣ ਲਈ ਉਡੀਕਾਂ ਲਾਈ ਡੇਰੇ ਜਮਾਈ ਰਖਦੇ ਸਨ। ਦੁਆਲੇ ਰਮਲੀਏ ਝਾੜਫੂਕ ਮੰਤ੍ਰਾਂ ਵਾਲੇ, ਫੌਜਾਂ ਦੇ ਸਾਲਾਰ ਤੇ ਪੁਜਾਰੀ ਬੈਠੇ ਰਹਿੰਦੇ ਸਨ। ਅਰਬ ਨੂੰ ਭੇਜੀ ਜਾਣ ਵਾਲੀ ਨਵੀਂ ਮੁਹਿੰਮ ਦੀਆਂ ਤਿਆਰੀਆਂ ਹੋ ਚੁਕੀਆਂ ਸਨ। ਇਕ ਦਿਨ ਬੇਸੁਧੀ ਵਿਚ ਸਿਕੰਦਰ ਬੁਰੜਾਨ ਲਗ ਪਿਆ। ਜਦ ਸੁਰਤ ਆਈ ਕਿਸੇ ਨੇ ਪੁੱਛਿਆ ਬਾਦਸ਼ਾਹ ਦਾ ਵਾਰਸ ਕੌਣ ਹੋਵੇਗਾ ਸਿਕੰਦਰ ਨੇ ਜੁਆਬ ਦਿਤਾ 'ਸਭ ਤੋਂ ਲਾਇਕ ਆਦਮੀ। ਹੋਣੀ ਨੂੰ ਭਲਾ ਕੌਣ ਮੋੜਦਾ। ਦੂਤ ਤੇ ਸਿਆਣੇ ਤੇ ਹਿੰਦੂ ਸਭ ਠੱਲੇ ਹੋਏ ਲਾਚਾਰ ਤੇ ਬੇਬਸ ਭੀੜ ਲਾਈ ਬੈਠੇ ਰਹੇ, ਪਰ ਇਕ ਦੂਤ ਸੀ ਜਿਸ ਨੂੰ ਕੋਈ ਰੋਕ ਨਹੀਂ ਸੀ ਸਕਦਾ। ਉਹ ਆਯਾ ਤੇ ਸਿਕੰਦਰ ਨੂੰ ਅੱਗੇ ਲਾ ਕੇ ਲੈ ਗਿਆ ਤੇ ਰਹਿੰਦੀ ਦਨੀਆਂ ਤੀਕ ਸੂਰਮਗਤੀ ਦਾ ਨਿਸ਼ਾਨ ਮਿਟ ਗਿਆ।

ਤ੍ਰਿਆ ਚਰਿਤ੍ਰ

(ਮਿਸਰ ਦੀ ਕਲਿਓਪੈਟਰਾ)

ਦੋ ਹਜ਼ਾਰ ਸਾਲ ਬੀਤ ਗਏ ਹਨ ਏਸ ਵਰਤਾਂਤ ਨੂੰ। ਪੰਜਾਬ ਦੇ ਜੇਠ ਹਾੜ ਦੀ ਤਪਸ਼ ਤਾਂ ਨਹੀਂ ਸੀ, ਨਾ ਵਗ ਚੁਕੀ ਲੋ ਦੇ ਚਿਨ੍ਹ ਸਨ। ਸੂਰਜ ਢਲ ਰਿਹਾ ਸੀ। ਮੱਧ ਅਫ਼ਰੀਕਾ ਦੀਆਂ ਘਾਟੀਆਂ ਤੋਂ ਤੁਰਿਆ ਦਰਿਆ ਨੀਲ ਹਜ਼ਾਰਾਂ ਮੀਲ ਲੰਮੇ ਪੈਂਡੇ ਤੋਂ ਕਰਕੇ ਹਾਰਿਆ ਜਾਪਦਾ ਸੀ, ਥੱਕੇ ਟੁਟੇ ਬਿਰਧ ਦੀ ਚਾਲ ਮਲਕ ਮਲਕ ਬੇ ਮਲੂਮ ਜੇਹਾ ਮਿਸਰ ਕੇ ਰੇਗਿਸਤਾਨ ਵਿਚੀਂ ਸਮੁੰਦਰ ਵੱਲ ਵਗ ਰਿਹਾ ਸੀ। ਅਸਮਾਨ ਵਿਚ ਸੌਂਹ ਖਾਣ ਨੂੰ ਕਿਸੇ ਬੱਦਲ ਦਾ ਨਿਸ਼ਾਨ ਨਹੀਂ ਸੀ। ਕਿਤੇ ਕਿਤੇ ਪਹਾੜੀਆਂ ਸੁੱਕੀਆਂ, ਸੜੀਆਂ ਨੰਗੀਆਂ, ਬੰਜਰ ਪਥਰੀਲੀਆਂ—ਸਿਰ ਚੁਕੀ ਬੀਤ ਗਈਆਂ ਸਦੀਆਂ ਵਿਚ ਵਰਤੇ ਅੱਖੀਂ ਡਿਠੇ ਤੇ ਹੋ ਹੋ ਕੇ ਲੰਘ ਗਏ ਇਤਿਹਾਸ ਦੀਆਂ ਅੜਾਉਣੀਆਂ ਤੇ ਯਾਦਾਂ ਨੂੰ ਨਿਰਖ ਨਿਰਖ ਕੇ ਫਾਵੇ ਹੋ ਚੁੱਕੇ ਬੁਢਿਆਂ ਵਾਂਗ ਖਬਰੇ ਹੋਰ ਕੀ ਵੇਖਣ ਦੀ ਉਡੀਕ ਵਿਚ ਸਨ। ਤੇ ਯਾ ਬਾਦਸ਼ਾਹਾਂ ਦੀਆਂ ਮੜ੍ਹੀਆਂ ਉਤੇ ਬਣਾਈਆਂ ਉਹ ਉੱਚੀਆਂ ਤੇ ਬੇ ਮਿਸਾਲ ਉਸਾਰੀਆਂ ਸਨ ਜਿਨ੍ਹਾਂ ਨੂੰ ਵੇਖਣ ਲਈ ਦੁਨੀਆਂ ਵਹੀਰਾ ਘੱਤ ਘੱਤ ਜਾਂਦੀ ਹੈ ਪਰ ਅੱਜ ਤੀਕ ਕੋਈ ਦੱਸ ਨਹੀਂ ਸਕਿਆ ਕਿ ਏਨੇ ਵੱਡੇ ਪੱਥਰ ਕਿਵੇਂ ਚੁੱਕ ਚੁੱਕ ਕੇ ਕਮਾਲ ਕੋਣਾਂ ਦੀ ਸ਼ਕਲ ਵਿਚ ਬਣਾਏ ਗਏ। ਉਂਝ ਤਾਂ ਸਾਰੀ ਧਰਤੀ ਹੀ ਇਕ ਸ਼ਮਸ਼ਾਨ ਭੂਮੀ ਹੈ ਪਰ ਜੇਕਰ ਏਸ ਅਖਾਣ ਨੂੰ ਸਿਧ ਹੋਯਾ ਅਖੀਂ ਵੇਖਣਾ ਹੋਵੇ ਤਾਂ ਮਿਸਰ ਦੇ ਰਾਹ ਪੈਣਾ ਚਾਹੀਦਾ ਸੀ।

ਮਿਸਰ ਦਾ ਇੱਤਿਹਾਸ, ਮਿਸਰੀ ਸੱਭਿਅਤਾ ਧਰਤੀ ਉੱਤੇ ਸਭ ਤੋਂ ਪਹਲਾਂ ਦੇ ਹਨ। ਰੋਮ ਤੇ ਯੂਨਾਨ ਢੇਰ ਚਿਰ ਪਿੱਛੋਂ ਹੋਏ। ਮਿਸਰੀ ਸਾਮਰਾਜ ਪੂਰਬ ਵਿਚ ਅਰਬ ਈਰਾਨ ਤੀਕ ਤੇ ਪੱਛਮ ਵਿਚ ਯੂਨਾਨ ਦੇ ਸਾਗਰਾਂ ਤੀਕ ਸੀ। ਭੂਮੱਧ ਸਾਗਰ ਦਾ ਦਖਣੀ ਕੰਢਾ ਸਾਰਾ ਹੀ ਲਗਭਗ ਮਿਸਰ ਦੇ ਅਧੀਨ ਸੀ। ਭੂਗੋਲਕ ਚਿਹਨ ਮਿਸਰ ਦਾ ਕੇਵਲ ਇਕ ਹੈ, ਦਰਿਆ ਨੀਲ ੩੬੦੦ ਮੀਲ ਲੰਮਾ, ਦੁਨੀਆ ਵਿਚ ਤੀਜੇ ਥਾਂ ਤੇ ਦਰਿਆ ਨੀਲ ਹੀ ਇਕ ਤਰ੍ਹਾਂ ਮਿਸਰ ਦੀ ਜਿੰਦ ਜਾਨ ਹੈ। ਵਸੋਂ ਦਰਿਆ ਨੀਲ ਦੇ ਕੰਢਿਆਂ ਉਤੇ ਹੈ, ਉਪਜੀਵਕਾ ਨੀਲ ਦੇ ਪਾਣੀ ਤੇ ਹੜ੍ਹਾਂ ਨਾਲ ਹੈ। ਆਤਮ ਵਿਸ਼ੇਸ਼ਨ ਭੀ ਮਿਸਰ ਨੂੰ ਨੀਲ ਦੀਓ ਹੀ ਹੈ ਜੋ ਉੱਤਰੀ ਭਾਰਤ ਨੂੰ ਇੰਡਸ ਦੀ ਤੇ ਭਾਰਤ ਨੂੰ ਗੰਗਾ ਦੀ।

ਦੋ ਹਜ਼ਾਰ ਸਾਲ ਪਹਲੋਂ ਦੇ ਨੀਲ ਤੇ ਇਸ ਦੇ ਦੁਆਲੇ ਦੇ ਦ੍ਰਿਸ਼ਯਾਂ ਨੂੰ ਅੰਕਤ ਕਰਨਾ ਸੌਖਾ ਜੇਹਾ ਕੰਮ ਨਹੀਂ। ਏਨਾ ਕੁ ਨਿਸ਼ਚਿਤ ਤਰੀਕੇ ਨਾਲ ਆਖਿਆ ਜਾ ਸਕਦਾ ਹੈ ਕਿ ਟਾਵੇਂ ਟਾਵੇਂ ਪਿੰਡ ਹੋਣੇ ਹਨ, ਖਿਲਰੀ ਹੋਈ ਵਸੋਂ ਦੇ ਜੀਵਨ ਤੇ ਖਾਣ ਪੀਣ ਰਹਣ ਸਹਣ ਦੇ ਢੰਗ ਅਤੇ ਪੁਰਾਤਨ ਤੇ ਸਾਡੇ ਲਈ ਅਲੌਕਿਕ ਭਾਵੇਂ ਉਸ ਜ਼ਮਾਨੇ ਦੇ ਅਨੁਕੂਲ ਹੋਣੇ ਹਨ। ਪਰ ਸਾਡੀ ਵਾਰਤਾ ਨਾਲ ਨਿੱਗਰ ਸਬੰਧ ਉਸ ਵੱਡੇ ਬਜਰੇ ਦਾ ਹੈ ਜੋ ਉਸ ਦਿਨ ਨੀਲ ਦੀ ਟਿਕੀ ਹੋਈ ਛਾਤੀ ਉੱਤੇ ਅਡੋਲ ਤਰਦਾ ਜਾ ਰਿਹਾ ਸੀ।

ਬਜਰਾ ਕੀ ਸੀ ਕਾਗਜ਼ ਉਤੇ ਖਿਚੀ ਤਸਵੀਰ ਸੀ। ਦੋਵੇਂ ਸਿਰੇ ਨਵੇਂ ਚੰਦ ਵਾਂਗ ਉਤੇ ਕੁੰਡਲਦਾਰ, ਵਿਚਕਾਰਲਾ ਹਿੱਸਾ ਸ਼ਿਕਾਰੀ ਕੁੱਤੇ ਦੇ ਲੱਕ ਵਰਗਾ ਪਤਲਾ ਲੰਮਾ ਪਾਣੀ ਉੱਤੇ ਅੰਞ ਪਿਆ ਜਿਵੇਂ ਕੋਈ ਹੰਸ ਲੰਮੀ ਗਰਦਨ ਨਿਸਾਲ ਕੇ ਤਰ ਰਿਹਾ ਹੋਵੇ। ਪਿਛਲਾ ਸਿਰਾ ਕੁਝ ਉੱਚਾ ਦੋ ਛੱਤਾ ਜਿਸ ਦੇ ਸਿਖਰ ਇਕ ਭੂਰੇ ਰੰਗ ਦਾ ਪਾਤਣੀ ਜਵਾਨ ਛੁਟ ਲੱਕ ਬੱਧੇ ਕਖਾਈ ਤੋਂ ਨੰਗਾ ਪੂਛਲ ਦੇ ਵੱਡੇ ਚੌੜੇ ਚੱਪੂ ਨਾਲ ਬਜਰੇ ਦਾ ਰੁਖ ਸਾਂਭ ਰਿਹਾ ਸੀ। ਬਜਰ ਦੇ ਪਾਸੇ ਵਿਚੋਂ ੪੦ ਲੰਮੇ ਚੱਪੂ ਪਾਣੀ ਵਿਚ ਡੁਭਕੀਆਂ ਲੈਂਦੇ ਇਕ ਸਾਰ ਚੀਰ ਪਾ ਰਹੇ ਹਨ ਜਿਸ ਨਾਲ ਬਜਰਾ ਅੰਞ ਜਾ ਰਿਹਾ ਸੀ ਜਿਵੇਂ ਕੋਈ ਸ਼ਿਕਰਾ ਹਵਾ ਵਿਚ ਸ਼ਿਕਾਰ ਮਗਰ ਲੱਗਿਆ ਹਵਾ ਨੂੰ ਚੀਰ ਰਿਹਾ ਹੋਵੇ। ਚੱਪੂਆਂ ਵਾਲੇ ਕਾਲੇ ਹਬਸ਼ੀ ਪਾਣੀ ਦੇ ਖੱਧਰ ਉਤੇ ਲੁਕਵੇਂ ਜੇਹੇ ਬੈਠੇ ਆਪਣੇ ਸਡੌਲ ਡੌਲਿਆਂ ਦੇ ਜ਼ੋਰ ਨਾਲ ਬਜਰ ਨੂੰ ਤਿਖੀ ਤੇ ਮੱਠੀ ਰਫਤਾਰ ਜਿਵੇਂ ਲੋੜ ਪਵੇ ਦੇ ਰਹੇ ਸਨ। ਅਗਲੇ ਸਿਰੇ ਦਾ

ਸੁਨਹਿਰੀ ਨਿਸ਼ਾਨ ਦੱਸ ਰਿਹਾ ਸੀ ਕਿ ਬਜ਼ਰਾ ਸ਼ਾਹੀ ਟੱਬਰ ਦੀ ਕਿਸੇ ਵਯਕਤੀ ਦਾ ਹੈ। ਵਿਚਕਾਰਲੇ ਹਿੱਸੇ ਵਿਚ ਸਜੀਲੀਆਂ ਰੰਗਦਾਰ ਬੂਹੇ ਬਾਰੀਆਂ ਤੇ ਝਾਲਦਾਰ ਬਨੇਰਿਆਂ ਵਾਲਾ ਇਕ ਕਮਰਾ ਸੀ ਜੋ ਸਿੱਧਾ ਪਾਣੀ ਦੀ ਛਾਤੀ ਨਾਲ ਲਗਿਆ ਫੁੱਲ ਵਾਂਗ ਤਰਦਾ ਜਾਪਦਾ ਸੀ। ਇਸ ਵਿਚ ਮਿਸਰ ਦੀ ਮਹਾਂ ਸੁੰਦਰੀ ਮਲਕਾ ਕਲੀਓਪੱਟਰਾ ਆਪਣੇ ਪੂਰੇ ਠਾਠ ਵਿਚ ਰੂਪਹਲੀ ਪਾਵਿਆਂ ਵਾਲੇ ਤਕੀਆਂ ਨਾਲ ਲਦੇ ਮੇਜ਼ ਉਤੇ ਪੱਟ ਦੀ ਫੁਲਕਾਰੀ ਭਰੇ ਬਿਛੌਣਿਆਂ ਉਤੇ ਬਰਾਜਮਾਨ ਸੀ। ਸਿਰ ਉੱਤੇ ਸੋਨੇ ਦੇ ਪਤਰੇ ਦੀ ਹਲਕੀ ਘੁੱਟਵੀਂ ਟੋਪੀ ਸੀ ਜਿਸ ਵਿਚੋਂ ਮਸਤਕ ਦੇ ਚੀਰ ਪੁੜਪੁੜੀਆਂ ਦੇ ਗੇਸੂ ਕੰਨ ਤੇ ਪੇਪੜੀਆਂ ਭਲੀ ਪ੍ਰਕਾਰ ਅਪਣੀ ਅਪਣੀ ਰੇਖਾਵਾਂ ਵਿਖਾ ਰਹੇ ਸਨ। ਟੋਪੀ ਦੇ ਮੂਹਰਲੇ ਸਿਰੇ ਪੰਛੀ ਦੇ ਖੰਭਾਂ ਵਾਂਗ ਢਾਲੇ ਹੋਏ ਸਨ। ਵਿਚੋਂ ਮੀਢੀਆਂ ਲਮਕ ਰਹੀਆਂ ਸਨ ਜਿਵੇਂ ਲਿਪਟੇ ਬਿਸੀਅਰ ਕਲੋਲ ਕਰ ਰਹੇ ਹੋਣ।

ਰੂਪ ਦਾ ਵਰਨਣ ਬੜਾ ਅਤ੍ਰਿਖਾ ਹੈ। ਇਕ ਤਾਂ ਵੀਹ ਸਦੀਆਂ ਪਹਿਲੋਂ ਦੇ ਮਿਸਰ ਦੇ ਇਸਤ੍ਰੀ ਸੰਸਾਰ ਦੀ ਪੋਸ਼ਸ਼ ਸਜਾਵਟ ਸ਼ਿੰਗਾਰ, ਹੱਥਾਂ ਪੈਰਾਂ ਦੇ ਟੂਮ ਛੱਲਿਆਂ ਦੀ ਬਨਾਵਟ ਤੇ ਚੇਹਰੇ ਨੂੰ ਮੋਹਤ ਬਨਾਉਣ ਦੇ ਢੰਗਾਂ ਵਸੀਲਿਆਂ ਦੀ ਬਹੁਤ ਘਟ ਵਾਕਬੀ ਹੈ। ਦੂਜੇ ਕਲੀਓਪੈਟਰਾ ਇਕ ਅਜੇਹੀ ਜਗਤ ਪ੍ਰਸਿਧ ਸੁੰਦਰੀ ਹੋਈ ਹੈ ਕਿ ਵਡੇ ਵਡੇ ਸਾਹਿੱਤਕਾਰਾਂ ਨੇ ਉਸ ਦੀ ਰੂਪ ਰੇਖਾ ਵਰਣਨ ਕਰਨ ਤੋਂ ਸੰਕੋਚ ਹੀ ਕੀਤਾ ਹੈ ਰੂਪ ਜੇਕਰ ਇਕ ਯਾ ਦੋ ਚਾਰ ਗੁਣਾਂ ਦਾ ਭੰਡਾਰ ਹੋਵੇ ਤਾਂ ਕਹਣ ਮਾਤ੍ਰ ਉਲੀਕਿਆ ਜਾ ਸਕਦਾ ਹੈ। ਪਰ ਕਲੀਓਪੈਟਰਾ ਵਰਗੀ "ਵੇਖੇ ਹੀ ਪ੍ਰਮਾਣ" ਵਾਲੀ ਸੁੰਦਰੀ ਦਾ ਰੂਪ ਵਰਣਨ ਕਰਨਾ ਇਸ ਲਈ ਅਉਖਾ ਹੈ ਕਿ ਸੋਲਾਂ ਕਲਾਂ ਸੰਪੂਰਨ ਵਾਲੀ ਵਯਕਤੀ ਨੂੰ ਨਯਾਇਕ ਤੌਰ ਤੇ ਸ਼ੁਧ ਅੱਖਰਾਂ ਵਿਚ ਦੋ ਹਜ਼ਾਰ ਸਾਲ ਬੀਤੇ ਪਿਛੋਂ ਕਿਵੇਂ ਕਿਸ ਕਿਸ ਕਲਾ ਨੂੰ ਗਿਣ ਕੇ ਕੋਈ ਬਿਆਨ ਕਰ ਸਕਦਾ ਹੈ। ਇਤਿਹਾਸਕਾਰ ਲਿਖਦੇ ਹਨ ਕਿ ਕਲੀਓਪੈਟਰਾ ਨੂੰ ਇਤਿਹਾਸ ਦੇ ਪੱਨਿਆਂ ਵਿਚ ਇਕ ਅਜੇਹਾ ਅਸਥਾਨ ਪ੍ਰਾਪਤ ਹੈ ਕਿ ਜੇਕਰ ਇਸ ਦੇ ਨੱਕ ਦੀ ਕੁੰਬਲੀ ਦੀ ਰੇਖਾ ਦਾ ਝੁਕਾ ਰਿਸ਼ਮ ਮਾਤ੍ਰ ਵੀ ਐਧਰ ਓਧਰ ਹੁੰਦਾ ਦੁਨੀਆਂ ਦੇ ਇਤਿਹਾਸ ਦਾ ਰੌ ਹੀ ਦਰਿਆਵਾਂ ਦੇ ਵਹਣ ਵਾਂਗ ਕਿਧਰੇ ਦਾ ਕਿਧਰੇ ਹੋ ਜਾਣਾ ਸੀ। ਨਾ ਰੋਮਨ ਪਾਤਸ਼ਾਹ ਤੇ ਸਾਮਰਾਜੀ ਦਲਪਤ ਉਸ ਦੇ ਰੂਪ ਉਤੇ ਮੋਹਤ ਹੋ ਕੇ ਮਿਸਰ ਵਲ ਮੂੰਹ ਕਰਦੇ ਨਾ ਓਨਾ ਦਾ ਸਮਾਂ ਯੂਰਪ ਵਰਗੀ ਸ਼ਤਰੰਜੀ ਧਰਤੀ

ਤੋਂ ਫਿਰ ਕੇ ਏਸ਼ੀਆਈ ਤੇ ਅਫਰੀਕੀ ਰੇਗਿਸਤਾਨਾਂ ਵਿਚ ਬਤੀਤ ਹੁੰਦਾ ਤੇ ਨਾ ਰੋਮਨ ਸਾਮਰਾਜ ਏਨੀ ਛੇਤੀ ਰਸਾਤਲ ਵਿਚ ਜਾਂਦਾ। ਤੇ ਖਬਰੇ ਬਰਤਾਨੀਆਂ ਵਰਗੇ ਦੇਸ਼ਾਂ ਨੂੰ ਉਠ ਕੇ ਨਵੇਂ ਸਾਮਰਾਜ ਕਾਇਮ ਕਰਨ ਦਾ ਮੌਕਾ ਹੀ ਨਾ ਮਿਲਦਾ।

ਇਸਤ੍ਰੀ ਰੂਪ ਅਜੇਹੇ ਅਣਗਿਣਤ ਗੁਣਾਂ ਦਾ ਸੰਗ੍ਰਹ ਹੈ ਕਿ ਕਿਸੇ ਕਲਮ ਵਿਚ ਇਸ ਨੂੰ ਵਰਨਣ ਦੀ ਪਹੁੰਚ ਨਹੀਂ। ਪਾਠਕ ਅਪਣੇ ਅਪਣੇ ਖਿਆਲਾਂ ਅਨੁਸਾਰ ਇਕ ਅਦਭੁਤ ਸੁੰਦਰ ਚੇਹਰਾ, ਮਸਤੀ ਤੇ ਘੂਰ ਨਾਲ ਰਾਮ ਕਰਨ ਵਾਲੀਆਂ ਅੱਖੀਆਂ, ਨਿਰਾਲੇ ਆਪਣੀ ਕਿਸਮ ਦੇ ਅਪਣੇ ਰੰਗ ਵਾਲਾ ਫੁੱਲ ਵਰਗਾ ਮੁਹਾਂਦਰਾ,ਨਾ ਗੋਰਾ ਨਾ ਕਾਲਾ ਨਾ ਗੰਦਮੀ ਨਾ ਗੁਲਾਬੀ ਰਗ ਰਗ ਨਸ ਨਸ ਵਿਚ ਬਲੌਰੀ ਝਲਕ, ਅੱਖੀਆਂ ਬਲ੍ਹਾਂ ਭਰਵੱਟਿਆਂ ਦੀ ਨਿੱਕੀ ਨਿੱਕੀ ਗਤੀ ਵਿਚ ਭੁਕੰਪ ਬਲ ਖਾਂਦੀ ਲਚਕਦੀ ਝੂਮਦੀ ਕਮਰ ਉੱਤੇ ਕਿਸੇ ਨਕਸ਼ਕਾਰ ਦਾ ਬਰੀਕ ਸੰਦਾਂ ਨਾਲ ਘੜਿਆ ਸਰੀਰ ਜਿਸ ਵਿਚੋਂ ਬੇਅੰਤ ਅਣਡਿੱਠ ਡੋਰੇ ਰਾਹ ਜਾਂਦਿਆਂ ਨੂੰ ਅੰਞ ਖਿੱਚਣ ਤੇ ਉਭਾਰਨ ਜਿਵੇਂ ਜੇਠ ਹਾੜ ਦਾ ਵਾ-ਵਰੋਲਾ ਖੇਤ ਦੇ ਤਿਣਕਿਆਂ ਨੂੰ ਅਸਮਾਨਾਂ ਵਿਚ ਲੈ ਉੜਦਾ ਹੈ। ਬਿਆਨ ਕਰਨ ਵਾਲੇ ਦੱਸਦੇ ਹਨ ਕਿ ਕਲਿਓ-ਪੈਟਰਾ ਦਾ ਰੂਪ ਨਿਰਾ ਅਸਥੂਲ ਸਰੀਰਕ ਰੂਪ ਨਹੀਂ ਸੀ। ਉਸ ਦੀ ਵਿੱਦਿਯਾ, ਪਰਦੇਸੀਆਂ ਨਾਲ ਕਈ ਬੋਲੀਆਂ ਬੋਲਣ ਦੀ ਸਮਰਥਾ, ਆਪਣੇ ਰੂਪ ਨੂੰ ਲੋੜ ਅਨੁਸਾਰ ਖੂਨੀ ਤੇ ਪੱਟ-ਮੁਲੈਮ ਬਣਾ ਲੈਣ ਦੀ ਸ਼ਕਤੀ, ਸਨਮੁਖ ਬੰਦੇ ਨੂੰ ਪੱਥਰ ਤੋਂ ਮੋਮ, ਅਮੋੜ ਤੋਂ ਅਧੀਨ ਨਿਸ਼ਕਾਮ ਤੋਂ ਬਹੁਕਾਮੀ ਕਰ ਲੈਣ ਦੀ ਗੁੱਝੀ ਤਾਕਤ ਹਾਜ਼ਰ ਜਵਾਬੀ, ਮਨੋ-ਕਾਮਨਾ ਸਿੱਧੀ ਲਈ ਹਰ ਵਸੀਲੇ ਦੀ ਵਰਤੋਂ ਦੀ ਨੀਤੀ ਆਦਮੀਆਂ ਨੂੰ ਇਕ ਝਾਤੀ ਨਾਲ ਪਛਾਣ ਲੈਣ ਦੀ ਅਕਲ ਹਦ ਦਰਜੇ ਦੇ ਸਨ। ਤੇ ਨਾ ਉਹ ਕੋਈ ਰੂਪ ਵੇਚੂ ਬੁਤ ਯਾ ਖਿਡੌਣਾ ਸੀ, ਉਹ ਇਕ ਮੁਕੰਮਲ ਸਦੀਆਂ ਵਿਚ ਹੋਵਣ ਵਾਲੀ ਮਿਸਰੀ ਇਸਤ੍ਰੀ ਸੀ ਜਿਸ ਕੋਲ ਰਾਜ ਪਾਠ ਧਨ ਦੌਲਤ ਰੂਪ ਸੰਗਾਰ ਨੀਤੀ, ਛਲ, ਗਿਆਨ, ਧਿਆਨ ਇਸ਼ਕ, ਤਿਆਗ ਤੇ ਮੌਤ ਤੀਕ ਨੂੰ ਹੱਸ ਕੇ ਵਰਨ ਵਾਲੀ ਲਿਆਕਤ ਸੀ।

ਅੱਜ—ਨੀਲ ਵਿਚ ਤਰ ਰਹੇ ਬਜਰੇ ਵਿਚ—ਕਲਿਓਪੈਟਰਾ ਦੇ ਚੇਹਰੇ ਉੱਤੇ ਨਾ ਮੁਸਕਾਨ ਸੀ ਨਾ ਕੋਈ ਖਾਸ ਉਦਾਸੀ। ਨਾਜਕ ਜੇਹਾ ਸਰੀਰ ਬਿਸਤਰੇ ਉੱਤੇ ਉਸਲਵੱਟੇ ਲੈ ਰਿਹਾ ਸੀ, ਦਿਲ ਵਿਚ ਕੁਛ ਸੁੱਨੀ ਜੇਹੀ ਉਜਾੜ ਸੀ, ਕਿਸੇ

ਅਣਡਿਠੀ ਅਣਸਮਝੀ ਅਣਜਾਣੀ ਵਸਤ ਦੀ ਭਾਲ ਸੀ। ਨਾ ਨੀਲਾ ਆਸਮਾਨ ਠੰਢ ਬਰਸਾ ਰਿਹਾ ਸੀ ਨਾ ਨੀਲ ਦਾ ਗੰਧਲਾ ਜੇਹਾ ਮਸੇਂ ਤਰਦਾ ਪਾਣੀ ਕੋਈ ਉਲਾਸ ਦੇ ਰਿਹਾ ਸੀ। ਬਜਰਾ ਜਰੂਰ ਪਾਣੀ ਉੱਤੇ ਵੱਗਦਾ ਜਾ ਰਿਹਾ ਸੀ ਚੱਪੂਆਂ ਦੇ ਪਾਣੀ ਵਿਚ ਛਲਕਣ ਦੀ ਇਕਸੁਰੀ ਜੇਹੀ ਤਾਲ ਜ਼ਰੂਰ ਸੁਣੀ ਜਾ ਰਹੀ ਸੀ।

ਕਲਿਓਪੈਟਰਾ ਦੀਆਂ ਅਧਮੀਟੀਆਂ ਅਖੀਆਂ ਕਦੇ ਕਦੇ ਨਿਭਾਗਾਂ ਦੀ ਅਣ-ਜਾਗਣੀ ਕਿਸਮਤ ਵਾਂਗ—ਜ਼ਰਾ ਕੁ ਖੁਲ੍ਹਦੀਆਂ ਪਰ ਤੁਰਤ ਓਸੇ ਜਾਗਦੀ ਊਂਘ ਵਿਚ ਮਿਚ ਜਾਂਦੀਆਂ। ਪੁਆਂਦੀ ਉਸ ਦੀ ਮਸ਼ਹੂਰ ਯੂਨਾਨੀ ਬਾਂਦੀ, ਮਹਰਮ ਤੇ ਸਖੀ ਸ਼ਾਰਮੀਓ ਫਰਸ਼ ਉੱਤੇ ਬੈਠੀ ਹੱਥ ਵਿਚ ਮੋਰ ਦੇ ਖੰਭਾਂ ਨਾਲ ਮਲਕਾ ਦੀਆਂ ਤਲੀਆਂ ਦਾ ਕੋਮਲ ਮਰਦਨ ਕਰ ਰਹੀ ਸੀ। ਬਾਂਦੀ ਸ਼ਾਰਮੀਓ ਦਾ ਆਪਣਾ ਰੂਪ ਵਰਨਣ ਕਰਨ ਬਿਨਾਂ ਲੰਘ ਜਾਣਾ ਭੀ ਇਕ ਘੋਰ ਨ ਵੱਗਿਆ ਹੈ ਪਰ ਕੇਹੜਾ ਪਵੇ ਏਸ ਬਿਖੜੇ ਪੰਧ ਜਾਣ ਬੁੱਝ ਕੇ। ਕਾਫੀ ਹੈ ਏਨਾ ਹੀ ਦੱਸਣਾ ਕਿ ਸ਼ਾਰਮੀਓ ਕਲੀਓਪੈਟਰਾ ਦੀ ਇਤਿਹਾਸਕ ਸਾਥਣ ਤੇ ਉਸ ਉੱਤੇ ਨਛਾਵਰ ਹੋ ਚੁੱਕੀ ਪ੍ਰੇਮਣ ਸੀ। ਜੀ ਕਰਦਾ ਹੈ ਕਿ ਏਸ ਬਾਂਦੀ ਨੂੰ ਸੁੰਦਰ ਪੰਜਾਬੀ ਨਾਮ ਸ਼ਾਮੋ ਨਾਲ ਚੇਤੇ ਕਰੀਏ ਪਰ ਇਸ ਲਈ ਵੀ ਲੈਸੰਸ ਦੀ ਲੋੜ ਹੈ ਭਾਵੇਂ ਮਿਆਦ ਲੰਘੀ ਨੂੰ ਦੋ ਹਜ਼ਾਰ ਸਾਲ ਹੋ ਚੁਕੇ ਸਨ।

ਜਦ ਮੋਰ ਦਾ ਖੰਭ ਕਲਿਓਪੈਟਰਾ ਦੀ ਤਲੀ ਵਿਚ ਜ਼ਰਾ ਕੁ ਖਾਜ ਉਪਜਾਂਦਾ ਮਲਕਾ ਦਾ ਨੱਚਣਾ ਪੈਰ ਆਪੇ ਬੇਵੱਸ ਫਰਕਣ ਲਗ ਪੈਂਦਾ। ਸ਼ਾਰਮੀਅਨ ਨੇ ਕਿਸੇ ਬਿਨ-ਬੋਲੀ ਬੋਲੀ ਵਿਚ ਕੁਝ ਸਮਝਿਆ, ਸਾਵਧਾਨ ਹੋ ਕੇ ਤਾਲੀ ਮਾਰੀ ਜਿਸ ਨੂੰ ਸੁਣਦੇ ਸਾਰ ਇਕ ਹਬਸ਼ੀ ਗੁਲਾਮ ਬੜੇ ਅਦਬ ਨਾਲ ਹਥ ਵਿਚ ਬਿਲੌਰੀ ਕਟੋਰਾ ਦੂਜੇ ਵਿਚ ਸੋਨੇ ਦਾ ਝੱਕਰਾ ਲੈ ਕੇ ਆ ਗਿਆ। ਮਲਕਾ ਜਕ ਜਕਾ ਕਰਦੀ ਉਠੀ, ਗੁਲਾਮ ਦੇ ਹੱਥੋਂ ਕਟੋਰਾ ਫੜਿਆ ਫੜ ਕੇ ਪੀ ਗਈ। ਜਦ ਘੁੱਟ ਲੰਘ ਰਹੇ ਸਨ ਗਰਦਨ ਅੰਝ ਜਾਪਦੀ ਸੀ ਜਿਵੇਂ ਬੱਗਾ ਸੰਗ ਮਰਮਰ ਪਾਣੀ ਬਣ ਕੇ ਲਹਰਾਂ ਦੇ ਰਿਹਾ ਹੈ। ਆਖਰ ਚੁੱਪ ਕਦ ਤੀਕ ਵਰਤਦੀ। ਕੁਝ ਖਿਝ ਕੇ ਤੇ ਕੁਝ ਮੁਸਕੜੀ ਨਾਲ ਬੋਲੀ :

ਕਲੀਓਪੈਟਰਾ : ਸ਼ਾਰਮੀਓ ਕੇਡਾ ਨਿਜੱਸ ਦਿਨ ਹੈ ਨਾ ਹਵਾ ਹੈ; ਨਾ ਕਿਤੇ ਕੋਈ ਬਦਲਾਂ ਦੀ ਡਾਰ ਹੈ, ਪਾਣੀ ਵੀ ਲਹਰ ਕਰਨਾ ਭੁੱਲ ਗਿਆ ਜਾਪਦਾ ਹੈ। ਕੀ ਦੇਸ ਹੈ ਏਹ ਜਿਥੇ ਮੁਰਦਿਆਂ ਨੂੰ ਸੁਆ ਕੇ ਮਾੜੀਆਂ ਉਸਾਰ ਦੇਂਦੇ ਹਨ, ਕੀ

ਗੱਲਾਂ ਕਰਦੇ ਨੇ ਇਹ ਹਜ਼ਾਰਾਂ ਵਰ੍ਹਿਆਂ ਦੇ ਸੁਤੇ ਬਾਦਸ਼ਾਹ ਤੇ ਵਜ਼ੀਰ ਤੇ ਉਨ੍ਹਾਂ ਨਾਲ ਮਾਰ ਕੇ ਦੱਬੇ ਹੋਏ ਉਨ੍ਹਾਂ ਦੇ ਗ਼ੁਲਾਮ :

ਸ਼ਾਰਮੀਓ ਹਸ ਪਈ, ਪਰ ਮਲਕਾ ਨੂੰ ਏਸ ਹਾਸੇ ਨੇ ਮਾਸਾ ਭਰ ਵੀ ਨਾ ਛੂੰਹਿਆ ।

ਕਲੀਓਪੈਟਰਾ : ਸ਼ਾਰਮੀਓ ਕੋਈ ਨਵੀਂ ਗਲ, ਕੋਈ ਨਵੀਂ ਅਲਸੇਟ ਕੋਈ ਨਵਾਂ ਪਰਾਹੁਣਾ । ਦਿਲ ਅਕ ਗਿਆ ਹੈ ਏਸ ਮੰਜੇ ਤੋਂ ਤੇ ਏਸ ਇਕ ਸਰੀ ਜ਼ਿੰਦਗੀ ਤੋਂ ਸੂਰਜ ਦੇਵਤਾ ਕੇਡੀ ਕਰੋਪੀ ਨਾਲ ਤਪਤ ਭਜ ਕੇ ਮੇਰੇ ਮਨ ਤਨ ਨੂੰ ਲੂਹ ਰਿਹਾ ਹੈ, ਅਰਦਾਸ ਕਰ ਕਿਧਰੋਂ ਕਿਸੇ ਨੂੰ ਜੀਵਨ ਵਿਚ ਰੰਗ ਭਰਨ ਨੂੰ ਭੇਜੇ...... ਬਸ ਪੀਣਾ ਮੈਂ ਹੋਰ ਕੁਝ ਨਹੀਂ ।

ਅਨੋਖੀ ਕਲੀਓਪੈਟਰਾ ਦੇ ਅਨੋਖੇ ਹੀ ਚੋਜ ਸਨ । ਨਵੀਆਂ ਜ਼ਰੂਰੀ ਬੂਟੀਆਂ ਦਵਾਈਆਂ ਨੂੰ ਗ਼ੁਲਾਮਾਂ ਉੱਤੇ ਪਰਖਣਾ ਆਦਮੀਆਂ ਤੇ ਸ਼ੇਰ ਦੇ ਘੋਲ ਕਰਾਉਣੇ ਮੱਲਾਂ ਦੇ ਅਖਾੜੇ ਵਿਚ ਇਕ ਦੂਜੇ ਨੂੰ ਲੜਾਨਾਂ । ਸਾਗਰ ਦੇ ਕੀਮਤੀ ਮੋਤੀ ਸਿਰਕੇ ਵਿਚ ਖੋਰ ਕੇ ਪੀਣੇ ਪਿਲਾਣੇ —ਇਕ ਸੂਬੇ ਦਾ ਸਾਰਾ ਮਾਲੀਆ ਇਕ ਪਿਆਲੇ ਵਿਚ ਰੁੜ ਜਾਣਾ ਅਜਬ ਨਹੀਂ ਸੀ ।

ਕਲੀਓਪੈਟਰਾ : ਸ਼ਾਰਮੀਓ ਮੇਰੇ ਅੰਗ ਫਰਕ ਰਹੇ ਹਨ, ਮੈਨੂੰ ਕੋਈ ਨਵੀਂ ਵਾ ਵਗਣ ਵਾਲੀ ਹੈ, ਜੀ ਵਿਆਕੁਲ ਜੇਹਾ ਹੈ, ਨਾ ਕਵੀਸ਼ਰ ਵਾਰਾਂ ਲਾਉਂਦੇ ਹਨ ਨਾ ਰੂਮ ਸ਼ਾਮ ਦੇ ਗੋਲੇ ਨਚਦੇ ਦਿਸਦੇ ਹਨ, ਕੋਈ ਜਸ਼ਨ ਭੀ ਨੇੜੇ ਨਹੀਂ ਜਿਥੇ ਸਾਰੀ ਰਾਤ ਖਾਣ ਪੀਣ ਵਿਚ ਦਿਨ ਚੜ੍ਹ ਜਾਵੇ । ਰਾਤਾਂ ਨੂੰ ਘੋੜ ਦੌੜਾਂ ਨਹੀਂ ਨਾ ਸ਼ੇਰਾਂ ਦੇ ਵਿਖਾਵੇ ਨਾ ਲੜਦਿਆਂ ਦੀਆਂ ਭਬਕਾਂ ਸੁਣਦੀਆਂ ਹਨ । ਹੁਣ ਕਦੇ ਕੋਈ ਮੋਤੀਆਂ ਦੇ ਗੁੱਛੇ ਨਹੀਂ ਲਿਆਂਦਾ ਪੂਰਬ ਤੋਂ ਬੇਸੁਧ ਕਰਨ ਵਾਲੇ ਅੰਤਰ ਭੀ ਕੋਈ ਨਹੀਂ ਆਉਂਦੇ ਕੀ ਕਰਾਂ ਜੀਵਨ ਬੇ ਰਸ ਹੋ ਗਿਆ ਹੈ ।

ਸ਼ਾਰਮੀਓ : ਏਹ ਤਾਂ ਦਿੱਸਦਾ ਹੀ ਹੈ, ਪੂਰਾ ਮਹੀਨਾ ਲੰਘ ਗਿਆ ਹੈ ਕਿਸੇ ਅਉਤਰੇ ਨੂੰ ਮਾਰ ਕੇ ਨਹੀਂ ਵੇਖਿਆ ਨਾ ਕੋਈ ਨਵਾਂ ਸਹੇੜੂ ਟਕਰਿਆ ਹੈ । ਕਲੀਓਪੈਟਰਾ ਨੇ ਹੋਰ ਕੁਛ ਨਾ ਕਰਨ ਖੁਣੋਂ ਪਿਆਲੇ ਨੂੰ ਚੁੱਕਿਆ, ਬੁਲ੍ਹ ਤਰ ਕੀਤੇ, ਉੱਤੇ ਜੀਭ ਫੇਰੀ ਤੇ ਪੈ ਗਈ ।

ਸ਼ਾਰਮੀਓ ਵਿਚਾਰੀ ਫੇਰ ਤਲੀਆਂ ਝੱਸਣ ਲੱਗ ਪਈ ਮਲਕਾ ਨੂੰ ਆਖਰ ਨੀਂਦ ਆ ਹੀ ਗਈ ।

ਜਦ ਏਹ ਗਲ ਬਾਤ ਬਜਰ ਵਿਚ ਹੋ ਰਹੀ ਸੀ ਇਕ ਹਲਕੀ ਫੁਲਕੀ ਕਿਸਤੀ ਵਿਚ ਇਕ ਮਿਸਰੀ ਗੱਭਰੂ ਗਜਰੇ ਨੂੰ ਨਜ਼ਰ ਵਿਚ ਰੱਖਦਾ ਪਰ ਆਪ ਨੂੰ ਦੂਰ ਰਖਦਾ ਉਸ ਦਾ ਪਿੱਛਾ ਕਰ ਰਿਹਾ ਸੀ। ਰੰਗ ਦਾ ਭੂਰਾ, ਤਕੜਾ, ਸੁਨੱਖਾ ਕਾਗਜ ਵਰਗੀ ਕਿਸਤੀ ਨੂੰ ਐਧਰ ਓਧਰ ਐਂਝ ਲੈ ਜਾ ਰਿਹਾ ਸੀ ਜਿਵੇਂ ਕੋਈ ਬਾਲਕ ਖਿਦੋ ਨਾਲ ਖੇਡਦਾ ਹੋਵੇ ਭਾਵੇਂ ਕਲੀਓਪੈਟਰਾ ਦਾ ਏਹ ਨਵਾਂ ਸਹੇੜੂ ਹੋ ਸੀ। ਸੰਝ ਪਈ ਮਲਕਾ ਨੀਲ ਦੇ ਕਿਨਾਰੇ ਮਹਲਾਂ ਵਿਚ ਜਾ ਉੱਤਰੀ। ਗੱਭਰੂ ਭੀ ਹੋਣੀ ਨੂੰ ਵਾਜਾਂ ਮਾਰਦਾ ਸੀ। ਜਦ ਮਲਕਾ ਅੰਦਰ ਜਾ ਵੜੀ ਸ਼ਾਂ ਕਰਦਾ ਇਕ ਤੀਰ ਮਲਕਾ ਦੇ ਕਮਰੇ ਦੀ ਕੰਧ ਵਿਚ ਵੱਜਿਆ। ਤੀਰ ਦਾ ਪਰੋਤਾ ਇਕ ਪੱਤਾ ਨਾਲ ਸੀ ਜਿਸ ਉਤੇ ਫੋਨੀਸ਼ਨ ਬੋਲੀ ਵਿਚ ਲਿਖਿਆ ਸੀ "ਮੈਂ ਤੇਰਾ ਆਸ਼ਕ ਹਾਂ।" ਮਹਲਾਂ ਵਿਚ ਖਲਬਲੀ ਮਚ ਗਈ ਓਸ ਹਲਕੇ ਸ਼ਿਕਾਰੇ ਦੇ ਪਿਛੇ ਮਲਕਾ ਦੇ ਅੱਤ ਫੁਰਤੀਲੇ ਪਾਹਰੂ ਤੇ ਪੈਂਡੂ ਨੱਸੇ ਪਰ ਉਹ ਨਿਕਲ ਗਿਆ। ਨਾ ਉਸ ਦਾ ਕੋਈ ਨਿਸ਼ਾਨਾ ਲੱਭਾ। ਦੂਜੇ ਦਿਨ ਮਲਕਾਂ ਅਸ਼ਨਾਨ ਦੀ ਤਿਆਰੀ ਕਰਕੇ ਮਹਲਾਂ ਦੇ ਵੱਡੇ ਹੌਜ਼ ਵਲ ਗਈ ਜਿਸ ਵਿਚ ਨੀਲ ਦਾ ਪਾਣੀ ਛਣ ਕੇ ਸੰਗਮਰਮਰ ਦੇ ਤਲਾਬ ਵਿਚ ਪੈਂਦਾ ਸੀ। ਹੌਜ਼ ਦੇ ਦੁਆਲੇ ਸੋਹਣੇ ਸਾਯਾਦਾਰ ਬਿਰਛਾਂ ਨਾਲ ਗਰਮੀ ਨੂੰ ਮੱਠਾ ਕਰਨ ਦਾ ਯਤਨ ਕੀਤਾ ਗਿਆ ਸੀ ਸੀਰੀਆ ਦੇ ਸਰੂ, ਅਰਬ ਦੇ ਖਜੂਰ ਯੂਨਾਨ ਦੇ ਜੈਤੂਨ ਬੇਦਮੁਸ਼ਕ ਤੇ ਸ਼ਹਤੂਤ, ਹਿੰਦ ਤੋਂ ਚੰਪਾ ਚੰਦਨ ਤੇ ਅਮਲਤਾਸ਼ ਆਦਿ ਭਾਂਤ ਭਾਂਤ ਦੇ ਬਿਰਛ ਮੰਗਾ ਕੇ ਲਾਏ ਗਏ ਸਨ, ਥਾਂ ਥਾਂ ਫੁਲ ਖਿੜ ਰਹੇ ਸ਼ਨ, ਨਾ ਕੇਵਲ ਸੁਗੰਧੀ ਵਰਤ ਰਹੀ ਸੀ ਹੌਜ਼ ਦੇ ਦੁਆਲੇ ਚਾਰੇ ਪਾਸੇ ਇਕ ਕੁਦਰਤੀ ਪਰਦਾ ਜਿਹਾ ਵੀਣੀ ਨੇ ਕੀਤਾ ਹੋਯਾ ਸੀ। ਕਲੀਓਪੈਟਰਾ ਤੇ ਉਸ ਦੀਆਂ ਸਹੇਲੀਆਂ ਬਾਂਦੀਆਂ ਆਈਆਂ, ਹੁਸ਼ਨ ਤੇ ਜਵਾਨੀ ਨਾਲ ਸੂਰਜ ਤੇ ਪਰਵਾਰ ਸ਼ਰਮਾਉਣ ਲੱਗੇ, ਪਰਵਾਨਾ ਭੀ ਜਲ ਬੁਝਣ ਲਈ ਘੇਰੀਆਂ ਘੱਤ ਰਿਹਾ ਸੀ। ਅਸ਼ਨਾਨ ਦੀ ਤਿਆਰੀ ਵਿਚ ਹਾਲਾਂ ਪਾਣੀ ਨਾਲ ਕਲੋਲ ਆਰੰਭ ਹੀ ਹੋਏ ਸਨ ਕਿ ਕਲੀਓਪੈਟਰਾ ਨੇ ਚੀਕ ਮਾਰੀ ਬਾਂਦੀਆਂ ਭੱਜੀਆਂ ਆਈਆਂ ਉਸ ਨੂੰ ਢੱਕ ਲਿਆ ਪਰ ਸੂਰਤ ਸੰਭਲੀ ਰਹੀ—ਹੌਜ਼ ਦੇ ਕਿਨਾਰੇ ਦੇ ਬਾਗ ਵਿਚ ਕੋਈ ਓਪਰਾ ਆਦਮੀ ਨਗਨ ਸਰੀਰ ਨੂੰ ਵੇਖਦਾ ਸੀ, ਜਿਥੇ ਕਦੀ ਕੋਈ ਮਰਦ ਨੇੜੇ ਫਟਕਣ ਨਹੀਂ ਸੀ ਪ੍ਰਾਉਂਦਾ ਉੱਥੇ ਏਹ ਜਾਦੂ ਦਰਿਆ ਦੇ ਮੋਘੇ ਵਿਚੀਂ ਤਰ ਕੇ ਅੰਦਰ ਜਨਾਨੇ ਤਲਾਬ ਦੇ ਨੇੜੇ ਆ ਵੜਿਆ ਸੀ। ਘੇਰ ਲਿਆ ਗਿਆ ਤੇ ਫੜ ਲਿਆ

ਬਿਗਾਨੇ ਪੁਤ੍ਰਾਂ ਨੇ ਜੋ ਕਿ ਮਹਲਾਂ ਦੇ ਖੁਸਰੇ ਚਾਕਰ ਸਨ। ਹੁਕਮ ਹੋਯਾ ਮਾਰਨਾ ਨਹੀਂ, ਬਚ ਗਿਆ ਫੜ ਕੇ ਆਂਦਾ ਗਿਆ। ਮਲਕਾ ਦੇ ਸਾਹਮਣੇ ਰਾਜਵਾੜੇ ਦਾ ਟਿੱਕਾ ਮੈਮੂਨ ਹਥ ਜੋੜ ਕੇ ਗੋਡਿਆਂ ਭਾਰ ਹੋ ਗਿਆ। "ਕੀ ਤੂੰ ਕੋਈ ਰੋਮਨ ਦੂਤ ਹੈਂ ਮੇਰੀ ਜਾਨ ਲੈਣ ਲਈ ਆਯਾ ਹੈਂ ਜਿਥੇ ਕਦੇ ਕਿਸੇ ਮਰਦ ਨੂੰ ਪੈਰ ਪਾਉਣ ਦੀ ਆਗਿਆ ਨਹੀਂ ?

"ਸੂਰਜ ਪੁਤ੍ਰੀ ਸੱਤ ਦੀ ਦੇਵੀ ਮੇਰੀ ਰੂਹ ਨਰਕਾਂ ਵਿਚ ਭਸਮ ਹੋਵੇ ਜੇ ਮੈਂ ਵਿਚ ਤੇਰੀ ਹਾਨੀ ਦਾ ਰਮਕਾ ਖਿਆਲ ਕਦੇ ਆਯਾ ਹੋਵੇ।" "ਤਾਂ ਤੂੰ ਏਥੇ ਕੀ ਕਰਨ ਆਯਾ ਹੈਂ ਜਿਥੇ ਤੈਨੂੰ ਕੇਵਲ ਮੌਤ ਦੀ ਸਜਾ ਹੋ ਸਕਦੀ ਹੈ।"

ਮੈਂਮੂਨ ਬੋਲਿਆ "ਮੈਂ ਤੈਨੂੰ ਪਿਆਰ ਕਰਦਾ ਹਾਂ" ਚੇਹਰੇ ਵਿਚ ਪਾਪ ਝੂਠ ਦਾ ਨਿਸ਼ਾਨ ਨਹੀਂ ਸੀ।

"ਅੱਛਾ ਤਾਂ ਤੂੰ ਹੀ ਤੀਰ ਮਾਰਿਆ ਸੀ। ਏਸ ਕਹਕੇ ਮਲਕਾ ਨੇ ਮੈਮੂਨ ਨੂੰ ਮੋਢਿਓਂ ਫੜ ਲਿਆ ਤੇ ਝਿੜਕ ਕੇ ਬੋਲੀ ਮੂਰਖ ਨਿਮੌਤਾ ਮੈਂ ਤੈਨੂੰ ਪਛਾਣ ਲਿਆ ਹੈ ਤੂੰ ਅਗੇ ਵੀ ਕਈ ਵਾਰ ਪਰਛਾਵੇਂ ਵਾਂਗ ਮੇਰੇ ਮਗਰ ਫਿਰਦਾ ਰਿਹਾ ਹੈਂ ਅੱਛਾ ਤੈਨੂੰ ਮਲਕਾ ਤੋਂ ਘੱਟ ਵਰ ਦੀ ਲੋੜ ਨਹੀਂ ਨਿਸ਼ਾਨਾਂ ਤਾਂ ਬੜਾ ਉੱਚਾ ਹੈ ਤੇਰੀ ਤਾਂਘ ਦਾ ਬਦਲਾ ਜ਼ਰੂਰ ਮਿਲਣਾ ਚਾਹੀਦਾ ਹੈ, ਜ਼ਰੂਰ ਕਿਉਂ ਨਹੀਂ ਮੈਂ ਤੈਨੂੰ ਕਿਵੇਂ ਪਿਆਰ ਨਹੀਂ ਕਰੂਗੀ।"

ਮੈਮੂਨ : ਮਲਕਾ ਚਹੇਜਾਂ ਕਿਉਂ ਕਰਦੀ ਹੈ ? ਠੀਕ ਮੇਰੇ ਲਈ ਮੌਤ ਦੀ ਹੀ ਸਜਾ ਹੈ।

ਪਰ ਤਰਸ ਜ਼ਰੂਰ ਕਰੀਂ, ਕਹ ਦੇ ਏਹਨਾਂ ਨੂੰ ਮੈਨੂੰ ਮਾਰ ਦੇਣ।" ਕਲੀਓ-ਪੈਟਰਾ : ਨਹੀਂ ਅੱਜ ਮੈਨੂੰ ਜਾਨ-ਬਖਸ਼ੀ ਦਾ ਭਰਮ ਹੋ ਗਿਆ ਹੈ, ਮੈਂ ਤੇਰੀ ਜਾਨ ਬਖਸ਼ੀ। "ਮੈਂ ਜੀ ਕੇ ਕੀ ਕਰਨਾ ਹੈ; ਜਿੰਦ ਤੇਰੇ ਹਵਾਲੇ ਹੈ, ਮੈਨੂੰ ਤੇਰਾ ਪਿਆਰ ਹੈ।" ਤਦ ਚੰਗਾ ਤੇਰੀ ਜਾਨ ਲੈ ਲਈ ਜਾਵੇਗੀ। ਖਬਰੇ ਤੈਨੂੰ ਕੀ ਸੁਪਨੇ ਆਉਂਦੇ ਰਹੇ ਹਨ, ਤੂੰ ਆਪਣੇ ਆਪ ਨੂੰ ਬਾਦਸ਼ਾਹਾਂ ਸਮਾਨ ਸਮਝ ਕੇ ਵਰਨ ਦੇ ਵਹਿਮ ਵਿਚ ਪਿਆ ਜਾਪਦਾ ਹੈਂ, ਤੂੰ ਲੋਚਦਾ ਰਿਹਾ ਹੈਂ, ਕਿ ਕਿਵੇਂ ਨਾ ਕਿਵੇਂ ਮਲਕਾ ਕਲੀਓਪੈਟਰਾ ਤੈਨੂੰ ਪਿਆਰ ਕਰੇਗੀ, ਅਪਣੇ ਖਬਤ ਵਿਚ। ਮੈਂ ਤੈਨੂੰ ਹੁਣੇ ਮਰਵਾ ਦੇਂਦੀ ਪਰ ਇਕ ਰਾਤ ਲਈ ਮੈਂ ਤੇਰੇ ਸੁਪਨੇ ਸੱਚੇ ਕਰਨਾ ਲੋੜਦੀ ਹਾਂ ਕਲ ਤੂੰ ਮਾਰਿਆ ਜਾਵੇਂਗਾ, ਵਕਤ ਆਯਾ ਤਾ ਡੋਲੀਂ ਨਾ। ਪਰ ਤੂੰ ਗੋਡੇ

ਟੇਕ ਕੇ ਕੀ ਕਰ ਰਿਹਾ ਹੈਂ, ਉਠ ਬਾਂਹ ਫੜ ਤੇ ਚੱਲ ਮੇਰੇ ਨਾਲ।"

ਉਹ ਇਸਤ੍ਰੀ ਰਬ ਨੇ ਭੇਜੀ ਨਹੀਂ ਧਰਤੀ ਉਤੇ ਜਿਸ ਦੇ ਰੂਪ ਉਤੇ ਮੋਹਤ ਹੋ ਕੇ ਆਦਮੀ ਆਪਣੇ ਮੂੰਹੋਂ ਆਪ ਅਪਰਾਧੀ ਬਣ ਕੇ ਇਸਤ੍ਰੀ ਦਾ ਸੁੱਤਾ ਅਭਿਮਾਨ ਨਾ ਜਾਗੇ।

ਮਲਕਾ ਦਾ ਗੁੱਸਾ ਢਲ ਗਿਆ ਸੀ। ਆਸ਼ਕ ਨੂੰ ਮਾਰਨਾ ਵੀ ਤਾਂ ਕਿਸੇ ਚੱਜ ਤੇ ਢੰਗ ਨਾਲ ਹੀ ਹੋ ਸਕਦਾ ਹੈ। ਮੈਮੂਨ ਪੈਰੀਂ ਪਿਆ ਵੇਖ ਕੇ ਸ਼ਾਹੀ ਤਾਕਤ ਤੇ ਗਰੂਰ ਉਮੜ ਆਏ। ਮਾਰ ਦਿਆਂਗੇ ਕੀ ਕਾਹਲੀ ਹੈ ਮਾਰਨ ਤੋਂ ਪਹਿਲਾਂ ਇਸ ਦੀ ਹੌਮੇਂ ਨੂੰ ਟੁੰਬ ਕੇ ਤਮਾਸ਼ਾ ਵੇਖਣ ਦਾ ਕੀ ਹਰਜ ਹੈ। ਜੋ ਜਿੰਦ ਮੁਠੀ ਵਿਚ ਹੋਵੇ ਤਰਸਾ ਕੇ ਮਾਰਨ ਵਿਚ ਹੋਰ ਸੁਆਦ ਹੈ, ਝਟ ਪਟ ਦੀਵੇ ਵਾਂਗ ਬੁਝਾਣ ਵਿਚ ਸੁਆਦ ਤਾਂ ਕੁਝ ਨਹੀਂ।

ਹੁਕਮ ਹੋਇਆ ਰਾਤ ਨੂੰ ਵੱਡੇ ਸ਼ੀਸ਼ ਮਹਲ ਵਿਚ ਸ਼ਾਹੀ ਠਾਠ ਦੀ ਦਾਵਤ ਹੋਵੇਗੀ। ਸ਼ੀਸ਼ ਮਹਲ ਕੀ ਸੀ ਮਿਸਰ ਦੀ ਸਾਰੀ ਕਾਰੀਗਰੀ ਤੇ ਕਲਾ ਦਾ ਕੇਂਦਰ ਸੀ। ਸੱਜੇ ਹੋਏ ਹਾਲ ਵਿਚ ਕਲੀਓਪੈਟਰਾ ਤੇ ਮੈਮੂਨ ਬਾਂਹ ਵਿਚ ਬਾਂਹ ਪਾਈ ਵੜੇ। ਮਲਕਾ ਦੇ ਮਸਤਕ ਵਿਚ ਪਰਛਾਵੇਂ ਵਾਂਗ ਤਿਉੜੀ ਆਉਂਦੀ ਸੀ ਪਰ ਮੈਮੂਨ ਦਾ ਉਹ ਹਾਲ ਸੀ ਜੋ ਪਰਵਾਨੇ ਦਾ ਹੁੰਦਾ ਹੈ ਦੀਵੇ ਦੀ ਲੋ ਵਿਚ। ਦੋਵੇਂ ਸਜੇ ਤਖਤ ਉਤੇ ਬੈਠ ਗਏ ਮਲਕਾ ਨੇ ਇਸ਼ਾਰਾ ਕੀਤਾ ਮਹਲ ਦੇ ਦਰ ਦੀਵਾਰ ਆਲੇ ਮੋਰੀਆਂ ਚਾਨਣ ਨਾਲ ਚਮਕ ਪਏ, ਦਿਨ ਬਣ ਗਿਆ ਮੂਰਤੀਆਂ ਤਾਰਿਆਂ ਵਾਂਗ ਚਮਕ ਉੱਠੀਆਂ, ਹਾਲ ਦੇ ਪਸ਼ੂ-ਬੁਤਾਂ ਦੇ ਮੂੰਹਾਂ ਵਿਚੋਂ ਅਗਨਲਾਟਾਂ ਨਿਕਲ ਪਈਆਂ, ਛਤ ਬਨਾਵਟੀ ਤਾਰਿਆਂ ਨਾਲ ਜਗਮਗ ਜਗਮਗ ਕਰਨ ਲਗ ਪਈ। ਮੈਮੂਨ ਨੇ ਮੂੰਹ ਫੇਰ ਕੇ ਕਲੀਓਪੈਟਰਾ ਦੇ ਮਾਰੂ ਹੁਸਨ ਉਤੇ ਨਜ਼ਰ ਮਾਰੀ ਅੰਵ ਜਾਪਿਆ ਕਿ ਉਹ ਸੁਰਗ ਵਿਚ ਬੈਠਾ ਹੈ। ਜਿਸ ਸਰੀਰ ਨੂੰ ਦੂਰੋਂ ਵੇਖਣਾ ਦੁਰਲੱਭ ਸੀ ਉਹ ਉਸ ਦੇ ਪਾਸੇ ਨਾਲ ਲਗਾ ਮੈਮੂਨ ਨੂੰ ਅਸਮਾਨੀ ਉਡਾਰੀਆਂ ਦੇ ਰਿਹਾ ਸੀ। ਮੈਮੂਨ ਨੇ ਉਸ ਦਿਨ ਖਬਰੇ ਕਿਥੋਂ ਕਿਥੋਂ ਦੇ ਅੰਗੂਰੀ ਰਸ ਪੀਤੇ ਸਨ, ਕੇਹੜੇ ਕੇਹੜੇ ਦੇਸਾਂ ਤੋਂ ਮੰਗਵਾਏ ਖਾਸ ਕਿਸਮ ਦੀਆਂ ਮੱਛੀਆਂ ਦੇ ਮਾਸ, ਮੋਰ, ਮੋਰਨੀਆਂ ਦੇ ਮਗਜ਼, ਸਾਬਤ ਸੂਰਾਂ ਦੇ ਢਿੱਡਾਂ ਵਿਚ ਪਕੇ ਹੋਏ ਤੰਦੂਰੀ ਤਿੱਤਰ ਚੀਨ ਕੋਚੀਨ ਤੋਂ ਆਂਦੇ ਚਾਵਲਾਂ ਦੇ ਮਸਾਲਿਆਂ ਭਰੇ ਪਲਾਉ ਖਾਧੇ ਸਨ। ਮੈਮੂਨ ਦੀ ਖੁਸ਼ੀ ਦੀ ਹਦ ਸੀ ਨਾ ਉਸ ਦੀ ਵਿਆਕੁਲਤਾ ਦੀ ਜੋ ਉਸ ਦੇ ਦਿਮਾਗ ਨੂੰ

ਚੱਕਰਾਂ ਵਿਚ ਪਾ ਕੇ ਵਾਰ ਵਾਰ ਪੁੱਛ ਰਹੀ ਸੀ 'ਕੀ ਸਚ ਮੁਚ ਤੂੰ ਕਲੀਓਪੈਟਰਾ ਦੇ ਮੋਢੇ ਉਤੇ ਊਂਘ ਰਿਹਾ ਹੈ।'' ਮੈਮੂਨ ਬੇ ਸੁਧ ਤੇ ਬਾਵਰਾ ਜੇਹਾ ਹੋ ਰਿਹਾ ਸੀ, ਸ਼ੀਸ਼ ਮਹਲ ਤੇ ਉਸ ਵਿਚ ਆ ਜਾ ਰਹੇ ਹਬਸ਼ੀ ਗੁਲਾਮ ਆਸਮਾਨੀ ਗੁਬੰਦ ਵਾਂਗ ਘੇਰੇ ਵਿਚ ਜਾਪਦੇ ਸਨ।

ਕਲੀਓਪੈਟਰਾ ਮੈਮੂਨ ਦੀ ਬਗਲ ਚੋਂ ਉੱਠੀ, ਉਠ ਕੇ ਉੱਪਰਲੀ ਚੋਲੀ ਲਾਹ ਦਿਤੀ ਤੇ ਨੱਚਣ ਲਗ ਪਈ। ਪਰਾਹੁਣਾਚਾਰੀ ਦੀ ਮੁਕੰਮਲ ਰਸਮ ਭੀ ਤਾਂ ਏਸੇ ਤਰ੍ਹਾਂ ਪੂਰੀ ਹੋ ਸਕਦੀ ਸੀ। ਮਹਲ ਵਿਚ ਮੱਧਮ ਸਾਜਾਂ ਦੀ ਸੁਰ ਨਾਲ ਮਲ਼ਕਾ ਨੇ ਆਪਣੇ ਸੁੰਦਰ ਕੋਮਲ ਸਰੀਰ ਨੂੰ ਕਠੋਰ ਆਸਣਾਂ ਵਿਚ ਪਾ ਕੇ ਉਹ ਨਾਚ ਨਚਿਆ ਜੋ ਵਗਦੇ ਸਮੇਂ ਨੂੰ ਭੁਲਾ ਕੇ ਵੇਖਣ ਵਾਲਿਆਂ ਨੂੰ ਉੱਕਾ ਕਾਲ ਰਹਤ ਕਰ ਦੇਂਦਾ ਹੈ। ਨਾਚ ਸੀ ਕਿ ਕੋਈ ਜਾਦੂ ਸੀ। ਮੈਮੂਨ ਨੂੰ ਉੱਕਾ ਭੁੱਲ ਗਿਆ ਕਿ ਸਮਾਂ ਲੰਘ ਰਿਹਾ ਹੈ, ਇਕ ਵਾਰ ਕਲੀਓਪੈਟਰਾ ਨੇ ਵਲ ਖਾਂਦੀ ਨੇ ਆਪਣੇ ਇਕ ਰਾਤ ਦੇ ਪਰਾਹੁਣੇ ਦਾ ਮਲਕੜੇ ਜੇਹੇ ਮੂੰਹ ਨਾਲ ਮੂੰਹ ਲਾ ਕੇ ਓੜਕ ਦਾ ਸਨਮਾਨ ਭੀ ਕੀਤਾ।

ਹੋਸ਼ ਮੈਮੂਨ ਨੂੰ ਉਦੋਂ ਆਈ ਜਦ ਡਿੱਠਾ ਕਿ ਰਾਤ ਦੇ ਤਾਰ ਮੰਦੇ ਪੈ ਰਹੇ ਹਨ ਤੇ ਪੂਰਬ ਵਲੋਂ ਨਵਾਂ ਚਾਨਣ ਉਠ ਰਿਹਾ ਸੀ ਕਿ ਅਜੇਹੀ ਅਣਹੋਣੀ ਰਾਤ ਅਜੇਹੇ ਸਵਰਗੀ ਜਸ਼ਨ ਤੇ ਅਜੇਹੇ ਰਸ ਭਰੇ ਮੇਲ ਦਾ ਅੰਤ ਭੀ ਨੇੜੇ ਤੇ ਹੋਵਨਹਾਰ ਹੈ। ਇਕ ਜੱਲਾਦੀ ਵਜਹ ਦਾ ਹਬਸ਼ੀ ਸਾਮ੍ਹਣੇ ਆਯਾ, ਉਸ ਦੇ ਹੱਥ ਵਿਚ ਝਟ—ਸਿੰਗਾ ਪਿਆਲਾ ਸੀ ਜਿਸ ਵਿਚ ਉੱਬਲਦੀ ਝੱਗ ਦੱਸ ਰਹੀ ਸੀ ਮਿੱਟੀ ਬਿਲੌਰ ਯਾ ਧਾਤ ਦਾ ਭਾਂਡਾ ਉਸ ਨੂੰ ਝੱਲ ਨਹੀਂ ਸੀ ਸਕਦਾ। ਮੈਮੂਨ ਆਪਣੀ ਸੁਵਰਗੀ ਨੀਂਦ ਤੋਂ ਜਾਗਿਆ, ਤੇ ਡਿੱਠਾ ਕਿ ਉਹ ਜ਼ਹਰ ਦਾ ਘੁੱਟ ਉਸ ਲਈ ਹੈ, ਸੂਰਮਿਆਂ ਵਾਂਗ ਸਗੋਂ ਵਧੇਰੇ ਸੁਰਤਵਾਨ ਤੇ ਚੌੜੀ ਛਾਤੀ ਕਰਕੇ ਹੱਥ ਵਧਾਯਾ ਤੇ ਪਿਆਲਾ ਫੜ ਲਿਆ। ਅੱਖਾਂ ਚਾਰ ਹੋਈਆਂ ਇਕ ਆਖ਼ਰੀ ਨਿਮਖ ਲਈ, ਇਕ ਮੌਤ ਨੂੰ ਵਰਨ ਲਈ ਅੰਞ ਤਿਆਰ ਜਿਵੇਂ ਲਾੜੀ ਵਰੀਦੀ ਹੈ ਤੇ ਕਿਸੇ ਗੁਝੀ ਬੋਲੀ ਵਿਚ ਮੂੰਹੋਂ ਮੂੰਹ ਆਖ ਆਖ ਰਿਹਾ, "ਮੈਂ ਨਾ ਇਨਕਾਰ ਕੀਤਾ ਨਾ ਕਰ ਸਕਦਾ ਹਾਂ" ਤੇ ਦੂਜੀ ਇਕ ਹੰਕਾਰੀ ਬੇਤਰਸ ਤਮਾਸ਼ਬੀਨ। ਜਦ ਮੈਮੂਨ ਨੇ ਝਗ ਸੁਟਦਾ ਪਿਆਲਾ ਲਬਾਂ ਕੋਲ ਕੀਤਾ ਕਲੀਓਪੈਟਰਾ ਦੇ ਚੇਹਰੇ ਦਾ ਰੰਗ ਉਡ ਗਿਆ, ਦਿਲ ਠਿੱਠਰ ਗਿਆ, ਝਟ ਮੈਮੂਨ ਦਾ ਪਿਆਲੇ ਵਾਲਾ ਹੱਥ ਫੜ



ਕਲੀਓਪੈਟਰਾ

ਲਿਆ। ਮਰਦਾਂ ਵਾਲੀ ਦਲੇਰੀ ਨੇ ਮਲਕਾ ਦੇ ਥੱਥੇ ਹੰਕਾਰ ਨੂੰ ਭਾਂਜ ਦੇ ਦਿੱਤੀ; ਜੀ ਆਖਣ ਲੱਗਾ, ਐਡਾ ਸੋਹਣਾ ਤੇ ਆਹ ਅੰਤ, ਨਹੀਂ ਨਹੀਂ ਮੈਂ ਵਾਰੀ......।

ਪਰ ਹੋਣੀ ਪਰਬਲ ਹੈ। ਚਾਰ ਘੋੜ ਸਵਾਰ ਖਾੜ ਖਾੜ ਕਰਦੇ ਆ ਗਏ ਮਾਰਕ ਐਂਟੋਨੀ ਦੇ ਸਵਾਰ, ਹਜ਼ੂਰੀ ਸਵਾਰੀ ਦੇ ਅਗਵਾਈ "ਆਪ ਆ ਰਹੇ ਹਨ।"

ਮਲਕਾ ਦਾ ਹੱਥ ਢਿੱਲਾ ਪੈ ਗਿਆ, ਮੱਥੇ ਉੱਤੇ ਚੜ੍ਹਦੇ ਸੂਰਜ ਦੀ ਕਿਰਨ ਨੇ ਦਸਿਆ ਕਿ ਕਲੀਓਪੈਟਰਾ ਨੂੰ ਤਿਉਲੀ ਆ ਰਹੀ ਸੀ। ਮੈਮੂਨ ਬੋਲਿਆ ਧੀਮੀ ਜਿਹੀ ਆਵਾਜ਼ ਨਾਲ, ਤੇ ਬੜੇ ਹਿਤ ਨਾਲ 'ਆਖਰ ਉਹ ਘੜੀ ਆ ਪਹੁੰਚੀ ਹੈ, ਦਿਨ ਚੜ੍ਹ ਗਿਆ, ਉਹ ਘੜੀ ਜਦ ਰਾਤ ਦੇ ਸੁਵਰਗੀ ਸੁਪਨੇ ਅਲੋਪ ਹੋ ਜਾਯਾ ਕਰਦੇ ਹਨ ਏਹ ਕਹਿਕੇ ਮੈਮੂਨ ਪਿਆਲੇ ਦੀ ਘੁੱਟ ਭਰਕੇ ਕਲੀਓਪੈਟਰਾ ਦੇ ਵੇਖਦਿਆਂ ਵੇਖਦਿਆਂ ਓਥੇ ਹੀ ਢੇਰ ਹੋ ਗਿਆ। ਕਹਿੰਦੇ ਹਨ ਕਲੀਓਪੈਟਰਾ ਨੇ ਇਕ ਅਥਰੂ, ਬਸ ਇਕ ਖੂਨੀ ਅਥਰੂ ਸੁੱਟਿਆ ਤੇ ਜਦ ਸਿਰ ਚੁੱਕਿਆ ਸਾਮ੍ਹਣੇ ਉਸ ਦਾ ਮਸ਼ਹੂਰ ਰੋਮਨ ਆਸ਼ਕ ਮਾਰਕ ਐਂਟੋਨੀ ਖਲੋਤਾ ਆਖ ਰਿਹਾ ਸੀ, "ਮੈਂ ਤਾਂ ਬੜੀ ਛੇਤੀ ਕੀਤੀ ਪਰ ਪਛੜ ਹੀ ਗਿਆ ਹਾਂ.... ਖਾਣਾ ਪੀਣਾ ਤਾਂ ਹੋ ਚੁੱਕਾ,......ਪਰ ਆਹ ਕੀ ਹੈ ਫ਼ਰਸ ਉੱਤੇ...ਕਿਸ ਦੀ ਲੋਥ ਹੈ........."
ਕਲੀਓਪੈਟਰਾ, 'ਕੁਛ ਨਹੀਂ'.... ਮੈਂ ਇਕ ਨਵੀਂ ਜ਼ਹਰ ਪਰਖ ਰਹੀ ਸਾਂ...... ਜੇ ਕਦੀ ਸੀਜ਼ਰ ਆਗਸਟਨ ਨੇ ਮੈਨੂੰ ਕੈਦ ਕਰ ਲਿਆ ਮੈਨੂੰ ਅਜੇਹੀ ਸ਼ੈ ਦੀ ਲੋੜ ਪਵੇਗੀ।"

ਪਰ ਛੱਡੋ, ਆਓ ਮੇਰੇ ਸਾਈਂ ਆਪਾਂ ਏਨ੍ਹਾਂ ਯੂਨਾਨੀ ਨਕਲੀਆਂ ਦਾ ਨਾਚ ਵੇਖੀਏ।"

ਏਥੇ ਕਲੀਓਪੈਟਰਾ ਦੇ ਵਰਤਾਂਤ ਦੇ ਗਲੋਟੇ ਨੂੰ ਉਧੇੜ ਕੇ ਨਵੇਂ ਸਿਰਿਓਂ ਵਾਚਣਾ ਜ਼ਰੂਰੀ ਹੈ। ਮਿਸਰ ਸਾਮਰਾਜ ਦੇ ਜ਼ਮਾਨੇ ਦੀਆਂ ਸਦੀਆਂ ਲੰਘ ਚੁੱਕੀਆਂ ਸਨ। ਭੂਮੱਧ ਸਾਗਰ ਦੇ ਕੰਢਿਆਂ ਉੱਤੇ ਉੱਤਰੀ ਅਫ਼ਰੀਕਾ ਅਤੇ ਪੱਛਮੀ ਏਸ਼ੀਆਂ ਦੇਸ਼ਾਂ ਉਤੇ ਰੋਮਨ ਸਾਮਰਾਜ ਦੇ ਬਦਲ ਚੜ੍ਹਦੇ ਸਾਵਣ ਦੀਆਂ ਨਵੀਆਂ ਘਟਾਵਾਂ ਵਾਂਗ ਉਮਡੇ ਆ ਰਹੇ ਸਨ। ਸ਼ਿਕੰਦਰ ਏਸ਼ੀਆਂ ਵਿਚ ਅਤੇ ਮਿਸਰੀ ਦੇਸ਼ਾਂ ਵਿਚ ਆਪਣੇ ਯੂਨਾਨੀ ਹੁਕਮਰਾਨ ਬਿਠਾ ਕੇ ਚਿਰੋਕਣਾ ਅਗਲੀ ਦੁਨੀਆਂ ਨੂੰ ਜਾ ਚੁਕਾ ਸੀ। ਮਿਸਰ ਦੀ ਯੂਨਾਨੀ ਹਕੂਮਤ ਨੂੰ ਤੇਰਾਂ ਚੌਦਾਂ ਪੀੜ੍ਹੀਆਂ

ਲੰਘ ਗਈਆਂ ਸਨ ਰਾਜ ਕਰਦਿਆਂ। ਸਮੇਂ ਦੇ ਗੇੜ ਨੇ ਅਜੇਹੇ ਦਿਨ ਲਿਆਂਦੇ ਕਿ ਕਲੀਓਪੈਟਰਾ ਤੇ ਉਸ ਦੇ ਨਿੱਕੇ ਭਰਾ ਪਟੋਲਮੀ ਚੌਧਵੇਂ ਦਾ ਮਿਸਰ ਦੇ ਤਖ਼ਤ ਲਈ ਝਗੜਾ ਹੋ ਗਿਆ। ਰੋਮਨ ਸਮਰਾਟ ਜੂਲੀਅਸ ਸੀਜ਼ਰ ਇਸਕੰਦਰੀਆਂ ਵਿਚ ਬੈਠਾ ਸੋਚ ਰਿਹਾ ਸੀ ਕਿ ਰੋਮਨ ਜੁਗ ਦਾ ਭਲਾ ਕੇਹੜੇ ਪਾਸੇ ਧੜਾ ਕਰਨ ਵਿਚ ਹੈ। ਸੀਜ਼ਰ ਸਾਰੇ ਯੂਰਪ ਨੂੰ ਬਰਤਾਨੀਆਂ ਤੀਕ ਨਿਵਾ ਕੇ ਆਪਣੇ ਮਾਨ ਤੇ ਮੀਰੀ ਵਿਚ ਮੱਤਿਆ ਅਫਰੀਕਾ ਤੇ ਏਸ਼ੀਆ ਨੂੰ ਸਾਂਭਣ ਦੀਆਂ ਫ਼ਿਕਰਾਂ ਵਿਚ ਆਪਣੇ ਫ਼ੌਜਦਾਰਾਂ ਦੇ ਵਿਚ ਬੈਠਾ ਵਿਚਾਰ ਕਰ ਰਿਹਾ ਸੀ ਡਿਉੜੀਬਾਨ ਨੇ ਖ਼ਬਰ ਦਿੱਤੀ ਕਿ ਕੋਈ ਪੂਰਬੀ ਸੌਦਾਗਰ ਅਪਣੇ ਕਾਲੀਨਾਂ ਦਾ ਵਿਖਾਵਾ ਦੇਣਾ ਚਾਹੁੰਦਾ ਹੈ। ਹੁਕਮ ਹੋਯਾ ਕਿ ਪੇਸ਼ ਕਰੋ। ਕੱਦਾਵਰ ਨੇ ਮੋਢਿਆਂ ਉਤੇ ਚੁੱਕਿਆ ਕਾਲੀਨ ਸੀਜ਼ਰ ਦੇ ਸਾਹਮਣੇ ਜਦ ਖੋਲ੍ਹਿਆ ਤਾਂ ਵਿਚੋਂ ਇਕ ਹਸਦੀ ਖਿੜਦੀ ਬਿਖਰੀਆਂ ਜੁਲਫਾਂ ਵਾਲੀ ਉਹ ਸੁੰਦਰੀ ਨਿਕਲੀ ਜਿਸ ਦਾ ਸਰੀਰ ਤੇ ਰੂਪ ਰੇਖਾ ਨੂੰ ਵੇਖ ਕੇ ਸਾਰੇ ਠਿਠਰ ਗਏ, ਸੀਜਰ ਆਪ ਅਚਨਚੇਤ ਪ੍ਰਗਟ ਹੋਈ ਚੰਦ੍ਰਕਲਾ ਦੇ ਸਾਮ੍ਹਣੇ ਕੁਛ ਦਮਾਂ ਲਈ ਜਬਾਨਬੰਦ ਹੋ ਗਿਆ। ਮਾਨੋ ਇਕ ਬੇ-ਹਥਿਆਰ ਪਰੀ ਅਨੋਖੀ ਜੇਹੀ ਜੁਗਤ ਨਾਲ ਦੁਨੀਆਂ ਨੂੰ ਮਾਤ ਕਰਨ ਵਾਲੇ ਵੱਡੇ ਮੁਢਲੇ ਰੋਮਨ ਜੂਲੀਅਸ ਸੀਜ਼ਰ ਦੀ ਰਾਜਵਾੜੀ ਦੇ ਅੰਦਰ ਅਸਮਾਨੋਂ ਢਹਿ ਪਈ। ਏਹ ਕਲੀਓਪੈਟਰਾ ਸੀ ਮਿਸਰ ਦੀ ਮਲਕਾ, ਸੂਰਜ ਦੇਵਤਾ ਦੀ ਦੂਹਤੀ ਚੰਦ੍ਰਮਾ ਦੀ ਸਕੀ ਭੈਣ, ਇਕ ਸੁੰਦਰ ਸਜੀਲੀ ਬਾਲਕਾ ਜਿਸ ਨੂੰ ਵੇਖ ਕੇ ਬਾਦਸ਼ਾਹ ਗ਼ਸ਼ ਖਾ ਜਾਂਦੇ ਸਨ। ਜੋ ਬੋਲ ਚਾਲ ਦੇ ਢੰਗਾਂ ਵਿਚ ਰਾਜਨੀਤੀ ਵਿਚ, ਸੂਖਮ ਹਥਿਆਰ ਵਾਹ ਕੇ ਈਨ ਮਨਾਣੇ ਵਿਚ ਬੇਮਿਸਾਲ ਸੀ ਏਹ ਉਹ ਕਲੀਓਪੈਟਰਾ ਸੀ ਜਿਸ ਨੇ ਦੋ ਇੱਤਹਾਸਕ ਮੁਢਲੇ ਰੋਮਨ ਸੀਜਰ ਅਤੇ ਐਂਟੋਨੀ ਨੂੰ ਇਕ ਤਰ੍ਹਾਂ ਆਪਣੇ ਰੂਪ ਤੇ ਛਲ ਨਾਲ ਗੋਲੇ ਬਣਾ ਕੇ ਵਰਤਿਆ।

ਜਦ ਸੀਜ਼ਰ ਕਲੀਉਪੈਟਰਾ ਦੇ ਜਾਲ ਵਿਚ ਫਸ ਗਿਆ ਭਲਾ ਪੋਟੋਲਮੀ ਵਿਚਾਰੇ ਦੀ ਕਿਸ ਨੇ ਪੁੱਛ ਕਰਨੀ ਸੀ ਸੀਜ਼ਰ ਦੀਆਂ ਨਜ਼ਰਾਂ ਵਿਚ ਕਲੀਓਪੈਟਰਾ ਇਕ ਮਹਾਂ ਸੁੰਦਰੀ ਹੋਣ ਤੋਂ ਛੁਟ ਇਕ ਨੀਤੀ ਨਿਪੁੰਨ ਵਿਦੱਯਵਾਨ ਵਕਤੀ ਚਤਰ ਰਾਜਪੁਤ੍ਰੀ ਸੀ ਜਿਸ ਦੀ ਯੁਵਾ ਖਿੱਚ ਵੱਡਿਆਂ ਦੇ ਮਾਨ ਨੂੰ ਮਲ ਦੇਂਦੀ ਸੀ। ਅਜੇਹੀ ਰੂਪਵੰਤ ਨਾਲੋਂ ਮਿਸਰ ਦੀ ਰਾਜਗੱਦੀ ਦਾ ਸ਼ੰਗਾਰ ਤੇ ਰੋਮਨ ਬਲ ਨੂੰ ਚਮਕਾਉਣ ਤੇ ਵਧਾਉਣ ਵਾਲੀ ਵਯਕਤੀ ਹੋਰ ਕੌਣ ਹੋ ਸਕਦੀ ਹੈ—

ਕਲੀਓਪੈਟਰਾ ਦੀਆਂ ਅੱਖਾਂ ਵਿਚ ਸੀਜ਼ਰ ਇਕ ਕਾਰੀ ਸ਼ਸਤ੍ਰ ਸੀ ਉਸ ਦੀਆਂ ਰਾਜ ਆਸਾਂ ਤੇ ਉਮੰਗਾਂ ਨੂੰ ਫਲੀਭੂਤ ਕਰਨ ਵਾਲਾ। ਸੀਜ਼ਰ ਨੇ ਏਸ ਛਲਨੀ ਦੇ ਵੈਰੀ ਪਟੋਲਮੀ ਨੂੰ ਹਾਰ ਦੇ ਕੇ ਮਿਸਰ ਦੇ ਤਖ਼ਤ ਉਤੇ ਕਲੀਓਪੈਟਰਾ ਨੂੰ ਸਜਾ ਦਿੱਤਾ। ਪਟੋਲਮੀ ਵਿਚਾਰਾ ਕਿਤੇ ਡੁੱਬ ਕੇ ਮਰ ਗਿਆ ਤੇ ਕਲੀਓਪੈਟਰਾ ਬਿਨਾ ਲੜੇ ਹੀ ਮਿਸਰ ਵਰਗੇ ਵਡੇ ਦੌਲਤਮੰਦ ਪੁਰਾਤਨ ਰਾਜ ਦੀ ਮਲਕਾ ਬਣ ਗਈ। ਸੀਜ਼ਰ ਤੇ ਕਲੀਓਪੈਟਰਾ ਕੁਛ ਸਮੇਂ ਲਈ ਇਸਤ੍ਰੀ ਪੁਰਸ਼ ਵਾਂਗ ਰਹੇ, ਪੁਤ੍ਰ ਹੋਯਾ ਜੋ ਕਿ ਦੋ ਭੱਡੇ ਬਾਦਸ਼ਾਹੀ ਘਰਾਣਿਆਂ ਦਾ ਹੋਨਹਾਰ ਨੌਨਿਹਾਲ ਸਮਝਿਆ ਗਿਆ ਪਰ ਰੋਮ ਵਲੋਂ ਸੀਜ਼ਰ ਨੂੰ ਜ਼ਰੂਰੀ ਸੱਦਾ ਆ ਗਿਆ। ਸੀਜ਼ਰ ਉੱਤ੍ਰੀ ਅਫਰੀਕਾ ਅਤੇ ਏਸ਼ੀਆ ਵਿਚ ਵਧੇਰੇ ਖੰਭ ਫੈਲਾਂਦਾ ਰੁੱਝ ਗਿਆ ਤਾਂ ਉਸ ਨੇ ਕਲੀਓਪੈਟਰਾ ਨੂੰ ਅਪਣੇ ਕੋਲ ਬੁਲਾਯਾ। ਉਹ ਗਈ ਤੇ ਬਾਹਲਾ ਚਿਰ ਸੀਜ਼ਰ ਦੀ ਸੇਜ ਨੂੰ ਨਾ ਸੁਹਾ ਸਕੀ ਕਿਉਂਕਿ ਸੀਜ਼ਰ ਨੂੰ ਘਰ ਦੇ ਹੀ ਈਰਖਾਵਾਦੀ ਨੇ ਕਤਲ ਕਰ ਦਿਤਾ ਤੇ ਕਲੀਓਪੈਟਰਾ ਆਪਣੀ ਪੁਤ੍ਰ ਸੀਜ਼ਰਅਨ ਨੂੰ ਲੈ ਕੇ ਘਰ ਆ ਗਈ ਜਿਥੇ ਉਸ ਨੇ ਆਪਣੇ ਦੂਜੇ ਛੋਟੇ ਭਾਈ ਯਟੋਲਮੀ ਨੂੰ ਮਰਵਾ ਕੇ ਆਪਣੇ ਪੁਤ੍ਰ ਸੀਜ਼ਰਅਨ ਨੂੰ ਆਪਣੀ ਸਰਪਰਸਤੀ ਵਿਚ ਮਿਸਰ ਦਾ ਬਾਦਸ਼ਾਹ ਬਣਵਾ ਦਿੱਤਾ। ਸੀਜ਼ਰ ਦੇ ਪਿਛੋਂ ਰੋਮ ਵਿਚ ਘਰੋਗੀ ਜੰਗ ਰਹੀ। ਕਲੀਓਪੈਟਰਾ ਦੂਰ ਬੈਠੀ ਵੇਖਦੀ ਰਹੀ। ਆਖਰ ਇਕ ਦਿਨ ਉਸ ਨੂੰ ਸਦਾ ਆਯਾ ਕਿ ਰੋਮ ਦੇ ਵਡੇ ਆਗੂ ਅਤੇ ਸੀਜ਼ਰ ਦੇ ਦਿਲੀ ਯਾਰ ਤੇ ਮਦਦਗਾਰ ਐਂਟੋਨੀ ਦੇ ਹਜ਼ੂਰ ਪੇਸ਼ ਹੋ ਕੇ ਬਿਆਨ ਕਰੋ ਕਿ ਉਸ ਨੇ ਰੋਮ ਦੇ ਅਧੀਨ ਸਹਚਾਰਨ ਹੋ ਕੇ ਰੋਮਨ ਮਨਸੂਬਿਆਂ ਵਿਚ ਸਹਾਇਤਾ ਕਿਉਂ ਨਹੀਂ ਕੀਤੀ। ਇਕ ਤਰਹ ਹੋਣੀ ਦੀਆਂ ਸੁੱਤੀਆਂ ਕਲਾਂ ਨੇ ਪਰਵਾਨੇ ਨੂੰ ਉਗੀਸਿਆ ਕਿ ਉਹ ਬਲਦੀ ਸ਼ਮਾਂ ਨੂੰ ਆਪਣੀ ਵਡਿਆਈ ਨਾਲ ਟੁੰਬੇ ਤੇ ਭਾਂਬੜ ਮਚਾਣ ਦਾ ਉਪਰਾਲਾ ਕਰੇ। ਸੱਦਾ ਆਇਆ, ਕਲੀਓਪੈਟਰਾ ਮੁਸਕਰਾਈ, ਅੰਦਰ ਹੀ ਅੰਦਰ ਇਕ ਨਵੀਂ ਰੀਝ ਇਕ ਨਵੀਂ ਅਲਸੇਟ ਇਕ ਨਵੀਨ ਸ਼ਿਕਾਰ ਦੀ ਦੁਰਾਡੀ ਪੈਰ ਚਾਪ ਮਲੂਮ ਹੋਈ, ਅੰਗ ਜਾਗ ਪਏ, ਸੁੱਤੀਆਂ ਮੂਰਤੀਆਂ ਨੇ ਪਾਸਾ ਪਰਤਿਆ, ਇੱਤਹਾਸ ਦਾ ਇਕ ਹੋਰ ਆਸ਼ਕ ਮਸ਼ੂਕ ਵਲ ਤਾਂਘਦਾ ਨਜ਼ਰ ਆਯਾ।

ਐਂਟੋਨੀ ਦੀ ਬਾਬਤ ਰੋਮਨ ਇੱਤਹਾਸਕਾਰ ਲਿਖਦਾ ਹੈ ਕਿ ਉਹ ਇਕ ਬੜਾ ਬਹਾਦਰ ਰੌਣਕੀ ਅੰਞਾਣਮਤੀ ਰੋਮਨ ਸੀ। ਪਿਉ ਇਕ ਦਰਿਆ ਦਿਲ

ਖ਼ਾਨਦਾਨੀ ਭਲਾ ਲੋਕ ਸੀ, ਛੋਟੀ ਉਮਰ ਕੁਸੰਗਤ ਵਿਚ ਪੈ ਕੇ ਖਾਸਾ ਨੁਕਸਾਨ ਉਠਾਯਾ ਪਰ ਉਠਦੇ ਰੋਮ ਦੇ ਪਹਲੇ ਦਿਨਾਂ ਵਿਚ ਉਸ ਨੇ ਆਪਣੀ ਬਹਾਦਰੀ ਸ਼ਸਤ੍ਰਬਲ ਤੇ ਮਿਤ੍ਰਪਾਲ ਕਰਮਾਂ ਨਾਲ ਛੇਤੀ ਹੀ ਬੜਾ ਨਾਮ ਪਾ ਲਿਆ ਸੀ। ਜੂਲੀਅਸ ਸੀਜ਼ਰ ਦੇ ਮਰਨ ਪਿਛੋਂ ਐਂਟੋਨੀ ਹੀ ਉਸਦਾ ਇਕ ਵੱਡਾ ਅੰਗਪਾਲ ਸਿੱਧ ਹੋਯਾ ਜਿਸ ਕਰਕੇ ਰੋਮਨ ਲੋਕ ਉਸ ਦੇ ਸ਼ਰਧਾਲੂ ਹੋ ਗਏ। ਵੱਡਾ ਸਜੀਲਾ ਜੁਆਨ, ਭਰਿਆ ਦਾੜ੍ਹਾ, ਚੌੜਾ ਮਸਤਕ ਤੇ ਕੁੰਢਾ ਨਕ, ਹਸਮੁਖ, ਸਾਦਾ ਚੋਲਾ ਪੱਟਾਂ ਤੀਕ, ਕਮਰ ਤਲਵਾਰ, ਦਿਲ ਦਾ ਸਰਲ ਵਡਿਆਈ ਤੇ ਮਾਨ ਦਾ ਉੱਕਾ ਅਨਭਲ, ਪੀਣੀ ਤਾਂ ਨਿਝੱਕ ਹੋ ਕੇ, ਆਪਣੇ ਸਿਪਾਹੀਆਂ ਨਾਲ ਖੁੱਲਾ ਡੁੱਲ੍ਹਾ, ਬਰਾਬਰ ਬੈਠ ਕੇ ਖਾ ਲੈਣਾ ਤੇ ਅਪਣਤ ਨੂੰ ਨੇੜੇ ਨਾ ਆਣ ਦੇਣਾ। ਹਥ ਦਾ ਸੁਖੀ; ਯਾਰਾਂ ਦਾ ਯਾਰ, ਹਰ ਸਵਾਲੀ ਦਾ ਮਦਦਗਾਰ। ਇਕ ਦੋਸਤ ਨੂੰ ਲੋੜ ਪਈ ਹੁਕਮ ਦਿਤਾ ਕਿ ਐਨੇ ਹਜ਼ਾਰ ਦਮੜੇ ਦਿਤੇ ਜਾਣ। ਨੌਕਰ ਨੇ ਫਜ਼ੂਲ ਖਰਚੀ ਸਮਝ ਕੇ ਮਤਾ ਪਕਾਯਾ ਕਿ ਏਸ ਮਾਯਾ ਦਾ ਢੇਰ ਲਾ ਕੇ ਐਂਟੋਨੀ ਨੂੰ ਸੁਲਾਵੇ। ਅਗੋਂ ਐਂਟੋਨੀ ਭੀ ਤਾੜ ਗਿਆ ਕਿ ਨੌਕਰ ਦੇ ਦਿਲ ਵਿਚ ਕੀ ਹੈ, ਆਖਣ ਲੱਗਾ ਏਹ ਰੁਪਈਆਂ ਦਾ ਢੇਰ ਕੀ ਹੈ, ਨੌਕਰ ਨੇ ਜਵਾਬ ਦਿੱਤਾ ਏਹ ਢੇਰ ਤੇਰੇ ਦੋਸਤ ਨੂੰ ਦੇਣਾ ਹੈ ਤੇਰੇ ਕਹੇ ਮੂਜਬ। ਮੂੰਹ ਵੱਟ ਕੇ ਐਂਟੋਨੀ ਆਖਣ ਲਗਾ ਬਸ ਕੁਲ ਆਹ ਹੀ, ਏਹ ਤਾਂ ਥੋੜਾ ਹੈ, ਏਸ ਨੂੰ ਦੂਣਾ ਕਰਦੇ।

ਏਹ ਐਂਟੋਨੀ ਸੀ ਜਿਸ ਨੇ ਕਲੀਓਪੈਟਰਾ ਨੂੰ ਤਾੜਨਾ ਕਰਨ ਲਈ ਬੁਲਾਵਾ ਦਿੱਤਾ ਸੀ। ਸੀਜ਼ਰ ਦੇ ਪਿੱਛੋਂ ਐਂਟੋਨੀ ਦੀ ਗੁੱਡੀ ਐਨੀ ਚੜ੍ਹ ਗਈ ਕਿ ਉਹ ਦੂਜੇ ਸੀਜ਼ਰ ਦੇ ਤੁੱਲ ਹੋ ਗਿਆ ਤੇ ਮਨਮਾਨੀਆਂ ਕਰਨ ਲੱਗ ਪਿਆ। ਉਦਰ ਦਾ ਮਾੜਾ ਨਹੀਂ ਸੀ। ਇਕ ਤਾਂ ਕਿਸਮਤ ਬਲੀ ਸੀ ਜਿੱਧਰ ਫੌਜਾਂ ਲੈ ਕੇ ਚੜ੍ਹਾਈ ਕਰਦਾ ਅੱਗੇ ਕੋਈ ਨਹੀਂ ਸੀ ਖਲੋਂਦਾ। ਸਿਪਾਹੀਆਂ ਵਿਚ ਐਨਾ ਰਚ ਮਿਚ ਗਿਆ ਸੀ ਕਿ ਉਹ ਉਸ ਲਈ ਜਾਨਾਂ ਵਾਰਨ ਲਈ ਤਤਪਰ ਰਹਿੰਦੇ ਸਨ। ਸਮਾਂ-ਤਾੜੂ ਝੋਲੀ ਚੁਕ ਭੀ ਬਥੇਰੇ ਸਨ ਜਿਨ੍ਹਾਂ ਨੂੰ ਐਂਟੋਨੀ ਇਕ ਵਸੀਲਾ ਬਣ ਗਿਆ। ਉਹ ਆਪ ਤਾਂ ਕੇਵਲ ਖਾਣ ਪੀਣ ਮਹਫ਼ਲਾਂ ਮਾਨਣ ਵਿਚ ਹੀ ਮਸਤ ਸੀ ਉਸ ਦੇ ਪਿਛਲੱਗ ਭੁੱਖੇ ਉਸ ਦੇ ਸਿਰ ਐਸ਼ਾਂ ਕਰਦੇ ਰਹੇ। ਵਡਿਆਂ ਤੋਂ ਖੋਹ ਕੇ ਆਪਣੇ ਨਿਮਾਣਿਆਂ ਚਾਕਰਾਂ ਦੀ ਲਾਮਡੋਰੀ ਨੂੰ ਦੇ ਦੇਣਾ ਐਂਟੋਨੀ ਦਾ ਕਰਤਬ ਸੀ। ਕਈ ਯਾਰ ਦੋਸਤ ਉਸ ਦੇ ਨਾਮ ਤੇ ਦਾਬੇ ਨਾਲ ਹੀ ਅਮੀਰ

ਬਣ ਰਹੇ ਸਨ। ਉਸ ਦੇ ਰਸੋਈਏ ਨੇ ਇਕ ਬੜੀ ਰਸੀਲੀ ਦਾਵਤ ਤਿਆਰ ਕੀਤੀ ਖੁਸ਼ ਹੋ ਕੇ ਉਸ ਨੂੰ ਇਕ ਅਮੀਰਜ਼ਾਦੇ ਦਾ ਘਰ ਇਨਾਮ ਦੇ ਦਿੱਤਾ। ਉਸ ਦੀ ਸਾਦਗੀ ਤੇ ਵਿਸ਼ਵਾਸ਼ੀ ਸੁਭਾ ਤੋਂ ਲਾਭ ਲੈਣ ਵਾਲੇ ਮੌਜਾਂ ਕਰਦੇ ਸਨ। ਭੁੱਲਾਂ ਵਾਹ ਲਗਦੀ ਨਹੀਂ ਸੀ ਕਰਦਾ ਤੇ ਆਪਣੇ ਕੰਮ ਵਿਚ ਬੜਾ ਚੁਸਤ ਤੇ ਹੁਸ਼ਿਆਰ ਸੀ ਪਰ ਹਰ ਇਕ ਨੂੰ ਆਪਣਾ ਵਿਸ਼ਵਾਸ਼ ਪਾਤ੍ਰ ਸਮਝ ਲੈਂਦਾ ਸੀ ਤੇ ਜਦ ਆਪਣੀ ਗ਼ਲਤੀ ਦਾ ਪਤਾ ਲਗਦਾ ਤਾਂ ਉਸ ਦਾ ਪੂਰਾ ਭਾਂਗਾ ਭੁਗਤਣ ਨੂੰ ਭੀ ਤਿਆਰ ਰਹਿੰਦਾ ਸੀ। ਦੋਸ਼ੀਆਂ ਨੂੰ ਮਿਲਕੇ ਲੈਂਦਾ ਸੀ। ਮਖ਼ੌਲ ਜਿੰਨੇ ਕਰਦਾ ਸੀ ਉਸ ਤੋਂ ਵਧ ਕਰਵਾਉਣ ਤੇ ਝੱਲਣ ਦਾ ਆਦੀ ਸੀ। ਦਿਲ ਦਾ ਸਾਫ਼ ਤੇ ਸਰਲ ਸੀ। ਅਧੀਨਾਂ ਤੇ ਅਹਿਲਕਾਰਾਂ ਨੂੰ ਘੁਰਕੀਆਂ ਤੇ ਟਿਚਕਰਾਂ ਦੇ ਕੇ ਆਪ ਉਨ੍ਹਾਂ ਤੋਂ ਬਰਾਬਰ ਦੀਆਂ ਸੁਣ ਕੇ ਗੁੱਸਾ ਨਹੀਂ ਸੀ ਕਰਦਾ ਸਗੋਂ ਖਿੜੇ ਮੱਥੇ ਝੱਲ ਲੈਂਦਾ ਸੀ।

ਕਲੀਓਪੈਟਰਾ ਨੂੰ ਐਂਟੋਨੀ ਦਾ ਪਤਾ ਸੀ ਕਿ ਉਹ ਕਿੰਨੇ ਕੁ ਪਾਣੀ ਵਿਚ ਹੈ। ਉਸ ਨੇ ਐਂਟੋਨੀ ਦੇ ਸੱਦੇ ਨੂੰ ਹੁਕਮ ਨਹੀਂ ਸਮਝਿਆ। ਹੁਕਮ ਉਨ੍ਹਾਂ ਲਈ ਹੁੰਦੇ ਹਨ ਜੋ ਆਪਣੇ ਆਪ ਨੂੰ ਅਧੀਨ ਸਮਝਣ, ਕਲੀਓਪੈਟਰਾ ਉਨ੍ਹਾਂ ਵਿਚੋਂ ਨਹੀਂ ਸੀ। ਮਿਸਰ ਤੋਂ ਸ਼ਾਹੀ ਠਾਠ ਵਿਚ ਤੁਰੀ ਤੇ ਤੁਰਕੀ ਦੇ ਸ਼ਹਿਰ ਤਰਸੂਸ ਵਿਚ ਪਹੁੰਚੀ। ਆਪਣੀਆਂ ਬਾਂਦੀਆਂ ਨਾਲ ਲੈ ਕੇ ਇਕ ਸਜੀ ਹੋਈ ਕਿਸ਼ਤੀ ਵਿਚ ਪੂਰੀ ਮਿਸਰੀ ਸ਼ਾਨ ਸ਼ੌਕਤ ਨਾਲ ਜ਼ੁਹਰਾ ਬਣ ਕੇ ਬੈਠੀ, ਮਗਰ ਅਹਿਲਕਾਰਾਂ ਨੌਕਰਾਂ ਚਾਕਰਾਂ ਦਾ ਜਲੂਸ ਸੀ।

ਐਂਟੋਨੀ ਆਪਣੀ ਕਚਹਿਰੀ ਵਿਚ ਕੁਰਸੀ ਉੱਤੇ ਬੈਠਾ ਦੋਸ਼ੀ ਮਲਕਾ ਦੀ ਉਡੀਕ ਕਰ ਰਿਹਾ ਸੀ। ਕਲੀਓਪੈਟਰਾ ਦੀ ਸਜ ਧਜ ਤੇ ਠਾਠ ਵਾਲੀ ਜੰਞ ਅੱਗੇ ਕਦੇ ਏਸ ਸ਼ਹਿਰ ਵਿਚ ਨਹੀਂ ਸੀ ਢੁੱਕੀ। ਸਾਰਾ ਸ਼ਹਿਰ ਵੇਖਣ ਆ ਗਿਆ ਐਂਟੋਨੀ ਦੀ ਕਚਹਿਰੀ ਸੁੰਨੀ ਹੋ ਗਈ ਤੇ ਉਹ ਹੈਰਾਨ ਹੋ ਕੇ ਕਚੀਚੀਆਂ ਵੱਟਣ ਲੱਗਾ ਕਿ ਉਸ ਦੇ ਅਧੀਨ ਇਕ ਸੂਬੇ ਦੀ ਮਲਕਾ ਨੂੰ ਵੇਖਣ ਲਈ ਸ਼ਹਿਰ ਕਿਉਂ ਖਾਲੀ ਹੋ ਗਿਆ ਹੈ। ਕਿਸ਼ਤੀ ਦਾ ਪਿਛਲਾ ਸਿਰਾ ਸੁਨਹਿਰੀ ਰੰਗਿਆ ਹੋਯਾ, ਪੱਖਣੂ ਜਾਮਣੂ, ਰੁਪਹਿਲੇ ਚੱਪੂ ਪਾਣੀ ਦੀ ਝਲਕ ਨਾਲ ਕਈ ਸੂਰਜਾਂ ਦੀ ਚਮਕ ਦੇ ਰਹੇ ਸਨ, ਵੀਣਾ ਤੇ ਸਤਾਰਾਂ ਬਜ ਰਹੀਆਂ ਸਨ। ਸੁਨਹਰਾ ਛਤ੍ਰ ਦੇ ਹੇਠ ਕਲੀਓਪੈਟਰਾ ਆਪ ਜ਼ੁਹਰਾ ਦਾ ਸੁਆਂਗ ਧਾਰੀ ਲੰਮੀ ਪਈ ਸੀ। ਦੁਆਲੇ ਬਾਂਦੀਆਂ ਇਸ਼ਕ ਦੇ ਦੇਵਤੇ ਨੱਢੇ ਬਣ ਕੇ ਮੋਰ ਪੰਖੀਆਂ ਝੱਲ ਰਹੀਆਂ ਸਨ।

ਹੋਰ ਬਾਂਦੀਆਂ ਵੱਖ ਵੱਖ ਸਜੀਲੇ ਸੁਆਗਾਂ ਵਿਚ ਰੱਸੇ ਪੈੜੇ ਨੂੰ ਸਾਂਭ ਕੇ ਕਿਸ਼ਤੀ ਨੂੰ ਚਲਾ ਰਹੀਆਂ ਸਨ। ਕਿਸ਼ਤੀ ਵਿਚੋਂ ਊਦ ਮੁਸ਼ਕੰਬਰ ਦੀ ਲਪਟਾਂ ਕਿਨਾਰੇ ਦੇ ਤਮਾਸ਼ਬੀਨਾਂ ਨੂੰ ਮਸਤ ਕਰ ਰਹੀਆਂ ਸਨ।

ਜਦ ਐਂਟੋਨੀ ਨੂੰ ਸਾਰੀ ਗੱਲ ਕਲੀਓਪੈਟਰਾ ਦੀ ਆਮਦ ਦੀ ਪਹੁੰਚੀ ਉਸ ਨੇ ਨਿਉਂਦਾ ਦਿੱਤਾ ਕਿ ਮਲਕਾ ਮੇਰੇ ਘਰ ਆ ਕੇ ਰਾਤ ਦੀ ਰੋਟੀ ਖਾਵੇ। ਅੱਗੋਂ ਜਵਾਬ ਆਯਾ ਕਿ ਨਹੀਂ ਮਲਕਾ ਦੀ ਪ੍ਰਸੰਨਤਾ ਇਸ ਵਿਚ ਹੈ ਕਿ ਐਂਟੋਨੀ ਪਹਲੋਂ ਉਸ ਦਾ ਮਹਮਾਨ ਬਣੇ। ਸੋ ਐਂਟੋਨੀ ਗਿਆ। ਉਸ ਨੇ ਸਾਰੀ ਉਮਰ ਵਿਚ ਐਨਾ ਠਾਠ, ਰੰਗ, ਆਤਸ਼ਬਾਜ਼ੀ, ਖਾਣਾ ਅਤੇ ਪਰੋਸਾਂ ਸਜ ਧਜ ਨਹੀਂ ਸੀ ਵੇਖੇ। ਦੂਜੇ ਦਿਨ ਮਲਕਾ ਐਂਟੋਨੀ ਦੀ ਪਰਾਹੁਣੀ ਬਣੀ। ਐਂਟੋਨੀ ਨੇ ਬਹੁਤ ਜ਼ੋਰ ਲਾਯਾ ਪਰ ਕਲੀਓਪੈਟਰਾ ਦੀ ਸ਼ਾਨ ਤੇ ਸਜਾਵਟ ਦੀ ਬਰਾਬਰੀ ਨਾ ਹੋ ਸਕੀ। ਦੋ ਚਾਰ ਦਿਨ ਐਂਟੋਨੀ ਏਸੇ ਤਾਂਘ ਵਿਚ ਰਿਹਾ ਕਿ ਕਿਵੇਂ ਕਲੀਓ-ਪੈਟਰਾ ਨੂੰ ਮਹਮਾਨ ਦਾਰੀ ਦੀ ਯੁਕਤੀ ਤੇ ਸ਼ਾਨ ਵਿਚ ਮਾਤ ਕਰੇ ਪਰ ਇਕ ਸਿੱਧੇ ਫ਼ੌਜੀ ਰੋਮਨ ਤੋਂ ਏਹ ਕਿਵੇਂ ਹੋ ਸਕਦਾ ਸੀ, ਤੇ ਆਖ਼ਰ ਉਹ ਆਪਣੀ ਹਾਰ ਜੇਹੀ ਮੰਨ ਕੇ ਠੰਢਾ ਹੋ ਗਿਆ ਇਕ ਦਿਨ ਕਲੀਓਪੈਟਰਾ ਨੇ ਆਪਣੇ ਕੀਮਤੀ ਮੋਤੀਆਂ ਵਿਚੋਂ ਇਕ ਚੁੱਕਿਆ ਤੇ ਚੁੱਕ ਕੇ ਸਿਰਕੇ ਦੇ ਕੌਲ ਵਿਚ ਸੁਟ ਦਿੱਤਾ। ਮੋਤੀ ਬੁਲਬਲੇ ਛਡਦਾ ਖੁਰ ਗਿਆ ਤੇ ਮਲਕਾ ਪੀ ਗਈ। ਏਹ ਮੋਤੀ ਮਿਸਰ ਦੇ ਇਕ ਸੂਬੇ ਦੇ ਮਾਲੀਏ ਨਾਲੋਂ ਵਧ ਕੀਮਤ ਦਾ ਸੀ। ਐਂਟੋਨੀ ਏਹ ਚਮਤਕਾਰ ਵੇਖ ਕੇ ਦੰਗ ਰਹ ਗਿਆ। ਭਲਾ ਅਮੀਰੀ ਤੇ ਸ਼ਾਹਖਰਚੀ ਵਿਚ ਉਹ ਕਲੀਓ-ਪੈਟਰਾ ਨੂੰ ਕਿਵੇਂ ਮਾਤ ਕਰ ਸਕਦਾ ਸੀ।

ਕਲੀਓਪੈਟਰਾ ਨਿਰੀ ਸੋਨੇ ਚਾਂਦੀ ਵਾਲੀ ਮਲਕਾ ਨਹੀਂ ਸੀ। ਰੂਪ ਬੇਅੰਤ ਸੀ, ਪਰ ਉਸ ਦਾ ਸੁਹਜ ਆਭਾ ਤੇ ਅਰਕਾਨਪੁਣਾ ਅਣਗਿਣਤ ਹੋਰ ਸਿਫਤਾਂ ਵਿਚ ਸੀ। ਸੁਰੀਲੀ ਮੁਲੈਮ ਨਸ਼ੀਲੀ ਜੇਹੀ ਆਵਾਜ਼, ਗੱਲਾਂ ਵਿਚ ਰੌਣਕ, ਵਾਕਬੀ ਸ਼ਬਦਾਂ ਨਾਲ ਸੈਨਤਾ ਰਮਜ਼ਾਂ ਗੁਝੇ ਅਰਥ, ਲੁਕਵੇਂ ਬਾਰੀਕ ਠਠੇ। ਸੁਣਨ ਵਾਲਾ ਬੇਬਸ ਲਾਚਾਰ ਆਪੇ ਤੋਂ ਬੇਸੁਧ, ਅੱਖੀਆਂ ਭਰਵਟਿੱਆਂ, ਬੋਲਦੇ ਬੁਲ੍ਹਾਂ ਦੇ ਜਾਦੂ ਨਾਲ ਕੁਠਾ ਅਗੋਂ ਕੁਛ ਨਹੀਂ ਸੀ ਕਹ ਸਕਦਾ। ਮਹਫ਼ਲ ਦੇ ਬੰਦੇ ਨਾਲ ਉਸ ਦੇ ਥਾਂ ਤੇ ਹੈਸੀਅਤ ਅਨੁਸਾਰ ਉਸ ਦੀ ਆਪਣੀ ਬੋਲੀ ਵਿਚ ਗੱਲ ਕਰਨੀ। ਰੋਮਨ ਚਾਕਰਾਂ ਵਿਚ ਹਬਸ਼ੀ, ਅਰਬ, ਯਹੂਦੀ, ਈਰਾਨੀ ਆਦਿ ਹੋਰ ਏਸ਼ੀਆਈ

ਲੋਕ ਸਨ। ਸਾਰਿਆਂ ਨਾਲ ਉਨ੍ਹਾਂ ਦੀ ਆਪਣੀ ਬੋਲੀ ਵਿਚ ਗਲ ਕਰਦੀ ਸੀ। ਦਸ ਬਾਰਾਂ ਜ਼ਬਾਨਾਂ ਜਾਣਦੀ ਸੀ, ਦੁਭਾਸ਼ੀਆਂ ਦੀ ਲੋੜ ਨਹੀਂ ਸੀ ਭਾਸਦੀ। ਐਂਟੋਨੀ ਵਰਗੇ ਸਿੱਧਰੇ ਖਹੂਰੇ ਤਲਵਾਰ ਵਾਹੂ ਨੇ ਭਲਾ ਕਲੀਓਪੈਟਰਾ ਨੂੰ ਕੀ ਤਾੜਨਾ ਕਰਨੀ ਸੀ, ਸਗੋਂ ਸਾਤੇ ਦੇ ਅੰਦਰ ਹੀ ਉਹ ਉਸ ਦਾ ਗੋਲਾ ਬਣ ਗਿਆ ਤੇ ਉਹ ਉਸ ਨੂੰ ਇਸਕੰਦਰੀਆ ਨੂੰ ਲੈ ਗਈ। ਰੋਮ ਤੋਂ ਵਹੁਟੀ ਫਲੇਵੀਆ ਦੇ ਅਤੇ ਹੋਰ ਕਈ ਸਨੇਹੇ ਆਏ ਪਰ ਉਸ ਨੂੰ ਤਾਂ ਉਹ ਜਾਲ ਪੈ ਚੁੱਕਾ ਸੀ ਜਿਸ ਵਿਚੋਂ ਵਡੇ ਵਡੇ ਸਾਬਤ ਨਹੀਂ ਨਿਕਲ ਸਕੇ।

ਇਸਕੰਦਰੀਆ ਵਿਚ ਕਲੀਓਪੈਟਰਾ ਵਰਗੀ ਕਮਾਲਾਂ ਭਰੀ ਇਸਤ੍ਰੀ ਦੀ ਸੰਗਤ ਤੇ ਸਨੇਹ ਐਂਟੋਨੀ ਲਈ ਇਕ ਨਵਾਂ ਜੀਵਨ ਸਨੇਹਾ ਸੀ ਜਿਸ ਦੀ ਵੰਨਗੀ ਉਸ ਨੂੰ ਐਨੇ ਦੇਸ਼ਾਂ ਦਾ ਸਰ ਕਰਨ ਵਾਲਾ ਹੁੰਦਿਆਂ ਹੋਇਆਂ ਭੀ ਨਹੀਂ ਸੀ ਲੱਭੀ। ਇਸਕੰਦਰੀਆ ਵਾਲਿਆਂ ਨੂੰ ਏਹ ਮਾਣ ਕਿ ਇਕ ਚੋਟੀ ਦਾ ਰੋਮਨ ਅਤੇ ਉਨ੍ਹਾਂ ਦੀ ਮਲਕਾ ਉਨ੍ਹਾਂ ਦੇ ਸ਼ਹਰ ਨੂੰ ਅਪਣੇ ਨਵੇਂ ਇਸ਼ਕ ਤੇ ਨਿਰਾਲੇ ਅਮੀਰੀ ਚੋਜਾਂ ਦਾ ਕੇਂਦਰ ਬਣਾ ਰਹੇ ਹਨ। ਕਲੀਓਪੈਟਰਾ ਯਾ ਤਾਂ ਆਪ ਐਂਟੋਨੀ ਦੇ ਭੋਲੇ ਭਾਲੇ ਜਟਕੇ ਸੁਭਾ ਨਾਲ ਮੋਹਤ ਹੋ ਗਈ ਸੀ ਤੇ ਯਾ ਨੀਤੀ ਵਜੋਂ ਉਸ ਨੂੰ ਪਲ ਭਰ ਭੀ ਪਰੇ ਨਹੀਂ ਸੀ ਹੋਣ ਦੇਂਦੀ। ਜਦ ਉਹ ਸਰੀਰਕ ਕਸਰਤ ਲਈ ਤੇ ਫ਼ੌਜੀ ਕਵਾਇਦ ਲਈ ਜਾਂਦਾ ਵੇਖਣ ਲਈ ਨਾਲ ਜਾਂਦੀ, ਜੇ ਕਿਸੇ ਵੇਲੇ ਮਸੋਸਿਆ ਦਿਸਦਾ ਤਾਂ ਝਟ ਹਾਸੇ ਤੇ ਤਮਾਸ਼ੇ ਦਾ ਉਪਰਾਲਾ ਕਰਦੀ, ਜੇ ਉਹ ਪੀਂਦਾ ਤਾਂ ਆਪ ਨਾਲ ਹਮ-ਪਿਆਲਾ ਬਣਦੀ, ਜੇ ਸ਼ਿਕਾਰ ਜਾਂਦਾ ਤਾਂ ਨਾਲ ਆਪ ਘੋੜੇ ਉੱਤੇ, ਸ਼ਿਕਾਰੋਂ ਮੁੜਦਾ ਤਾਂ ਚੌਪਟ ਲਗ ਜਾਂਦੀ, ਚੌਪਟ ਤੋਂ ਜੀ ਉਕਤਾਂਦਾ ਤਾਂ ਨਾਚ ਰੰਗ ਨਾਲ ਲੁਭਾਂਦੀ, ਗੱਲ ਕੀ ਕਲੀਓਪੈਟਰਾ ਨੇ ਐਂਟੋਨੀ ਨੂੰ ਆਪਣੀ ਗੋਰੀ ਨਖਰੀਲੀ ਚੀਚੀ ਦੇ ਉਦਾਲੇ ਲਪੇਟ ਲਿਆ।

ਸਾਰਾ ਸਮਾਂ ਚੁਹਲਾਂ ਤੇ ਸੁਹਬਤ ਵਿਚ ਲੰਘਣ ਲਗ ਪਿਆ। ਰਾਤਾਂ ਭੀ ਅਜੀਬ ਸਨ। ਐਂਟੋਨੀ ਨੂੰ ਯਾਰਾਂ ਦੋਸਤਾਂ ਨਾਲ ਚਹੇੜਾਂ ਤੇ ਖਰ ਮਸਤੀਆਂ ਬਿਨਾਂ ਨੀਂਦ ਨਹੀਂ ਸੀ ਆਉਂਦੀ। ਰਾਤ ਨੂੰ ਪਾਟੇ ਪੁਰਾਣੇ ਕਪੜੇ ਪਾ ਕੇ ਨੌਕਰ ਬਣ ਜਾਂਦਾ ਤੇ ਲੋਕਾਂ ਦੇ ਘਰੀਂ ਪਹੁੰਚ ਕੇ ਡਿਉੜ੍ਹੀਆਂ ਉਤੇ ਖਪ ਪਾਂਦਾ ਤੇ ਉਨ੍ਹਾਂ ਨੂੰ ਬਵਕਤ ਤੰਗ ਕਰਦਾ, ਕਈਆਂ ਨਾਲ ਦੰਗਾ-ਮੁਸ਼ਤੀ ਕਰਦਾ ਤੇ ਕਈਆਂ ਤੋਂ ਆਪ ਕੁੱਟ ਖਾਂਦਾ। ਇਸਕੰਦਰੀਆ ਦੇ ਲੋਕਾਂ ਲਈ ਉਹ ਇਕ ਬਿਗੜਿਆ ਅਮੀਰਜ਼ਾਦਾ

ਬਣ ਗਿਆ ਤੇ ਕਈ ਵਾਰ ਉਹ ਐਂਟੋਨੀ ਦੀ ਏਨ੍ਹਾਂ ਰਾਤ੍ਰੀ ਗਸ਼ਤਾਂ ਵਿਚ ਚੋਖੀ ਗਤ ਬਣਾ ਦੇਂਦੇ ਸਨ। ਕਲੀਓਪੈਟਰਾ ਭੀ ਇਕ ਨੌਕਰਾਣੀ ਦਾ ਭੇਸ ਬਣਾ ਕੇ ਨਾਲ ਜਾਯਾ ਕਰਦੀ ਸੀ। ਇਸਕੰਦਰੀਆ ਵਾਲਿਆਂ ਲਈ ਸਗੋਂ ਐਂਟੋਨੀ ਦੀਆਂ ਏਹ ਖੁਸ਼ ਟਹਣੀਆਂ ਆਦਤਾਂ ਇਕ ਸੁਆਦਲਾ ਤਮਾਸ਼ਾ ਬਣ ਗਈਆਂ। ਆਖਣ ਲਗ ਪਏ ਕਿ ਐਂਟੋਨੀ ਆਪਣੇ ਘਟਨਾਊ ਪਾਰਟ ਰੋਮ ਵਿਚ ਕਰਦਾ ਹੈ (ਇਸ਼ਾਰਾ ਜੂਲੀਅਸ ਸੀਜ਼ਰ ਦੇ ਕਾਤਲ ਵਲ ਹੈ) ਤੇ ਸੁਆਦਲੇ ਪਾਰਟ ਇਸਕੰਦਰੀਆ ਵਿਚ। ਗੱਲ ਕੀ ਐਂਟੋਨੀ ਤੇ ਕਲੀਓਪੈਟਰਾ ਇਕ ਰੰਗੀਲੇ ਤੇ ਉਲਾਸ ਭਰੇ ਜੀਵਨ ਵਿਚ ਮਸਤ ਵਿਵਹਾਰ ਤੇ ਵਰਤਾਰੇ ਭੁੱਲ ਗਏ।

ਅਜ ਤੀਕ ਐਂਟੋਨੀ ਨੇ ਜੀਵਨ ਦਾ ਉਹ ਕੂਲਾ ਤੇ ਰਸ ਭਰਿਆ ਪਾਸਾ ਜਿਸ ਦੀ ਨੀਂਹ ਕੋਮਲ ਖਿਆਲਾਂ ਦਿਮਾਗੀ ਬਾਰੀਕੀਆਂ ਰਸ ਭਿੰਨੇ ਬਚਨਾਂ, ਘਰੋਗੀ ਪ੍ਰੇਮ ਤ੍ਰਿਆ ਚੁਹਲ ਤੇ ਚਰਿਤ੍ਰਾਂ ਉੱਤੇ ਹੈ ਨਹੀਂ ਸੀ ਵੇਖਿਆ, ਹੁਣ ਉਸ ਨੂੰ ਆਪਣੀ ਖਰ੍ਹਵੀ ਫ਼ੌਜੀ ਜ਼ਿੰਦਗੀ ਦੇ ਨਿਤ ਨਵੇਂ ਜੋਖਮਾਂ ਵਾਲਾ ਜੀਵਨ ਭੁੱਲਣ ਲੱਗਾ ਤੇ ਉਹ ਦਰਵਾਜ਼ੇ ਖੁੱਲਣ ਲਗੇ ਜਿਥੇ ਅੱਗੇ ਅਸਮਾਨੀ ਪੀਂਘਾਂ, ਰੰਗ ਰਲੀਆਂ ਰਾਗ ਰੰਗ, ਤਾਨਾ ਤੇ ਸੁੰਦਰੀਆਂ ਦੇ ਨੱਚਦੇ ਪੈਰਾਂ ਦੇ ਝੰਕਾਰਾਂ ਸਨ ਇਕ ਦਿਨ ਦੋਵੇਂ ਮੱਛੀਆਂ ਫੜਨ ਗਏ ਐਂਟੋਨੀ ਦਾ ਕਾਂਟਾ ਉੱਕਾ ਖਾਲੀ ਰਿਹਾ, ਉਸਨੇ ਆਪਣੇ ਨੌਕਰ ਨੂੰ ਪੜ੍ਹਾਯਾ ਕਿ ਮਲਕ ਜੇਹੇ ਪਾਣੀ ਵਿਚ ਚੁੱਭੀ ਲਾ ਕੇ ਮੇਰੇ ਕਾਂਟੇ ਵਿਚ ਫੜੀਆਂ ਮੱਛੀਆਂ ਟੁੰਗ ਦੇਵੇ। ਸੋ ਏਹੀ ਹੋਯਾ। ਲਗਾਤਾਰ ਤਿੰਨ ਚਾਰ ਮੱਛੀਆਂ ਐਂਟੋਨੀ ਨੇ ਬੜੇ ਚਾ ਨਾਲ ਫੜ ਕੱਢੀਆਂ। ਕਲੀਓਪੈਟਰਾ ਤਾੜ ਗਈ ਪਰ ਮਸਤ ਹੋ ਰਹੀ। ਦੂਜੇ ਦਿਨ ਮਲਕਾ ਦੇ ਚੁਭੋਲਿਆਂ ਨੇ ਇਕ ਅਚਾਰੀ ਮੱਛੀ ਲਿਆਕੇ ਐਂਟੋਨੀ ਦੇ ਕਾਂਟੇ ਨੂੰ ਜੋੜ ਦਿਤੀ। ਐਂਟੋਨੀ ਨੇ ਇਕ ਕਾਂਟਾ ਖਿੱਚਿਆ ਅਚਾਰੀ ਮੱਛੀ ਕਾਂਟੇ ਵਿਚ ਅੜੀ ਆ ਗਈ, ਬੜਾ ਹਾਸਾ ਹੋਯਾ ਤੇ ਕਲੀਓਪੈਟਰਾ ਭੋਲਾ ਜੇਹਾ ਮੂੰਹ ਬਣਾ ਕੇ ਆਖਣ ਲਗੀ ਜਰਨੈਲ ਸਿੰਘ ਜੀ ਏਹ ਮੱਛੀਆਂ ਫੜਨ ਦਾ ਕਿੱਤਾ ਸਾਡੇ ਵਰਗੇ ਗਰੀਬ ਬਾਦਸ਼ਾਹਾਂ ਨੂੰ ਹੀ ਸੋਂਹਦਾ ਹੈ ਤੁਸੀਂ ਆਪਣੇ ਸ਼ਹਰਾਂ ਸੂਬਿਆਂ ਤੇ ਬਾਦਸ਼ਾਹੀਆਂ ਦਾ ਕਿੱਤਾ ਹੀ ਸੰਭਾਲੋ।

ਘਰੋਂ ਖਬਰ ਆਈ ਕਿ ਤੇਰੀ ਵਹੁਟੀ ਫਲੇਵੀਆ ਸੀਜ਼ਰ ਨਾਲ ਲੜ ਕੇ ਹਾਰ ਖਾ ਕੇ ਰੋਮ ਤੋਂ ਨਿੱਕਲ ਤੁਰੀ ਹੈ। ਨਾਲੇ ਮਧ ਏਸ਼ੀਆ ਦੇ ਵੈਰੀ ਦਰਿਆ ਫ਼ਰਾਤ ਟੱਪ ਕੇ ਪੱਛਮ ਵਲ ਨੂੰ ਵਧ ਰਹੇ ਹਨ। ਮਜਬੂਰੀ ਕਲੀਓਪੈਟਰਾ ਦੀ

ਸੁਹਾਣੀ ਸੇਜ ਛੱਡ ਕੇ ਮੁੜਨਾ ਪਿਆ, ਘਰ ਦੇ ਨੇੜੇ ਢੁਕਦਿਆਂ ਮਿਸਰੀ ਨਸ਼ਿਆਂ ਦੀ ਖੁਮਾਰੀ ਉਤਰਨ ਲਗੀ ਪਰ ਬਿਧਨਾ ਨੇ ਅਜਹੀ ਰੁਖ ਦੀ ਹਵਾ ਤੋਰੀ ਕਿ ਫਲੇਵੀਆ ਵਿਚਾਰੀ ਪਤੀ ਨੂੰ ਮੁੜ ਮਿਲਣ ਤੇ ਕਲੀਓਪੈਟਰਾ ਤੋਂ ਉਹ ਦਾ ਪੱਲਾ ਛੁਡਾਉਣ ਦੀਆਂ ਖੁਸ਼ੀਆਂ ਵਿਚ ਹੀ ਰਾਹ ਵਿਚ ਬੀਮਾਰ ਹੋ ਕੇ ਚਲਾਣਾ ਕਰ ਗਈ ਤੇ ਆਸ਼ਕ ਮਸ਼ੂਕ ਦੋਹਾਂ ਦਾ ਰਾਹ ਸਾਫ ਕਰ ਗਈ।

ਰੋਮ ਵਿਚ ਸੀਜ਼ਰ ਨੇ ਐਂਟਨੀ ਨਾਲ ਸੁਲਹ ਸਫਾਈ ਕਰ ਲਈ ਤੇ ਉਸ ਨੂੰ ਪੂਰਬੀ (ਏਸ਼ੀਆਈ) ਸੂਬਿਆਂ ਦਾ ਅਧਿਕਾਰੀ ਠਹਰਾਯਾ ਗਿਆ, ਆਪ ਉਸ ਨੇ ਇਟਲੀ ਆਦਿ ਪੱਛਮੀ ਸੂਬੇ ਲੈ ਲਏ ਤੇ ਉੱਤਰੀ ਅਫਰੀਕਾ ਇਕ ਤੀਜੇ ਲੈਪੀਡਸ ਨੂੰ ਦੇ ਕੇ ਰੋਮਨ ਸਾਮਰਾਜ ਦੀਆਂ ਵੰਡੀਆਂ ਪਾ ਲਈਆਂ। ਅੰਗ ਸਾਕਾਂ ਨੇ ਘਰੋਗੀ ਝਗੜਿਆਂ ਨੂੰ ਉੱਕਾ ਮਿਟਾਣ ਲਈ ਅੰਤ ਐਂਟਨੀ ਨੂੰ ਮਿਸਰੀ ਜਾਲ ਤੋਂ ਹੋੜਨ ਲਈ ਉਸ ਦਾ ਸੀਜ਼ਰ ਦੀ ਇਕ ਸੱਜਰੀ ਛੁਟਰ ਭੈਣ ਉਕਟੇਵੀਆ ਨਾਲ ਵਿਆਹ ਰਚਾ ਦਿਤਾ। ਐਂਟਨੀ ਅਤੇ ਸੀਜ਼ਰ ਦੀ ਸੁਲਹ ਸਫਾਈ ਉਤੋਂ ਉਤੋਂ ਤਾਂ ਹੋ ਗਈ ਪਰ ਅੰਦਰੋਂ ਮੁਢਲਾ ਵਿਰੋਧ ਧੁਖਦਾ ਰਿਹਾ, ਕੁਛ ਗਲਾਂ ਅਜੇਹੀਆਂ ਹੋਈਆਂ ਕਿ ਆਪੋ ਵਿਚ ਦੇ ਮੇਲ ਜੋਲ ਖੇਡਾਂ ਸ਼ਿਕਾਰ ਚੌਪਟ ਮੁਰਗੇ ਬਟੇਰੇ ਲੜਾਉਣ ਵਿਚ ਸੀਜ਼ਰ ਦਾ ਹਥ ਉਤੇ ਰਿਹਾ ਕਰੇ। ਐਂਟਨੀ ਦੇ ਜੋਤਸ਼ੀ ਨੇ (ਜੋ ਕਿ ਖਬਰੇ ਕਲੀ-ਓਪੈਟਰਾ ਦਾ ਦੂਤ ਸੀ) ਭੀ ਸਮੇਂ ਸਮੇਂ ਐਂਟਨੀ ਨੂੰ ਏਹੀ ਪੜ੍ਹਤ ਦ੍ਰਿੜਾਈ ਕਿ ਸੀਜ਼ਰ ਦੇ ਸਾਹਮਣੇ ਤੇਰਾ ਸਤਾਰਾ ਮਾਂਦ ਪੈਂਦਾ ਰਹੇਗਾ। ਇਸ ਤਰਹ ਐਂਟਨੀ ਦੇ ਦਿਲ ਵਿਚ ਸੁਲਘਦੀ ਅੱਗ ਇਕ ਵਾਰ ਫੇਰ ਕਿਸੇ ਗੱਲੋਂ ਮੱਚ ਪਈ ਤੇ ਉਹ ਤਿੰਨ ਸੌ ਜਹਾਜ਼ ਲੈਕੇ ਇਟਲੀ ਉਤੇ ਚੜ੍ਹ ਆਯਾ। ਉਕਟੇਵੀਆ ਵਿਚਾਰੀ ਭਾਈ ਤੇ ਖਸਮ ਦੀ ਲੜਾਈ ਵਿਚ ਬੜੀ ਦੁਖੀ ਹੋਈ ਤੇ ਬਹੁਤ ਮਿੰਨਤਾਂ ਤਰਲਿਆਂ ਨਾਲ ਵਿਚ ਪੈ ਕੇ ਇਕ ਵਾਰ ਫੇਰ ਮਿਟ ਮਿਟਾਉ ਕਰਵਾ ਦਿਤਾ।

ਆਖਰ ਐਂਟਨੀ ਉਕਟੇਵੀਆ ਨੂੰ ਲੈ ਕੇ ਯੂਨਾਨ ਦੀ ਹਕੂਮਤ ਮੱਲ ਬੈਠਾ। ਜਦ ਏਸ਼ੀਆ ਵਲੋਂ ਫੇਰ ਵੈਰੀ ਦਲ ਦੀਆਂ ਖਬਰਾਂ ਆਈਆਂ, ਐਂਟਨੀ ਨੂੰ ਜਾਣਾ ਪਿਆ। ਕੀਲੇ ਹੋਏ ਸਪ ਦੇ ਕਾਰੋਂ ਬਾਹਰ ਨਿਕਲ ਤੁਰਨ ਵਾਂਗ ਜਦ ਏਸ਼ੀਆ ਪਹੁੰਚਿਆ ਉਥੇ ਫ਼ੇਰ ਉਸ ਨੂੰ ਕਲੀਓਪੈਟਰਾ ਦਾ ਵਿਯੋਗ ਜਾਗ ਪਿਆ ਤੇ ਉਸ ਨੂੰ ਆਪਣੇ ਕੋਲ ਸੱਦ ਲਿਆ। ਆਉਂਦੀ ਨੂੰ ਐਂਟਨੀ ਨੇ ਤੁਰਕੀ ਦੇ ਸੂਬੇ ਫੇਨੀਸ਼ੀਆ ਸੀਰੀਆ, ਟਾਪੂ ਸਾਈਪ੍ਰਸ, ਖਾਣਾ ਭਰਿਆ ਇਲਾਕਾ ਸੀਲੀਸ਼ੀਆ ਯਹੂਦੀ ਦੇਸ਼ ਦਾ

ਹਿੱਸਾ ਕੁਛ ਅਰਬਸਤਾਨ ਆਦਕ ਉਸ ਦੀ ਝੋਲੀ ਪਾ ਕੇ ਖੁਸ਼ ਕੀਤਾ। ਏਥੇ ਹੀ ਬਸ ਨਹੀਂ ਕੀਤੀ ਉਸ ਦੇ ਉਦਰੋਂ ਜੰਮੇ ਆਪਣੇ ਜੋੜਿਆਂ ਨੂੰ (ਇਕ ਮੁੰਡਾ ਇਕ ਕੁੜੀ) ਅਪਣਾ ਲਿਆ, ਨਵੇਂ ਨਾਮ ਰਖ ਦਿਤੇ ਤੇ ਸੂਰਜ ਤ ਚੰਦ੍ਰਮਾ ਨਾਲ ਉਨ੍ਹਾਂ ਦੀ ਬੰਸਾਵਲੀ ਮੇਲ ਦਿੱਤੀ। ਰੋਮਨਾਂ ਨੂੰ ਏਨ੍ਹਾਂ ਵਧੀਕੀਆ ਦਾ ਬੜਾ ਗੁੱਸਾ ਲਗਾ ਕਿ ਸਾਡੇ ਸੂਬੇ ਇਕ ਮਿਸਰੀ ਵਿਭਚਾਰਨ ਨੂੰ ਦੇ ਰਿਹਾ ਹੈ। ਇਤਹਾਸਕਾਰ ਐਂਟੋਨੀ ਦੀ ਕਰਨੀਆਂ ਉਤੇ, ਪਰਦਾ ਪਾਉਣ ਵਜੋਂ ਲਿਖਦਾ ਹੈ ਕਿ ਰੋਮਨ ਸਾਮਰਾਜ ਦੀ ਸ਼ਾਨ ਬਾਦਸ਼ਾਹੀਆਂ ਬਖਸ਼ਣ ਵਿਚ ਸੀ ਨਾ ਕਿ ਲੈਣ ਵਿਚ ਅਤੇ ਖਾਨਦਾਨੀ ਮਤ ਫੈਲਾਉਣ ਦਾ ਏਹੀ ਇਕ ਤਰੀਕਾ ਹੁੰਦਾ ਹੈ ਕਿ ਜਿਥੇ ਜਾਵੇ ਨਵੀਂ ਵੇਲ ਵਧਾਏ ਤੇ ਤੇ ਨਵੇਂ ਬਾਦਸ਼ਾਹਾਂ ਦੀ ਪੀੜੀ ਚਾਲੂ ਕਰੇ-ਸੋ ਤਾਂ ਐਂਟੋਨੀ ਕਰ ਰਿਹਾ ਸੀ।

ਮੱਧ ਏਸ਼ੀਆ ਦੇ ਪਾਰਥੀ ਲੋਕਾਂ ਉੱਤੇ ਚੜ੍ਹਾਈ ਕਰਨੀ ਜ਼ਰੂਰੀ ਹੋ ਗਈ। ਕਲੀਓਪੈਟਰਾ ਨੂੰ ਮਿਸਰ ਮੋੜ ਦਿਤਾ ਆਪ ਆਰਮੀਨੀਆ ਵਿਚ ਜਾ ਵੜਿਆ। ਕਲੀਓਪੈਟਰਾ ਕੋਲ ਛੇਤੀ ਮੁੜ ਆਵਣ ਦੀ ਲਾਲਸਾ ਨੇ ਜੰਗੀ ਤਜਰਬੇ ਭੁਲਾ ਦਿਤੇ ਪੂਰੀ ਤਿਆਰੀ ਕਰ ਕੇ ਸੋਚ ਸਮਝ ਕੇ ਹਮਲਾ ਕਰਨ ਦੀ ਥਾਂ ਥੱਕੀਆਂ ਤੇ ਅਧੜਵੰਜੇ ਫੌਜਾਂ ਨੂੰ ਝੋਕ ਦਿੱਤਾ, ਫੌਜਾਂ ਹਾਰੀਆਂ ਤਾਂ ਨਹੀਂ ਵੈਰੀ ਨੂੰ ਭੀ ਭਾਂਜ ਨਾ ਦੇ ਸਕੀਆਂ, ਮੁੜਨਾ ਪਿਆ ਤੇ ਜਦ ਛੇ ਮਹੀਨੇ ਪਿੱਛੋਂ ਰੋਮਨ ਫੌਜਾਂ ਆਪਣੇ ਇਲਾਕੇ ਸਲਾਮਤੀ ਨਾਲ ਮੁੜੀਆਂ ੭੦ ਹਜ਼ਾਰ ਪੈਦਲ, ੩੪ ਹਜ਼ਾਰ ਘੋੜ ਸਵਾਰ ਪਿਛੇ ਏਸ਼ੀਆ ਵਿਚ ਛਡ ਆਈਆਂ ਸਨ। ਕਲੀਓਪੈਟਰਾ ਫੇਰ ਆ ਮਿਲੀ। ਏਧਰੋਂ ਪਤਨੀ ਓਕਟੇਵੀਆ ਦਾ ਸਨੇਹਾ ਆਯਾ ਕਿ ਮੈਂ ਤੇਰੀਆਂ ਫੌਜਾਂ ਲਈ ਰਸਦ ਤੇ ਕਪੜੇ ਲੈ ਕੇ ਆ ਰਹੀ ਹਾਂ। ਕਲੀਓ-ਪੈਟਰਾ ਨੂੰ ਪੈ ਗਈ ਕਿ ਜੇ ਉਕਟਵੀਆ ਆ ਕੇ ਐਂਟੋਨੀ ਨਾਲ ਰਹਿਣ ਲਗ ਪਈ ਉਹ ਹਥੋਂ ਜਾਂਦਾ ਰਹੂ। ਏਸ਼ੀਆ ਦੀ ਲੜਾਈ ਭੀ ਹਾਲਾਂ ਇਕ ਸਿਰੇ ਨਹੀਂ ਸੀ ਚੜ੍ਹੀ ਉਧਰ ਮੁੜ ਜਾਣ ਦਾ ਭੀ ਖਿਆਲ ਸੀ। ਘਰ ਕਲੀਓਪੈਟਰਾ ਮੰਜੇ ਪੈ ਗਈ, ਰੋਟੀ ਛੱਡ ਦਿੱਤੀ ਦਿਨ ਦਿਨ ਮਾਂਦ ਪੈਣ ਲਗੀ—ਐਂਟੋਨੀ ਨੂੰ ਆਪਣਾ ਇਸ਼ਕ ਜਤਾਉਣ ਲਈ ਅਥਰੂ ਵਗਾਣ ਲੱਗ ਪਈ ਆਪਣੇ ਬੇਲੀਆਂ ਤੋਂ ਐਂਟੋਨੀ ਨੂੰ ਝਾੜਾਂ ਪਵਾਉਣ ਲਗ ਪਈ ਕਿ ਤੇਰੇ ਇਸ਼ਕ ਵਿਚ ਵਿਚਾਰੀ ਮਰ ਚੱਲੀ ਹੈ ਤੇ ਮਲਕਾ ਹੁੰਦੀ ਹੋਈ ਤੇਰੀ ਖਾਤਰ ਬਦਨਾਮ ਹੋ ਰਹੀ ਹੈ। ਹੋਰ ਅਨੇਕ ਯਤਨ ਅਰੰਭ ਦਿੱਤੇ। ਸਿੱਟਾ ਏਹ ਨਿਕਲਿਆ ਕਿ ਉਕਟੇਵੀਆਂ ਨੂੰ ਹੁਕਮ ਹੋਯਾ ਕਿ ਤੂੰ ਜਿੱਥੇ ਹੈਂ ਉਥੇ ਹੀ

ਰਹੋ ਕਿਉਂਕਿ ਮੈਂ ਮੁੜ ਏਸ਼ੀਆ ਵਲ ਧਾਵਾ ਕਰਨਾ ਹੈ, ਤੇ ਕਲੀਓਪੈਟਰਾ ਘਰ ਦੀ ਮਾਲਕ ਬਣੀ ਰਹੀ।

ਪਿਛੋ ਸੀਜ਼ਰ ਨੂੰ ਭੈਣ ਉਕਟੇਵੀਆ ਨਾਲ ਕੀਤੀ ਬਦਸਲੂਕੀ ਦਾ ਗੁੱਸਾ ਚੜ੍ਹਿਆ ਤੇ ਉਹ ਫੇਰ ਐਂਟੋਨੀ ਨਾਲ ਲੜਨ ਦੀਆਂ ਤਿਆਰੀਆਂ ਕਰਨ ਲੱਗ ਪਿਆ। ਐਂਟੋਨੀ ਨੇ ਸਗੋਂ ਕਲੀਓਪੈਟਰਾ ਤੇ ਉਸਦੇ ਬੱਚਿਆਂ ਨੂੰ ਵਧੇਰੇ ਇਲਾਕੇ ਦੇ ਦਿਤੇ ਜਿਸ ਕਰਕੇ ਰੋਮਨ ਲੋਕ ਉਸ ਤੋਂ ਹੋਰ ਦੂਰ ਹੁੰਦੇ ਚਲੇ ਗਏ। ਕਿਸੇ ਧ੍ਰੋਹੀ ਨੇ ਐਂਟੋਨੀ ਦੀ ਵਸੀਅਤ ਸੀਜ਼ਰ ਨੂੰ ਜਾ ਦੱਸੀ, ਵਿਚ ਲਿਖਿਆ ਸੀ ਕਿ ਜੇ ਮੈਂ ਰੋਮ ਵਿਚ ਮਰਾਂ ਮੇਰੀ ਲਾਸ਼ ਕਲੀਓਪੈਟਰਾ ਨੂੰ ਮਿਸਰ ਵਿਚ ਭੇਜੀ ਜਾਵੇ। ਵਸੀਅਤ ਵਿਚ ਹੋਰ ਭੀ ਗੱਲਾਂ ਸਨ। ਰੋਮਨ ਸ਼ਹਰੀਆਂ ਨੂੰ ਪਤਾ ਲੱਗਾ ਕਿ ਪਰਗਾਸਸ ਦੀ ਪੁਸਤਕਾਲਯ ਜਿਸ ਵਿਚ ਦੋ ਲਖ ਸੈਂਚੀਆਂ ਸਨ ਕਲੀਓਪੈਟਰਾ ਨੂੰ ਦਿਤੀ ਜਾਣੀ ਸੀ। ਸੀਜ਼ਰ ਹਰ ਹੀਲੇ ਨਾਲ ਐਂਟੋਨੀ ਤੋਂ ਰੋਮਨਾਂ ਨੂੰ ਬੇਗੁਮਾਨ ਕਰਦਾ ਰਿਹਾ। ਐਂਟੋਨੀ ਦੇ ਦੋਸਤ ਉਸ ਦੀਆਂ ਸਫਾ-ਈਆਂ ਕਰਦੇ ਰਹੇ ਖੜੋਤੇ ਤੇ ਆਖਰ ਆਪਣੇ ਵਿਚੋਂ ਇਕ ਜੈਮੀਨੀਅਸ ਨੂੰ ਉਸ ਕੋਲ ਭੇਜਿਆ ਕਿ ਬਾਬਾ ਅਪਣਾ ਆਪ ਕਿਉਂ ਗਵਾ ਰਿਹਾ ਹੈਂ ਤੇ ਜੇ ਏਹੋ ਹਾਲ ਰਿਹਾ ਕਿਸੇ ਦਿਨ ਤੈਨੂੰ ਦੇਸ਼ ਧ੍ਰੋਹੀ ਕਰਾਰ ਦੇ ਦਿਤਾ ਜਾਵੇਗਾ। ਪਹਲਾਂ ਤਾਂ ਕਲੀਓਪੈਟਰਾ ਦੇ ਪੱਖੀਆਂ ਨੇ ਜੈਮੀਨੀਅਸ ਨੂੰ ਐਂਟੋਨੀ ਦੇ ਨੇੜੇ ਹੀ ਨਾ ਲੱਗਣ ਦਿਤਾ। ਤੇ ਆਖਰ ਜਦ ਉਹ ਬੜਾ ਕੁਝ ਸਹ ਕੇ ਸੁਣ ਕੇ ਐਂਟੋਨੀ ਨੂੰ ਮਿਲਿਆ ਗੱਲ ਉਸਨੇ ਏਹ ਆਖੀ ਕਿ ਜੇ ਤੂੰ ਕਲੀਓਪੈਟਰਾ ਤੋਂ ਮੂੰਹ ਮੋੜ ਲਵੇਂ ਸਭ ਕੁਛ ਰਾਸ ਆ ਸਕਦਾ ਹੈ। ਅੰਟੋਨੀ ਏਹ ਸੁਣ ਕੇ ਚਮਕਿਆ ਤੇ ਕਲੀਓਪੈਟਰਾ ਆਖਣ ਲਗੀ ਸ਼ੁਕਰ ਕਰ ਜੈਮੀਨੀਅਸ ਤੂੰ ਕਾਠ ਮਾਰੇ ਜਾਣ ਤੋਂ ਪਹਲਾਂ ਹੀ ਗੱਲ ਖੋਲ੍ਹ ਕੇ ਦਸ ਦਿੱਤੀ ਹੈ। ਜੈਮੀਨੀਅਸ ਵਿਚਾਰਾ ਮਸਾਂ ਜਾਨ ਬਚਾ ਕੇ ਮੁੜਿਆ। ਏਸ ਤਰ੍ਹਾਂ ਐਂਟੋਨੀ ਦੇ ਹੋਰ ਹਿਤੂ ਤੇ ਭਲਾ ਚਾਹਣ ਵਾਲੇ ਇਕ ਇਕ ਕਰਕੇ ਕਲੀਓਪੈਟਰਾ ਦੇ ਹਥਕੰਡਿਆਂ ਨਾਲ ਉਸ ਤਾਂ ਦੂਰ ਕੀਤੇ ਗਏ।

ਓੜਕ ਸੀਜ਼ਰ ਨੇ ਕਲੀਓਪੈਟਰਾ ਵਿਰੁਧ ਜੰਗ ਦਾ ਏਲਾਨ ਕਰ ਦਿੱਤਾ ਤੇ ਐਂਟੋਨੀ ਵਿਰੁਧ ਫ਼ਤਵਾ ਦੇ ਦਿਤਾ ਕਿ ਉਸ ਨੇ ਆਪਣੇ ਸਾਰੇ ਅਧਿਕਾਰ ਇਕ ਪਰਾਈ ਇਸਤ੍ਰੀ ਨੂੰ ਦੇ ਕੇ ਆਪ ਮਦਹੋਸ਼ ਹੋ ਬੈਠਾ ਹੈ ਏਸ ਕਰਕੇ ਸਾਰੇ ਉਹ ਅਧਿਕਾਰ ਜ਼ਬਤ ਕੀਤੇ ਜਾਂਦੇ ਹਨ। ਬਸ ਦੋਹਾਂ ਧਿਰਾਂ ਨੇ ਫ਼ੌਜਾਂ ਤੇ ਜਹਾਜ਼ ਬੀੜਨੇ

ਆਰੰਭ ਦਿਤੇ ਤੇ ਇਕ ਵਾਰ ਰੋਮਨ ਸਾਮਰਾਜ ਉਤੇ ਹਨੇਰੇ ਬੱਦਲ ਛਾ ਗਏ। ਮੰਦਰਾਂ ਵਿਚ ਮੰਦੇ ਸ਼ਗਨ ਹੋਣ ਲੱਗ ਪਏ। ਦੇਵਤਿਆਂ ਦੇ ਬੁਤ ਮੁੜ੍ਹਕੇ ਨਾਲ ਤਰ ਹੋਣ ਲੱਗ ਪਏ ਤੇ ਲੋਕਾਂ ਦੇ ਦਿਲ ਦਹਲ ਗਏ, ਚਾਰੇ ਪਾਸੇ ਮਾੜੇ ਸ਼ਗਨ ਦਿੱਸਣ ਲਗ ਪਏ।

ਐਂਟੋਨੀ ਕੋਲ ਪੰਜ ਸੌ ਜਹਾਜ਼ ਸੀ, ਹੋਰ ਨਿੱਕੀਆਂ ਮੋਟੀਆਂ ਕਿਸ਼ਤੀਆਂ ਤੋਂ ਛੁਟ, ਇਕ ਲੱਖ ਪੈਦਲ ਤੇ ਬਾਰਾਂ ਹਜ਼ਾਰ ਘੋੜ ਸਵਾਰ ਫ਼ੌਜ ਸੀ। ਐਂਟੋਨੀ ਦੇ ਅਧੀਨ ਕਈ ਦੇਸ਼ਾਂ ਤੇ ਇਲਾਕਿਆਂ ਨੇ ਉਸ ਲਈ ਕੁਮਕ ਭੇਜੀ। ਐਂਟੋਨੀ ਦਾ ਰਾਜ ਦਰਿਆ ਫ਼ਰਾਤ ਤੋਂ ਲਾ ਕੇ ਯੂਨਾਨੀ ਟਾਪੂਆਂ ਤੀਕ ਸੀ, ਇਸ ਤੋਂ ਅਗੇ ਪੱਛਮ ਵਲ ਨੂੰ ਸੀਜ਼ਰ ਦਾ ਵਸੀਕਾਰ ਸੀ। ਸੀਜ਼ਰ ਕੋਲ ਕੁਲ ਢਾਈ ਸੌ ਲੜਨੇ ਜਹਾਜ਼, ਅੱਸੀ ਹਜ਼ਾਰ ਪੈਦਲ ਤੇ ਐਂਟੋਨੀ ਜਿੱਨੇ ਘੋੜ ਸਵਾਰ ਸਨ ਪਰ ਕਲੀਓਪੈਟਰਾ ਦੇ ਇਸ਼ਕ ਨੇ ਉਸ ਨੂੰ ਐਨਾ ਅੰਨ੍ਹਾਂ ਕਰ ਦਿਤਾ ਸੀ ਕਿ ਕਲਿਓ-ਪੈਟਰਾ ਦੀ ਚਾਹ ਅਨੁਸਾਰ ਉਹ ਸਮੁੰਦਰੀ ਲੜਾਈ ਲੜਕੇ ਹੀ ਵੈਰੀ ਨੂੰ ਹਟਾਣਾ ਲੋੜਦਾ ਰਿਹਾ। ਖੁਸ਼ਕੀ ਦੀ ਪੈਦਲ ਫੌਜ ਤੇ ਰਸਾਲਾ ਸੀਜ਼ਰ ਤੋਂ ਵੱਧ ਸੀ, ਸਾਰੀ ਉਮਰ ਉਹ ਖੁਸ਼ਕੀ ਉਤੇ ਹੀ ਦੇਸ਼ ਪਰਦੇਸ਼ ਜਿੱਤਦਾ ਰਿਹਾ ਅਤੇ ਸਲਾਹਕਾਰਾਂ ਦੇ ਕਹਿੰਦਿਆਂ ਕਿ ਆਪਣੇ ਜਹਾਜ਼ਾਂ ਉੱਤੇ ਨਾ ਪੂਰੀ ਨਫ਼ਰੀ ਹੈ ਤੇ ਨਾ ਜਿੰਨੀ ਹੈ ਉਹ ਹਥਿਆਰਬੰਦ ਹੈ ਖਬਰੇ ਮੱਤ ਨੇ ਕੀ ਪਲਟਾ ਖਾਧਾ ਕਿ ਸਭ ਅਕਲ ਦੀਆਂ ਗੱਲਾਂ ਨੂੰ ਪਰੇ ਸੁਟ ਕੇ ਕਲੀਓਪੈਟਰਾ ਦੇ ਆਖੇ ਅਨੁਸਾਰ ਜ਼ਹਾਜ਼ੀ ਲੜਾਈ ਉਤੇ ਸਾਰੀ ਜੰਗ ਦਾ ਨਿਰਭਰ ਸੁੱਟ ਦਿੱਤਾ। ਸਾਲੇ ਭਣਈਏ ਦਾ ਯੁਧ ਸੀ, ਆਪੋ ਵਿਚ ਸਾਂਝੇ ਮਿਤ੍ਰਾਂ ਰਾਹੀਂ ਇਕ ਦੂਜੇ ਨੂੰ ਮੇਹਣੇ ਤਾਨੇ ਹੁੰਦੇ ਰਹੇ। ਐਂਟੋਨੀ ਨੇ ਸੀਜ਼ਰ ਨੂੰ ਵੰਗਾਰਿਆ ਭੀ ਕਿ ਫੌਜਾਂ ਨੂੰ ਜਾਣ ਦੇਹ ਆ ਮੇਰੇ ਨਾਲ ਆਪਾ ਹੱਥ ਕਰਕੇ ਨਿਪਟ ਲੈਂਦੇ ਹਾਂ ਪਰ ਹੋਣੀ ਨਹੀਂ ਟਲਦੀ। ਫ਼ੌਜਾਂ ਤੇ ਜਹਾਜ਼ ਆਮੋ ਸਾਹਮਣੇ ਹੋ ਖ਼ਲੋਤੇ। ਦੋ ਤਿੰਨ ਦਿਨ ਹਵਾ ਬੰਦ ਰਹੀ। ਚੌਥੇ ਦਿਨ ਐਂਟੋਨੀ ਦੇ ਵਡੇ ਜਹਾਜ਼ ਹਮਲੇ ਲਈ ਵਧੇ ਸੀਜ਼ਰ ਦੇ ਛੋਟੇ ਜਹਾਜ਼ ਓਨ੍ਹਾਂ ਨੂੰ ਪਏ ਜਿਵੇਂ ਸ਼ਿਕਾਰੀ ਕੁੱਤੇ ਸੂਰਾਂ ਨੂੰ ਪੈਂਦੇ ਹਨ, ਲੜਾਈ ਘਮਸਾਣ ਦੀ ਹੋਈ। ਵਡੇ ਜਹਾਜ਼ਾਂ ਦਾ ਮੁੜਨਾ ਘਿਰਨਾ ਆਉਖਾ ਸੀ ਛੋਟਿਆਂ ਵਿਚ ਫੁਰਤੀ ਸੀ; ਸਾਰਾ ਦਿਨ ਲੜਾਈ ਹੋਈ ਸੰਝ ਪਈ ਇਕ ਬੜੀ ਅਜਬ ਗੱਲ ਹੋਈ।। ਕਲੀਓਪੈਟਰਾ ਦੇ ਸਾਰੇ ਜਹਾਜ਼ ਯਕਾਯਕ ਥਾਵਾਂ ਤੋਂ ਹਿੱਲੇ ਤੇ ਸਮੁੰਦਰੀ ਮੈਦਾਨ ਛਡ ਕੇ ਸਿੱਧੇ ਖੁਲੇ ਸਮੁੰਦਰ ਵਲ

ਨੂੰ ਤੀਰ ਹੋ ਗਏ। ਸੀਜ਼ਰ ਦੇ ਅਫ਼ਸਰ ਹੈਰਾਨ ਹੋ ਗਏ ਕਿ ਏਹ ਕੀ ਹੋਯਾ। ਹੁੰਦੀ ਲੜਾਈ ਵਿਚ ਜਦ ਕਿ ਕਿਸੇ ਪੱਖ ਨੂੰ ਜਿਤ ਯਾ ਹਾਰ ਦਾ ਮੂੰਹ ਨਹੀਂ ਸੀ ਦਿੱਸਣ ਲੱਗਾ ਇਕ ਪਾਸੇ ਦੇ ਐਨੇ ਜਹਾਜ਼ਾਂ ਦਾ ਉਠ ਨੱਸਣਾ ਇਕ ਅਣਹੋਣੀ ਗੱਲ ਸੀ ਪਰ ਹੋਯਾ ਏਸੇ ਤਰ੍ਹਾਂ। ਤੀਵੀਂ ਆਖਰ ਤੀਵੀਂ ਹੀ ਨਿਕਲੀ, ਲੜਾਈ ਨੂੰ ਵਿੱਚੇ ਛੱਡ ਕੇ ਆਪਣੇ ਯਾਰ ਤੇ ਉਸ ਦੀਆਂ ਸਾਰੀਆਂ ਉਮੀਦਾਂ ਆਸਾਂ ਨੂੰ ਵਿਚਾਲੇ ਛੱਡ ਕੇ ਘਰ ਨੂੰ ਤੁਰ ਪਈ। ਕਲੀਓਪੈਟਰਾ ਦੇ ਦਿਲ ਵਿਚ ਕੀ ਸੀ ਇਤਹਾਸਕਾਰ ਅਨੁਮਾਨ ਹੀ ਲਾਉਂਦੇ ਰਹੇ ਹਨ। ਨਿਸਚੇ ਨਾਲ ਕੁਛ ਨਹੀਂ ਆਖਿਆ ਜਾ ਸਕਦਾ। ਮਲੂਮ ਹੁੰਦਾ ਹੈ ਕਿ ਕਲੀਓਪੈਟਰਾ ਦਾ ਇਕ ਨਿਸ਼ਾਨਾ ਪੱਕਾ ਸੀ ਐਂਟੋਨੀ ਨੂੰ ਹਥੋਂ ਨਹੀਂ ਛਡਣਾ। ਜੇ ਉਸਨੂੰ ਖ਼ੁਸ਼ਕੀ ਦੀ ਲੜਾਈ ਲੜਨ ਦੇਂਦੀ ਖਬਰੇ ਉਸ ਕਿਥੇ ਕਿਥੇ ਤੇ ਕਿਵੇਂ ਉਸਦੀਆਂ ਅੱਖਾਂ ਤੋਂ ਪਰੇ ਲਹੂ ਲੁਹਾਣ ਹੋਣਾ ਸੀ ਤੇ ਖਬਰੇ ਰੋਮਨ ਲੋਕ ਓੜਕ ਨੂੰ ਉਸ ਨੂੰ ਪਾੜ ਕੇ ਆਪਣੇ ਵੱਲ ਕਰ ਲੈਂਦੇ ਤੇ ਉਹ ਇਕੱਲੀ ਨਿਖਸਮੀ ਰਹਿ ਜਾਂਦੀ। ਏਹ ਭੀ ਦਿਸਦਾ ਸੀ ਕਿ ਸਮੁੰਦਰੀ ਲੜਾਈ ਵਿਚ ਉਹ ਭਾਵੇਂ ਸਫ਼ਲ ਨਾ ਹੋ ਸਕੇ। ਪਰ ਇਸ਼ਕ ਦੀਆਂ ਅੱਖਾਂ ਉਤੇ ਪੱਟੀ ਬੰਨ੍ਹੀ ਹੁੰਦੀ। ਕਲੀਓਪੈਟਰਾ ਦੇ ਦਿਲ ਵਿਚ ਸੀ ਕਿ ਜੇ ਸਮੁੰਦਰੀ ਲੜਾਈ ਵਿਚ ਜਿਤ ਗਏ ਤਾਂ ਦੁਨੀਆਂ ਐਂਟੋਨੀ ਦੀ ਹੋ ਜਾਵੇਗੀ, ਹਾਰ ਦਾ ਡਰ ਸੀ ਪਰ ਉਮੇਦ ਬੜੀ ਪਰਬਲ ਹੁੰਦੀ ਹੈ। ਜਦ ਸਾਰਾ ਦਿਨ ਸਮੁੰਦਰੀ ਲੜਾਈ ਹੁੰਦੀ ਰਹੀ ਯਕਾਯਕ ਇਸਤ੍ਰੀ ਦਿਲ ਵਿਚ ਆਯਾ ਕਿ ਮੈਂ ਕਾਹਨੂੰ ਵਿਚਾਰੇ ਐਂਟੋਨੀ ਨੂੰ ਬਰਾਨ ਕਰਦੀ ਹਾਂ, ਯਾ ਖਬਰੇ ਕੀ ਗੱਲ ਹੋਈ ਉਹ ਆਪਣੇ ਸੱਠ ਜਹਾਜ਼ ਲੈ ਕੇ ਵਗ ਪਈ।

ਇਤਹਾਸਕਾਰ ਲਿਖਦਾ ਹੈ ਕਿ ਕਿਸੇ ਨੇ ਮਖ਼ੌਲ ਵਿਚ ਆਖਿਆ ਹੈ ਕਿ ਆਸ਼ਕ ਦਾ ਦਿਲ ਪਰਾਏ ਸਰੀਰ ਵਿਚ ਹੁੰਦਾ ਹੈ ਪਰ ਐਂਟੋਨੀ ਨੇ ਸੱਚ ਕਰ ਵਿਖਾਯਾ, ਆਪਣੀ ਸਾਰੀ ਸ਼ਾਨ ਮਰਦਾਊ ਰੋਮਨ ਇੱਤਹਾਸ ਪੰਜਾਹ ਸਾਲਾਂ ਦਾ ਤਜਰਬਾ ਤੇ ਵਡੇ ਵਡੇ ਦੇਸ਼ਾਂ ਨਾਲ ਲੜਨ ਦਾ ਕਿੱਸਾ ਝੂਠਾ ਕਰਕੇ ਉਹ ਕਲੀਓ-ਪੈਟਰਾ ਦੇ ਪਿੱਛੇ ਤੁਰ ਪਿਆ। ਜਦ ਕਲੀਓਪੈਟਰਾ ਨੇ ਵੇਖਿਆ ਕਿ ਉਹ ਪਿੱਛਾ ਕਰ ਰਿਹਾ ਹੈ ਜਹਾਜ਼ ਰੋਕਿਆ ਤੇ ਉਤੇ ਚੜ੍ਹਾ ਲਿਆ—ਤੇ ਉਹ ਚੁਪ ਵੱਟ ਕੇ ਜਹਾਜ਼ ਦੇ ਇਕ ਸਿਰੇ ਮੂੰਹ ਨੂੰ ਹੱਥਾਂ ਨਾਲ ਢਕ ਕੇ ਮਿੱਟੀ ਬਣ ਕੇ ਬੈਠ ਗਿਆ।

ਸੀਜ਼ਰ ਜਿੱਤ ਗਿਆ। ਐਂਟੋਨੀ ਦੀਆਂ ਫ਼ੌਜਾਂ ਨੇ ਸਚ ਨਹੀਂ ਮੰਨਿਆ

ਕਿ ਉਹ ਹਾਰ ਗਏ ਹਨ ਜਦ ਤਕ ਉਨ੍ਹਾਂ ਨੂੰ ਨਿਸਚੇ ਨਹੀਂ ਕਰਵਾਇਆ ਗਿਆ ਕਿ ਐਂਟੋਨੀ ਮੈਦਾਨ ਛੱਡ ਕੇ ਕਲੀਓਪੈਟਰਾ ਨਾਲ ਨਸ ਗਿਆ ਹੈ।

ਕਲੀਓਪੈਟਰਾ ਵਿਚਾਰੀ ਦੇ ਭੀ ਸਭ ਮਨਸੂਬੇ ਮਿੱਟੀ ਵਿਚ ਮਿਲ ਗਏ। ਐਂਟੋਨੀ ਦੁਨੀਆਂ ਦੋਸਤਾਂ ਦੁਸ਼ਮਨਾਂ ਤੋਂ ਅਟੰਕ ਹੋ ਕੇ ਚੁਪ ਵੱਟ ਕੇ ਆਪਣੀ ਸੱਖਣੀ ਜ਼ਿੰਦਗੀ ਬਨਬਾਸੀਆਂ ਵਾਂਗ ਬਿਤਾਉਣ ਲੱਗ ਪਿਆ ਨਾ ਕੋਈ ਉਮੰਗ ਸੀ, ਨਾ ਚਾਹ ਸੀ, ਬਸ ਦੁਨੀਆਂ ਅਤੇ ਦੁਨੀਆਂ ਦੇ ਬੰਦਿਆਂ ਤੋਂ ਦੂਰ ਰਹਣਾ। ਕਲੀਓਪੈਟਰਾ ਦਾ ਮੋਹ ਜਾਪਦਾ ਸੀ ਹੋਣੀ ਦੀ ਸੱਟ ਦੇ ਹੇਠ ਕਿਤੇ ਦਬ ਗਿਆ ਹੈ। ਕਲੀਓਪੈਟਰਾ ਨੂੰ ਦੋ ਫਿਕਰ ਸਨ। ਇਕ ਆਪਣੀ ਔਲਾਦ ਦੂਜਾ ਆਪਣੀ ਇੱਜ਼ਤ ਦਾ। ਔਲਾਦ ਲਈ ਉਹ ਸੀਜ਼ਰ ਕੋਲ ਦੂਤ ਭੇਜ ਕੇ ਅਰਜ਼ਾਂ ਕਰਦੀ ਸੀ ਤੇ ਆਪਣੀ ਇਜ਼ਤ ਲਈ ਉਸ ਦਾ ਇਲਾਜ ਬੜਾ ਸੁਖੱਲਾ ਸੀ—ਮੌਤ ਦਾ ਰਾਹ ਕੇਵਲ ਵਿਧੀ ਦੀ ਵਿਚਾਰ ਸੀ ਕਿ ਮੌਤ ਹੋਵੇ ਕਿਵੇਂ।

ਸੀਜ਼ਰ ਮਿਸਰ ਉੱਤੇ ਚੜ੍ਹਾਈ ਦੀਆਂ ਤਿਆਰੀਆਂ ਕਰਨ ਲੱਗ ਪਿਆ। ਏਧਰ ਆਸ਼ਕ ਮਾਸ਼ੂਕ ਦੀ ਨਾ ਰਹਣੀ ਵਿਥ ਮਿਲ ਗਈ। ਕਲੀਓਪੈਟਰਾ ਨੂੰ ਦਿਸਿਆ ਕਿ ਉਸ ਨੇ ਆਪਣੇ ਆਸ਼ਕ ਨੂੰ ਕਿਥੋਂ ਦਾ ਕਿੱਥੇ ਲਿਆ ਸੁੱਟਿਆ ਹੈ। ਜਦ ਆਪਣਾ ਜਨਮ ਦਿਨ ਆਯਾ ਚੁਪ ਕਰ ਰਹੀ, ਐਂਟੋਂਨੀ ਦਾ ਜਨਮ ਦਿਨ ਸ਼ਾਹੀ ਠਾਠ ਨਾਲ ਮਨਾਯਾ। ਲੋੜਵੰਦਿਆਂ ਦੀਆਂ ਝੋਲੀਆਂ ਭਰ ਦਿਤੀਆਂ, ਜਸ਼ਨ ਮਨਾਯਾ। ਸੀਜ਼ਰ ਨੂੰ ਪਤਾ ਸੀ ਮਿਸਰ ਦੀ ਮਲਕਾ ਕੋਲ ਬੇਅੰਤ ਖਜ਼ਾਨਾ ਹੈ, ਏਹ ਵੀ ਉਹ ਨਹੀਂ ਸੀ ਚਾਹੁੰਦਾ ਕਿ ਕਲੀਓਪੈਟਰਾ ਵਰਗੀ ਜਗਤ ਪ੍ਰਸਿਧ ਗੁਣ ਪਰਬੀਨ ਮਲਕਾ ਦਾ ਅੰਤ ਭੈੜਾ ਹੋਵੇ। ਜਦ ਚਿੱਠੀਆਂ ਨਾਲ ਕੁਝ ਫ਼ੈਸਲਾ ਨਾ ਹੋਯਾ ਨਾ ਕਲੀਓਪੈਟਰਾ ਨੇ ਐਂਟੋਨੀ ਨੂੰ ਤਜਣਾ ਮੰਨਿਆ ਤੇ ਨਾ ਸੀਜਰ ਨੇ ਉਸ ਦੇ ਪੁੱਤਾਂ ਨੂੰ ਰਾਜ ਦੇਣਾ ਮੰਨਿਆ; ਸੀਜ਼ਰ ਨੇ ਮਿਸਰ ਉਤੇ ਚੜ੍ਹਾਈ ਕਰ ਦਿਤੀ।

ਕਲੀਓਪੈਟਰਾ ਨੇ ਆਪਣੇ ਲਈ ਵੱਡੇ ਮਿਸਰੀ ਮੰਦਰ ਦੇ ਲਾਗੇ ਇਕ ਵੱਡਾ ਉੱਚਾ ਆਸਰੇ ਵਾਲਾ ਮਕਬਰਾ ਤਿਆਰ ਕਰ ਲਿਆ। ਉਸ ਵਿਚ ਉਸ ਨੇ ਆਪਣਾ ਸਾਰਾ ਸੋਨਾ ਚਾਂਦੀ ਹੀਰੇ ਜਵਾਹਰ ਮੋਤੀ ਆਬਨੂਸ ਹਾਥੀ ਦੰਦ ਤੇ ਕੀਮਤੀ ਖ਼ੁਸ਼ਬੂਦਾਰ ਬੂਟੀਆਂ ਜਮਾ ਕਰ ਦਿੱਤੀਆਂ। ਜਦ ਸੀਜ਼ਰ ਦੀ ਫੌਜ ਆਈ ਐਂਟੋਂਨੀ ਨੇ ਪਹਲੇ ਹੱਲੇ ਵਿਚ ਉਨ੍ਹਾਂ ਨੂੰ ਕੁਛ ਰੋਕ ਪਾਈ ਪਰ ਮੁਕਾਬਲਾ ਕੁਛ ਨਹੀਂ ਸੀ ਐਂਟੋਨੀ ਨੇ ਇਕ ਵਾਰ ਫੇਰ ਸੀਜ਼ਰ ਨੂੰ ਵੰਗਾਰਿਆ ਕਿ ਫੌਜਾਂ ਨੂੰ ਛੱਡ ਕੇ ਆਪਾਂ

ਇਕੱਲੇ ਹੱਥ ਕਰ ਲਈਏ, ਸੀਜ਼ਰ ਨੇ ਜੁਆਬ ਦਿਤਾ ਕਿ ਮਰਨ ਦੇ ਹੋਰ ਬਥੇਰੇ ਢੰਗ ਹਨ। ਦੂਜੇ ਦਿਨ ਮਿਸਰੀ ਜਹਾਜ਼ ਤੇ ਫੌਜਾਂ ਸਾਰੇ ਸੀਜ਼ਰ ਦੀ ਈਨ ਮੰਨ ਕੇ ਉਸ ਨਾਲ ਜਾ ਰਲੇ। ਐਂਟੋਨੀ ਵਿਚਾਰਾ ਏਹ ਦਸ਼ਾ ਦੇਖ ਕੇ ਸ਼ਹਰ ਵਿਚ ਆ ਵੜਿਆ। ਤੇ ਪੁਕਾਰਨ ਲਗਾ ਕਲੀਓਪੈਟਰਾ ਤੂੰ ਦਗਾ ਕੀਤਾ ਹੈ। ਉਹ ਡਰ ਕੇ ਆਪਣੇ ਮਕਬਰੇ ਵਿਚ ਜਾ ਲੁਕੀ ਤੇ ਦਰਵਾਜ਼ੇ ਅੰਦਰੋਂ ਬੰਦ ਕਰ ਲਏ। ਉਥੋਂ ਕਿਸੇ ਨੇ ਅਖਵਾ ਭੇਜਿਆ ਕਿ ਕਲੀਓਪੈਟਰਾ ਮਰ ਗਈ ਹੈ। ਜਦ ਐਂਟੋਨੀ ਨੇ ਸੁਣਿਆ ਆਖਣ ਲਗਾ 'ਐਂਟੋਨੀ ਹੁਣ ਢਿਲ ਕਿਸ ਚੀਜ਼ ਦੀ ਹੈ, ਤਕਦੀਰ ਨੇ ਹੁਣ ਉਹ ਚੀਜ਼ ਖੋਹ ਲਈ ਹੈ। ਜਿਸ ਲਈ ਤੂੰ ਜੀਉਂਦਾ ਸੈਂ।" ਆਪਣੇ ਕਮਰੇ ਵਿਚ ਗਿਆ ਬਕਤਰ ਖੋਲ੍ਹਿਆ, ਤੇ ਕੁਛ ਪਰੇਸ਼ਾਨੀ ਵਿਚ ਬੋਲਿਆ ਮੇਰੇ ਨਾਲੋਂ ਤਾਂ ਤੀਵੀਂ ਵਧ ਗਈ। ਇਕ ਪੁਰਾਣਾ ਨੌਕਰ ਸੀ ਈਰੋਸ, ਉਸ ਨੂੰ ਹੁਕਮ ਸੀ (ਜਿਸ ਤਰ੍ਹਾਂ ਪੁਰਾਣਾ ਰਿਵਾਜ ਸੀ) ਕਿ ਜਦ ਲੋੜ ਪਈ ਮੇਰੀ ਜਾਨ ਖਤਮ ਕਰ ਦੇਣੀ। ਹੁਕਮ ਹੋਯਾ ਤਾਂ ਵਿਚਾਰੇ ਈਰੋਸ ਨੇ ਆਪਣੀ ਤਲਵਾਰ ਨਾਲ ਅਪਣਾ ਘਾਤ ਕਰ ਲਿਆ। ਐਂਟੋਨੀ ਨੇ ਵੇਖਿਆ ਕਿ ਜਿਸ ਚੀਜ਼ ਦਾ ਮੈਨੂੰ ਹੌਸਲਾ ਨਹੀਂ ਸੀ ਪੈਂਦਾ ਮੇਰਾ ਪੁਰਾਣਾ ਵਫਾਦਾਰ ਨੌਕਰ ਰਾਹ ਵਿਖਾ ਗਿਆ ਹੈ, ਤਲਵਾਰ ਦੀ ਨੋਕ ਉਤੇ ਢਿਡ ਭਾਰ ਡਿਗ ਪਿਆ ਹੈ, ਜਖਮੀ ਹੋ ਗਿਆ ਮਰਿਆ ਨਹੀਂ। ਏਨੇ ਨੂੰ ਕਲੀਓਪੈਟਰਾ ਦਾ ਆਦਮੀ ਐਂਟੋਨੀ ਨੂੰ ਉਸ ਦੇ ਕੋਲ ਲੈ ਜਾਣ ਲਈ ਆ ਗਿਆ।

ਉਸ ਨੂੰ ਚੁੱਕ ਕੇ ਮਕਬਰੇ ਕੋਲ ਲੈ ਗਏ, ਅੰਦਰੋਂ ਦਰਵਾਜ਼ਾ ਨਹੀਂ ਖੁਲ੍ਹਿਆ ਉਸ ਦੀ ਨੌਕਰਾਣੀ ਨੇ ਖਿੜਕੀ ਵਿਚੋਂ ਰੱਸਾ ਲਮਕਾਇਆ ਜਿਸ ਨਾਲ ਬੰਨ੍ਹ ਕੇ ਉਸ ਨੂੰ ਖਿਚਿਆ। ਵੇਖਣ ਵਾਲੇ ਦਸਦੇ ਹਨ ਕਿ ਬੜਾ ਦਿਲ ਸੱਲਵਾਂ ਨਜ਼ਾਰਾ ਸੀ। ਐਂਟੋਨੀ ਲਹੂ ਵਿਚ ਲੱਥ ਪਥ ਆਖਰੀ ਦਮ ਤੋੜਦਾ ਤੇ ਅੰਦਰੋਂ ਦੋ ਨੌਕਰਾਣੀਆਂ ਦੀ ਮਦਦ ਨਾਲ ਕਲੀਓਪੈਟਰਾ ਉਸ ਨੂੰ ਸਾਰਾ ਜ਼ੋਰ ਲਾ ਕੇ ਖਿਚ ਰਹੀ, ਕਲੀਓਪੈਟਰਾ ਨੇ ਆਪਣੇ ਆਸ਼ਕ ਨੂੰ ਮੰਜੇ ਉਤੇ ਪਾ ਦਿਤਾ ਆਪਣੇ ਸਾਰੇ ਚੀਰ ਫਾੜ ਸੁੱਟੇ, ਪਿੱਟ ਪਿੱਟ ਕੇ ਛਾਤੀ ਲਹੂ ਲੂਹਾਨ ਕਰ ਲਈ, 'ਮੇਰਾ ਸਾਂਈ ਮੇਰਾ ਪਤੀ ਮੇਰਾ ਪਾਤਸ਼ਾਹ ਕਹ ਕੇ ਬੇਸੁੱਧ ਤੇ ਬਾਉਲੀ ਜੇਹੀ ਹੋ ਗਈ। ਐਂਟੋਨੀ ਨੇ ਸ਼ਰਾਬ ਦੀ ਘੁੱਟ ਮੰਗੀ ਪੀ ਕੇ ਉਸ ਨੇ ਦੋ ਗੱਲਾਂ ਕੀਤੀਆਂ, ਇਕ ਤਾਂ ਤੂੰ ਆਪਣੇ ਕਾਰਜਾਂ ਨੂੰ ਜਿਵੇਂ ਹੋ ਸਕੇ ਸਿਰੇ ਚਾੜ੍ਹ ਲੈ ਤੇ ਫਲਾਨੇ ਆਦਮੀ ਨੂੰ ਆਪਣਾ ਮਦਦਗਾਰ ਸਮਝੀਂ। ਦੂਜਾ ਏਹ ਕਿ ਮੇਰਾ ਫਿਕਰ ਨਾ ਕਰ ਸਗੋਂ ਖੁਸ਼ ਹੋ ਕਿ ਅਪਣੀ ਸਾਰੀ

ਉਮਰ ਸ਼ਾਨ ਤੇ ਸੁਖ ਵਿਚ ਬਿਤਾਈ ਹੈ ਤੇ ਮੈਂ ਇਕ ਚੋਣਵਾਂ ਮਸ਼ਹੂਰ ਜ਼ੋਰ ਵਾਲਾ ਆਦਮੀ ਹੋ ਕੇ ਰਿਹਾ ਹਾਂ ਤੇ ਮੈਂ ਕਿਸੇ ਖੁਨਾਮੀ ਨਾਲ ਨਹੀਂ ਮਰ ਰਿਹਾ। ਰੋਮਨ ਹੱਥਾਂ ਨਾਲ ਹੀ ਰੋਮਨ ਦਾ ਅੰਤ ਹੋਇਆ ਹੈ।

ਸੀਜ਼ਰ ਨੇ ਕੋਸ਼ਸ਼ ਕੀਤੀ ਕਿ ਕਲੀਓਪੈਟਰਾ ਜਿਵੇਂ ਕਿਵੇਂ ਹੋਵੇ ਨਾ ਮਰੇ। ਉਸਨੇ ਭੀ ਸੀਜ਼ਰ ਨਾਲ ਅਜਿਹੀ ਗੱਲ ਬਾਤ ਕੀਤੀ ਤੇ ਰਵਈਆ ਰਖਿਆ ਜਿਸ ਤੋਂ ਪਰਤੀਤ ਆ ਗਈ ਕਿ ਉਹ ਅਪਣਾ ਘਾਤ ਨਹੀਂ ਕਰੇਗੀ। ਐਂਟੋਨੀ ਨੂੰ ਦਫ਼ਨ ਕਰਨ ਦੀ ਆਗਿਆ ਦਿਤੀ ਗਈ ਤੇ ਕਲੀਓਪੈਟਰਾ ਨੇ ਉਸ ਨੂੰ ਪੂਰੇ ਸ਼ਾਨ ਤੇ ਮਾਨ ਨਾਲ ਦਫਨਾਯਾ। ਜਦ ਇਕ ਦਿਨ ਸ਼ੀਜ਼ਰ ਆਪ ਕਲੀਓਪੈਟਰਾ ਨੂੰ ਮਿਲਣ ਆਯਾ ਉਹ ਬੜੀ ਮਾਂਦ ਪੈ ਚੁਕੀ ਸੀ। ਉਸ ਨੇ ਆਪਣੇ ਸਾਰੇ ਖਜਾਨੇ ਦੀ ਸੂਚੀ ਉਸਦੇ ਹਵਾਲੇ ਕਰ ਦਿਤੀ। ਮਲੂਮ ਹੋਇਆ ਕਿ ਦੋ ਚਾਰ ਚੀਜ਼ਾਂ ਸੂਚੀ ਵਿਚ ਨਹੀਂ ਹਨ ਤਾਂ ਆਖਣ ਲਗੀ ਕਿ ਏਹ ਚੀਜ਼ਾਂ ਮੈਂ ਤੇਰੀ ਭੈਣ ਉਕਟੇਵੀਆ ਤੇ ਧੀ ਲਿਵੀਆ ਲਈ ਰੱਖ ਛੱਡੀਆਂ ਹਨ ਤਾਂ ਜੋ ਮੈਂ ਉਨ੍ਹਾਂ ਨੂੰ ਖਾਲੀ ਹਥ ਨਾ ਮਿਲਾਂ। ਇਸ ਤੋਂ ਸੀਜ਼ਰ ਨੂੰ ਹੋਰ ਯਕੀਨ ਹੋ ਗਿਆ ਤੇ ਉਸਦੀ ਤਸੱਲੀ ਹੋ ਗਈ।

ਪਰ ਸੀਜ਼ਰ ਦੇ ਅਪਣੇ ਇਕ ਨਰਮ ਦਿਲ ਅਹਲਕਾਰ ਤੋਂ ਪਤਾ ਲਗਾ ਕਿ ਸੀਜ਼ਰ ਕਲੀਓਪੈਟਰਾ ਤੇ ਉਸ ਦੇ ਬੱਚਿਆਂ ਨੂੰ ਲੈ ਜਾਵੇਗਾ। ਕਲੀਓਪੈਟਰਾ ਨੇ ਐਂਟੋਨੀ ਨੂੰ ਪਿੰਡ ਪੂਜਣ ਦੀ ਆਗਿਆ ਮੰਗੀ ਜੋ ਮਿਲ ਗਈ। ਅਪਣੀ ਬਾਂਦੀਆਂ ਨੂੰ ਲੈ ਕੇ ਐਂਟੋਨੀ ਦੀ ਕਬਰ ਤੇ ਗਈ ਤੇ ਜੀ ਭਰ ਕੇ ਵੈਣ ਪਾਏ, ਉਸ ਨਾਲ ਗੱਲਾਂ ਕੀਤੀਆਂ ਆਖਿਆ ਐਂਟੋਨੀ ਮੈਤੋਂ ਹੋਰ ਉਮੇਦਾਂ ਨਾ ਰੱਖ ਜੀਊਂਦੇ ਵਿਛੜੇ ਨਹੀਂ ਪਰ ਮੌਤ ਨੇ ਬੜੀ ਵਿੱਥ ਪਾ ਦਿੱਤੀ ਹੈ ਤੂੰ ਇਕ ਰੋਮਨ ਹੋ ਕੇ ਮਿਸਰ ਵਿਚ ਸੌਂ ਰਿਹਾ ਹੈਂ ਮੈਂ ਮਿਸਰ ਦੀ ਹਾਂ ਮੈਨੂੰ ਬਸ ਇਕ ਦਾਤ ਬਖਸ਼ ਮੈਂ ਭੀ ਮਿਸਰ ਵਿਚ ਰਹਾਂ। ਉਪਰਲੇ ਦੇਵਤਿਆਂ ਨੇ ਸਾਡੇ ਨਾਲ ਬੜਾ ਜ਼ੁਲਮ ਕੀਤਾ ਹੈ, ਐਂਟੋਨੀ ਜੇ ਹੋ ਸਕੇ ਤਾਂ ਹੇਠਲਿਆਂ ਨੂੰ ਮੇਰੀ ਖ਼ਾਤਰ ਪ੍ਰਾਰਥਨਾ ਕਰ ਕਿ ਮੇਰੀ ਅਬਰੋ ਵਿਚ ਫਰਕ ਨਾ ਆਵੇ, ਮੈਂ ਤੇਰੀ ਹੋ ਕੇ ਰੋਮ ਦੇ ਬਜ਼ਾਰਾਂ ਵਿਚ ਨਾ ਰੁਲਾਂ, ਐਂਟੋਨੀ ਮੈਨੂੰ ਨੇੜੇ ਹੀ ਕਿਧਰੇ ਆਪਣੇ ਕੋਲ ਲੁਕਾ ਲੈ ਤੇਰਾ ਵਿਛੋੜਾ ਸਹਿਆ ਨਹੀਂ ਜਾਂਦਾ।

ਵੈਣ ਪਾ ਕੇ ਕਬਰ ਨੂੰ ਫੁਲਾਂ ਦੇ ਹਾਰ ਪਹਨਾਏ ਅਸ਼ਨਾਨ ਕੀਤਾ ਆਖਰੀ ਖਾਣਾ ਖਾਧਾ, ਏਨੇ ਨੂੰ ਇਕ ਪੇਂਡੂ ਮੁੰਡਾ ਹਥ ਵਿਚ ਟੋਕਰੀ ਲੈ ਕੇ ਆ ਗਿਆ,

ਚੋਬਦਾਰਾਂ ਨੇ ਰੋਕਿਆ ਤਾਂ ਆਖਣ ਲਗਾ ਕਿ ਮਲਕਾ ਲਈ ਮਿਠੀਆਂ ਅੰਜੀਰਾਂ ਹਨ, ਲਓ ਖਾਕੇ ਵੇਖੋ ਸੁਆਦ। ਉਨ੍ਹਾਂ ਹੱਸ ਕੇ ਉਸਨੂੰ ਅੱਗੇ ਤੋਰ ਦਿਤਾ। ਜਦ ਕਲੀਓਪੈਟਰਾ ਨੇ ਉਸ ਨੂੰ ਵੇਖਿਆ ਕੁਛ ਚਾਅ ਜੇਹਾ ਚੜ੍ਹ ਗਿਆ। ਅੱਛਾ ਆ ਗਿਆ ਹੈ।

ਛੁੱਟ ਦੋ ਬਾਂਦੀਆਂ ਤੋਂ ਸਾਰਿਆਂ ਨੂੰ ਬਾਹਰ ਕੱਢ ਕੇ ਸੀਜ਼ਰ ਨੂੰ ਆਖਰੀ ਖਤ ਲਿਖ ਦਿਤਾ। ਅੰਜੀਰਾਂ ਦੇ ਹੇਠ ਮਿਸਰ ਦਾ ਉਹ ਜ਼ਹਰੀ ਸਪੋਲੀਆ ਸੀ ਜੋ ਡੰਗ ਮਾਰ ਕੇ ਕਹੰਦਾ ਹੈ ਮੇਰੇ ਉਤੇ ਨਾ ਡਿਗ। ਮਿਸਰ ਦੀ ਮਲਕਾ ਨੇ ਪਿਆਰ ਨਾਲ ਹਥ ਵਧਾਯਾ—ਪਿਆਰ ਕਿਉਂ ਨਾ ਰੋਵੇ, ਏਦੂੰ ਵਧ ਹੋਰ ਕੇਹੜੀ ਚੀਜ਼ ਹੋ ਸਕਦੀ ਹੈ ਜੋ ਇਕ ਫੇਰੇ ਵਿਚ ਬੇਸੁਧ ਕਰਕੇ ਬੰਦੇ ਨੂੰ ਦੁਨੀਆਂ ਦੇ ਸਾਰੇ ਕਸ਼ਟਾਂ ਤੋਂ ਬਰੀ ਕਰ ਦੇਵੇ—ਇਕ ਕੰਡਾ ਜੇਹਾ ਚੁਭਿਆ ਤੇ ਕਲੀਓਪੈਟਰਾ ਸਦਾ ਦੀ ਨੀਂਦ ਸੌਂ ਗਈ।

ਉਸ ਦੀ ਅੰਤਮ ਚਾਹਨਾ ਇਹ ਸੀ ਕਿ ਮੈਨੂੰ ਐਂਟੋਨੀ ਦੀ ਕਬਰ ਵਿਚ ਦੱਬਿਆ ਜਾਵੇ। ਜਦ ਸੀਜ਼ਰ ਦੇ ਅਹਿਲਕਾਰ ਪਹੁੰਚੇ ਕਲੀਓਪੈਟਰਾ ਮਰ ਚੁਕੀ ਸੀ, ਇਕ ਬਾਂਦੀ ਪੈਰਾਂ ਵਲ ਮਰੀ ਪਈ ਸੀ ਦੂਜੀ ਸ਼ਾਰਮੀਅਨ ਡਿਗੀ ਨਹੀਂ ਸੀ ਪਰ ਜਾਂਦੀ ਜਾਂਦੀ ਆਪਣੀ ਮਲਕਾ ਦੇ ਮੱਥੇ ਦਾ ਟਿੱਕਾ ਸਿਧਾ ਕਰਕੇ ਸਵਾਰ ਰਹੀ ਸੀ।

ਅਹਲਕਾਰ ਨੇ ਸ਼ਾਰਮੀਅਨ ਨੂੰ ਆਖਿਆ ਏਹ ਤੇਰੀ ਮਲਕਾ ਨੇ ਕੁਛ ਚੰਗਾ ਕੰਮ ਕੀਤਾ ਹੈ, ਜਵਾਬ ਮਿਲਿਆ 'ਬਹੁਤ ਵਧੀਆ।'

ਮੁਕਤੀ ਦਾਤਾ

ਧਰਤੀ ਦੀ ਵੱਸੋਂ ਦਾ ਤੀਜਾ ਹਿੱਸਾ ਈਸਾਈ ਮੱਤ ਪਾਲਨ ਵਾਲਿਆਂ ਈਸਾਈਆਂ ਦਾ ਹੈ। ਹਜ਼ਰਤ ਈਸਾ ਮੁਸਲਮਾਨਾਂ ਦੇ ਭੀ ਪੈਗੰਬਰਾਂ ਵਿਚ ਗਿਣੇ ਜਾਂਦੇ ਹਨ। ਇੱਤਹਾਸ ਦੇ ਖੋਜ ਕਰਨ ਵਾਲਿਆਂ ਅਤੇ ਈਸਾਈ ਮੱਤ ਦੇ ਹਰ ਪੱਖ ਨੂੰ ਪੱਕੀ ਤਰ੍ਹਾਂ ਭਾਲ ਕੇ ਹਜ਼ਰਤ ਈਸਾ ਜੀ ਦੇ ਜੀਵਨ ਦੀ ਕਹਾਣੀ ਦੀ ਖੋਜ ਕਰਨ ਵਾਲਿਆਂ ਆਪਣੇ ਪੂਰੇ ਯਤਨ ਕਰਨ ਪਿੱਛੋਂ ਆਖਿਆ ਹੈ ਕਿ ਈਸਾ ਦੇ ਜੀਵਨ ਦੀ ਕਹਾਣੀ ਕਿਤੇ ਭੀ ਵਾਸਤਵਕਤਾ ਦੇ ਘੇਰੇ ਦੇ ਅੰਦਰ ਆਉਂਦੀ ਦਿਖਦੀ ਨਹੀਂ।

ਇਕ ਪੱਛਮੀ ਲਿਖਾਰੀ **Austin Smith** ਆਪਣੀ ਪੁਸਤਕ **'The Reilgion of Man'** ਵਿਚ ਲਿਖਦਾ ਹੈ। 'ਈਸਾਈ ਮੱਤ ਇਕ ਇੱਤਹਾਸਕ ਮੱਤ ਹੈ ਅਰਥਾਤ ਇਸ ਦੀ ਨੀਂਹ ਮੰਨੇ ਪ੍ਰਮੰਨੇ ਸਰਬ ਪੱਖੀ ਅਸੂਲਾਂ ਵਿਚ ਨਹੀਂ ਸਗੋਂ ਬੀਤੇ ਵਰਤਾਂਤ ਵਿਚ ਹੈ; ਇਤਹਾਸਕ ਵਾਕਿਆਤ ਵਿਚ। ਇਹਨਾਂ ਵਿਚੋਂ ਸਭ ਤੋਂ ਜ਼ਰੂਰੀ ਵਰਤਾਂਤ ਘੱਟ ਜਾਣੀਂਦੇ ਇਕ ਯਹੂਦੀ ਬੇਦੀ ਦਾ ਜੀਵਨ ਹੈ ਜੋ ਇਕ ਤਵੇਲੇ ਵਿਚ ਜੰਮਿਆ, ੩੩ ਸਾਲ ਦੀ ਆਯੂ ਵਿਚ ਇਕ ਸੂਰੇ ਵਾਂਗ ਨਹੀਂ ਬਲਕਿ ਇਕ ਦੋਸ਼ੀ ਕਹਾਕੇ ਮਾਰਿਆ ਗਿਆ, ਆਪਣੇ ਜਨਮ ਸਥਾਨ ਤੋਂ ੯੦ ਮੀਲ ਦੂਰ ਤੋਂ ਵਧੇਰੇ ਨਹੀਂ ਗਿਆ, ਮਲਕੀਅਤ ਕੁਛ ਨਹੀਂ ਸੀ ਰਖਦਾ, ਕਿਸੇ ਕਾਲਜ ਵਿਚ ਨਹੀਂ ਗਿਆ, ਕਿਸੇ ਫੌਜ ਦਾ ਸੈਨਾਪਤੀ ਨਹੀਂ ਸੀ ਅਤੇ ਪੁਸਤਕਾਂ ਲਿਖਣ ਦੀ ਥਾਂ ਮਿੱਟੀ ਵਿਚ ਲਿਖਦਾ ਸੀ। ਤਦ ਭੀ ਉਸ ਦਾ ਜਨਮ ਦਿਨ ਦੁਨੀਆਂ ਮਨਾਂਦੀ ਹੈ ਅਤੇ ਉਸ ਦੇ ਜੋਤੀ ਜੋਤ ਸਮਾਉਣ ਨੂੰ ਭੀ ਹਰ

ਦੇਸ਼ ਮਨਾਂਦਾ ਹੈ।' ਉਹ ਕੌਣ ਸੀ ? ਵਰਤਮਾਨ ਸਮੇਂ ਦੇ ਇਕ ਈਸਾਈ ਜਰਮਨ ਜੰਮੇ ਸੁਵੀਟਿਜ਼ਰ **Schwettzer** ਨੇ ਆਪਣੀ ਗੰਭੀਰ ਪੁਸਤਕ 'ਇੱਤਹਾਸਕ ਯਸੂਹ ਦੀ ਭਾਲ' ਵਿਚ ਕੁਛ ਏਨ੍ਹਾਂ ਸ਼ਬਦਾਂ ਵਿਚ ਲਿਖਦਿਆਂ ਕਿਹਾ ਹੈ 'ਈਸਾ ਦੇ ਜੀਵਨ ਦੀ ਬਾਰੀਕ ਗਹੁਭਰੀ ਖੋਜ ਉੱਕਾ ਨੱਨਾ ਹੀ ਸਿੱਟਾ ਕੱਢਦੀ ਹੈ। ਨਾਜ਼ਰਥ ਵਾਸੀ ਯਸੂਹ ਜੋ ਮਸੀਹ ਅਖਵਾਯਾ ਜਿਸ ਨੇ ਰੱਬ ਦੀ ਪਾਦਸ਼ਾਹੀ ਦਾ ਮਤ ਚਾਲੂ ਕੀਤਾ ਅਤੇ ਜਿਸ ਨੇ ਆਪਣੇ ਜੀਵਨ ਕਰਮ ਨੂੰ ਆਪਣੀ ਜਾਨ ਦੇ ਕੇ ਸਫਲ ਕੀਤਾ ਕਦੇ ਹੋਯਾ ਹੀ ਨਹੀਂ" ਏਹ ੧੯੦੬ ਵਿਚ ਲਿਖਿਆ ਗਿਆ ਸੀ। ਪਰ ਭਾਲ ਹਾਲਾਂ ਚੱਲ ਰਹੀ ਹੈ। ਏਨ੍ਹਾਂ ਗੂਹੜੀ ਖੋਜ ਦੇ ਸਵਾਲਾਂ ਵਿਚ ਨਾ ਉਲਝਦੇ ਹੋਏ ਸਾਡਾ ਆਸ਼ਾ ਹੈ ਕਿ ਇਕ ਬੜੀ ਸੁੰਦਰ ਜਗਤ-ਪ੍ਰਸਿਧ ਵਿਅਕਤੀ ਨੂੰ ਸੱਚੇ ਸ਼ਰਧਾਲੂਆਂ ਵਾਂਗ ਉਨ੍ਹਾਂ ਰੰਗਾਂ ਵਿਚ ਉੱਕਰਨਾ ਹੀ ਉਚਿੱਤ ਹੈ ਜੇਹੜੇ ਕਿ ਦੁਨੀਆਂ ਨੂੰ ਰੱਜਵਾਂ ਜੀਵਨ ਰੱਸ ਦੇ ਰਹੇ ਹਨ ਅਤੇ ਜਿਨ੍ਹਾਂ ਉਤੇ ਐਡੀ ਦੁਨੀਆਂ ਨੂੰ ਵਿਸ਼ਵਾਸ਼ ਹੈ।

ਯਸੂਹ ਮਸੀਹ ਨਾਜ਼ਰਥ ਗਰਾਮ ਦਾ ਵਾਸੀ ਸੀ ਜੋਕਿ ਸੀਰੀਆ ਨਾਮੀ ਦੇਸ਼ ਵਿਚ ਯੂਰੋਸ਼ਲਮ ਦੇ ਕੋਲ ਇਕ ਕਸਬਾ ਹੈ, ਯਹੂਦੀ ਸੀ; ਇਕ ਬੇਢੀ ਦੀ ਕਾਰਿਆਲਾ ਵਿਚ ਕੰਮ ਕਰਦਾ ਸੀ। ੩੦ ਸਾਲ ਦੀ ਉਮਰ ਵਿਚ ਉਸ ਨੂੰ ਕੁਛ ਤਰੰਗ ਉਠੀ, ਉਸ ਨੇ ਆਪਣਾ ਕੰਮ ਕਾਜ ਛਡ ਕੇ ਜੰਗਲ ਵਿਚ ਆਪਣੇ ਇਕ ਸਾਕ ਯੋਹੱਨਾ ਨਾਮੀ ਵਡੇਰੇ ਦੀ ਸੰਗਤ ਜਾ ਕੀਤੀ। ਯੋਹੱਨਾ ਨੂੰ ਮਲੂਮ ਹੁੰਦਾ ਹੈ ਕਦੇ ਕਦੇ ਅਕਾਸ਼ ਬਾਣੀ ਹੁੰਦੀ ਸੀ ਤੇ ਆਮ ਲੋਕ ਜਾ ਕੇ ਉਸ ਦਾ ਪ੍ਰਚਾਰ ਸੁਣਦੇ ਸਨ। ਜਦ ਯਸੂਹ ਜੀ ਨੇ ਉਸ ਕੋਲ ਜਾ ਕੇ ਚੇਲੇ ਬਨਣ ਦਾ ਸੰਕਲਪ ਪ੍ਰਗਟ ਕੀਤਾ ਯੋਹੱਨਾ ਆਖਣ ਲਗਾ ਮੈਂ ਤੇਰਾ ਚੇਲਾ ਬਨਣ ਫ਼ਿਰਦਾ ਹਾਂ ਤੂੰ ਮੇਰੇ ਕੋਲੋਂ ਕੀ ਲੈਣਾ ਹੈ। ਬਸ ਏਥੋਂ ਈਸਾ ਦੀ ਕਹਾਣੀ ਤੁਰਦੀ ਹੈ ਤੇ ਕੁੱਲ ਤਿੰਨਾਂ ਸਾਲਾਂ ਵਿਚ ਸਮਾਪਤ ਹੋ ਜਾਂਦੀ ਹੈ।

ਚਾਲੀ ਦਿਨਾਂ ਦਾ ਛਿਲਾ ਕੱਟਣ ਪਿੱਛੋਂ ਯਸੂਹ ਦੇ ਜੀਵਨ ਵਿਚ ਇਕ ਨਿਰਾਲੇ ਜਗਤ ਦੀ ਛੋਹ ਪ੍ਰਗਟ ਹੋਈ। ਸੱਚੇ ਰਬ ਦੀ ਪਾਦਸ਼ਾਹੀ ਨੂੰ ਰੋਕ ਪਾਉਣ ਵਾਲੇ ਵਡੇ ਦੂਤ ਸ਼ੈਤਾਨ ਨੇ ਯਸੂਹ ਨੂੰ ਬਥੇਰਾ ਹੋੜਿਆ ਕਿ ਤੂੰ ਏਸ ਰਾਹ ਤੋਂ ਮੂੰਹ ਮੋੜ ਲੈ, ਯਸੂਹ ਨੂੰ ਹਰ ਪ੍ਰਕਾਰ ਦੇ ਬਾਗ ਬਗੀਚੇ ਦੁਨੀਆਂ ਦਾ ਰਾਗ ਤੇ ਮਨ ਨੂੰ ਮੋਹਣ ਵਾਲੇ ਰੰਗ ਪੇਸ਼ ਕੀਤੇ ਪਰ ਯਸੂਹ ਭਿਜਿਆ ਨਹੀਂ। ਏਸ ਛਿਲੇ

ਪਿਛੋਂ ਤੇ ਸ਼ੈਤਾਨ ਦੇ ਜਾਲ ਤੋਂ ਬੱਚ ਨਿੱਕਲਣ ਨਾਲ ਯਸੂਹ ਵਿਚ ਕਰਾਮਾਤੀ ਰਿੱਧੀਆਂ ਸਿਧੀਆਂ ਤੋਂ ਛੁੱਟ ਇਕ ਅਜਿਹਾ ਪ੍ਰੇਮ ਪ੍ਰਭਾਵ ਉਤਪੰਨ ਹੋਯਾ ਕਿ ਲੋਕ ਉਸ ਵਲ ਖਿੱਚੇ ਗਏ ਤੇ ਉਸ ਦੇ ਬਚਨ ਸੁਨਣ ਲਈ ਤਾਉਲੇ ਹੋ ਗਏ।

ਜਦ ਯਸੂਹ ਬਨਵਾਸੀ ਯੋਹੰਨਾ ਦੀ ਸੰਗਤ ਤੋਂ ਮੁੜ ਵਸੋਂ ਵਿਚ ਆਯਾ ਤਾਂ ਉਹ ਇਕ ਅਸਚਰਜ ਕਰਨ ਵਾਲਾ ਨਵਾਂ ਬੰਦਾ ਬਣ ਚੁੱਕਾ ਸੀ।

ਰੱਬ ਦੀ ਹੋਂਦ ਤੇ ਰੱਬ ਦੀ ਸ਼ਕਤੀ ਦਾ ਉਸ ਦੇ ਮਨ ਵਿਚ ਏਨਾ ਵਿਸ਼ਵਾਸ਼ ਹੋ ਗਿਆ ਸੀ ਕਿ ਉਸ ਦੇ ਸੁਭਾਵਕ ਬਚਨ ਪੂਰੇ ਹੋ ਜਾਂਦੇ ਸਨ। ਲੰਗੜੇ ਤੇ ਲੂਲ੍ਹੇ ਅਪਾਹਜ ਜਦ ਉਸ ਦੀ ਓਟ ਲੈਂਦੇ ਸਨ ਉਨ੍ਹਾਂ ਨੂੰ ਯਸੂਹ ਵਿਚ ਪੂਰਨ ਬੱਲ ਪਰਤੀਤ ਹੁੰਦਾ ਸੀ। ਜਦ ਯਸੂਹ ਲੰਗੜੇ ਨੂੰ ਆਪਣੇ ਪ੍ਰੇਮ ਤੇ ਬਲ ਨਾਲ ਕਹਿੰਦਾ ਉਠਕੇ ਤੁਰ ਉਹ ਆਪਣਾ ਲੰਗੜਾਪਣ ਭੁੱਲ ਜਾਂਦਾ ਸੀ। ਜਦ ਰੋਗੀ ਨੂੰ ਯਸੂਹ ਫੂਕ ਮਾਰਦਾ ਸੀ ਉਸ ਦਾ ਰੋਗ ਦੂਰ ਹੋ ਜਾਂਦਾ ਸੀ। ਲੋਕ ਉਸ ਦੀਆਂ ਕਰਾਮਾਤਾਂ ਨੂੰ ਪਹਿਲਾਂ ਅਚੰਭੇ ਨਾਲ ਫ਼ੇਰ ਵਿਸ਼ਵਾਸ਼ ਤੇ ਸ਼ਰਧਾ ਨਾਲ ਵੇਖਣ ਲਗ ਪਏ।

ਦਸ ਬਾਰਾਂ ਮਮੂਲੀ ਆਦਮੀ ਉਸ ਨਾਲ ਰਲ ਗਏ। ਯਸੂਹ ਦੀ ਸੰਗਤ ਤੇ ਉਸ ਦੇ ਬਚਨਾਂ ਵਿਚ ਰਸ ਸੀ, ਸੁਆਦ ਸੀ, ਜੀਵਨ ਝਲਕ ਸੀ।

ਉਸ ਸਮੇਂ ਈਸਾ ਦੇ ਦੇਸ ਉਤੇ ਸਾਰੇ ਉਸ ਇਲਾਕੇ ਵਿਚ ਰੋਮਨ ਰਾਜ ਸੀ। ਰੋਮਨਾਂ ਦਾ ਵੱਡਾ ਇੱਕੋ ਇਕ ਮਨੋਰਥ ਏਹ ਸੀ ਕਿ ਉਨ੍ਹਾਂ ਦੀ ਅਮਲਦਾਰੀ ਵਿਚ ਭੰਗ ਨਾ ਪਵੇ, ਸ਼ਾਂਤੀ ਤੇ ਅਮਨ ਰਹੇ ਤੇ ਦੇਸ਼ ਤੋਂ ਸਰਕਾਰੀ ਮਾਮਲਾ ਪੂਰੀ ਤਰਹ ਵਸੂਲ ਹੁੰਦਾ ਰਹੇ। ਏਸ ਵੱਡੇ ਆਸ਼ੇ ਦੇ ਅਧੀਨ ਹੋਰ ਕੁੱਛ ਹੁੰਦਾ ਰਹੇ, ਰੋਮਨਾਂ ਨੂੰ ਕੁਛ ਨਹੀਂ ਸੀ। ਸਥਾਨਕ ਰੋਮਨ ਹਾਕਮਾਂ ਦਾ ਸੀਰੀਆ ਉਤੇ ਉਹੋ ਜੇਹਾ ਵਸੀਕਾਰ ਸੀ ਜੋ ਅੰਗਰੇਜ਼ਾਂ ਦਾ ਭਾਰਤ ਉੱਤੇ ਸੀ। ਸੀਰੀਆ ਦੇ ਲੋਗਾਂ ਵਿਚ ਯਹੂਦੀ ਕੌਮ ਦੀ ਹੀ ਬਹੁ-ਗਿਣਤੀ ਸੀ, ਯਹੂਦੀ ਰਸਮ ਤੇ ਰਵਾਜ ਹੀ ਵਧੇਰੇ ਪ੍ਰਚਲਤ ਸਨ, ਯਹੂਦੀਆਂ ਦੇ ਪ੍ਰਾਚੀਨ ਮੌਤ ਦਾ ਪਰਵਾਹ ਸੀ, ਯਹੂਦੀ ਮੰਦਰ ਰਬ ਦਾ ਘਰ ਅਖਵਾਉਂਦਾ ਸੀ। ਹਜ਼ਾਰਾਂ ਵਰ੍ਹਿਆਂ ਦੇ ਯਹੂਦੀ ਇੱਤਹਾਸ ਵਿਚ ਕੁਝ ਗੱਲਾਂ ਧੁਰੋਂ ਚਲੀਆਂ ਆਉਂਦੀਆਂ ਸਨ। ਜਿਵੇਂ ਕਿ ਹਰ ਇਕ ਦੋ ਸਦੀਆਂ ਮਗਰੋਂ ਕਿਸੇ ਨਾ ਕਿਸੇ ਆਗੂ ਅਵਤਾਰ, ਮਹਾਂ ਪੁਰਖ ਰੱਬ ਦੇ ਰਸੂਲ ਦਾ ਆਉਣਾ ਤੇ ਲੋਕਾਂ ਨੂੰ ਰਾਹ ਪਾਉਣਾ, ਉਨ੍ਹਾਂ ਨੂੰ ਸੰਕਟਾਂ ਵਿਚੋਂ ਕੱਢਣਾ। ਏਹੀ ਕਾਰਨ ਸੀ ਕਿ ਯਸੂਹ ਜਦ ਲੋਕਾਂ ਵਿਚ ਅਜਬ ਅਜਬ ਗੱਲਾਂ, "ਰੱਬ ਦੀ

ਬਾਦਸ਼ਾਹੀ, ਆਸਮਾਨੀ ਪਾਦਸ਼ਾਹੀ ਧਰਤੀ ਉਤੇ, ਮੇਰਾ ਬਾਪੂ ਅਰਸ਼ਾਂ ਵਿਚ," ਕਰਨ ਲਗ ਪਿਆ ਬਹੁਤ ਸਾਰੇ ਯਹੂਦੀ ਸਮਝਣ ਲਗ ਪਏ ਕਿ ਯਸੂਹ ਇਕ ਨਵਾਂ ਰਸੂਲ ਹੈ ਉਸ ਜ਼ਮਾਨੇ ਲਈ। ਇਨਸਾਨੀ ਖਾਸਾ ਭੀ ਹੈ ਕਿ ਜਦ ਕੋਈ ਪੁਰਸ਼ ਪੁਰਾਣੇ ਖਿਆਲ ਤੇ ਚਲੰਤ ਪਰੰਪਰਾ ਨੂੰ ਢਾਹ ਕੇ ਅਨੋਖੇ ਨਾ ਸਪਸ਼ਟ ਹੋਣ ਵਾਲੇ ਵਿਚਾਰ ਲੋਕਾਂ ਅੱਗੇ ਧਰਨ ਲਗ ਪਵੇ ਉਹ ਕੇਵਲ ਅਣਬੁੱਝਤਾ ਵਿਚ ਪਰਭਾਵਤ ਹੋਣ ਲਗ ਪੈਂਦੇ ਹਨ। ਕੇਵਲ ਤਿੰਨ ਸਾਲ ਯਸੂਹ ਦਾ ਜੀਵਨ ਲੋਕਾਂ ਦੇ ਆਪਣੇ ਵਿਚ ਤੇ ਉਨ੍ਹਾਂ ਦੀ ਅਖੀਆਂ ਦੇ ਸਾਹਮਣੇ ਬਤੀਤ ਹੋਇਆ। ਏਸ ਤੁਛ ਜੇਹੇ ਸਮੇਂ ਵਿਚ ਜਿਵੇਂ ਉਪਰ ਲਿਖ ਆਏ ਹਾਂ ਨਾ ਤਾਂ ਯਸੂਹ ਨੇ ਧਰਤੀ ਉਤੇ ਕੋਈ ਅਸਥੂਲ ਤਰਥੱਲੀ ਮਚਾਈ, ਨਾ ਉਸ ਕਿਧਰੇ ਲੰਮਾ ਗਮਨ ਕੀਤਾ, ਨਾ ਉਸ ਦੇ ਜੀਵਨ ਕਰਕੇ ਕੋਈ ਧਰਤੀ ਦਾ ਪਾਤਸ਼ਾਹ ਜਾਂ ਵੱਡਾ ਉਲੱਦਿਆ ਗਿਆ। ਹਾਂ ਖ਼ਿਆਲਾਂ ਵਿਚ ਸਾਧਾਰਨ ਨਵੇਂ ਨਿਰਾਲੇ ਕਿਸਮ ਦੇ ਪ੍ਰੇਮ ਭਰੇ ਬੋਲਾਂ ਵਿਚ ਏਹ ਜ਼ਰੂਰ ਪਰਤੀਤ ਹੋਯਾ ਕਿ ਕਿਸੇ ਨਵੇਂ ਜੀਵਨ ਦਾ ਸੁਨੇਹਾ ਆ ਰਿਹਾ ਹੈ।

ਚੇਲਿਆਂ ਨਾਲ ਰਚਿਆ ਮਿਚਿਆ ਏਹ ਗੱਭਰੂ ਜਿੱਧਰ ਜਾਂਦਾ ਸੀ ਲੋਕੀਂ ਅਵੱਸ਼ਯ ਏਸ ਦੇ ਨਵੇਂ ਢੰਗ, ਨਵੀਆਂ ਗੱਲਾਂ ਨੂੰ ਵੇਖਣ ਲਈ ਅਖ਼ੀਆਂ ਖੋਲ੍ਹ ਲੈਂਦੇ ਸਨ ਤੇ ਸੁਨਣ ਲਈ ਕੰਨ ਚੁੱਕ ਲੈਂਦੇ ਸਨ। ਜਦ ਯਸੂਹ ਆਪਣੇ "ਆਸਮਾਨੀ ਪਿਤਾ" ਦੀਆਂ ਗੱਲਾਂ ਕਰਦਾ ਸੀ ਲੋਕ ਸਮਝਦੇ ਸਨ ਏਹ ਨਵਾਂ ਅਵਤਾਰ ਹੈ। ਜਦ ਉਹ ਅਸਮਾਨੀ ਬਾਦਸ਼ਾਹੀ ਧਰਤੀ ਉਤੇ ਪਸਾਰਨ ਦਾ ਨਾਉਂ ਲੈਂਦਾ ਤਾਂ ਹਮਾ ਤੁਮਾ ਅਨੁਮਾਨ ਲਾਉਂਦੇ, ਸਨ ਕਿ ਏਹ ਵਰਤਮਾਨ ਰਾਜਪ੍ਰਬੰਧ ਉਲਟਣਾ ਲੋੜਦਾ ਹੈ! ਯਹੂਦੀ ਹੋਣ ਕਰਕੇ ਤੇ ਸਾਰੇ ਉਸ ਦਾ ਮਾਣ ਹੁੰਦਾ ਵੇਖ ਕੇ ਆਮ ਅਸੂਝ ਜੰਤਾ ਉਸ ਨੂੰ ਯਹੂਦੀਆਂ ਦਾ ਨਵਾਂ ਬਾਦਸ਼ਾਹ ਯਾ ਬਾਦਸ਼ਾਹਤ ਲੱਭਣ ਵਾਲਾ ਸਮਝਦੇ ਸਨ।"

ਏਹਨਾਂ ਤਿੰਨਾਂ ਸਾਲਾਂ ਵਿਚ ਯਸੂਹ ਨੇ ਆਪਣੇ ਬਚਨਾਂ ਵਿਚ ਅਤੇ ਕਹਣੀ ਕਰਨੀ ਵਿਚ ਕੁਝ ਅਜੇਹਾ ਸਰਵੋਤਮ ਪ੍ਰੇਮ ਮਨੁੱਖੀ ਲਗਨ ਰੱਬੀ ਸ਼ਾਂਤ ਦਾ ਚਾਨਣਾ ਪਾਯਾ ਕਿ ਲੋਕ ਉਸ ਵੱਲ ਖਿੱਚੇ ਆਉਂਦੇ ਸਨ ਤੇ ਉਸ ਕੋਲ ਬੈਠਣ, ਉਸ ਦੇ ਬਚਨ ਸੁਣਨ ਲਈ ਹੋਰ ਸਭ ਕੁਛ ਭੁੱਲ ਜਾਂਦੇ ਸਨ। ਅਸਲੀਅਤ ਇਹ ਹੈ ਕਿ ਯਸੂਹ ਇਕ ਪ੍ਰੇਮ ਰੱਤਿਆ ਮਹਾਂ ਪੁਰਸ਼ ਸੀ ਜੋ ਰੱਬ ਦੇ ਪਿਆਰ ਦੀ ਮਸਤੀ ਵਿਚ

ਬਾਹਲਾ ਕਰਕੇ ਆਪਣਾ ਮਨੁਖੀ ਜਾਮਾ ਭੁਲਾਈ ਫਿਰਦਾ ਰਿਹਾ ਤੇ ਲੋਕ ਆਪਣੀ ਮਤ ਤੇ ਪਹੁੰਚ ਅਨੁਸਾਰ ਉਸ ਦੇ ਬੋਲਾਂ ਤੇ ਕਰਨੀਆਂ ਦਾ ਅਰਥ ਸਮਝਦੇ ਰਹੇ।

ਜਿਵੇਂ ਅੱਜ ਭੀ ਲੋਕ ਮੰਦਰਾਂ ਤੇ ਧਰਮ ਅਸਥਾਨਾਂ ਨੂੰ ਰੋਜ਼ੀ ਦਾ ਵਸੀਲਾ ਬਣਾਉਂਦੇ ਹਨ ਓਦੋਂ ਭੀ ਯਹੂਦੀਆਂ ਨੇ ਆਪਣੇ ਰੱਬ ਦੇ ਘਰ ਵਿਚ ਵਿਉਪਾਰ ਦੇ ਰੁਪਏ ਭੰਨ-ਤੋੜ ਦੀਆਂ ਛਾਬੜੀਆਂ ਲਾਈਆਂ ਹੋਈਆਂ ਸਨ। ਆਖਣ ਨੂੰ ਰੱਬ ਦਾ ਘਰ ਪਰ ਵਰਤਣ ਨੂੰ ਮਾਯਾ ਦਾ ਬਾਜ਼ਾਰ। ਕੁਦਰਤੀ ਸੀ ਯਸੂਹ ਨੂੰ ਏਹ ਪਖੰਡ ਵੇਖ ਕੇ ਰੋਹ ਆ ਗਿਆ ਤੇ ਉਸ ਨੇ ਦੋ ਚਾਰ ਅਜੇਹੇ ਪਖੰਡੀ ਯਹੂਦੀ ਛਾਬੜੀ ਦਾਰਾ ਨੂੰ ਚੁੱਕ ਕੇ ਮਾਰਿਆ ਤੇ ਉਨ੍ਹਾਂ ਦੇ ਤਕੜੀ ਵੱਟੇ ਵਗਾਹ ਮਾਰੇ। ਤਰਥੱਲੀ ਜਿਹੀ ਮੱਚ ਗਈ। ਬਾਹਰ ਸਾਰੇ ਏਸ ਹਰਕਤ ਦਾ ਚਰਚਾ ਹੋ ਗਿਆ। "ਕੱਲ ਦਾ ਮੁੰਡਾ ਉਠ ਕੇ ਸਾਨੂੰ ਤਾੜਨ ਲੱਗ ਪਿਆ ?" ਭਲੇ ਪੁਰਸ਼ਾਂ ਨੂੰ ਏਸ ਪਾਖੰਡ ਦੀ ਨਿਖੇਧੀ ਚੰਗੀ ਲੱਗੀ ਉਹ ਵਾਹ ਵਾਹ ਕਰਨ ਲੱਗ ਪਏ। ਮਾੜਿਆਂ ਤੇ ਅਲਗਰਜ਼ਾਂ ਦੀ ਲੋੜ ਤੇ ਹੋਂ ਨੂੰ ਧਕਾ ਲੱਗਾ, ਉਹ ਯਸੂਹ ਦੇ ਵੈਰੀ ਬਣ ਗਏ।

ਯਹੂਦੀਆਂ ਦਾ ਰਵਾਜ ਸੀ ਵਿਭਚਾਰੀ ਪੁਰਸ਼ ਤੇ ਇਸਤ੍ਰੀਆਂ ਨੂੰ ਵਾਹ ਲਗਦੀ ਹੱਥੀਂ ਮਾਰ ਦੇਣਾ। ਜਦ ਕੋਈ ਅਜੇਹਾ ਵਿਭਚਾਰੀ ਲੱਭ ਪੈਂਦਾ ਉਸਨੂੰ ਪੱਥਰਾਂ ਵੱਟਿਆਂ ਨਾਲ ਮਾਰ ਸੁੱਟਣ ਵਿਚ ਆਪ ਦੂਜੇ ਵਿਭਚਾਰ ਤੇ ਪਖੰਡੀ ਭੀ ਸ਼ਾਮਲ ਹੋ ਜਾਂਦੇ ਸਨ। ਇਕ ਗਰੀਬਣੀ ਨੂੰ ਧੂਹੀ ਲੈ ਆ ਰਹੇ ਸਨ, ਉਦਾਲੇ ਭੀੜ ਸੀ, ਹੱਥਾਂ ਵਿਚ ਵੱਟੇ ਅੱਖੀਆਂ ਵਿਚ ਜਾਨ-ਘਾਤ ਦਾ ਪਸ਼ੂ ਰੋਹ। ਅਗੋਂ ਯਸੂਹ ਜੀ ਆ ਗਏ, ਸਦਾ ਵਾਂਗ ਸ਼ਾਂਤ ਗੰਭੀਰ ਪ੍ਰੇਮ ਮਈ, ਅਸਥਿਰ, ਅਡੋਲ। ਹੱਥ ਚੁੱਕਿਆ, ਖਲਕਤ ਠਿਠਰ ਗਈ। ਜਿਵੇਂ ਪਾਪੀ ਰੱਬੀ ਚਾਨਣੇ ਨਾਲ ਆਪਣੇ ਅੰਦਰ ਦੇ ਹਨੇਰ ਖਾਤੇ ਦੀਆਂ ਗੁੱਠਾਂ ਨੂੰ ਵੇਖ ਕੇ ਦੰਗ ਰਹ ਜਾਂਦਾ ਹੈ। ਭੀੜ ਜਿਥੇ ਸੀ ਪੱਥਰ ਦੇ ਬੁਤ ਬਣ ਗਈ। "ਕੀ ਹੋਯਾ ? ਕੀ ਕੀਤਾ ਹੈ, ਏਸ ਗਰੀਬਣੀ ਨੇ।" ਅਗੋਂ ਜੀਭਾਂ ਨੂੰ ਦੰਦਲ ਪੈ ਗਈ। ਅਜੇਹੀਆਂ ਆਤਮਕ ਚਿੜਿੰਗਾਂ ਝੂਠ ਤੇ ਹਨੇਰ ਨੂੰ ਭਸਮ ਕਰਨ ਵਾਲੀਆਂ ਚਿੜਿੰਗਾਂ ਫੁਟਦੀਆਂ ਸਨ ਉਸ ਸੁੰਦਰ ਸੂਰਜਮੁਖੀ ਦੇ ਲੂੰ ਲੂੰ ਤੋਂ, ਲੋਕਾਂ ਨੂੰ ਆਪਣੇ ਆਪਣੇ ਮਨਾਂ ਦੀ ਪੈ ਗਈ। ਮਨਾਂ ਦੇ ਕੋਝੇ ਹਨੇਰੇ ਵਿਚ ਭਰੇ ਭੰਡਾਰਿਆਂ ਦੀ ਸੋਝੀ ਇਕ ਫੋਰੇ ਵਿਚ

ਹੋ ਗਈ। ਪੁੱਛਿਆ ਕੀ ਕਰੋਗੇ ? ਇਕ ਅਣਭਿਜ ਮੂਰਖ ਬੋਲ ਉੱਠਿਆ ਏਹ ਪਾਪਣ ਹੈ, ਏਸ ਨੂੰ ਵੱਟਿਆਂ ਨਾਲ ਥਾਂ ਮਾਰ ਦੇਣਾ ਹੈ। ਯਸੂਹ ਨੇ ਅਖਾਂ ਚੁੱਕੀਆਂ ਤੇ ਬੁਲ੍ਹਾਂ ਉੱਤੇ ਮਾੜੀ ਜੇਹੀ ਮੁਸਮੁਸੀ ਆਈ ਤੇ ਫ਼ਰਮਾਯਾ "ਚੰਗਾ ਮਾਰੋ, ਪਰ ਪਹਲਾ ਪੱਥਰ ਉਹ ਮਾਰੇ ਜੋ ਪਾਪੀ ਨਹੀਂ, ਜਿਸ ਨੇ ਕਦੇ ਪਾਪ ਨਹੀਂ ਕੀਤਾ।" ਖ਼ਲਕਤ ਇਕ ਪਲ ਵਿਚ ਆਪਣੇ ਆਪਣੇ ਮੂੰਹ ਲੈ ਕੇ ਖਿੰਡ ਗਈ। ਯਸੂਹ ਨੇ ਵਿਚਾਰੀ ਪਾਪਣ ਨੂੰ ਚੁੱਕ ਕੇ ਛਾਤੀ ਨਾਲ ਲਾ ਲਿਆ।


ਚਰਚਾ ਨਵੀਆਂ ਗੱਲਾਂ ਦੀ ਸਦਾ ਹੋਯਾ ਹੀ ਕਰਦੀ ਹੈ। ਜਿਉਂ ਜਿਉਂ ਯਸੂਹ ਸੱਚ ਦੀ ਹਨੇਰੀ ਵਗਾਉਂਦਾ ਝੂਠ ਪਾਖੰਡ ਈਹਖਾ ਦੇ ਬੱਦਲਾਂ ਨੂੰ ਭਾਂਜ ਦੇਈ ਚਲਿਆ ਜਾਂਦਾ ਸੀ ਲੋਕਾਂ ਨੂੰ ਚਾਨਣਾ ਹੁੰਦਾ ਚਲਿਆ ਜਾਂਦਾ ਸੀ।

ਪਰ ਨਾਲ ਨਾਲ ਵੈਰੀ ਵੀ ਵਿਹਾਜੀ ਚਲਿਆ ਜਾ ਰਿਹਾ ਸੀ। ਕੌਣ ਚਾਹੁੰਦਾ ਹੈ ਉਸ ਦਾ ਸਾਲਾਂ ਬੱਧੀ ਕੰਮ ਤੇ ਮੇਹਨਤ ਕਰਕੇ ਉਸਾਰਿਆ ਹੋਯਾ ਕੋਟ ਜਿਸ ਉਤੇ ਉਸ ਦਾ ਗੁਜ਼ਾਰਾ ਹੈ, ਜਿਸ ਵਿਚ ਉਸ ਦੀ ਸ਼ਾਨ ਹੈ, ਉਸ ਨੂੰ ਕੋਈ ਫੂਕ ਮਾਰ ਕੇ ਢਾਹ ਦੇਵੇ। ਮੰਦਰਾਂ ਦੇ ਪੁਜਾਰੀ ਸਨਾਤਨੀ ਚਮਗਾਦੜ, ਉਹ ਪਦਵੀਆਂ ਵਾਲੇ ਸਾਰ ਈਸਾ ਜੀ ਦੇ ਬਚਨਾਂ ਨਾਲ ਵਿੰਨੇ ਜਾ ਰਹੇ ਸਨ ਤੇ ਉਹਦੇ ਵੈਰੀ ਵਧ ਰਹੇ ਸਨ।

ਇਕ ਅਮੀਰਜ਼ਾਦਾ ਆਯਾ, ਆਖਣ ਲਗਾ ਮੈਂ ਹਰ ਸ਼ਨੀਵਾਰ ਪੂਜਾਸਥਾਨ ਜਾਂਦਾ ਹਾਂ, ਵਰਤ ਰਖਦਾ ਹਾਂ, ਛੋਟੇ ਹੁੰਦਿਆਂ ਤੋਂ ਸ਼ਰੀਅਤ ਦੀ ਪਾਲਨਾ ਕਰਦਾ ਹਾਂ; ਮੈਨੂੰ ਕੁਛ ਉਪਦੇਸ਼ ਦੇਹ। ਈਸਾ ਜੀ ਆਖਣ ਲੱਗੇ ਕਿ ਭਾਵੇਂ ਤੂੰ ਬਹੁਤ ਕੁਛ ਕਰਦਾ ਹੈਂ ਪਰ ਹਾਲਾਂ ਤੇਰੇ ਵਿਚ ਕਸਰ ਹੈ, ਜਾਹ ਜਾਕੇ ਜੋ ਧਨ ਤੇਰੇ ਕੋਲ ਹੈ ਗਰੀਬਾਂ ਨੂੰ ਵੰਡ ਦੇਹ। ਅਮੀਰਜ਼ਾਦਾ ਘਾਬਰ ਗਿਆ; ਚੁੱਪ ਵੱਟ ਕੇ ਪੱਲਾ ਝਾੜ ਕੇ ਘਰ ਮੁੜ ਗਿਆ। ਈਸਾ ਜੀ ਸਾਥੀਆਂ ਨੂੰ ਸੰਬੋਧਨ ਕਰਕੇ ਆਖਣ ਲਗੇ "ਵੇਖਿਆ, ਅਮੀਰਾਂ ਲਈ ਆਸਮਾਨੀ ਪਾਦਸ਼ਾਹੀ ਵਿਚ ਵੜਨਾ ਡਾਢਾ ਮੁਸ਼ਕਲ ਹੈ। ਇਕ ਉੱਠ ਸੂਈ ਦੇ ਨੱਕੇ ਵਿਚੀਂ ਲੰਘ ਸਕਦਾ ਹੈ ਪਰ ਅਮੀਰ ਆਸਮਾਨੀ ਪਾਦਸ਼ਾਹੀ ਵਿਚ ਨਹੀਂ ਵੜ ਸਕਦਾ।" ਧਨਵਾਨ ਤੇ ਆਪਣੇ ਆਪ ਨੂੰ ਵੱਡੇ ਅਖਵਾਣ ਵਾਲੇ ਆਪ ਹੀ ਈਸਾ ਜੀ ਤੋਂ ਮੂੰਹ ਫੇਰਨ ਲਗ ਪਏ।

"ਮਾਯਾ ਧਾਰੀ ਅੱਤ ਅੰਨ੍ਹਾ ਬੋਲਾ।

ਈਸਾ ਜੀ ਨੇ ਫ਼ਰਮਾਯਾ ਲੋਕੋ ਤੁਸੀਂ ਦੋ ਮਾਲਕਾਂ ਦੀ ਚਾਕਰੀ ਇਕ ਸਮੇਂ



ਯਸੂਹ ਮਸੀਹ

ਨਹੀਂ ਕਰ ਸਕਦੇ ਅਰਥਾਤ ਰਬ ਤੇ ਮਾਯਾ ਦੋਹਾਂ ਦੀ ਪੂਜਾ ਇਕੋ ਸਮੇਂ ਨਹੀਂ ਹੋ ਸਕਦੀ, 'ਦੁਇ ਨਾ ਵਸਹ ਇਕ ਠਾਇ', ਨਾਲ ਹੀ ਏਹ ਭੀ ਆਖਿਆ ਜੋ ਕੁਛ ਮੈਂ ਤੁਹਾਨੂੰ ਦੱਸ ਰਿਹਾ ਹਾਂ ਏਹ ਸਭ ਰੱਬੀ ਗੱਲਾਂ ਹਨ, ਰੱਬੀ ਨਿਯਮ ਹਨ। ਪਸ਼ੂ ਪੰਛੀ ਸਭ ਰੱਬੀ ਨਿਯਮ ਪਾਲਦੇ ਹਨ ਤਾਂ ਤੇ ਸੁਖੀ ਹਨ। ਤੁਸੀਂ ਭੀ ਜੋ ਰੱਬੀ ਨਿਯਮ ਅਗੇ ਸਿਰ ਝੁਕਾ ਕੇ ਉਨ੍ਹਾਂ ਦੀ ਪਾਲਨਾ ਕਰੋਗੇ ਸੁਖੀ ਹੋਵੋਗੇ ਤੁਹਾਡੇ ਅੰਦਰ ਰੱਬ ਦੀ ਬਾਦਸ਼ਾਹੀ ਪਸਾਰਾ ਕਰੇਗੀ। ਮੈਂ ਜੋ ਕੁਛ ਆਖਦਾ ਹਾਂ ਮੇਰੇ ਵਲੋਂ ਨਹੀਂ ਰੱਬ ਦਾ ਹੁਕਮ ਹੈ।

"ਹੌਂ ਆਪਹੁ ਬੋਲ ਨ ਜਾਣਦਾ ਮੈਂ ਕਹਿਆ ਸਭ ਹੁਕਮਾਓ ਜੀਓ।"

ਸਿੱਖਿਆ ਵਧੇਰੇ ਕਰਕੇ **Parables** ਕਥਾ ਪਰਮਾਣ ਦੀ ਸ਼ਕਲ ਵਿਚ ਹੋਯਾ ਕਰਦੀ ਸੀ। ਆਖਦੇ ਹਨ: ਕਿਸਾਨ ਬੀਜ ਸੁੱਟਦਾ ਹੈ ਭੋਇੰ ਉਤੇ। ਕੁਝ ਬੀਜ ਖੇਤੋਂ ਬਾਹਰ ਸੜਕ ਉਤੇ ਡਿੱਗੇ ਉਹ ਪੰਛੀਆਂ ਨੇ ਚੁੱਗ ਲਏ। ਕੁਛ ਬੀਜ ਪਥਰੀਲੀ ਧਰਤੀ ਉਤੇ ਡਿੱਗੇ, ਉਹ ਜੰਮੇ ਪਰ ਜੰਮਦੇ ਰਹਿ ਗਏ, ਹੋਰ ਬੀਜ ਕੰਡਿਆਂ ਵਿਚ ਜਾ ਪਏ ਉਹ ਉਗੇ ਪਰ ਕੰਡਿਆਂ ਨੇ ਦਬ ਲਏ। ਤੇ ਕੁਛ ਬੀਜ ਚੰਗੀ ਭੋਇੰ ਜਾ ਪਏ ਉਹ ਉਗੇ ਵੱਡੇ ਹੋਏ ਤੇ ਇਕ ਇਕ ਬੀਜ ਦੇ ਚਾਲੀ ਚਾਲੀ ਸਠ ਸਠ ਬੀਜ ਬਣ ਕੇ ਪ੍ਰਫੁੱਲਤ ਹੋਏ। ਏਸੇ ਤਰ੍ਹਾਂ ਇਕ ਉਹ ਹਨ ਜੋ ਆਸਮਾਨੀ ਬਾਦਸ਼ਾਹੀ ਨੂੰ ਦਿਲ ਵਿਚ ਥਾਂ ਹੀ ਨਹੀਂ ਦੇਂਦੇ ਧੱਕੇ ਦੇ ਛੱਡਦੇ ਹਨ ਉਹਨਾਂ ਨੂੰ ਹੌਮੇ ਦੇ ਜਾਲ ਫਾਹ ਲੈਂਦੇ ਹਨ, ਉਹ ਰਾਹ ਵਿਚ ਖਿੱਲਰੇ ਬੀਜ ਵਾਂਗ ਹਨ। ਹੋਰ ਹਨ ਜੋ ਸਿੱਖਿਆ ਕਬੂਲ ਤਾਂ ਕਰ ਲੈਂਦੇ ਹਨ ਪਰ ਸਿੱਖਿਆ ਦੇ ਪਾਲਨ ਵਿਚ ਅਉਖਾਂ ਤੇ ਦੁਖੜੇ ਝੱਲੇ ਨਹੀਂ ਸਕਦੇ ਉਹ ਪਥਰੀਲੀ ਭੋਇੰ ਵਿਚ ਡਿੱਗੇ ਬੀਜ ਵਾਂਗ ਹਨ। ਹੋਰ ਹਨ ਜੋ ਸਿੱਖਿਆ ਕਬੂਲ ਕਰਕੇ ਸਮਝ ਭੀ ਲੈਂਦੇ ਹਨ ਸੁਣਦੇ ਭੀ ਹਨ ਪਰ ਉਨ੍ਹਾਂ ਨੂੰ ਦੁਨੀਆਂ ਦੇ ਲੋਭ ਲਾਲਚ ਭਰਮਾ ਲੈਂਦੇ ਹਨ ਉਹ ਕੰਡਿਆਂ ਵਿਚ ਡਿੱਗੇ ਬੀਜ ਹਨ। ਸਭ ਤੋਂ ਉਚੇ ਉਹ ਹਨ ਜੋ ਸੁਣ ਕੇ ਮੰਨਦੇ ਹਨ ਮਨ ਕੇ ਭਾਵਨਾ ਕਰਦੇ ਹਨ ਜੋ ਹੁਕਮ ਪਾਲਦੇ ਹਨ।

'ਸੁਣਿਆ ਮੱਨਿਆ, ਮਨ ਕੀਤਾ ਭਾਓ।"

ਇਕ ਹੋਰ ਸਾਖੀ ਵਿਚ ਈਸਾ ਜੀ ਆਖਦੇ ਹਨ ਇਕ ਮਾਲਕ ਆਪਣੇ ਨੌਕਰਾਂ ਨੂੰ ਦਸ ਦਸ ਦਮੜੇ ਦੇ ਕੇ ਆਪ ਪਰਦੇਸ ਚਲਿਆ ਗਿਆ। ਮੁੜ ਕੇ

ਆਯਾ ਤਾਂ ਡਿੱਠਾ ਕਿ ਇਕ ਨੌਕਰ ਨੇ ਦਮੜੇ ਦੱਬ ਛੱਡੇ ਸੀ ਦੂਜੇ ਨੇ ਖਾ ਪੀ ਛੱਡੇ ਤੀਜੇ ਨੇ ਦਸਾਂ ਦੇ ਵਿਉਪਾਰ ਤੋਂ ਕਮਾਈ ਨਾਲ ਚਾਲੀ ਬਣਾ ਲਏ। ਮਾਲਕ ਨੇ ਇਸ ਅੰਤਲੇ ਨੂੰ ਹੋਰ ਦਿੱਤੇ ਤੇ ਉਸ ਨੂੰ ਥਾਪੀ ਦਿਤੀ। ਜਿਸ ਨੇ ਖਾ ਪੀ ਲਏ ਸੀ ਉਸ ਨੂੰ ਆਖਿਆ ਚੰਗਾ ਜਾਹ ਤੂੰ ਖਾ ਪੀ ਲਏ ਵਰਤ ਲਏ ਪਰ ਤੂੰ ਉਸ ਤੋਂ ਚੰਗਾ ਰਿਹਾ ਜਿਸ ਨੇ ਕੰਮ ਦੇ ਰੁਪਏ ਮਿੱਟੀ ਵਿਚ ਗੱਡ ਦਿੱਤੇ ਸੀ, ਉਸ ਤੋਂ ਉਹ ਖੋਹ ਲਏ ਕਿ ਤੂੰ ਨਲਾਇਕ ਹੈਂ।

ਏਸ ਪ੍ਰਮਾਣ ਦਾ ਅਰਥ ਇਹ ਹੈ ਕਿ ਰੱਬ ਨੇ ਸਾਨੂੰ ਸਾਰਿਆਂ ਨੂੰ ਆਪਣੀ ਬਰਕਤ ਦੇ ਕੇ ਜਗਤ ਵਿਚ ਘੱਲਿਆ ਹੈ, ਸਾਨੂੰ ਚਾਹੀਦਾ ਹੈ ਕਿ ਅਸੀਂ ਰੱਬ ਦੀ ਬਖਸ਼ੀ ਰੱਬੀ ਦਾਤ ਦੇ ਚਾਨਣ ਨੂੰ ਸਾਰੇ ਵਰਤਾਈਏ ਤੇ ਲੋਕਾਂ ਵਿਚ ਵਧੇਰੇ ਚਾਨਣ ਉਤਪਨ ਕਰੀਏ।

"ਖਾਵਹੁ ਖਰਚਹੁ ਰਲ ਮਿਲ ਭਾਈ ਤੋਟ ਨਾ ਆਵੇ ਵਧਦੋ ਜਾਈ"। ਜੇਕਰ ਅਸੀਂ ਉਸ ਨਾਲ ਇਕ ਨੌਕਰ ਵਾਂਗ ਏਸ ਜੋਤ ਨੂੰ ਦੱਬ ਕੇ ਰਖ ਛੱਡੀਏ ਤੇ ਵਰਤਾਈਏ ਨਾ ਸਾਥੋਂ ਰੱਬੀ ਜੋਤ ਹੀ ਖੋਹ ਲਈ ਜਾਵੇਗੀ, ਮੁਨਖ ਜਨਮ ਵਿਚ ਅਉਣ ਦਾ ਅਵਸਰ ਹੀ ਖੋਹ ਲਿਆ ਜਾਵੇਗਾ।

"ਪਛਤਾਵਾ ਨਾ ਮਿਲੇ ਜਬ ਚੂਕੇਗੀ ਸਾਰੀ
ਫੇਰ ਪਿਆਰਾ ਰਾਵੀਏ ਜਬ ਆਵੇਗੀ ਵਾਰੀ।"

ਜਿਉਂ ਜਿਉਂ ਈਸਾ ਦਾ ਪਰਚਾਰ ਵਧਦਾ ਗਿਆ ਸਾਧਰਨ ਨਿਸ਼ਕੱਪਟੀ ਲੋਕ ਉਸ ਦੀ ਮਹਮਾ ਕਰਨ ਲੱਗੇ। ਲੰਙੇ ਲੂਲੇ ਬੀਮਾਰ ਜੋ ਈਸਾ ਦੀ ਛੁਹ ਨਾਲ ਨਿਰੋਗ ਹੋ ਗਏ ਉਸ ਨੂੰ ਰੱਬ ਦਾ ਅਵਤਾਰ ਸਮਝਣ ਲੱਗ ਪਏ। ਕੁਦਰਤੀ ਗੱਲ ਸੀ ਜਿਸ ਨੇ ਇਕ ਵਾਰ ਈਸਾ ਦੇ ਦਰਸ਼ਨ ਕਰ ਲਏ ਤੇ ਬਚਨ ਸੁਣ ਲਏ ਉਸ ਨੂੰ ਆਪਣੇ ਮੰਦਰਾਂ ਪੁਜਾਰੀਆਂ ਵਡੇਰਿਆਂ ਤੋਂ ਦੂਰੀ ਜੇਹੀ ਜਾਪਣ ਲੱਗ ਪਈ ਉਹ ਸੋਚਣ ਲੱਗ ਪਿਆ ਈਸਾ ਦੇ ਬਚਨਾਂ ਦਾ ਕੁਝ ਡੂੰਘਾ ਅਰਥ ਹੈ ਦੂਜੇ ਪਾਸੇ ਜਿਨ੍ਹਾਂ ਦਾ ਪੁਰਾਤਨ ਵਿਸ਼ਵਾਸ਼ਾਂ ਮੂਜਬ ਮੰਦਰਾਂ ਅਤੇ ਚੂਨੇਗਰ ਰਸਮਾਂ ਰਵਾਜਾਂ ਨੂੰ ਸੱਟ ਵੱਜਣ ਲੱਗੀ ਉਹ ਈਸਾ ਦੇ ਦਿਨੋ ਦਿਨ ਵਧੇਰੇ ਪਰਤਾਪ ਤੋਂ ਖਿਝਣ ਲੱਗ ਪਏ ਉਹੀ ਪੁਰਾਣਾ ਕਿੱਸਾ ਛਿੜ ਪਿਆ।

ਦੁਸ਼ਟਾਂ ਨਾਲ ਦੋਸਤੀ ਨਾਲ "ਸੰਤਾਂ ਵੈਰ ਕਰਤ। ਮੂੰਹ ਕਾਲੇ ਤਿਨ੍ਹਾ ਨਿੰਦਕਾਂ... ......ਯਹੂਦੀਆਂ ਦੀ ਪਰੰਪਰਾ ਵਿਚ ਨਿਯਮ ਹੈ ਕਿ" ਦੰਦ ਦੇ ਵੱਟੇ ਦੰਦ ਤੇ ਅੱਖ

ਦੇ ਵੱਟੇ ਅੱਖ" ਅਰਥਾਤ ਵੈਰੀ ਤੋਂ ਤੱਕੜੀ ਤੋਲਵਾਂ ਬਦਲਾ ਲੈਣਾ ਹੀ ਧਰਮ ਹੈ। ਪਰ ਇਸ ਦੇ ਉਲਟ ਈਸਾ ਨੇ ਦ੍ਰਿੜਾਯਾ ਕਿ ਜੇਕਰ ਤੇਰੇ ਮੂੰਹ ਦੇ ਸੱਜੇ ਪਾਸੇ ਤੈਨੂੰ ਕੋਈ ਚਪੇੜ ਮਾਰੇ ਤੂੰ ਸਗੋਂ ਖੱਬਾ ਪਾਸਾ ਉਸ ਦੇ ਅੱਗੇ ਕਰ। ਅਜੇਹੀ ਸਿਖਿਆ ਯਹੂਦੀਆਂ ਲਈ ਹੇਠਲੀ ਉਤੇ ਲਿਆਉਣ ਵਾਲੀ ਜਾਪਦੀ ਸੀ। ਜਿਸ ਕਰਕੇ ਈਸਾ ਯਹੂਦੀਆਂ ਦੇ ਮੱਤ ਨੂੰ ਉਲਟਾਉਣ ਵਾਲਾ ਸਮਝਿਆ ਜਾਣ ਲੱਗ ਪਿਆ।

ਇਕ ਦਿਨ ਈਸਾ ਸਵਾਰ ਹੋਯਾ ਆ ਰਿਹਾ ਸੀ ਕਿ ਹਜੂਮ ਉਸ ਨੂੰ ਵੇਖ ਕੇ ਕੁਛ ਤਮਾਸ਼ੇ ਵਜੋਂ ਉਸ ਦੇ ਮਗਰ ਹੋ ਤੁਰਿਆ। ਜਦ ਸ਼ਹਿਰ ਯੂਰੋਸ਼ਲਮ ਵੜਿਆ ਨਾਅਰੇ ਲੱਗਣ ਲਗ ਪਏ। "ਸਾਡਾ ਨਵਾਂ ਬਾਦਸ਼ਾਹ"। ਨੀਵੀਂ ਸ਼ਰੇਣੀ ਦੇ ਇਕ ਮਾਮੂਲੀ ਬੰਦੇ ਦਾ ਏਨਾ ਆਦਰ ਤੇ ਸਤਿਕਾਰ ਹੁੰਦਾ ਵੇਖ ਕੇ ਉਚੀ ਸ਼ਰੇਣੀ ਵਾਲੇ ਖਾਰ ਖਾ ਗਏ ਤੇ ਦੋਸ਼ ਲਾਯਾ ਕਿ ਏਹ ਯੂਹਦੀਆਂ ਦਾ ਬਾਦਸ਼ਾਹ ਬਣਨਾ ਚਾਹੁੰਦਾ ਹੈ। ਬਸ ਨੌਬਤ ਏਥੋਂ ਤੀਕ ਪਹੁੰਚ ਗਈ ਕਿ ਕਿਸੇ ਪਜ ਏਸ ਨਵੇਂ ਉਠਦੇ ਉਭਰਦੇ ਆਗੂ ਨੂੰ ਢਾਹਿਆ ਜਾਵੇ, ਜਦੋਂ ਤੀਕ ਏਹ ਨਹੀਂ ਹੁੰਦਾ ਦੇਸ਼ ਦੇ ਨੇਮ ਧਰਮ ਸਭ ਉਲਟ ਪੁਲਟ ਹੋ ਜਾਣਗੇ।

ਇਕ ਦਿਨ ਇਕ ਲੂਲ੍ਹਾ ਸਫ ਉਤੇ ਪਿਆ ਸੜਕ ਦੇ ਕੰਢੇ ਕੁਰਲਾ ਰਿਹਾ ਸੀ ਕਿ ਉਥੋਂ ਦੀ ਈਸਾ ਲੰਘਿਆ, ਲੂਲ੍ਹੇ ਨੂੰ ਵੇਖ ਕੇ ਖਲੋ ਗਿਆ ਤੇ ਗਰੀਬ ਨੇ ਹੱਥ ਜੋੜ ਕੇ ਆਖਿਆ ਹੇ ਈਸਾ ਮੈਨੂੰ ਸਾਬਤ ਕਰ। ਈਸਾ ਨੇ ਆਖਿਆ "ਉਠ ਖੜਾ ਹੋ ਜਾਹ ਤੈਨੂੰ ਕੁਛ ਨਹੀਂ ਹੋਯਾ। ਤੇ ਕੁਦਰਤ ਰੱਬ ਦੀ ਯਾ ਆਖੋ ਈਸਾ ਦੇ ਆਤਮਕ ਬਲ ਦੀ ਕਿ ਉਹ ਲੂਲਾ ਉਠ ਖਲੋਤਾ" ਈਸਾ ਨੇ ਹੁਕਮ ਦਿਤਾ "ਵਗ ਜਾ ਘਰ ਨੂੰ। ਅਸੀਸਾਂ ਦੇਂਦਾ ਘਰ ਨੂੰ ਤੁਰ ਪਿਆ" ਸਬਬ ਨਾਲ ਇਹ ਦਿਨ ਯਹੂਦੀਆਂ ਦਾ ਛੁੱਟੀ ਦਾ ਦਿਨ ਸੀ ਤੇ ਕੋਈ ਭਾਰ ਚੁੱਕਣਾ ਵਰਜਤ ਸੀ। ਸਫ ਮੋਢੇ ਧਰੀ ਜਾਂਦੇ ਗਰੀਬ ਨੂੰ ਸਭਨਾਂ ਨੇ ਤਾੜ ਲਿਆ ਤੇ ਧਰ ਲਿਆ "ਅੱਜ ਦੇ ਦਿਨ ਤੂੰ ਮੋਢ ਉਤੇ ਭਾਰ ਚੁੱਕੀ ਜਾਂਦਾ ਏ ?" ਉਸ ਗਰੀਬ ਨੇ ਜਵਾਬ ਦਿਤਾ ਕਿ ਈਸਾ ਨੇ ਮੇਰੀਆਂ ਲੱਤਾਂ ਨਿਰੋਗ ਕਰ ਦਿਤੀਆਂ ਹਨ ਮੈਂ ਸਫ ਚੁੱਕੀ ਘਰ ਜਾ ਰਿਹਾ ਹਾਂ। ਪੰਚਾਇਤ ਤਾਂ ਅੱਗੇ ਹੀ ਈਸਾ ਨੂੰ ਕਿਵੇਂ ਨਾ ਕਿਵੇਂ ਦੋਸ਼ ਲਾਉਣ ਲਈ ਤਿਆਰ ਬੈਠੀ ਸੀ। ਈਸਾ ਪੇਸ਼ ਹੋਯਾ ਮਗਰ ਲੋਕਾਂ ਦੀ ਭੀੜ ਸੀ। ਦੋਸ਼ ਲਾਯਾ ਗਿਆ ਤੂੰ ਤਿਉਹਾਰ ਦੇ ਦਿਨ ਕੰਮ ਕਰਦਾ ਫਿਰਦਾ ਹੈਂ ? ਜਵਾਬ ਮਿਲਿਆ। "ਕੀ ਲੋਕਾਂ ਦਾ ਭਲਾ ਕਰਨਾ ਭੀ ਛੁੱਟੀ ਵਾਲੇ ਦਿਨ ਵਰਜਤ ਹੈ ?"

ਜਵਾਬ ਸੁਣ ਕੇ ਖਲਕਤ ਨੇ ਉੱਚੀ ਅਵਾਜ਼ ਨਾਲ ਈਸਾ ਦੀ ਹਾਮੀ ਭਰੀ ਤੇ ਪੰਚਾਇਤ ਕੁਛ ਨਾ ਕਰ ਸਕੀ ਪਰ ਕਿੰਨੇ ਕੁ ਦਿਨ ਏਸ ਮਿਥੀ ਬੈਠੇ ਤੇ ਮਨ ਬਣਾਈ ਬੈਠੇ ਵੈਰੀਆਂ ਤੋਂ ਬਚ ਸਕਦਾ ਸੀ।

ਇਕ ਦਿਨ ਮਤਾ ਬਣਾਯਾ ਗਿਆ ਕਿ ਈਸਾ ਲੋਕਾਂ ਨੂੰ ਹਕੂਮਤ ਵਿਰੁਧ ਭੜਕਾਉਂਦਾ ਹੈ ਤੇ ਉਨ੍ਹਾਂ ਨੂੰ ਸਰਕਾਰੀ ਢਾਲ ਦੇਣੋਂ ਰੋਕਦਾ ਹੈ: ਫੇਰ ਈਸਾ ਦੀ ਪੇਸ਼ੀ ਹੋਈ, ਈਸਾ ਨੇ ਆਖਿਆ ਵਖਾਲੋ ਮੈਨੂੰ ਟਕਸਾਲ ਦਾ ਟਕਾ। ਟਕੇ ਦੇ ਇਕ ਪਾਸੇ ਰੋਮਨ ਸ਼ਾਹ ਦੀ ਮੂਰਤ ਸੀ ਤੇ ਈਸਾ ਨੇ ਜਵਾਬ ਦੇ ਦਿੱਤਾ ਕਿ ਮੈਂ ਕਿਸੇ ਨੂੰ ਕਾਨੂੰਨ ਤੋੜਨ ਦਾ ਉਪਦੇਸ਼ ਨਹੀਂ ਕਰਦਾ ਵੇਖੋ ਟਕੇ ਦੇ ਇਕ ਪਾਸੇ ਬਾਦਸ਼ਾਹ ਦੀ ਮੂਰਤ ਹੈ ਜੋ ਕੁਛ ਬਾਦਸ਼ਾਹ ਦਾ ਹੈ ਉਸ ਨੂੰ ਦਿਉ, ਉਸ ਦਾ ਹੱਕ ਨਾ ਰਖੋ: ਏਸੇ ਤਰਹ ਹੋਰ ਇਕ ਦੋ ਵਾਰ ਈਸਾ ਪੰਚਾਇਤ ਦੇ ਪੰਜੇ ਵਿਚੋਂ ਨਿਕਲ ਗਿਆ ਤੇ ਪੰਚਾਇਤ ਨੂੰ ਗਿਆਨ ਜਿਹਾ ਹੋ ਗਿਆ ਕਿ ਈਸਾ ਨੂੰ ਨਿਰੀਆਂ ਸਿਧੀਆਂ ਗੱਲਾਂ ਨਾਲ ਫ਼ਾਹਣਾ ਆਉਖਾ ਹੈ। ਤਾਂ ਤੇ ਮਤਾ ਪਕਾਯਾ ਕਿ ਝੂਠੇ ਗਵਾਹ ਤਿਆਰ ਕਰੋ ਤੇ ਖਲਖਤ ਨੂੰ ਏਸ ਦੇ ਵਿਰੁਧ ਖਿਗਾੜੋ ਨਾਲੇ ਰੋਮਨ ਸਰਕਾਰੀ ਕਰਮਚਾਰੀ ਕੋਲ ਜਾ ਕੇ ਈਸਾ ਦੇ ਵਿਰੁਧ ਦੋਸ਼ ਲਾਓ ਕਿ ਰਾਜ ਉਲਟਾ ਕੇ ਈਸਾ ਵਿਦ੍ਰੋਹ ਕਰਨਾ ਲੋੜਦਾ ਹੈ।

ਦੋ ਤਿੰਨ ਵਾਰ ਵੈਰੀਆਂ ਦੇ ਖਾਲੀ ਗਏ। ਨਿੰਦਕ ਯਹੂਦੀਆਂ ਜਿਨ੍ਹਾਂ ਦਾ ਬੱਲ ਈਸਾ ਜੀ ਦੇ ਪਰਤਾਪ ਕਰਕੇ ਹੀਣ ਹੋ ਰਿਹਾ ਸੀ ਆਪਣੇ ਪੁਜਾਰੀਆਂ ਕੋਲ ਗਏ ਤੇ ਉਨ੍ਹਾਂ ਨੂੰ ਪ੍ਰੇਰ ਕੇ ਅੱਗੇ ਲਾਇਆ। ਪੁਜਾਰੀਆਂ ਨੇ ਆਪਣੇ ਪਿੱਠੂਆਂ ਦਾ ਮਾਣ ਕਾਇਮ ਰਖਣ ਲਈ ਈਸਾ ਨੂੰ ਜਿਵੇਂ ਕਿਵੇਂ ਮੁਕਾਉਣ ਦੀ ਠਾਣ ਲਈ ਵੱਡੇ ਪੁਜਾਰੀ ਨੇ ਈਸਾ ਨੂੰ ਸੱਦ ਕੇ ਉਸ ਦੇ ਆਪਣੇ ਮੂੰਹੋਂ ਦੋਸ਼ੀ ਬਨਾਉਣ ਦਾ ਜਤਨ ਕੀਤਾ। ਪੁਜਾਰੀਆਂ ਨੇ ਖਲਕਤ ਇਕੱਠੀ ਕਰ ਲਈ ਤੇ ਈਸਾ ਵਿਰੁਧ ਕਈ ਪ੍ਰਕਾਰ ਦੇ ਝੂਠੇ ਦੂਸ਼ਨ ਲਾ ਕੇ ਖਾਸਾ ਅਸ਼ਟੰਡ ਖੜਾ ਕਰ ਲਿਆ। ਈਸਾ ਦੀਆਂ ਮੁਸ਼ਕਾਂ ਬੰਨ੍ਹ ਲਈਆਂ। ਪੁਜਾਰੀ ਮੂੜ੍ਹ ਖ਼ਲਕਤ ਨੂੰ ਉਸਦੇ ਵਿਰੁਧ ਭੜਕਾਉਂਦੇ ਹੋਏ ਰੋਮਨ ਹਾਕਮ ਪਾਈਲੇਟ ਦੇ ਘਰ ਲੈ ਗਏ। ਜਦ ਪਾਈਲੇਟ ਨੇ ਈਸਾ ਨੂੰ ਪੁੱਛਿਆ ਤੂੰ ਕੀ ਕਰ ਬੈਠਾ ਹੈਂ ਜਵਾਬ ਮਿਲਿਆ ਮੈਂ ਲੋਕਾਂ ਨੂੰ ਸੱਚਾ ਰਾਹ ਦਸਦਾ ਹਾਂ।

ਪਾਈਲੇਟ: ਸੱਚ ਕੀ ਹੁੰਦਾ ਹੈ?

ਰੋਮਨ ਹਾਕਮਾਂ ਨੇ ਈਸਾ ਨੂੰ ਨਿਰਦੋਸ਼ ਵੇਖ ਕੇ ਆਪਣੇ ਗਲੋਂ ਲਾਹਣ

ਦਾ ਜਤਨ ਕੀਤਾ ਪਰ ਯਹੂਦੀ ਹਜੂਮ ਈਸਾ ਦੇ ਖ਼ੂੰਨ ਨ੍ਹਾਉਣ ਲਈ ਤੁਲ ਗਿਆ। ਆਪ ਯਹੂਦੀ ਆਪਣੇ ਹੱਥੀਂ ਉਸ ਦਾ ਖ਼ੂਨ ਕਰ ਨਹੀਂ ਸੀ ਸਕਦੇ। ਆਖਰ ਬਹੁਤ ਸਾਰਾ ਝੂਠ ਬੋਲ ਕੇ ਝੂਠੇ ਗਵਾਹ ਪੇਸ਼ ਕਰ ਕੇ ਤੇ ਉਸਦੇ ਵਿਰੁਧ ਝੂਠੇ ਨਾਅਰੇ ਲਾ ਕੇ ਪਾਈਲੇਟ ਤੋਂ ਈਸਾ ਨੂੰ ਸੂਲੀ ਟੰਗਣ ਦੀ ਮਨਜ਼ੂਰੀ ਲੈ ਲਈ।

ਵੱਡਾ ਦੋਸ਼ ਈਸਾ ਦੇ ਵਿਰੁਧ ਏਹ ਸੀ ਕਿ ਉਹ ਆਪਣੇ ਆਪ ਨੂੰ ਯਹੂਦੀਆਂ ਦਾ ਬਾਦਸ਼ਾਹ ਅਖਵਾਉਂਦਾ ਹੈ ਜਿਸ ਕਰਕੇ ਉਹ ਰਮਨ ਬਾਦਸ਼ਾਹ ਸੀਜ਼ਰ ਦਾ ਧ੍ਰੋਹੀ ਠਹਰਾਯਾ ਗਿਆ ਸੀ। ਏਹ ਸਭ ਕੁਸੱਤ ਹੈ। ਅਸਲ ਵਿਚ ਗੱਲ ਏਹ ਸੀ ਕਿ ਈਸਾ ਗਰੀਬਾਂ ਨਿਮਾਣਿਆਂ ਦਲਿੱਤਾਂ ਵਿਚ ਸੱਚ ਤੇ ਨਿਰਭੈਤਾ ਦੀ ਅਜੇਹੀ ਰੂਹ ਪਾਉਂਦਾ ਥੀ ਕਿ ਅਮੀਰੜੇ ਤੇ ਪੁਜਾਰੀਆਂ ਦੇ ਪੈਰਾਂ ਹੇਠੋਂ ਭੁਇੰ ਨਿਕਲਦੀ ਜਾ ਰਹੀ ਜਾਪਦੀ ਸੀ। ਉਸ ਨੇ ਆਪਣੇ ਆਪ ਨੂੰ ਬਾਦਸ਼ਾਹ ਕਦੇ ਨਹੀਂ ਆਖਿਆ ਪਰ ਉਸ ਦੀ ਰੱਬੀ ਸ਼ਰਧਾ ਤੇ ਰੱਬੀ ਜਲੌ ਉਸ ਦੇ ਦਯਵੀ ਚੇਹਰੇ ਤੋਂ 'ਅਵ ਟਪਕਦੇ ਸਨ ਕਿ ਲੋਕ ਆਪ ਮੁਹਾਰੇ ਉਸ ਨੂੰ ਯਹੂਦੀਆਂ ਦਾ ਨਵਾਂ ਬਾਦਸ਼ਾਹ ਆਖਣ ਲੱਗ ਪਏ।

ਸੋ ਈਸਾ ਦੇ ਸਿਰ ਉਤੇ ਕੰਡਿਆਂ ਦਾ ਤਾਜ ਪਵਾ ਕੇ ਮੋਢਿਆਂ ਉਤੇ ਸੂਲੀ ਚੁਕਾ ਕੇ ਪਾਪੀ ਯਹੂਦੀ ਹਜੂਮ ਉਸ ਨੂੰ ਅੱਗੇ ਲਾ ਕੇ ਲੈ ਗਿਆ ਤੇ ਇਕ ਟਿੱਲੇ ਉਤੇ ਲੈ ਜਾ ਕੇ ਉਸ ਨੂੰ ਸੂਲੀ ਉਤੇ ਟੰਗ ਦਿੱਤਾ।

ਈਸਾ ਦੀ ਸਾਰੀ ਸਿੱਖਿਆ ਹੇਠ ਲਿਖੇ ਸ਼ਬਦਾਂ ਵਿਚ ਬਿਆਨ ਕੀਤੀ ਜਾ ਸਕਦੀ ਹੈ। ਚੇਲਿਆਂ ਤੇ ਸਾਥੀਆਂ ਨੂੰ ਸੰਬੋਧਨ ਕਰਦੇ ਹਨ :

ਧੰਨ ਹਨ ਉਹ ਜਿਨ੍ਹਾਂ ਦੇ ਹਿਰਦੇ ਵਿਚ ਗਰੀਬੀ ਹੈ ਕਿਉਂਕਿ ਅਸਮਾਨ ਦੀ ਬਾਦਸ਼ਾਹੀ ਉਨ੍ਹਾਂ ਦੀ ਹੈ। ਧੱਨ ਹਨ ਉਹ ਜੋ ਵੈਰਾਗੀ ਰਹੰਦੇ ਹਨ ਕਿਉਂਕਿ ਉਨ੍ਹਾਂ ਦੀ ਧੀਰਜ ਬਨ੍ਹਾਈ ਜਾਵੇਗੀ। ਧੱਨ ਹਨ ਮਸਕੀਨ ਕਿਉਂਕਿ ਧਰਤੀ ਦੀ ਮਾਲਕੀ ਉਨ੍ਹਾਂ ਨੂੰ ਪ੍ਰਾਪਾਤ ਹੋਵੇਗੀ। ਧੱਨ ਹਨ ਉਹ ਜੋ ਸੱਚ ਦੀ ਤ੍ਰਿਸ਼ਨਾ ਰਖਦੇ ਹਨ ਕਿਉਂਕਿ ਉਹ ਰਜਾਏ ਜਾਣਗੇ। ਧੱਨ ਹਨ ਉਹ ਜੋ ਦਯਾਮਾਨ ਹਨ ਕਿਉਂਕਿ ਉਨ੍ਹਾਂ ਉਤੇ ਦਯਾ ਕੀਤੀ ਜਾਵੇਗੀ। ਧੱਨ ਹਨ ਹਿਰਦੇ ਸ਼ੁਧ 'ਵਾਲੇ ਕਿਉਂਕਿ ਉਹ ਰੱਬ ਦੇ ਬੱਚੇ ਅਖਵਾਉਣਗੇ। ਧੱਨ ਹਨ ਉਹ ਜੋ ਸੱਚ ਦੀ ਖਾਤਰ ਕਸ਼ਟ ਝੱਲਦੇ ਹਨ ਕਿਉਂ ਕਿ ਅਸਮਾਨ ਦੀ ਬਾਦਸ਼ਾਹੀ ਉਨ੍ਹਾਂ ਦੀ ਹੈ। ਧੱਨ ਹੋ ਤੁਸੀਂ ਜਿਨ੍ਹਾਂ ਨੂੰ ਲੋਕ ਮੇਰੀ ਖਾਤਰ ਕਈ ਕੁਛ ਕਹਣਗੇ, ਕਸ਼ਟ ਦੇਣਗੇ ਤੇ ਬੁਰਾ ਆਖਣਗੇ, ਝੂਠੀਆਂ ਤੁਹਮਤਾਂ

ਲਾ ਕੇ, ਖੁਸ਼ ਹੋਵੋ ਤੇ ਪ੍ਰਸੰਨ ਹੋਵੋ ਕਿਉਂਕਿ ਤੁਹਾਨੂੰ ਅੱਗੇ ਜਾ ਕੇ ਵਡਿਆਈਆਂ ਪ੍ਰਾਪਤ ਹੋਣਗੀਆਂ। ਲੰਘ ਗਏ ਅਵਤਾਰਾਂ ਨਾਲ ਭੀ ਏਵੇਂ ਤੁਹਾਡੇ ਵਾਂਗ ਬੀਤਦੀ ਰਹੀ ਹੈ। ਤੁਸੀਂ ਧਰਤੀ ਦਾ ਅਸਲਾ ਹੋ ਪਰ ਜੇ ਲੂਣ ਵਿਚੋਂ ਲੂਣਪੁਣਾ ਨਿਕਲ ਜਾਵੇ ਫ਼ੇਰ ਕੁਛ ਨਹੀਂ ਰਹਿੰਦਾ ਉਹ ਕੇਵਲ ਪੈਰਾਂ ਹੇਠ ਲਤਾੜਣ ਯੋਗ ਹੀ ਰਹ ਜਾਂਦਾ ਹੈ। ਤੁਸੀਂ ਧਰਤੀ ਦਾ ਚਾਨਣ ਹੋ ਪਹਾੜ ਦੀ ਟੀਸੀ ਉਤੇ ਉਸਰਿਆ ਸ਼ਹਰ ਗੁੱਝਾ ਨਹੀਂ ਰਹਿ ਸਕਦਾ। ਦੀਵਾ ਬਾਲ ਕੇ ਲੋਕ ਉਸ ਨੂੰ ਟੋਕਰੇ ਹੇਠ ਲੁਕੋ ਨਹੀਂ ਛੱਡਦੇ ਉਸ ਨੂੰ ਦੀਵਟ ਦੇ ਥੜ੍ਹੇ ਉਤੇ ਰਖਦੇ ਹਨ ਤਾਂ ਜੋ ਸਾਰਿਆਂ ਨੂੰ ਚਾਨਣ ਕਰੇ ਤੁਹਾਡਾ ਚਾਨਣ ਲੋਕਾਂ ਉਤੇ ਪਵੇ ਤੇ ਦੁਨੀਆਂ ਤੁਹਾਡੇ ਗੁਣਾਂ ਨੂੰ ਵੇਖੇ ਤੇ ਵੇਖ ਵੇਖ ਅਰਸ਼ੀ ਪਿਤਾ ਦਾ ਜੱਸ ਗਾਵੇ।

ਅਰਦਾਸ

'ਹੇ ਸਵਰਗੀ ਬਾਪੂ ਤੇਰੇ ਨਾਮ ਦੀ ਜੈ ਹੋਵੇ। ਤੇਰਾ ਰਾਜ ਨਿਹਚਲ ਹੋਵੇ।' ਧਰਤੀ ਉਤੇ ਵੀ ਤੇਰੀ ਰਜਾ ਓਵੇਂ ਵਰਤੇ ਜਿਵੇਂ ਅਰਸ਼ਾਂ ਵਿਚ ਹੈ। ਸਾਡੀ ਕਿਰਤ ਕਮਾਈ ਵਾਲੀ ਅੱਜ ਦੀ ਰੋਟੀ ਦੇਹ, ਸਾਡੇ ਪਾਪਾਂ ਨੂੰ ਬਖਸ਼ ਜਿਵੇਂ ਅਸੀਂ ਉਨ੍ਹਾਂ ਨੂੰ ਬਖਸ਼ਦੇ ਹਾਂ ਜੋ ਸਾਡਾ ਬੁਰਾ ਕਰਦੇ ਹਨ। ਸਾਨੂੰ ਪਰੀਖਿਆ ਵਿਚ ਨਾ ਪਾ ਬਦੀਆਂ ਤੋਂ ਬਚਾ। ਕਿਉਂਕਿ ਤੇਰਾ ਰਾਜ ਨਿਹਚਲ ਹੈ, ਤੇਰਾ ਬਲ ਅਮਰ ਹੈ ਤੇਰੀ ਸ਼ਾਨ ਸਦਾ ਲਈ ਹੈ।

ਨਿਰਦੋਸ਼ ਰੱਬ ਸਰੂਪ ਆਤਮ ਦੇ ਸਰੀਰ ਨੂੰ ਸੂਲੀ ਉਤੇ ਟੰਗ ਕੇ ਪਾਪੀ ਹਜੂਮ ਸਮਝਦਾ ਸੀ ਕਿ ਚਲੋ ਦੀਵਾ ਬੁਝਾ ਦਿੱਤਾ, ਅਲਖ ਮੁਕਾ ਦਿਤੀ। ਪਰ ਰੱਬ ਦੇ ਭੇਤ ਬੜੇ ਡਾਢੇ ਨਿਆਰੇ ਹਨ। ਜਿਸ ਦਿਨ ਈਸਾ ਮਸੀਹ ਉਸ ਪਾਪੀ ਟਿੱਲੇ ਉਤੇ ਦੋ ਚੋਰਾਂ ਦੀ ਸੰਗਤ ਵਿਚ ਮਾਰ ਮੁਕਾਯਾ ਗਿਆ ਉਸ ਦੇ ਮਤ ਨੂੰ ਵਧਾਣ ਫੁਲਾਣ ਚਲਾਣ ਵਾਲਾ ਕੋਈ ਨਹੀਂ ਜਾਪਦਾ ਸੀ ਪਰ ਝੂਠ ਨਾ ਪੁੱਜੇ ਸੱਚ ਨੂੰ ਸੌ ਘਾੜਤ ਘੜੀਏ।'' ਪਾਪੀ ਯਹੂਦੀਆਂ ਦੀ ਕਰਨੀ ਸਭ ਨਿਸਫਲ ਹੋਈ। ਭਲਾ ਨਿਰਵੈਰ ਨਾਲ ਵੈਰ ਕਰਕੇ ਵੀ ਕੋਈ ਤ੍ਰਿਸ਼ਟਿਆ ਹੈ। ਉਨ੍ਹਾਂ ਦੇ ਆਪਣੇ

ਕਬੀਲੇ ਵਿਚ ਹੀ ਇਕ ਵੱਡਾ ਕੱਟੜ ਗੁਣੀ ਗਿਆਨੀ ਸਾਊਲ ਨਾਮੀ ਉਤਪੰਨ ਹੋਯਾ। ਸਾਊਲ ਅਰੰਭ ਵਿਚ ਈਸਾ ਦੇ ਮਤ ਤੇ ਵਿਚਾਰਾਂ ਨਾਲ ਘੜੇ ਵੱਟੇ ਦਾ ਵੈਰ ਰਖਦਾ ਸੀ ਪਰ ਕੁਝ ਅਜੇਹੀ ਅਰਸ਼ੀ ਕਰਾਮਾਤ ਹੋਈ ਕਿ ਏਹ ਬੰਦਾ ਈਸਾ-ਵੈਰੀ ਤੋਂ ਅਜੇਹਾ ਈਸਾ ਭਗਤ ਬਣਿਆ ਕਿ ਇੱਤਹਾਸ ਆਪ ਪਸ਼ੇਮਾਨ ਹੈ ਕਿ ਜੇਹੜੀ ਕਰਨੀ ਈਸ਼ਾ ਦੇ ਜੀਵਨ ਵਿਚ ਨਾ ਹੋ ਸਕੀ ਉਹ ਉਸ ਦੇ ਪਿਛੋਂ ਸਾਊਲ ਨਾਮੇ ਕੱਟੜ ਇਸ ਵੈਰੀ ਦੇ ਪੈਰੋਂ ਕਿਵੇਂ ਹੋ ਗਈ।

"ਲੋਹਿਓ ਹੋਇਓ ਲਾਲ ਨਦਰ ਸਤਗੁਰ ਜਦ ਧਾਰੀ"

ਸਾਊਲ ਦਾ ਨਾਮ ਸੈਂਟ ਪਾਲ ਪ੍ਰਸਿਧ ਹੋਯਾ। ਏਸ ਦੀ ਕਲਮ ਤੇ ਰਸਨਾ ਵਿਚ ਕੁੱਛ ਅਜੇਹਾ ਜ਼ੋਰ ਸੀ ਕਿ ਜਿਥੇ ਪਾਲ ਗਿਆ, ਜਿਸ ਨੇ ਉਸ ਦਾ ਉਪਦੇਸ਼ ਸੁਣਿਆ ਓਥੇ "ਮਿੱਟੀ ਧੁੰਧ ਜਗ ਚਾਨਣ ਹੋਯਾ" ਵਾਲੀ ਗੱਲ ਹੋ ਗਈ। ਯੁਰੋਸ਼ਲਮ ਤੋਂ ਰੂਸ ਤੇ ਸਾਰਾ ਯੂਰਪ ਜਿੱਥੇ ਤੀਕ ਰੋਮਨ ਸਾਮਰਾਜ ਸੀ। ਸੇਂਟ ਪਾਲ ਦੇ ਬਚਨਾਂ ਨਾਲ ਵਿਨ੍ਹਿਆ ਗਿਆ ਤੇ ਥਾਂ ਥਾਂ ਸਿਦਕੀ ਈਸਾਈਆਂ ਗੁੱਝੀਆਂ ਬਸਤੀਆਂ ਬਣ ਗਈਆਂ ਜੋ ਈਸਾਈ ਮਤ ਦੇ ਪ੍ਰਚਾਰ ਦੇ ਸੋਮੇ ਸਾਬਤ ਹੋਈਆਂ। ਸੈਂਟ ਪਾਲ ਆਖਰ ਸੱਚੇ ਈਸਾਈਆਂ ਵਾਂਗ ਰੋਮ ਵਿਚ ਰੋਮਨ ਹਾਕਮਾਂ ਦੇ ਹੁਕਮ ਨਾਲ ਸ਼ਹੀਦ ਹੋਯਾ ਜਦ ਕਿ ਈਸਾਈ ਮੱਤ ਦੀਆਂ ਪੱਕੀਆਂ ਜੜਾਂ ਪਤਾਲਾਂ ਤਕ ਲਗ ਚੁਕੀਆਂ ਸਨ।

ਸੈਂਟ ਪਾਲ ਦੇ ਪਿਛੋਂ ਕਿਵੇਂ ਨਵੇਂ ਈਸਾਈ ਹਜ਼ਾਰਾਂ ਦੀ ਗਿਣਤੀ ਵਿਚ ਭਾਂਤ ਭਾਂਤ ਦੇ ਵਸੀਲਿਆਂ ਨਾਲ ਆਪਣੇ ਵਿਸ਼ਵਾਸ਼ ਤੇ ਪੱਕੇ ਰਹਕੇ ਸ਼ਹੀਦੀਆਂ ਪਾ ਗਏ। ਬੰਦੀ ਖਾਨਿਆਂ ਵਿਚ ਕੁਰਬਾਨ ਹੋਏ, ਸ਼ੇਰਾਂ ਤੇ ਚਿੱਤਿਆਂ ਦੀ ਖੁਰਾਕ ਬਣੇ, ਹਸੂੰ ਹਸੂੰ ਕਰਦੇ ਈਸਾ ਦਾ ਨਾਮ ਜਪਦੇ ਜਾਬਰਾਂ ਪਾਪੀਆਂ ਦੀਆਂ ਤਲਵਾਰਾਂ ਨੇਜ਼ਿਆਂ ਦਾ ਸ਼ਿਕਾਰ ਹੋ ਗਏ। ਇਹ ਇਕ ਇੱਤਹਾਸਕ ਅਮਰ ਕਹਾਣੀ ਹੈ।

ਬੰਦੇ ਖੋਜ ਦਿਲ ਹਰ ਰੋਜ਼......

ਮਿਸਰੀ ਸਾਮਰਾਜ ਦੇ ਅਸਤ ਹੋਣ ਲੱਗਿਆਂ ਤੇ ਰੋਮਨ ਉੱਨਤੀ ਦੇ ਉਦੈ ਹੋਣ ਦੇ ਵਿਚਕਾਰ ਚਾਰ ਪੰਜ ਸੌ ਸਾਲ ਦੇ ਸਮੇਂ ਵਿਚ ਯੂਨਾਨੀ ਸਾਮਰਾਜ ਪ੍ਰਫੁਲਤ ਹੋਯਾ। ਯੂਨਾਨੀ ਸੱਭਿਅਤਾ ਦਾ ਪਰਛਾਵਾਂ ਏਸ਼ੀਆ ਯੂਰਪ ਅਤੇ ਉੱਤਰੀ ਅਫ਼ਰੀਕਾ ਉਤੇ ਅਜੇਹੀ ਗੰਭੀਰਤਾ ਨਾਲ ਪਿਆ ਕਿ ਉਸ ਦਾ ਪ੍ਰਭਾਵ ਅਜ ਤੀਕ ਦੋ ਹਜ਼ਾਰ ਸਾਲ ਦੇ ਸਮੇਂ ਬੀਤਣ ਪਿਛੋਂ ਭੀ ਸਪਸ਼ਟ ਹੋ ਰਿਹਾ ਹੈ। ਸਾਮਰਾਜ ਤਾਂ ਸਮੇਂ ਦੇ ਗੇੜ ਵਿਚ ਆਕੇ ਨਾਮ ਮਾਤ੍ਰ ਹੀ ਰਹ ਗਿਆ ਪਰ ਯੂਨਾਨੀ, ਫਿਲਸਫ਼ਾ ਯੂਨਾਨੀ ਹਿਕਮਤ, ਯੂਨਾਨੀ ਆਰਟ, ਯੂਨਾਨੀ ਸਾਹਿੱਤ ਤੋਂ ਅਜ ਭੀ ਵੀਹਵੀਂ ਸਦੀ ਦੇ ਵਿਚਾਰਵਾਨ ਵਿੱਦਯਵਾਨ ਬਲਕੇ ਸਾਇੰਸਦਾਨ ਭੀ ਚੋਖਾ ਚਾਨਣ ਤੇ ਹੁਲਾਸ ਪ੍ਰਾਪਤ ਕਰ ਰਹੇ ਹਨ। ਯੂਨਾਨੀ ਸਭਿਤਾ ਤੋਂ ਇਕ ਤਰਹ ਪੱਛਮੀ ਸਭਿਤਾ ਦੀਆਂ ਜੜ੍ਹਾਂ ਢੱਲੀਆਂ, ਅਤੇ ਇਸ ਦੀ ਦੇਣ ਜੋ ਕਿ ਇਸ ਨੇ ਦੁਨੀਆਂ ਨੂੰ ਦਿਤੀ ਤੇ ਅਜ ਤੀਕ ਦੇ ਰਹੀ ਹੈ ਜਗਤ ਇਤਿਹਾਸ ਵਿਚ ਇਕ ਨਾ ਮਿਟਣ ਵਾਲਾ ਕਿੱਸਾ ਹੈ।

ਏਹ ਸਭਿੱਤਾ ਕਿਨ੍ਹਾਂ ਵਡੇ ਪੁਰਸ਼ਾਂ ਦੇ ਉੱਦਮ ਅਤੇ ਆਤਮਕ ਬਲ ਨਾਲ ਜੰਮੀ ਪਲੀ ਤੇ ਮਹਕਦੇ ਫੁੱਲ ਵਾਂਗ ਖਿੜੀ ਉਨ੍ਹਾਂ ਦੇ ਜੀਵਨ ਤੇ ਕਾਰਨਾਮੇ ਪੜ੍ਹਨ ਤੇ ਚਿੱਤ ਧਰਨ ਨਾਲ ਸੰਬੰਧ ਰਖਦੀ ਹੈ। ਉਨ੍ਹਾਂ ਵਿਚੋਂ ਤਤ-ਗਿਆਨੀ ਸੁਕਰਾਤ ਉਹ ਸਦਾ ਜੀਉਂਦਾ ਮਹਾਂ ਪੁਰਸ਼ ਹੈ ਜਿਸ ਤੋਂ ਯੂਨਾਨੀ ਫ਼ਿਲਸਫ਼ਾ ਦਾਨਾਂ ਦੀ

ਪਰਨਾਲੀ ਚੱਲੀ, ਜਿਸ ਨੇ ਮਨੁਖੀ ਸਿਆਣਪ ਦੇ ਮੈਦਾਨ ਵਿਚ ਉਹ ਬਾਗ ਲਾਏ ਤੇ ਫੁੱਲ ਖਿੜਾਏ ਜਿਨ੍ਹਾਂ ਦਾ ਰੰਗ ਰੂਪ ਅੱਜ ਤੀਕ ਦੁਨੀਆਂ ਮਾਣਦੀ ਚਲੀ ਆਈ ਹੈ।

ਸੁਕਰਾਤ ਉਸ ਦਾ ਸ਼ਾਗਿਰਦ ਅਫਲਾਤੂ ਜਿਸ ਦੀ ਬਾਬਤ ਅਮਰੀਕਨ ਫਿਲਾਸਫਰ ਐਮਰਸਨ ਨੇ ਆਖਿਆ ਕਿ **Plato is philosophy and Philosophy Plato'** ਅਰਥਾਤ ਅਫਲਾਤੂ ਸਾਖਸ਼ਾਤ ਫਿਲਸਫਾ ਸੀ, ਅਗੋਂ ਉਸ ਦਾ ਚੇਲਾ ਅਰਸਤੂ ਜੋ ਸਿਕੰਦਰ ਦਾ ਉਸਤਾਦ ਭੀ ਸੀ, ਏਹ ਸਭ ਯੂਨਾਨ ਦੇ ਰਾਜਧਾਮ ਏਥੰਜ਼ ਵਿਚ ਹੋਏ। ਸ਼ਹਰ ਏਥੰਜ਼ ਨੂੰ ਉਹ ਵਡਿਆਈ ਤਾਂ ਪ੍ਰਾਪਤ ਨਹੀਂ ਜੋ ਰੋਮ ਨੂੰ ਪ੍ਰਾਪਤ ਹੋਈ, ਸ਼ਹਰ ਰੋਮ ਵਿਚ ਉਨ੍ਹਾਂ ਸੂਰਬੀਰਾਂ ਦੀ ਉਹ ਜਮਾਤ ਉੱਪਨੀ ਜਿਸ ਨੇ ਬਰਤਾਨੀਆਂ ਤੋਂ ਲਾ ਕੇ ਮਿਸਰ ਅਰਬ ਤੀਕ ਰੋਮਨ ਸਾਮਰਾਜ ਕਾਇਮ ਕੀਤਾ। ਪਰ ਸ਼ਹਰ ਏਥੰਜ਼ ਨੂੰ ਭੀ ਹੋਰ ਤਰਹ ਦਾ ਮਾਣ ਹੈ ਜਿਸ ਨੇ ਯੂਨਾਨੀ ਸਾਮਰਾਜ ਕਾਇਮ ਕੀਤਾ ਪਰ ਇਸ ਦੀ ਉੱਚ ਵਡਿਆਈ ਇਸ ਵਿਚ ਹੈ ਕਿ ਏਥੰਜ਼ ਨੇ ਚੋਟੀ ਦੇ ਵਿਚਾਰਵਾਨ ਰਾਜਨੀਤੀ ਤੇ ਸਾਹਿੱਤ ਦੇ ਭੰਡਾਰਾਂ ਨਾਲ ਦੁਨੀਆਂ ਨੂੰ ਸਭ ਤੋਂ ਵਧ ਕੇ ਰੰਗ ਲਾਯਾ।

ਯੂਨਾਨ ਵਿਚ ਈਸਵੀ ਸੰਮਤ ਤੋਂ ਪੰਜ ਕੁ ਸੌ ਸਾਲ ਪਹਲੋਂ ਕੁਝ ਵਿਚਾਰ-ਤਰੰਗ ਦਾ ਅਜਿਹਾ ਰੌ ਚਲਿਆ ਜਿਸ ਵਿਚ ਦਲੀਲਬਾਜ਼ੀ ਇਕ ਹੁਨਰ ਸਮਝਿਆ ਜਾਣ ਲਗ ਪਿਆ। ਨਾਲ ਹੀ ਮਨੁੱਖੀ ਜਨਮ ਇਸ ਦੇ ਕਾਰਨਾਮਿਆਂ, ਮਨੁੱਖੀ ਮੌਤ ਤੇ "ਮੌਤ ਪਿਛੋਂ ਕੀ" ਦੇ ਪ੍ਰਸ਼ਨ ਦੇ ਉੱਤਰ ਭਾਲਣ ਵੱਲ ਬਹੁਤ ਸਾਰੇ ਲੋਕਾਂ ਦਾ ਧਿਆਨ ਹੋ ਗਿਆ। ਧਰਤੀ ਸੂਰਜ ਚੰਦ ਸਿਤਾਰੇ ਕੀ ਹਨ? ਦੁਨੀਆਂ ਸਾਡੀ ਧਰਤੀ ਕੇਹੋ ਜੇਹੀ ਤੇ ਕਿਥੋਂ ਤੀਕ ਹੈ, ਏਨ੍ਹਾਂ ਸਵਾਲਾਂ ਦੇ ਜਵਾਬ ਆਪੋ ਅਪਣੀ ਮੱਤ ਅਨੁਸਾਰ ਦਿੱਤੇ ਜਾਣ ਲਗ ਪਏ। ਦਲੀਲਬਾਜ਼ੀ ਨਾਲ ਲੋਕੀਂ ਹੇਠ ਨੂੰ ਉੱਤੇ ਤੇ ਉੱਤੇ ਨੂੰ ਹੇਠ ਸਿੱਧ ਕਰਨ ਲਗ ਪਏ। ਜੇਕਰ ਕੱਛੂ ਤੇ ਇਕ ਖਿਲਾੜੀ ਦੀ ਦੌੜ ਲਾ ਦਿਤੀ ਜਾਵੇ ਤੇ ਕੱਛੂ ਨੂੰ ਕੁਛ ਕਰਮ ਅਗੇ ਤੋਰ ਦਿੱਤਾ ਜਾਵੇ ਕੀ ਖਿਲਾੜੀ ਕੱਛੂ ਨੂੰ ਛੁਹ ਲਵੇਗਾ। ਸਿਧੀ ਅਕਲ ਤੇ ਦ੍ਰਿਸ਼ਟੀ ਤਾਂ ਕਹੰਦੀ ਹੈ ਕਿ ਖਿਲਾੜੀ ਦੋ ਛਾਲਾਂ ਵਿਚ ਅੱਗੇ ਵਧ ਜਾਊ। ਪਰ ਯੂਨਾਨੀ ਦਲੀਲਬਾਜ਼ ਕਹਿੰਦਾ ਹੈ ਕਿ ਜਦ ਤੋੜੀ ਖਿਲਾੜੀ ਕੱਛੂ ਦੇ ਪਹਲੇ ਪੈਰਾਂ ਉੱਤੇ ਅੱਪੜੂ ਕੱਛੂ ਹੋਰ ਅੱਗੇ ਵਧ ਜਾਊ। ਜਿੱਨੇ ਚਿਰ ਵਿਚ ਖਿਲਾੜੀ ਕੱਛੂ ਦੇ ਇਕ ਅੱਧੇ ਸੂਤ

ਨੂੰ ਤੈ ਕਰੂ ਉਸ ਭੋਰਾ ਕੁ ਸਮੇਂ ਵਿਚ ਕੱਛੂ ਹੋਰ ਅੱਗੇ ਹੋ ਜਾਊ, ਖਿਲਾੜੀ ਕੱਛੂ ਨੂੰ ਕਦੋਂ ਛੂਹੇਗਾ ? ਏਸ ਬਾਰੀਕ ਦਲੀਲਬਾਜ਼ੀ ਦਾ ਇਕ ਹੋਰ ਨਮੂਨਾ ਹੈ। ਹਵਾ ਵਿਚ ਛੱਡਿਆ ਤੀਰ ਮਿਥ ਲਵੋ ਕਿ ਇਕ ਸੈਕੰਡ ਵਿਚ ਪੰਜਾਹ ਫੁਟ ਜਾਂਦਾ ਹੈ ਤਾਂ ਸੈਕੰਡ ਦੇ ਸੌਵੇਂ ਹਿੱਸੇ ਵਿਚ ਕੁਲ ਅੱਧਾ ਫੁਟ ਤੇ ਹਜ਼ਾਰਵੇਂ ਵਿਚ ਇੰਚ ਤੋਂ ਵੀ ਘਟ ਤੇ ਏਸੇ ਤਰ੍ਹਾਂ ਹੀ ਵਧੇਰੇ ਹਿਸਮ ਕਰਨ ਨਾਲ ਤੀਰ ਦੀ ਰਫਤਾਰ ਬਿੰਦੀ ਤੁਲ ਹੋ ਜਾਊ ਤਾਂ ਬੁਝੋ ਕੀ ਉਹ ਤੀਰ ਜਿਸ ਦੀ ਰਫਤਾਰ ਬਿੰਦੀ ਹੈ ਉਹ ਜਾਊ ਕਿੱਥੇ ? ਕਿਤੇ ਭੀ ਨਹੀਂ। ਏਸ ਤਰ੍ਹਾਂ ਬਹੁਤ ਸਾਰੇ ਦਲੀਲਬਾਜ਼ੀ ਦੇ ਉਸਤਾਦ ਪੈਦਾ ਹੋ ਗਏ, ਆਮ ਲੋਕਾਂ ਨੂੰ ਅਚੰਭਾ ਹੋ ਗਿਆ। ਵੇਹਲੜ ਅਮੀਰ-ਜ਼ਾਦੇ ਏਨ੍ਹਾਂ ਲਾਲ ਬੁਝੱਕੜਾਂ ਵਲ ਤੱਕ ਕੇ ਵਾਹ ਵਾਹ ਕਰਨ ਲਗ ਪਏ। ਏਥੇ ਕੁ ਜੇਹੇ ਆ ਕੇ ਇਕ ਸੁਚਾ ਦਲੀਲਬਾਜ਼ ਉੱਤਪਨ ਹੋਯਾ ਜਿਸ ਨੇ ਨਾ ਕੇਵਲ ਯੂਨਾਨ ਨੂੰ ਬਲਕਿ ਹੋਣ ਵਾਲੀ ਦੁਨੀਆਂ ਨੂੰ ਅਪਣੀ ਅਕਲ ਚਾਤਰੀ ਤੇ ਸਚ ਦੇ ਜਲੌ ਨਾਲ ਚੁੰਧਿਆ ਸੁੱਟਿਆ, ਉਸ ਦਾ ਨਾਮ ਸੁਕਰਾਤ ਸੀ।

ਜਿਸ ਸਮੇਂ ਸੁਕਰਾਤ ਨੂੰ ਇੱਤਹਾਸਕ ਵਡਿਆਈ ਪ੍ਰਾਪਤ ਹੋਈ ਉਸ ਦੀ ਆਯੂ ਸੱਤਰ ਸਾਲ ਦੀ ਸੀ, ਕੱਦ ਮੱਧਰਾ, ਸਰੀਰ ਦਾ ਪੁਸ਼ਟ, ਨੱਕ ਮਿੱਡਾ, ਸੰਘਣਾ ਦਾੜ੍ਹਾ, ਸ਼ਕਲੋਂ ਕਰੂਪ, ਪੈਰ ਨੰਗੇ, ਇਕ ਪੁਰਾਣਾ ਜੇਹਾ ਹੰਢਿਆ ਚੋਲਾ ਪਾਯਾ ਹੋਯਾ, ਗਰਮੀ ਸਰਦੀ ਭੁੱਖ ਤੇਹ ਤੇ ਉੱਕਾ ਅਤੀਤ—ਏਹ ਸੀ ਯੂਨਾਨ ਦਾ ਮੁੱਢ-ਫਿਲਸਫ਼ਾਦਾਨ ਸੁਕਰਾਤ ! ਕਿਸੇ ਸਕੂਲ ਨਹੀਂ ਪੜ੍ਹਿਆ। ਜਦ ਉਸ ਨੂੰ ਸਰਕਾਰੀ ਚਾਕਰੀ ਸਿਪਾਹੀਗੀਰੀ ਯਾ ਅਦਾਲਤੀ ਕੰਮ ਤੋਂ ਵਿਹਲ ਮਿਲਦਾ ਉਹ ਆਪਣਾ ਸਾਰਾ ਸਮਾਂ ਜੰਤਾ ਵਿਚ ਜਾ ਕੇ ਭਾਂਤ ਭਾਂਤ ਦੇ ਪ੍ਰਸ਼ਨ ਪੁੱਛਣ ਅਤੇ ਪ੍ਰਸ਼ਨਾਂ ਦੇ ਜਵਾਬਾਂ ਨੂੰ ਅਧੂਰੇ ਪਾ ਗ਼ਲਤ ਸਿੱਧ ਕਰਨ ਵਿਚ ਗੁਜ਼ਾਰਦਾ ਸੀ। ਮੰਤਵ ਉਸ ਦਾ ਸੀ ਹਰ ਇਕ ਪ੍ਰਸ਼ਨ ਦਾ ਸ਼ੁਧ ਸੱਚਾ ਟੀਚੇ ਦਾ ਜਵਾਬ ਲੱਭਣਾ। ਦਸਦੇ ਹਨ ਕਿ ਉਸ ਦੇ ਸਰੀਰ ਦੀ ਝਾਲ ਸ਼ਕਤੀ ਬੇਹੱਦ ਸੀ। ਯੁੱਧ ਵਿਚ ਜਦ ਦੂਜੇ ਸਿਪਾਹੀ ਭੁਖ ਦੇਖ ਕੇ ਮਰਦੇ ਸਨ ਸੁਕਰਾਤ ਅਡੋਲ ਰਹਿੰਦਾ ਸੀ। ਜਦ ਸਿਆਲ ਦੇ ਕੋਰੇ ਪੈਂਦੇ ਸਨ ਤੇ ਹੋਰ ਸਿਪਾਹੀ ਕੋਠਿਆਂ ਵਿਚ ਅੱਗਾਂ ਬਾਲ ਕੇ ਲੱਤਾਂ ਪੈਰਾਂ ਨੂੰ ਗੋਦੜੀਆਂ ਨਾਲ ਢੱਕ ਕੇ ਮਸਾਂ ਪਾਲਾ ਕਟਦੇ ਸਨ ਸੁਕਰਾਤ ਨੰਗੇ ਪੈਰੀਂ ਬਰਫ ਵਿਚ ਫਿਰਦਾ ਸੀ। ਸਗੋਂ ਨਾਲ ਦੇ ਫੌਜੀ ਸੁਕਰਾਤ ਦੇ ਏਸ ਬੇਮਿਸਾਲ ਹਠ ਤੋਂ ਸ਼ਰਮ ਖਾ ਕੇ ਉਸ ਨਾਲ ਈਰਖਾ ਕਰਦੇ ਸਨ। ਉਸ ਨੂੰ ਆਪਣੇ ਸਰੀਰ ਅਤੇ

ਮਨ ਉਤੇ ਪੂਰਾ ਕਾਬੂ ਸੀ।

ਸ਼ਰਾਬ ਦੀ ਵਰਤੋਂ ਬਹੁਤ ਘੱਟ ਕਰਦਾ ਸੀ ਪਰ ਜਦ ਸੰਗੀਆਂ ਸਾਥੀਆਂ ਨਾਲ ਪੀਣ ਬਹਿ ਜਾਂਦਾ ਸਭ ਨੂੰ ਮਾਤ ਕਰ ਦੇਂਦਾ ਸੀ ਤੇ ਨਸ਼ਈ ਹੋਯਾ ਉਹ ਕਿਸੇ ਨੇ ਨਹੀਂ ਵੇਖਿਆ। ਉਸ ਦੇ ਸ਼ਾਗਿਰਦ ਤੇ ਚਰਿਤ੍ਰਕਾਰ ਅਫਲਾਤੂ ਦੇ ਲਿੱਖਣ ਅਨੁਸਾਰ ਸੁਕਰਾਤ ਨੂੰ ਕਾਮ ਉਤੇ ਪੂਰਨ ਵੱਸ ਸੀ। ਉਹ ਲਿਖਦਾ ਹੈ ਕਿ ਸੁਕਰਾਤ ਦਾ ਪਿਆਰ ਯਾ ਇਸ਼ਕ ਸੁੱਚਾ ਖਾਲਸ ਨਿਸ਼ਕਾਮ ਪਿਆਰ ਸੀ। (Platonic Love) ਅਫਲਾਤੂ ਲਿਖਦਾ ਹੈ ਕਿ ਸੁਕਰਾਤ ਨੇ ਅਨੇਕਵਾਰ ਯੁਧ ਵਿਚ ਅਦਭੁਤ ਬਹਾਦਰੀ ਵਿਖਾਈ ਤੇ ਉਹ ਮੌਤ ਨੂੰ ਟਿੱਚ ਸਮਝਦਾ ਸੀ।

ਸਮਾਂ ਪਾ ਕੇ ਸੁਕਰਾਤ ਰਾਜਧਾਨੀ ਏਥੰਜ਼ ਦੇ ਵਡਾਰੂ ਸਿਆਣਿਆਂ ਵਿਚ ਗਿਣਿਆ ਜਾਣ ਲੱਗ ਪਿਆ। ਆਪ ਉਹ ਕਿਸੇ ਵਡਿਆਈ ਮਾਯਾਵਿਕ ਪਸਾਰ ਤੇ ਮਰਤਬੇ ਦਾ ਉੱਕਾ ਚਾਹਵਾਨ ਨਹੀਂ ਸੀ। ਏਹ ਲਗਨ ਜ਼ਰੂਰ ਸੀ ਕਿ ਯੂਨਾਨ ਸਰਕਾਰ ਦੇ ਕਰਮਚਾਰੀ ਤੇ ਆਗੂ ਸਿਆਣੇ ਯੋਗ ਤੇ ਧਰਮੀ ਹੋਣ। ਜਿਸ ਕਰਕੇ ਉਹ ਏਸ ਆਸ਼ੇ ਦੀ ਸਿਖਿਆ ਦੇਂਦਾ ਸੀ। ਉਸ ਸਮੇਂ ਦੇ ਬਾਹਰਲੇ ਸਿਆਣਿਆਂ ਵਾਂਗ ਅਸਥੂਲ ਦੁਨੀਆਂ ਧਰਤੀ ਅਤੇ ਚੰਦ ਸਿਤਾਰਿਆਂ ਦੀ ਬਨਾਵਟ ਤੇ ਗਤੀ ਦੇ ਭੂਤ ਲੱਭਣ ਵਲ ਉੱਕਾ ਉਸ ਦਾ ਧਿਆਨ ਨਹੀਂ ਸੀ, ਉਹ ਤਾਂ ਇਸ ਬਾਰੀਕ ਤੇ ਡੂੰਘੀ ਖੋਜ ਵਿਚ ਸੀ ਕਿ ਮਨੁਖ ਦੇ ਆਚਰਨ ਵਿਚ ਚੰਗਾ ਕੀ ਹੈ ਤੇ ਮੰਦਾ ਕੀ ਹੈ। ਉਸਦੀ ਅੰਤ੍ਰੀਵ ਲਗਨ ਏਹ ਸੀ ਕਿ ਆਦਮੀ ਦਾ ਜੀਵਨ ਸੱਚਾ ਆਤਮ ਬਲ ਵਾਲਾ ਨਿਰੋਲ ਚੰਗਿਆਈਆਂ ਖਿਲਾਰਨ ਵਾਲਾ ਜੀਵਨ ਹੋਵੇ। ਅਜੇਹੇ ਜੀਵਨ ਦੇ ਕੀ ਗੁਣ ਹੋਣੇ ਚਾਹੀਦੇ ਹਨ। ਸੁਕਰਾਤ ਨੂੰ ਉਨ੍ਹਾਂ ਗੁਣਾਂ ਦੇ ਭਾਲਣ ਤੇ ਨਿਖਾਰ ਕੇ ਲੋਕਾਂ ਨੂੰ ਦੱਸਣ ਦੀ ਲਿਵ ਸੀ। ਪ੍ਰਚਾਰ ਦਾ ਢੰਗ ਉਸ ਦਾ ਆਪਣਾ ਸੀ।

ਫਿਰਦੇ ਫਿਰਦੇ ਨੇ ਪੁੱਛ ਕੀਤੀ 'ਜੇਕਰ ਮੈਂ ਜੁਤੀ ਗੰਢਾਉਣੀ ਹੋਵੇ ਕਿਸ ਕੋਲ ਜਾਵਾਂ ?' ਇਸ ਦਾ ਜਵਾਬ ਆਯਾ 'ਮੋਚੀ ਕੋਲ'। ਗੱਲ ਤੋਰ ਕੇ ਤੇ ਬੇਢੀਆਂ ਠਠਿਆਰਿਆਂ ਆਦਕਾਂ ਦਾ ਜ਼ਿਕਰ ਕਰਦਾ ਅਖ਼ੀਰ ਵਿਚ ਸਰੋਤਿਆਂ ਨੂੰ ਸੁਧ ਸੂਹੇ ਲਾ ਕੇ ਪੁਛਦਾ ਹੈ 'ਜੇਕਰ ਰਾਜ ਪ੍ਰਬੰਧ ਦੇ ਬੇੜੇ ਦੀ ਟੁਟ ਭੱਜ ਨੂੰ ਸੁਧਾਈ ਦੀ ਲੋੜ ਪੈ ਜਾਵੇ ਕਿਸ ਤੋਂ ਕਰਾਉਣੀ ਲੋੜੀਏ ?" ਸੁਨਣ ਵਾਲੇ ਆਪੇ ਸੋਚਣ ਲੱਗ ਪੈਂਦੇ ਸਨ ਤੇ ਆਪੋ ਵਿਚ ਸੰਬਾਦ ਛਿੜ ਪੈਂਦਾ ਸੀ ਕਿ ਰਾਜਨੀਤਕ ਕਰਮ-

ਚਾਰੀ ਰਾਜ ਪ੍ਰਬੰਧਕ ਗੁਣਾਂ ਵਾਲੇ ਹੋਣੇ ਚਾਹੀਦੇ ਹਨ ਨਾ ਕਿ ਓਹ ਜੋ ਮਾਯਾ ਯਾ ਸਫਾਰਸ਼ੀ ਵਿਖਾਵਿਆਂ ਦੇ ਜ਼ੋਰ ਨਾਲ ਪ੍ਰਤਿਸ਼ਟਤ ਬਣ ਜਾਣ। ਇਕ ਗਭਰੂ ਸੁਕਰਾਤ ਕੋਲ ਆ ਕੇ ਸਲਾਹ ਲੈਣ ਲੱਗਾ 'ਮੈਂ ਫੌਜੀ ਜਰਨੈਲ ਬਨਣਾ ਚਾਹੁੰਦਾ ਹਾਂ।' ਜਵਾਬ ਮਿਲਿਆ ਕਿ ਪਹਲਾਂ ਜਾ ਕੇ ਜੰਗ ਦੇ ਕਰਤਵ ਦੀ ਸਿਖਿਆ ਪ੍ਰਾਪਤ ਕਰ। ਸਿੱਖਿਆ ਪ੍ਰਾਪਤ ਕਰਕੇ ਉਹ ਫੇਰ ਸੁਕਰਾਤ ਕੋਲ ਆਇਆ। ਸ਼ੁਕਰਾਤ ਨੇ ਮਾੜੀ ਮੋਟੀ ਵਾਹ ਵਾਹ ਤੇ ਸ਼ਾਬਾਸ਼ ਦੇ ਕੇ ਆਖਿਆ 'ਅਜੇ ਤੂੰ ਪ੍ਰਪੱਕ ਨਹੀਂ ਹੋਯਾ ਹੋਰ ਸਿਖਿਆ ਲੈ'। ਇਕ ਹੋਰ ਗਭਰੂ ਅਮੀਰ ਆਯਾ ਸਲਾਹ ਲੈਣ. ਸੁਕਰਾਤ ਨੇ ਆਪਣੇ ਢੰਗ ਦਾ ਉਸ ਨਾਲ ਪ੍ਰਸ਼ਨ ਉੱਤਰ ਕਰਕੇ ਸ਼ਾਹੂਕਾਰੇ ਦੀ ਵਿੱਦਿਆ ਪ੍ਰਾਪਤੀ ਵਲ ਪ੍ਰੇਰ ਕੇ ਤੋਰ ਦਿੱਤਾ।

ਹੌਲੀ ਹੌਲੀ ਲੋਕਾਂ ਨੂੰ ਪਤਾ ਲਗਦਾ ਗਿਆ ਕਿ ਸੁਕਰਾਤ ਤਾਂ ਅਸਲੋਂ ਗੁਣਾਂ ਦਾ, ਨਿਰੋਲ ਗੁਣਾਂ ਦਾ ਗਾਹਕ ਹੈ। ਜੇਕਰ ਸੁਕਰਾਤ ਆਮ ਜੰਤਾ ਵਿਚ ਰੋਟੀ ਪਾਣੀ ਤੇ ਲੂਣ ਤੇਲ ਦੇ ਝਗੜਿਆਂ ਸੰਬੰਧੀ ਵਿਚਾਰਾਂ ਦੇਈ ਜਾਂਦਾ ਤਾਂ ਉਸ ਨੂੰ ਕਿਸੇ ਨੇ ਕੁਛ ਨਹੀਂ ਸੀ ਕਹਣਾ। ਸੁਕਰਾਤ ਲੱਗ ਪਿਆ ਵੇਲੇ ਦੇ ਸਰਕਾਰੀ ਕਰਮ-ਚਾਰੀਆਂ ਦੇ ਗੁਣਾਂ ਅਉਗਣਾਂ ਨੂੰ ਫਰੋਲਣ। ਵਡੇ ਵਡੇ ਕਰਮਚਾਰੀਆਂ ਜਦ ਖਲਕਤ ਨੂੰ ਵੇਖਿਆ ਓਨ੍ਹਾਂ ਦੇ ਆਚਾਰਾਂ ਤੇ ਕਰਤਵਾਂ ਦੀ ਛਾਣਬੀਣ ਕਰਦਿਆਂ ਓਨ੍ਹਾਂ ਨੂੰ ਆਪਣੇ ਅਉਗੁਣ ਤੇ ਘਾਟੇ ਆਪੇ ਉੱਘੜਨ ਲੱਗ ਪਏ ਤੇ ਉਹ ਲਗੇ ਸੁਕਰਾਤ ਨੂੰ ਤਾੜਨ ਕਿ ਤੇਰੀ ਸਿੱਖਿਆ ਨਾਲ ਸਾਡੀਆਂ ਅਯੋਗਤਾਈਆਂ ਪ੍ਰਗਟ ਹੋ ਰਹੀਆਂ ਹਨ ਤੇ ਮਾਣ ਘਟ ਰਿਹਾ ਹੈ। ਨੌਬਤ ਇਥੋਂ ਤੀਕ ਪਹੁੰਚ ਗਈ ਕਿ ਵੇਲੇ ਦੇ ਯੂਨਾਨੀ ਹਾਕਮਾਂ ਨੂੰ ਇਕੋ ਰਾਹ ਰਹ ਗਿਆ ਸੁਕਰਾਤ ਦੀ ਜ਼ਬਾਨ ਬੰਦ ਕਰਨ ਦਾ ਜਿਸ ਨਾਲ ਦਿਨੋ ਦਿਨ ਉਹ ਖ਼ਲਕਤ ਦੀਆਂ ਨਜ਼ਰਾਂ ਵਿਚ ਢਹ ਰਹੇ ਸਨ। ਓਨ੍ਹਾਂ ਆਪਣੀ ਵੇਲੇ ਦੀ ਪੰਚਾਇਤ ਦਾ ਇਕੱਠ ਕੀਤਾ ਤੇ ਸੁਕਰਾਤ ਵਿਰੁਧ ਦੂਸ਼ਣ ਲਗਾਏ:—ਸੁਕਰਾਤ ਭੈੜਾ ਹੈ, ਅਜੀਬ ਆਦਮੀ ਹੈ, ਸਾਡੇ ਦੇਵਤਿਆਂ ਦਾ ਸਤਕਾਰ ਘਟਾ ਕੇ ਨਿਜ-ਘੜਤ ਦੇਵਤਿਆਂ ਦਾ ਪ੍ਰਚਾਰ ਕਰਦਾ ਹੈ, ਜ਼ਮੀਨ ਅਸਮਾਨ ਦੀਆਂ ਗੱਲਾਂ ਛੇੜ ਕੇ ਯੁਵਕਾਂ ਨੂੰ ਵਿਗਾੜਦਾ ਹੈ, ਬੁਰਿਆ-ਈਆਂ ਨੂੰ ਚੰਗਿਆਈਆਂ ਸਿੱਧ ਕਰਦਾ ਹੈ ਤੇ ਅਜੇਹੀ ਸਿਖਿਆ ਦੇਂਦਾ ਹੈ। ਸੁਕਰਾਤ ਦੇ ਮੁਰੀਦ ਵਧੇਰੇ ਉਚੀ ਸ਼ਰੇਣੀਆਂ ਵਿਚੋਂ ਹੀ ਸਨ ਜਿਨ੍ਹਾਂ ਨੂੰ ਪੰਚਾਇਤ ਥੋੜੇ ਕੀਤੇ ਹੱਥ ਨਹੀਂ ਸੀ ਪਾ ਸਕਦੀ। ਸੋ ਪੰਜਾਇਤ ਨੇ ਓਨ੍ਹਾਂ ਦੇ ਉਸਤਾਦ

ਦੀ ਅਲਖ ਮੁਕਾ ਦੇਣਾ ਹੀ ਚੰਗਾ ਸਮਝਿਆ, ਨਾ ਹੋਵੇ ਬਾਂਸ ਨਾ ਬਜੇ ਬਾਂਸਰੀ। ਬਹੁ ਸੰਮਤੀ ਨਾਲ ਸੁਕਰਾਤ ਦੋਸ਼ੀ ਠਹਰਾਯਾ ਗਿਆ। ਪ੍ਰਚਲਤ ਨਿਆਇ ਅਨੁਸਾਰ ਸੁਕਰਾਤ ਨੂੰ ਹੱਕ ਸੀ ਕਿ ਉਹ ਆਪਣੇ ਲਈ ਮੌਤ ਨਾਲੋਂ ਘੱਟ ਸਜਾ ਆਪੇ ਕਬੂਲ ਕਰ ਲੈਂਦਾ; ਪਰ ਉਸ ਨੇ ਬੜੀ ਤੁੱਛ ਜੇਹੀ ਜੁਰਮਾਨੇ ਦੀ ਰਕਮ ਤਜਵੀਜ਼ ਕੀਤੀ ਜੇਹੜੀ ਕਿ ਉਸ ਦੇ ਅਫਲਾਤੂ ਵਰਗੇ ਚਾਟੜੇ ਭਰਣ ਨੂੰ ਤੁਰਤ ਤਿਆਰ ਸਨ ਪਰ ਪੰਚਾਇਤ ਸੁਕਰਾਤ ਦੀ ਏਸ ਟਿਚਕਰ ਤੋਂ ਸਗੋਂ ਹੋਰ ਚਿੜ ਗਈ ਤੇ ਉਨ੍ਹਾਂ ਮੌਤ ਦੀ ਸਜ਼ਾ ਬੋਲ ਦਿੱਤੀ। ਸਪਸ਼ਟ ਹੈ ਕਿ ਸੁਕਰਾਤ ਆਪ ਮੌਤ ਤੋਂ ਛੁਟੇਰੀ ਸਜ਼ਾ ਕਬੂਲ ਕਰਕੇ ਆਪ ਨੂੰ ਇਕ ਤਰ੍ਹਾਂ ਅਪਰਾਧੀ ਮੰਨਣ ਦਾ ਇਕਬਾਲ ਨਹੀਂ ਸੀ ਕਰਨਾ ਚਾਹੁੰਦਾ। ਪੰਚਾਇਤ ਵਿਚ ਪੇਸ਼ ਹੋਕੇ ਸੁਕਰਾਤ ਨੇ ਜੋ ਆਪਣੇ ਮੂੰਹੋਂ ਆਪਣੀ ਸਫ਼ਾਈ ਦਿੱਤੀ ਉਹ ਇਕ ਇੱਤਹਾਸਕ ਭਾਸ਼ਣ ਹੈ ਜੋ ਕਿ ਵਿਆਖਿਆ—ਕਾਰਕ ਯਾ ਸਾਹਿੱਤਕ ਨੁਕਤੇ ਤੋਂ ਨਹੀਂ ਪਰ ਸੱਚਾਈ ਤੇ ਨਿਰਭੈਤਾ ਦੇ ਨੁਕਤੇ ਤੋਂ ਪ੍ਰਸਿੱਧ ਹੈ। ਏਸ ਭਾਸ਼ਣ ਦਾ ਸਾਰ ਸੁਕਰਾਤ ਦੇ ਚੇਲੇ ਅਫਲਾਤੂ ਨੇ ਜੋ ਅਦਾਲਤ ਵਿਚ ਸੁਣ ਰਿਹਾ ਸੀ, ਲਿਖਤ **Apology** ਉਜ਼ਰਦਾਰੀ ਵਿਚ ਰਹਿੰਦੀ ਦੁਨੀਆਂ ਦੇ ਪੜ੍ਹਣ ਅਤੇ ਵਿਚਾਰਨ ਲਈ ਕਲਮਬੰਦ ਕੀਤਾ ਹੈ।

'ਏਥੰਜ਼ ਵਾਸੀ ਹਮਸ਼ਹਰੀਓ, ਖਬਰੇ ਤੁਹਾਡੇ ਉੱਤੇ ਮੈਨੂੰ ਦੋਸ਼ੀ ਠਹਰਾਉਣ ਵਾਲਿਆਂ ਦੇ ਚਮਤਕਾਰਕ ਵਿਆਖਿਆਨ ਦਾ ਕੀ ਅਸਰ ਹੋਯਾ, ਪਰ ਮੈਂ ਮੰਨਦਾ ਹਾਂ ਕਿ ਉਨ੍ਹਾਂ ਦੇ ਪ੍ਰਪੰਚਕ ਬੋਲ ਸੁਣ ਕੇ ਮੈਂ ਆਪਣੇ ਆਪ ਨੂੰ ਭੁੱਲ ਚੱਲਿਆ ਸਾਂ ਕਿ ਮੈਂ ਕੀ ਹਾਂ। ਖਰੀ ਗਲ ਏਹ ਹੈ ਕਿ ਉਨ੍ਹਾਂ ਇਕ ਸ਼ਬਦ ਭੀ ਸੱਚਾ ਨਹੀਂ ਉਚਰਿਆ। ਸਭ ਤੋਂ ਵੱਡਾ ਝੂਠ ਉਨ੍ਹਾਂ ਏਹ ਬੋਲਿਆ ਜਦ ਉਨ੍ਹਾਂ ਤੁਹਾਨੂੰ (ਪੰਚਾਇਤ ਨੂੰ) ਆਖਿਆ ਕਿ ਮੇਰੇ ਭਾਸ਼ਣ ਨਾਲ ਪ੍ਰਭਾਵਤ ਹੋਣੋ ਬਚਣਾ ਤੇ ਮੇਰੀ ਚਪਲ ਜ਼ਬਾਨ ਨਾਲ ਭੁਲੇਖਾ ਨਹੀਂ ਖਾਣਾ। ਮੇਰੇ ਮੂੰਹ ਖੋਲਦੇ ਸਾਰ ਤੁਹਾਨੂੰ ਉਨ੍ਹਾਂ ਦੇ ਏਸ ਝੂਠ ਦਾ ਚਾਨਣ ਹੋ ਗਿਆ ਹੋਣਾ ਹੈ ਕਿਉਂਕਿ ਮੈਂ ਵਿਆਖਿਆ ਕਰਨ ਤੋਂ ਉੱਕਾ ਲਾਚਾਰ ਹਾਂ, ਪਰ ਹਾਂ ਜੇ ਉਨ੍ਹਾਂ ਦਾ ਮਤਲਬ ਵਿਆਖਿਆਨ ਤੋਂ ਸੱਚਾਈ ਹੈ ਤਾਂ ਮੈਂ ਮੰਨਦਾ ਹਾਂ ਕਿ ਮੈਂ ਵਿਆਖਿਆਕਾਰ ਹਾਂ ਕਿਉਂਕਿ ਮੈਂ ਸੱਚਾ ਹਾਂ। ਉਨ੍ਹਾਂ ਸੱਚ ਉਕਾ ਨਹੀਂ ਬੋਲਿਆ ਪਰ ਮੈਂ ਤੁਹਾਨੂੰ ਕੋਰਾ ਸੱਚ ਦੱਸਾਂਗਾ, ਸੁਰੀਲੇ ਤੇ ਪ੍ਰਭਾਵਕ ਸ਼ਬਦਾਂ ਵਿਚ ਲਪੇਟ ਕੇ ਨਹੀਂ ਆਪਣੀ ਕੁਦਰਤੀ ਬੋਲੀ

ਵਿਚ ਜੇਹੜੀ ਮੈਨੂੰ ਆਉਂਦੀ ਹੈ......।"

ਪੰਚਾਇਤੀ ਅਨੀਟਸ ਇਕ ਸਿਆਸਤਦਾਨ ਸੀ, ਮਲੀਟਸ ਇਕ ਘਟਨਾਇਕ ਕਵੀ ਤੇ ਲਾਈਕਨ ਇਕ ਗੁਮਨਾਮ ਵਿਆਖਿਆ ਵਕਤਾ, ਇਹ ਤਿੰਨੇ ਸੁਕਰਾਤ ਦੇ ਦੋਖੀ ਸਨ ਜਿਨ੍ਹਾਂ ਉਸ ਨੂੰ ਦੋਸ਼ੀ ਕਰਾਰ ਦੇਣ ਉੱਤੇ ਸਾਰਾ ਜ਼ੋਰ ਲਾਯਾ ਸੀ। ਦੋਸ਼ੀ ਏਹ ਸੀ ਕਿ ਸੁਕਰਾਤ ਯੂਨਾਨ ਦੇ ਪੁਰਾਤਨ ਦੇਵਤਿਆਂ ਨੂੰ ਤਜ ਕੇ ਨਵਿਆਂ ਦੀ ਪੂਜਾ ਪ੍ਰਚਾਰਦਾ ਹੈ। ਸੁਕਰਾਤ ਨੇ ਏਹਨਾਂ ਹਾਜ਼ਰ ਦੋਖੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਤੁਸੀਂ ਅਜੇ ਅੰਞਾਣ ਬੱਚੇ ਸਾਓ ਜਦੋਂ ਲੋਕ ਮੈਨੂੰ ਦੋਸ਼ ਦੇਂਦੇ ਸਨ ਕਿ ਏਹ ਇਕ ਵੱਡਾ ਸਿਆਣਾ ਹੈ ਜੋ ਧਰਤੀ ਤੇ ਅਸਮਾਨ ਦੀਆਂ ਗਲਾਂ ਕਰਦਾ ਹੈ, ਧਰਤੀ ਦੇ ਢਿੱਡ ਦੀ ਖੋਜ ਕਰਦਾ ਹੈ ਅਤੇ ਮਾੜੀ ਗਲ ਨੂੰ ਚੰਗੀ ਸਿਧ ਕਰ ਵਿਖਾਂਦਾ ਹੈ। ਏਹ ਦੋਸ਼ ਵਧੇਰੇ ਖਤਰਨਾਕ ਹੈ ਕਿਉਂਕਿ ਏਸ ਦੋਸ ਦੇ ਲਾਉਣ ਵਾਲੇ ਲੰਘ ਗਏ ਹਨ, ਲੁਕੇ ਹੋਏ ਹਨ, ਮੇਰੇ ਸਾਮ੍ਹਣੇ ਨਹੀਂ। ਮੈਨੂੰ ਧਰਤੀ ਅਸਮਾਨ ਅਤੇ ਹੋਰ ਅਸਥੂਲ ਬਾਤਾਂ ਨਾਲ ਕੋਈ ਸੰਬੰਧ ਨਹੀਂ। ਨਾ ਮੈਂ ਉਪਦੇਸ਼ਕ ਹਾਂ ਨਾਂ ਮੈਂ ਸਿੱਖਿਆ ਦੇਣ ਦੀ ਦੱਛਣਾ ਲੈਂਦਾ ਹਾਂ। ਮੈਂ ਆਪ ਹੈਰਾਨ ਹਾਂ ਕਿ ਲੋਕ ਮੈਨੂੰ ਸਿਆਣਾ ਕਿਉਂ ਆਖ ਕੇ ਭੰਡਦੇ ਹਨ। ਕਈ ਉਸਤਾਦ ਹਨ ਜੋ ਸਿੱਖਿਆ ਦੀ ਫ਼ੀਸ ਲੈਂਦੇ ਹਨ, ਨੇਕ ਵਿੱਦਯਾ ਦੇ ਧਨ ਵਿਹਾਜਣਾ ਮਾੜੀ ਗੱਲ ਨਹੀਂ ਪਰ ਮੈਂ ਤਾਂ ਕਿਸ ਤੋਂ ਕੁਝ ਲੈਂਦਾ ਭੀ ਨਹੀਂ। "ਏਥੰਜ਼ ਵਾਸੀਓ ਤੁਸੀਂ ਪੁੱਛੋਗੇ ਕਿ ਸੁਕਰਾਤ ਵਿਚੋਂ ਗਲ ਕੀ ਹੈ, ਤੈਨੂੰ ਦੋਸ਼ ਕਿਉ ਲਾਏ ਜਾਂਦੇ ਹਨ, ਕੁਝ ਨਾ ਕੁਝ ਅਜਬ ਗਲ ਤੂੰ ਜ਼ਰੂਰ ਕੀਤੀ ਹੋਵੇਗੀ ਨਹੀਂ ਤਾਂ ਤੇਰੇ ਵਿਰੁਧ ਐਨੀਆਂ ਕਣਸੋਆਂ ਤੇ ਚਰਚਾ ਕਿਉਂ ਉਤਪੰਨ ਹੋਏ। ਏਹ ਇਕ ਖਰੀ ਪੁਛ ਹੈ ਜਿਸ ਦਾ ਜਵਾਬ ਮੈਨੂੰ ਦੇਣਾ ਬਣਦਾ ਹੈ......।"

ਕਣਸੋਆਂ ਤੇ ਚਰਚਾ ਸੁਕਰਾਤ ਦੀ ਸਿਆਣਪ ਦਾ ਕਿਥੋਂ ਤੇ ਕਿਉਂ ਚਲੇ ? ਏਸ ਦਾ ਜਵਾਬ ਸੁਕਰਾਤ ਨੇ ਦਿਤਾ ਕਿ ਕਿਸੇ ਨੇ ਪੁਛ-ਦੇਣੇ ਡੈਲਫੀ ਦੇ ਮੰਦਰ ਵਿਚ ਜਾ ਕੇ ਪ੍ਰਸ਼ਨ ਕੀਤਾ, "ਕੇ ਏਥੰਜ਼ ਵਿਚ ਸੁਕਰਾਤ ਨਾਲੋਂ ਭੀ ਕੋਈ ਸਿਆਣਾ ਹੈ ?" ਜਵਾਬ ਆਯਾ ਨਹੀਂ। ਮੈਂ ਭੀ ਸੁਣਿਆ ਕਿ ਦੇਵਤਾ ਨੇ ਏਹ ਜਵਾਬ ਦਿਤਾ ਹੈ ਤੇ ਮੈਂ ਹੈਰਾਨ ਹੋਯਾ ਕਿ ਦੇਵਤਾ ਭੁਲੇਖੇ ਵਿਚ ਹੈ ਪਰ ਉਸ ਦੇ ਜਵਾਬ ਵਿਚ ਸੱਚ ਦਾ ਅੰਸ਼ ਜ਼ਰੂਰ ਹੋਵੇਗਾ। ਮੈਂ ਬੜੀ ਦੀਰਘ ਵਿਚਾਰ ਕੀਤੀ ਕਿ ਮੈਂ ਸਭ ਤੋਂ ਸਿਆਣਾ ਕਿਵੇਂ ਹਾਂ ਜਦ ਮੈਨੂੰ ਆਪ ਗਿਆਨ ਹੈ

ਕਿ ਮੇਰੇ ਵਿਚ ਵਡੀ ਛੋਟੀ ਕੋਈ ਖਾਸ ਸਿਆਣਪ ਨਹੀਂ ਤੇ ਦੇਵਤਾ ਝੂਠ ਭੀ ਨਹੀਂ ਕਹ ਸਕਦਾ। ਆਖਰ ਮੈਨੂੰ ਫੁਰਨਾ ਫੁਰਿਆ ਕਿ ਮੈਂ ਭਾਲ ਕਰਾਂ ਤੇ ਕੋਈ ਅਜੇਹਾ ਸ਼ਹਰੀ ਲਭਾਂ ਜੋ ਮੇਰੇ ਨਾਲੋਂ ਵਧ ਸਿਆਣਾ ਹੋਵੇ ਤਾਂ ਜੋ ਡੈਲਫ਼ੀ ਦੇ ਦੇਵਤੇ ਨੂੰ ਜਾ ਕੇ ਵਿਖਾਵਾਂ ਕਿ ਆਹ ਬੰਦਾ ਮੇਰੇ ਨਾਲੋਂ ਸਿਆਣਾ ਹੈ ਤੇ ਮੈਂ ਦੇਵਤੇ ਨੂੰ ਗਲਤ ਸਿੱਧ ਕਰ ਸਕਾਂ। ਏਸ ਭਾਲ ਵਿਚ ਮੈਂ ਜੁਟ ਗਿਆ ਤੇ ਕਈ ਵਡੇਰਿਆਂ ਕੋਲ ਗਿਆ। ਸੁਕਰਾਤ ਕਹੰਦਾ ਹੈ ਮੈਂ ਪਹਲਾਂ ਇਕ ਰਾਜਨੀਤਕ ਦੇਵਤੇ ਕੋਲ ਗਿਆ, ਗੱਲਾਂ ਕੀਤੀਆਂ ਪ੍ਰਸ਼ਨ ਕੀਤੇ ਤੇ ਓੜਕ ਮੈਨੂੰ ਪਤਾ ਲੱਗਾ ਕਿ ਉਹ ਵਡੇਰਾ ਅਪਣੇ ਆਪ ਨੂੰ ਸਿਆਣਾ ਸਮਝੀ ਬੈਠਾ ਸੀ ਪਰ ਸਿਆਣਾ ਨਹੀਂ ਸੀ। ਮੈਂ ਉਸ ਨੂੰ ਧੀਰਜ ਨਾਲ ਪਰ ਪੱਕੇ ਖਿਆਲ ਨਾਲ ਦੱਸਿਆ ਕਿ ਤੂੰ ਤਾਂ ਕੋਈ ਵੱਡਾ ਸਿਆਣਾ ਨਹੀਂ। ਉਹ ਮੇਰਾ ਵੈਰੀ ਬਣ ਗਿਆ। ਫੇਰ ਮੈਂ ਕਈ ਕਵੀਆਂ ਕੋਲ ਗਿਆ। ਉਨ੍ਹਾਂ ਤੋਂ ਉਨ੍ਹਾਂ ਦੀ ਆਪਣੀ ਰਚਨਾ ਦੇ ਅਰਥ ਪੁੱਛੇ ਪਤਾ ਲਗਾ ਕਿ ਕਵੀ ਕਵਿਤਾ ਨੂੰ ਸਿਆਣਪ ਕਰਕੇ ਨਹੀਂ ਰਚਦੇ, ਉਹਨਾਂ ਦੇ ਅੰਦਰੋਂ ਤਰੰਗ ਉਪਜਦੀ ਹੈ, ਉਸ ਵਿਚ ਕਵਿਤਾ ਲਿਖਦੇ ਹਨ ਤੇ ਪਿੱਛੋਂ ਉਹ ਕਈ ਵਾਰ ਆਪਣੀ ਕਵਿਤਾ ਦੇ ਅਰਥ ਆਪ ਭੀ ਨਹੀਂ ਕਰ ਸਕਦੇ। ਤਾਂ ਤੇ ਸਿਆਣੇ ਤਾਂ ਉਹ ਭੀ ਨਹੀਂ ਅਖਵਾ ਸਕਦੇ। ਫੇਰ ਮੈਂ ਕਿਰਤੀਆਂ ਕਾਰੀਗਰਾਂ ਤੇ ਹੋਰ ਅਖੌਤੀ ਸਿਆਂਣਿਆਂ ਕੋਲ ਗਿਆ ਪਰ ਕਿਸੇ ਵਿਚ ਵੱਡੀ ਯਾ ਉੱਚੀ ਸਿਆਣਪ ਮੈਨੂੰ ਨਹੀਂ ਲੱਭੀ। ਏਸ ਪੁਛ ਗਿਛ ਵਿਚ ਏਨੇ ਸਾਰੇ ਮੇਰੇ ਵੈਰੀ ਬਣਦੇ ਗਏ ਤੇ ਆਖਰ ਮੈਨੂੰ ਦੇਵਤੇ ਦੇ ਕਥਨ ਦੇ ਅਰਥ ਹਿਰਦੇ ਵਿਚੋਂ ਏਹ ਲਭੇ ਕਿ ਸਿਆਣਾ ਕੇਵਲ ਰੱਬ ਹੈ। ਦੇਵਤੇ ਦੇ ਜਵਾਬ ਦਾ ਅਸਲੀ ਅਰਥ ਏਹ ਸੀ ਕਿ ਪ੍ਰਾਣੀਆਂ ਦੀ ਸਿਆਣਪ ਕੁਝ ਨਹੀਂ, ਸੁਕਰਾਤ ਦਾ ਨਾਮ ਵਰਤ ਕੇ ਦੇਵਤੇ ਦਾ ਆਸ਼ਾ ਏਹ ਸਮਝਾਉਣ ਦਾ ਸੀ ਕਿ ਸਭਨਾਂ ਤੋਂ ਸਿਆਣਾ ਆਦਮੀ ਉਹ ਹੈ ਜੋ ਸੁਕਰਾਤ ਵਾਂਗ ਸਮਝੀ ਬੈਠਾ ਹੈ ਕਿ ਮੇਰੀ ਸਿਆਣਪ ਦਾ ਕੁਝ ਵਕਰ ਨਹੀਂ।

"ਤਾਣ ਹੁੰਦੇ ਹੋਇ ਨਿਤਾਣਾ, ਮਾਣ ਹੋਂਦੇ ਹੋਇ ਨਿਮਾਣਾ।"

ਸੁਕਰਾਤ ਆਖਣ ਲਗਾ ਕਿ ਮੇਰਾ ਏਹ ਸਮਾਂ ਏਸ ਯਤਨ ਵਿਚ ਲਗ ਜਾਂਦਾ ਰਿਹਾ ਹੈ ਕਿ ਮੈਂ ਨਿਗਰ ਸਿਆਣੇ ਪੁਰਸ਼ ਲੱਭਾਂ ਪਰ ਮੈਨੂੰ ਸਭ ਥੋਥੇ ਜਾਪੇ। 'ਜੋਈ ਜੋਈ ਦੇਖਿਆ ਸੋਈ ਸੋਈ ਰੋਗੀ।" ਮੇਰਾ ਤੇ ਹੋਰਣਾਂ ਦਾ ਕੇਵਲ ਏਤਨਾ ਫਰਕ ਸੀ ਕਿ ਉਹ ਸਾਰੇ ਆਪਣੇ ਆਪ ਨੂੰ ਸਿਆਣੇ ਸਮਝੀ ਬੈਠੇ ਸਨ ਪਰ ਮੈਂ ਸਮਝਦਾ

ਸਾਂ ਕਿ ਮੈਂ ਸਿਆਣਾ ਨਹੀਂ ਹਾਂ ਤੇ ਮੇਰੀ ਸਿਆਣਪ ਇਕ ਬਿੰਦੀ ਦੇ ਤੁੱਲ ਹੈ, ਸ਼ੈਦ ਏਸੇ ਕਰਕੇ ਮੈਨੂੰ ਦੇਵਤੇ ਨੇ ਸਭ ਤੋਂ ਸਿਆਣਾ ਆਖਿਆ ਹੋਵੇ। ਨਾ ਸਿਆਣਾ ਹੁੰਦਾ ਹੋਇਆ ਮੈਂ ਏਹ ਮੰਨਦਾ ਹਾਂ ਕਿ ਮੈਂ ਸਿਆਣਾ ਨਹੀਂ 'ਮੱਤ ਹੋਂਦੀ ਹੋਏ ਅੰਞਾਣਾ' ਪਰ ਹੋਰ ਸਭ ਨਾ-ਸਿਆਣੇ ਹੁੰਦੇ ਹੋਏ ਭੀ ਅਪਣੇ ਆਪ ਨੂੰ ਸਿਆਣੇ ਵਿਖਾਣ ਦੇ ਹਨ ਮੈਂ ਏਨਾ ਅਪਣੇ ਮੂੰਹ ਸਿਆਣਿਆਂ ਦੇ ਪਾਜ ਨੰਗੇ ਕਰਦਾ ਰਿਹਾ ਹਾਂ, ਗੁਜਾਰੇ ਵਾਲਿਆਂ ਦੇ ਮੁੰਡੇ ਮੇਰੀ ਇਸ ਖੇਡ ਨੂੰ ਵੇਖ ਸੁਣ ਕੇ ਸੁਆਦ ਲੈਂਦੇ ਰਹੇ ਹਨ ਕਿ ਏਨ੍ਹਾਂ ਅਖੌਤੀ ਸਿਆਣਿਆਂ ਨੂੰ ਸੁਕਰਾਤ ਸੌਂਹੇ ਦੀ ਗੱਲ ਨਹੀਂ ਅਉੜਦੀ। ਤਾਂ ਤੇ ਉਹ ਸਾਰੇ ਮੇਰੇ ਵੈਰੀ ਬਣ ਗਏ। ਏਹ ਸੀ ਜਵਾਬ ਸੁਕਰਾਤ ਦਾ ਦੋਸ਼ ਸੂਚੀ ਦੇ ਪਹਲੇ ਅੰਕ ਦਾ।

"ਹੁਣ ਲਓ ਮੈਲੀਟਸ ਹੋਰਾਂ ਵੱਲੋਂ ਲਾਯਾ ਦੋਸ਼ ਕਿ ਮੈਂ ਏਥੰਜ਼ ਦੇ ਗਭਰੂਆਂ ਨੂੰ ਵਿਗਾੜਦਾ ਹਾਂ। ਕੋਈ ਏਨ੍ਹਾ ਨੂੰ ਸੁਧਾਰਦਾ ਭੀ ਹੈ ਯਾਂ ਸਾਰੇ ਹੀ ਮੇਰੇ ਵਾਂਗ ਵਿਗਾੜੂ ਹੀ ਹਨ।', ਮੈਲੀਟਸ ਨੂੰ ਜਵਾਬ ਦੇਣਾ ਪਿਆ ਕਿ ਅਦਾਲਤ ਦੇ ਮਨਸੂਫੇ ਭੌਂਨਾ ਨੂੰ ਸੁਧਾਰਦੇ ਹਨ। "ਕੀ ਪੰਚਾਇਤੀ ਵੀ ਵਿਗਾੜਦੇ ਹਨ।" ਨਹੀਂ ਉਹ ਸੁਧਾਰਦੇ ਹਨ। "ਹੋਰ ਵਿਗਾੜਨ ਵਾਲੇ ਕੌਣ ਹਨ ?" ਗੱਲ ਕੀ ਸੁਕਰਾਤ ਦੀ ਜਰਹ ਵਿਚ ਮੈਲੀਟਸ ਏਥੋਂ ਤੀਕ ਆ ਗਿਆ ਕਿ ਹੋਰ ਸਾਰੇ ਸੁਧਾਰਦੇ ਹਨ ਕੇਵਲ ਸੁਕਰਾਤ ਵਿਗਾੜਦਾ ਹੈ। 'ਸ਼ਹਰ ਏਥੰਟ ਕੇਡਾ ਸੁਭਾਗਾ ਹੈ ਕਿ ਸਾਰੀ ਜੰਤਾ ਏਥੋਂ ਦੇ ਗਭਰੂਆਂ ਨੂੰ ਸੁਧਾਰ ਰਹੀ ਹੈ ਕੇਵਲ ਮੈਂ ਇਕ ਹਾਂ ਜੋ ਏਨ੍ਹਾਂ ਨੂੰ ਵਿਗਾੜਦਾ ਹਾਂ ਕੀ ਮੈਂ ਐਡਾ ਮੂਰਖ ਹਾਂ ਕਿ ਮੈਂ ਸਮਝੀ ਬੈਠਾ ਹਾਂ ਏਨੇ ਸੁਧਾਰਕਾਂ ਦੇ ਹੁੰਦਿਆਂ ਏਹ ਗਭਰੂ ਮੇਰੇ ਇਕੱਲੇ ਦੇ ਵਿਗਾੜੂ ਪ੍ਰਚਾਰ ਨੂੰ ਗ੍ਰਹਨ ਕਰ ਲੈਣਗੇ ? ਏਥਨੀਅਨ ਲੋਕੋ ਸਪਸ਼ਟ ਹੈ ਕਿ ਜੇ ਕਰ ਮੈਂ ਵਿਗਾੜਨ ਦਾ ਯਤਨ ਭੀ ਕੀਤਾ ਤਾਂ ਜਾਣ ਕੇ ਨਹੀਂ ਕੀਤਾ ਭੋਲੇਪਣ ਵਿਚ ਕੀਤਾ। ਪਰ ਦੋਸ਼ੀ ਤਾਂ ਉਹ ਹੁੰਦਾ ਹੈ ਜੋ ਜਾਣ ਬੁਝ ਕੇ ਜੁਰਮ ਕਰੇ ਨਾ ਕਿ ਉਹ ਜਿਸ ਤੋਂ ਭੋਲਪਣੇ ਵਿਚ ਹੋ ਜਾਵੇ , ਤਾਂ ਤੇ ਮੈਲੀਟਸ ਹੋਰਾਂ ਦਾ ਦੋਸ਼ ਲਾਯਾ ਦੋਸ਼ ਕੁਸੁੱਧ ਹੈ।"

"ਅਗਲਾ ਦੋਸ਼ ਏਹ ਹੈ ਕਿ ਮੈਂ ਯੂਨਾਨ ਦੇ ਪ੍ਰਵਾਨੀਕ ਦੇਵਤੇ ਤਜ ਕੇ ਨਵੇਂ ਦੇਵਤੇ ਖੜੇ ਕਰਦਾ ਹਾਂ। ਮੈਲੀਟਸ ਤੂੰ ਏਨਾ ਤਾਂ ਮੰਨਦਾ ਹੈਂ ਨਾਂ ਕਿ ਮੈਂ ਦੇਵਤਿਆਂ ਅਰਥਾਤ ਧਰਤੀ ਦੇ ਬੰਦਿਆਂ ਤੋਂ ਉਚੇਰੀ ਮੱਤ ਤੇ ਹੋਂਦ ਵਾਲੇ ਪੁਰਸ਼ਾਂ ਨੂੰ ਮੰਨਦਾ ਹਾਂ। ਮੈਲੀਟਸ ਨੂੰ ਆਖਣਾ ਪਿਆ ਕਿ ਨਹੀਂ ਤੂੰ ਦੇਵਤਿਆਂ ਦਾ ਮਨਨ

ਕਰਦਾ ਹੀ ਨਹੀਂ। ਤਾਂ ਕੀ ਮੈਂ ਨਾਸਤਕ ਹਾਂ ?' ਮੈਲੀਟਸ ਨੂੰ ਜਵਾਬ ਦੇਣਾ ਪਿਆ ਕਿ ਤੂੰ ਨਾਸਤਕ ਹੈ। ਮੈਲੀਟਸ ਆਪਣੇ ਮੂੰਹੋਂ ਆਪੇ ਝੂਠਾ ਹੋ ਗਿਆ ਦੋਸ਼ ਲਾਯਾ ਸੀ ਕਿ ਸੁਕਰਾਤ ਨਵੇਂ ਦੇਵਤਿਆਂ ਦੀ ਪੂਜਾ ਦਾ ਪ੍ਰਚਾਰ ਕਰਦਾ ਹੈ, ਹੁਣ ਆਖਦਾ ਹੈ ਕਿਸੇ ਦੀ ਪੂਜਾ ਨਹੀਂ ਕਰਵਾਉਂਦਾ।

"ਮੈਲੀਟਸ ਹੋਰਾਂ ਦੇ ਲਾਏ ਦੋਸ਼ ਦਾ ਮੈਂ ਉੱਤਰ ਦੇ ਚੁਕਾ ਹਾਂ, ਵਧੇਰੇ ਸਫਾਈ ਦੀ ਲੋੜ ਨਹੀਂ ਪਰ ਅਸਲੀਅਤ ਏਹ ਹੈ ਕਿ ਮੈਂ ਚੋਖੇ ਵੈਰੀ ਬਣਾ ਚੁਕਾ ਹਾਂ ਤੇ ਜੇਕਰ ਮੈਂ ਮੁੱਕ ਜਾਵਾਂ ਇਸਦੇ ਕਾਰਨ ਏਹ ਮੇਰੇ ਵੈਰੀ ਮੈਲੀਟਸ ਅਨੀਟਸ ਆਦਕ ਨਹੀਂ ਹੋਣਗੇ ਪਰ ਦੁਨੀਆਂ ਦੀ ਈਰਖਾ ਅਤੇ ਦਵੈਸ਼ ਜਿਸ ਦਾ ਸ਼ਿਕਾਰ ਬਹੁਤ ਅਗੇ ਹੋਏ ਹਨ ਤੇ ਹੋਰ ਹੋਣਗੇ.. ...ਕੋਈ ਆਖੇਗਾ ਸੁਕਰਾਤ ਤੈਨੂੰ ਲਾਜ ਨਹੀਂ ਕਿ ਤੂੰ ਅੱਨਿਆਈ ਮੌਤ ਮਰੇਂ ਉਸ ਨੂੰ ਮੈਂ ਆਖਾਂਗਾ ਏਹ ਤੇਰੀ ਭੁਲ ਹੈ। ਅਸਲੇ ਵਾਲਾ ਆਦਮੀ ਕਰਣੀ ਨੂੰ ਜੀਵਨ ਤੇ ਮਰਨ ਦੇ ਨੁਕਤੇ ਤੋਂ ਕਦੇ ਨਹੀਂ ਵੇਖਦਾ। ਵਿਚਾਰ ਯੋਗ ਗੱਲ ਕੇਵਲ ਇਕ ਹੁੰਦੀ ਹੈ ਕੀ ਉਸ ਦਾ ਕਰਤੱਵਯ ਚੰਗਾ ਹੈ ਯਾ ਮਾੜਾ, ਕੀ ਉਹ ਚੰਗਿਆਈ ਦਾ ਕਰਤਾ ਹੈ ਯਾ ਬੁਰਿਆਈ ਦਾ...... ਏਥੰਜ਼ ਦੇ ਲੋਕੋ ਕੀ ਇਹ ਅਜਬ ਗੱਲ ਨਹੀਂ ਹੋਵੇਗੀ ਕਿ ਮੈਂ ਜਦ ਪੂਟੀਡਿਆ, ਐਂਡੀਪੋਲਿਸ ਅਤੇ ਡੀਲੀਅਮ ਦੇ ਰਣ ਭੂਮਾਂ ਵਿਚ ਤੁਹਾਡੇ ਨੀਯਤ ਕੀਤੇ ਸੈਨਾਪਤੀਆਂ ਦੇ ਹੁਕਮ ਦੀ ਪਾਲਣਾ ਕਰਦਾ ਮੌਤ ਦੇ ਮੂੰਹ ਵਿਚ ਹੋਰਨਾਂ ਵਾਂਗ, ਓਨ੍ਹੀ ਪੈਰੀਂ ਜਮ ਕੇ ਖਲੋਤਾ ਰਿਹਾ ਜਿਥੇ ਮੈਨੂੰ ਖਲਿਆਰਿਆ ਗਿਆ ਸੀ, ਜੇਕਰ ਅੱਜ ਮੈਂ ਏਹ ਸਮਝਦਾ ਹੋਯਾ ਕਿ ਰੱਬ ਨੇ ਮੈਨੂੰ ਜਿਸ ਆਸ਼ੇ ਲਈ ਨਿਯੁਕਤ ਕੀਤਾ ਹੈ ਅਰਥਾਤ ਸਿਆਣਪ ਤੇ ਸੱਚਾਈ ਨਾਲ ਆਪਣੇ ਤੇ ਹੋਰਨਾਂ ਦੇ ਅੰਦਰ ਦਿਲਾਂ ਦੀ ਖੋਜ ਕਰਨ ਲਈ ਕੇਵਲ ਇਕ ਮੌਤ ਦੇ ਡਰ ਤੋਂ ਯਾ ਹੋਰ ਡਰ ਨਾਲ ਆਪਣੇ ਨੀਯਤ ਥਾਂ ਤੋਂ ਹਿਲ ਜਾਵਾਂ......ਬੜੀ ਅਜਬ ਗੱਲ ਹੋਵੇਗੀ ਸਗੋਂ ਮੈਨੂੰ ਏਸ ਅਪਰਾਧ ਲਈ ਅਦਾਲਤ ਵਿਚ ਖਲਿਆਰਨਾ ਲੋੜੀਏ ਜੇਕਰ ਮੈਂ ਦੇਵਤਿਆਂ ਤੋਂ ਮੁਕਰਾਂ ਯਾ ਮੌਤ ਦੇ ਡਰ ਕਰਕੇ ਆਖਾਂ ਕਿ ਮੈਂ ਸਿਆਣਾ ਹਾਂ ਜਦ ਮੈਂ ਜਾਣਦਾ ਹਾਂ ਕਿ ਮੈਂ ਸਿਆਣਾ ਨਹੀਂ ਹਾਂ। ਮੌਤ ਦਾ ਡਰ ਸਿਆਣਪ ਦਾ ਪੱਜ ਹੈ, ਅਸਲੀ ਸਿਆਣਪ ਨਹੀਂ ਏਹ ਅਣਜਾਣ ਨੂੰ ਜਾਣਿਆ ਆਖਣ ਦਾ ਬਾਹਨਾ ਹੈ। ਕੋਈ ਨਹੀਂ ਜਾਣਦਾ ਕਿ ਮੌਤ ਜਿਸ ਨੂੰ ਲੋਕ ਡਰ ਕਰਕੇ ਇਕ ਵਡੀ ਬੁਰਿਆਈ ਸਮਝੀ ਬੈਠੇ ਹਨ ਇਕ ਉੱਚੀ ਚੰਗਿਆਈ ਹੀ ਹੋਵੇ.........ਕੀ ਏਹ ਇਕ ਕਲੰਕਤ ਭੁੱਲ

ਕਿ ਆਦਮੀ ਉਸ ਨੂੰ ਜਾਣਦਾ ਹੈ ਜਿਸ ਦਾ ਕਿਸੇ ਨੂੰ ਗਿਆਨ ਨਹੀਂ । ਏਸੇ ਇਕ ਗੱਲ ਵਿਚ ਮੈਂ ਹੋਰਨਾਂ ਨਾਲੋਂ ਭਿੰਨ ਹਾਂ—ਤੇ ਸ਼ਾਇਦ ਉਨ੍ਹਾਂ ਨਾਲੋਂ ਸਿਆਣਾ ਭੀ ਹੋਵਾਂ, ਜਾਣਦਾ ਹੋਯਾ ਕਿ ਪਰਲੋਕ ਦਾ ਮੈਨੂੰ ਕੁਛ ਪਤਾ ਨਹੀਂ ਮੈਂ ਨਹੀਂ ਕਹਿੰਦਾ ਕਿ ਮੈਂ ਜਾਣਦਾ ਹਾਂ । ਪਰ ਮੈਨੂੰ ਨਿਸਚਾ ਹੈ ਕਿਸ ਉਚੇਰੇ ਤੋਂ ਮੂਰਕਨਾ ਯਾ ਨਾ ਮੰਨਣਾ ਭਾਵੇਂ ਉਹ ਰੱਬ ਹੋਵੇ ਯਾ ਆਦਮੀ ਪਾਪ ਤੇ ਅਪਮਾਨੀਯ ਹੈ ਤੇ ਮੈਂ ਸੰਭਵ ਚੰਗਿਆਈ ਤੋਂ ਕਦੇ ਨਹੀਂ ਡਰਾਂਗਾ ਨਾ ਟਲਾਂਗਾ ਜੋ ਦੂਜੇ ਪਾਸੇ ਨਿਸ਼ਚਿਤ ਪਾਪ ਹੋਵੇ । ਏਸ ਕਰਕੇ ਜੇਕਰ ਤੁਸੀਂ ਮੈਨੂੰ ਐਤਕਾਂ ਜਾਣ ਦੇਓ ਤੇ ਅਨੀਟਸ ਦੀ ਗੱਲ ਨਾ ਮੰਨੋ ਕਿ ਮੈਨੂੰ ਦੋਸ਼ੀ ਠਹਰਾ ਕੇ ਮੁਕਾ ਦੇਣਾ ਚਾਹੀਦਾ ਹੈ ਅਤੇ ਕਿ ਜੇਕਰ ਮੈਂ ਹੁਣ ਛੁੱਟ ਜਾਵਾਂ ਤੁਹਾਡੇ ਪੁੱਤਰ ਸਾਰੇ ਬਿਗੜ ਕੇ ਨਾਸ ਹੋ ਜਾਣਗੇ ਮੇਰੀਆਂ ਗੱਲਾਂ ਸੁਣ ਕੇ, ਤੇ ਜੇ ਤੁਸੀਂ ਆਖੋ ਸੁਕਰਾਤ ਐਤਕਾਂ ਅਸੀਂ ਅਨੀਟਸ ਦੀ ਨਹੀਂ ਮੰਨਦੇ ਤੈਨੂੰ ਬਰੀ ਕਰਦੇ ਹਾਂ ਕੇਵਲ ਇਕ ਸ਼ਰਤ ਉਤੇ ਕਿ ਅੱਗੇ ਨੂੰ ਏਸ ਤਰ੍ਹਾਂ ਖੋਜ ਪੜਤਾਲ ਨਾ ਕਰੀਂ, ਤੇ ਜੇ ਕਰਦਾ ਫੜਿਆ ਗਿਆ ਤੈਨੂੰ ਮੌਤ ਦੀ ਸਜ਼ਾ ਦਿਤੀ ਜਾਵੇਗੀ ਤਾਂ ਮੇਰਾ ਜਵਾਬ ਏਹ ਹੈ, ਏਥੰਜ਼ ਦੇ ਲੋਕੋ ਮੈਨੂੰ ਤੁਹਾਡਾ ਆਦਰ ਤੇ ਸਤਿਕਾਰ ਹੈ, ਪਰ ਮੈਂ ਤੁਹਾਡੇ ਹੁਕਮ ਨਾਲੋਂ ਰੱਬ ਦਾ ਹੁਕਮ ਮੰਨਣਾ ਜ਼ਰੂਰੀ ਸਮਝਦਾ ਹਾਂ। ਜਿੰਨਾ ਚਿਰ ਮੇਰੇ ਵਿਚ ਜਾਨ ਤੇ ਸ਼ਕਤੀ ਹੈ ਮੈਂ ਕਦੇਚਿਤ **Philosophy** ਸਿਆਣਪ ਦੀ ਖੋਜ ਦੇ ਕਰਤਵ ਅਤੇ ਇਸ ਦੇ ਪ੍ਰਚਾਰ ਤੋਂ ਬਾਜ਼ ਨਹੀਂ ਆ ਸਕਦਾ । ਜਿਸ ਕਿਸੇ ਨੂੰ ਮਿਲਾਂਗਾ ਏਹ ਆਖਾਂਗਾ ਆਪਣੇ ਸੁਭਾਵਕ ਢੰਗ ਨਾਲ : ਤੂੰ ਮੇਰੇ ਮਿੱਤ੍ਰ ਏਥੰਜ਼ ਵਰਗੇ ਵੱਡੇ ਤੇ ਬਲੀ ਸਿਆਣੇ ਸ਼ਹਰ ਦਾ ਸ਼ਹਰੀ ਹੁੰਦਾ ਹੋਯਾ ਕੀ ਤੂੰ ਨਿਲੱਜ ਹੈਂ ਕੀ ਤੂੰ ਮਾਯਾ ਤੇ ਮਾਨ ਤੇ ਨਾਮ ਮਗਰ ਲੱਗ ਕੇ ਏਨਾਂ ਨੂੰ ਜੋੜੀ ਜਾਵੇਂ ਤੇ ਸਿਆਣਪ ਤੇ ਸੱਚ ਤੇ ਆਤਮਕ ਉੱਨਤੀ ਦਾ ਉੱਕਾ ਖਿਆਲ ਨਾ ਕਰੇ—ਜੇਕਰ ਉਹ ਕਹੇ ਕਿ ਨਹੀਂ ਮੈਂ ਜ਼ਰੂਰ ਏਨ੍ਹਾਂ ਗੱਲਾਂ ਦਾ ਖਿਆਲ ਕਰਦਾ ਹਾਂ ਤਾਂ ਮੈਂ ਉਸ ਨੂੰ ਓਥੇ ਹੀ ਰੋਕ ਲੈਂਦਾ ਹਾਂ ਤੇ ਓਸ ਦੇ ਦਿਲ ਦੀ ਖੋਜ ਅਰੰਭ ਦੇਂਦਾ ਹਾਂ । ਜੇਕਰ ਮੈਨੂੰ ਮਲੂਮ ਹੋਵੇ ਕਿ ਉਸ ਦੇ ਅੰਦਰ ਨੇਕੀ ਨਹੀਂ ਤਾਂ ਮੈਂ ਉਸ ਨੂੰ ਸਲਾਮਤ ਪਾਉਂਦਾ ਹਾਂ ਕਿ ਤੈਨੂੰ ਵੱਡੀ ਗੱਲ ਦੀ ਕਦਰ ਨਹੀਂ ਤੇ ਤੂੰ ਨਿੱਕੀ ਨੂੰ ਵਡਿਆਉਂਦਾ ਹੈ ।"

"ਰਤਨ ਤਿਆਗ ਕੌਡੀ ਸੰਗ ਰਚੇ । ਸਾਚ ਛੋਡ ਝੂਠ ਸੰਗ ਮਚੇ ।"

ਸੁਕਰਾਤ ਕਹਿੰਦਾ ਹੈ ਕਿ ਦੇਸ਼ ਨੂੰ ਏਸ ਨਾਲੋਂ ਵੱਡੀ ਪਰਾਲਭਦ ਨਹੀਂ ਵਾਪਰੀ ਕਿ ਮੈਂ ਰੱਬ ਦੀ ਸੇਵਾ ਕਰ ਰਿਹਾ ਹਾ। ਮੈਂ ਤੁਹਾਨੂੰ ਸਾਰਿਆਂ ਨੂੰ ਬਿਰਧ ਤੇ ਯੁਵਕਾਂ ਨੂੰ ਏਹੀ ਪ੍ਰੇਰਨਾ ਕਰਦਾ ਹਾਂ ਆਪਣੇ ਜਾਨ ਤੇ ਮਾਲ ਵਲ ਧਿਆਨ ਪਿਛੋਂ ਕਰੋ ਪਹਲਾਂ ਆਪਣੀ ਆਤਮਾ ਨੂੰ ਸੁਧ ਤੇ ਪਵਿੱਤ੍ਰ ਕਰੋ। ਮੈਂ ਕਹਿੰਦਾ ਹਾਂ ਮਾਯਾ ਤੋਂ ਨੇਕੀ ਨਹੀਂ ਹੁੰਦੀ ਨੇਕੀ ਤੋਂ ਮਾਯਾ ਤੇ ਹੋਰ ਸਭ ਚੰਗਿਆਈਆਂ ਹੁੰਦੀਆਂ ਹਨ। ਏਹ ਮੇਰੀ ਸਿੱਖਿਆ ਹੈ ਤੇ ਜੇਕਰ ਏਸ ਸਿਧਾਂਤ ਨਾਲ ਗੱਭਰੂ ਬਿਗੜਦੇ ਹਨ ਤਾਂ ਮੈਂ ਜ਼ਰੂਰ ਅਪਰਾਧੀ ਹਾਂ। ਪਰ ਜੇਕਰ ਕੋਈ ਆਖੇ ਕਿ ਮੇਰੀ ਸਿਖਿਆ ਏਹ ਨਹੀਂ ਉਹ ਝੂਠ ਬੋਲਦਾ ਹੈ। ਤਾਂ ਤੇ ਏਥੰਜ਼ ਵਾਸੀਓ ਮੈਂ ਤੁਹਾਨੂੰ ਆਖਦਾ ਹਾਂ, ਅਨੀਟਸ ਦੀ ਚਾਹਨਾਂ ਪੂਰੀ ਕਰੋ ਯਾ ਨਾ ਕਰੋ, ਮੈਨੂੰ ਬਰੀ ਕਰੋ ਯਾ ਨਾ ਕਰੋ, ਜਿਵੇਂ ਜੀ ਆਵੇ ਕਰੋ ਪਰ ਸਮਝ ਲਵੋ ਕਿ ਮੈਂ ਆਪਣਾ ਵਤੀਰਾ ਉੱਕਾ ਨਹੀਂ ਛਡਾਂਗਾ, ਭਾਵੇਂ ਮੈਨੂੰ ਇਕ ਵਾਰ ਨਹੀਂ ਕਈ ਵਾਰ ਮਰਨਾ ਪਵੇ।

ਸੁਕਰਾਤ ਕਹਿੰਦਾ ਮੈਨੂੰ ਮਾਰ ਮੁਕਾਓਗੇ ਮੇਰੇ ਵਰਗਾ ਦੂਜਾ ਤੁਹਾਨੂੰ ਸਹਜ ਨਹੀਂ ਲੱਭਣਾ। "ਆਪਣਾ ਰਾਜਾ ਇਕ ਵੱਡੇ ਸੁੰਦਰ ਅਸੀਲ ਘੋੜੇ ਵਾਂਗ ਹੈ ਜਿਸ ਨੂੰ ਸਦਾ ਚੁਸਤ ਤੇ ਜਾਗਦਾ ਰੱਖਣ ਦੀ ਲੋੜ ਹੈ ਤੇ ਮੈਂ ਉਹ ਪੱਖ ਹਾਂ ਜੋ ਉਸ ਨੂੰ ਲੜ ਲੜ ਕੇ ਉਸ ਦੀ ਸੁਸਤੀ ਨੂੰ ਦੂਰ ਕਰਦਾ ਹੈ। ਤੁਹਾਨੂੰ ਮੇਰੀ ਜਾਤ ਵਿਚ ਰੱਬ ਨੇ ਇਕ ਲੜਨ ਵਾਲੀ ਮੱਖ ਬਣਾ ਕੇ ਭੇਜਿਆ ਹੈ ਤੇ ਮੈਂ ਤੁਹਾਨੂੰ ਸਾਰਿਆਂ ਨੂੰ ਸਾਵਧਾਨ ਕਰਦਾ ਰਹਿੰਦਾ ਹਾਂ, ਪ੍ਰੇਰਦਾ ਹਾਂ ਮਾਂਦਗੀ ਤੋਂ ਹਟਾਂਦਾ ਹਾਂ। ਜੇਕਰ ਮੈਂ ਹੋਰਨਾਂ ਵਾਂਗ ਹੁੰਦਾ ਮੈਂ ਆਪਣਾ ਨਿੱਜ ਦਾ ਘਰੋਗੀ ਕੰਮ ਕਾਜ ਛੱਡ ਆਪਣਾ ਬਿਗਾੜ ਕੇ ਤੁਹਾਡਾ ਨਾ ਸੰਵਦਾ। ਤੁਹਾਡੇ ਕੋਲ ਪਿਤਾ ਵਾਂਗ ਤੇ ਭਰਾਤਾ ਵਾਂਗ ਜਾ ਕੇ ਤੁਹਾਨੂੰ ਨੇਕੀ ਵਲ ਪ੍ਰੇਰਦਾ ਰਿਹਾ ਹਾਂ। ਜੇਕਰ ਮੈਨੂੰ ਇਸ ਵਿਚੋਂ ਕੁਛ ਪ੍ਰਾਪਤੀ ਹੁੰਦੀ ਸ਼ਾਇਦ ਮੇਰਾ ਰਵਈਆ ਕੁਛ ਮਤਲਬ ਰਖਦਾ ਪਰ ਤੁਸੀਂ ਵੇਖ ਲਓ ਮੈਨੂੰ ਦੋਸ਼ੀ ਬਨਾਉਣ ਵਾਲੇ ਭੀ ਮੇਰੇ ਵਿਰੁੱਧ ਏਹ ਨਹੀਂ ਆਖ ਸਕਦੇ ਕਿ ਮੈਂ ਏਹ ਸਭ ਕੁਛ ਆਪਣੇ ਲਾਭ ਹਿਤ ਕਰਦਾ ਹਾਂ। ਏਨ੍ਹਾਂ ਕੋਈ ਗਵਾਹੀ ਏਸ ਮਤਲਬ ਦੀ ਨਹੀਂ ਪੇਸ਼ ਕੀਤੀ ਪਰ ਮੈਂ ਆਪਣੇ ਸੱਚ ਦੀ ਗਵਾਹੀ ਕਰਦਾ ਹਾਂ— ਮੇਰੀ ਗਰੀਬੀ।"


ਸੁਕਰਾਤ ਵਿਰੁਧ ਫੈਸਲੇ ਵਿਚ ਮਲੀਟਸ ਨੇ ਇਕ ਸਵਾਲ ਛੇੜਿਆ ਸੀ ਕਿ ਸੁਕਰਾਤ ਇਕੱਲੇ ਦੁਕੱਲੇ ਕੋਲ ਜਾ ਕੇ ਪ੍ਰੇਰਣਾ ਕਰਦਾ ਰਿਹਾ ਹੈ ਪਰ ਇਸ ਨੇ

ਖੁਲ੍ਹੇ ਮੈਦਾਨ ਜੰਤਾ ਵਿਚ ਕਦੇ ਰਾਜ-ਪ੍ਰਬੰਧ ਦਾ ਵਿਰੋਧ ਨਹੀਂ ਕੀਤਾ। ਜਿਸ ਦਾ ਅਰਥ ਏਹ ਹੈ ਕਿ ਸੁਕਰਾਤ ਆਪ Politics ਸਿਆਸਤ ਵਿਚ ਆ ਕੇ ਜੰਤਾ ਨੂੰ ਰਾਜ ਪ੍ਰਬੰਧ ਵਿਰੁੱਧ ਯਾ ਹੱਕ ਵਿਚ ਪ੍ਰੇਰਦਾ ਜੋ ਉਸ ਨੇ ਨਹੀਂ ਕੀਤਾ। ਇਸ ਦਾ ਜਵਾਬ ਸੁਕਰਾਤ ਏਹ ਦੇਂਦਾ ਹੈ ਕਿ ਮੇਰੇ ਅੰਦਰੋਂ ਛੋਟੇ ਹੁੰਦਿਆਂ ਤੋਂ ਆਉਂਦੀ ਰਹੀ ਹੈ, ਏਸ ਆਵਾਜ਼ ਨੇ (ਸ਼ਾਇਦ ਇਸ ਦਾ ਮਤਲਬ ਜ਼ਮੀਰ ਯਾ ਆਤਮਕ ਪ੍ਰੇਰਨਾ) ਮੈਨੂੰ ਸਿਆਸਤ ਵਿਚ ਵੜ ਕੇ ਹੋਰਨਾਂ ਵਾਂਗ ਰਾਜਨੀਤਕ ਘੁਲਾਟੀਆ ਬਣਨ ਤੋਂ ਹੋੜਿਆ। ਸੁਕਰਾਤ ਕਹਿੰਦਾ ਹੈ ਕਿ ਸਿਆਸਤੀ ਖਿਲਾੜੀ ਕਦੇ ਨਿਰੋਲ ਸੱਚ ਦੀ ਪੈਰਵੀ ਨਹੀਂ ਕਰ ਸਕਦਾ, ਜੇ ਕਰੂੰ ਤਾਂ ਮਾਰਿਆ ਜਾਊ। ਜੋ ਚਾਹੁੰਦਾ ਹੈ ਕਿ ਉਹ ਲੋਕਾ ਦਾ ਭਲਾ ਕਰੇ ਉਸ ਨੂੰ ਲੰਮੇ ਚਿਰ ਕੰਮ ਕਰਨਾ ਪਵੇਗਾ ਤੇ ਏਹ ਤਦ ਹੀ ਹੋ ਸਕੇਗਾ ਜੇ ਉਹ ਸਿਆਸਤ ਦੇ ਘੋਲਾਂ ਪਿੜਾਂ ਤੋਂ ਲਾਂਭੇ ਰਹੇ। ਇਸ ਦਾ ਦ੍ਰਿਸ਼ਟਾਂਤ ਦੇਂਦਾ ਹੋਯਾ ਸੁਕਰਾਤ ਆਪਣੀ ਹੱਡ ਬੀਤੀ ਦੇ ਦੋ ਵਾਕੇ ਦਸਦਾ ਹੈ। "ਸਰਕਾਰੀ ਹੁੱਦਾ ਜੋ ਮੈਂ ਮਾਣਿਆ ਹੈ ਆਪਣੀ ਉਮਰ ਵਿਚ ਸੈਨੇਟਰ ਦਾ ਹੈ। ਆਰਸੀਨੂਸੇ ਦੀ ਲੜਾਈ ਦੇ ਪਿਛੋਂ ਕੁਛ ਜਰਨੈਲਾਂ ਨੇ ਲੋਥਾਂ ਨੂੰ ਨਾ ਸਮੇਟਿਆ ਜਿਸ ਕਰਕੇ ਉਨ੍ਹਾਂ ਸਾਰਿਆਂ ਵਿਰੁਧ ਇਕੋ ਰੱਸੇ ਮੁਕੱਦਮਾ ਚਲਾਉਣ ਦਾ ਆਸ਼ਾ ਸੀ ਜੋ ਕਿ ਅੱਨਿਆਏ ਸੀ ਤੇ ਮੈਂ ਇਕੱਲਾ ਹੀ ਸਾਂ ਏਸ ਅੱਨਿਆਏ ਦੇ ਵਿਰੁਧ ਤੇ ਮੇਰੀ ਇਕੱਲੇ ਦੀ ਵੋਟ ਤਜਵੀਜ਼ ਦੇ ਵਿਰੁਧ ਸੀ। ਮੈਨੂੰ ਮੁਕੱਦਮਾ ਚਲਾਉਣ ਤੇ ਕੈਦ ਦੀ ਧਮਕੀ ਦਿੱਤੀ ਗਈ, ਤੁਸਾਂ ਸਾਰਿਆਂ ਮੇਰੇ ਵਿਰੁਧ ਰੌਲਾ ਪਾਯਾ ਪਰ ਮੈਂ ਨਹੀਂ ਯਰਕਿਆ ਕਿਉਂਕਿ ਮੈਂ ਮਨ ਵਿਚ ਨੀਯਤ ਕਰ ਚੁਕਾ ਸਾਂ ਕਿ ਮੈਂ ਸੱਚਾ ਹਾਂ ਤੇ ਜੋ ਕੁਛ ਹੁੰਦਾ ਹੈ ਹੋਵੇ ਮੌਤ ਤੇ ਕੈਦ ਤੋਂ ਡਰ ਕੇ ਮੈਂ ਤੁਹਾਡੇ ਅੱਨਯਾਇਕ ਵਤੀਰੇ ਨਾਲ ਸਹਿਮਤ ਨਹੀਂ ਹੋਯਾ ਸਾਂ। ਏਸ ਦੇ ਪਿਛੋਂ ਜਦ ਦੂਜੇ ਧੜੇ ਦਾ ਪਾਣੀ ਚੜ੍ਹ ਗਿਆ ਜਿਸ ਵਿਚ ਤੀਹ ਆਦਮੀ ਸਨ ਉਨ੍ਹਾਂ ਮੈਨੂੰ ਤੇ ਹੋਰ ਚਾਰ ਆਦਮੀਆਂ ਨੂੰ ਪੰਚਾਇਤ ਘਰ ਵਿਚ ਸੱਦ ਕੇ ਹੁਕਮ ਚਾੜ੍ਹਿਆ ਕਿ ਤੁਸੀਂ ਪੰਜੇ ਸਾਲਮੀਨ ਵਾਸੀ ਲੀਓਨ ਨੂੰ ਫੜ ਲਿਆਓ ਜਿਸ ਨੂੰ ਉਹ ਮੌਤ ਦੀ ਸਜ਼ਾ ਦੇਣਾ ਲੋੜਦੇ ਸਨ। ਅਜੇਹੇ ਅੱਨਯਾਇਕ ਫ਼ਤਵੇ ਸਿਆਸੀ ਧੜ ਸਦਾ ਦਿਆ ਕਰਦੇ ਹੀ ਹਨ। ਓਦੋਂ ਫੇਰ ਮੈਂ ਮੌਤ ਦੀ ਪਰਵਾਹ ਨਾ ਕਰਕੇ ਏਸ ਹੁਕਮ ਨੂੰ ਨਹੀਂ ਮੰਨਿਆ ਦੂਜੇ ਚਾਰ ਲੀਓਨ ਨੂੰ ਫੜਨ ਤੁਰ ਪਏ ਪਰ ਮੈਂ ਪੰਚਾਇਤ ਘਰੋਂ ਨਿੱਕਲਦਾ ਹੀ ਚੁਪ ਕਰਕੇ ਆਪਣੇ ਘਰ ਚਲਿਆ ਗਿਆ ਸਾਂ।

"ਹੁਣ ਤੁਸੀਂ ਆਪੇ ਹੀ ਸੋਚੋ ਜੇਕਰ ਮੈਂ ਸਿਆਸੀ ਧੜਿਆਂ ਵਿਚ ਵੜ ਕੇ ਲੋੜਦਾ ਕਿ ਸੱਚਾ ਭੀ ਰਹਾਂ ਤੇ ਸਿਆਸੀ ਆਗੂ ਭੀ ਬਣਿਆਂ ਰਹਾਂ ਕੀ ਮੈਂ ਦੋਨੋਂ ਗੱਲਾਂ ਪੁਗਾ ਸਕਦਾ ਸੀ ? ਨਹੀਂ ਏਥੰਜ਼ ਵਾਸੀਓ ਨਾ ਮੈਂ ਏਹ ਕਰਾ-ਮਾਤ ਕਰ ਸਕਦਾ ਸੀ ਨਾ ਕੋਈ ਹੋਰ......" ਸੁਕਰਾਤ ਕਹੰਦਾ ਹੈ ਮੈਂ ਕਿਸੇ ਦਵੈਸ਼ ਵਿਚ ਨਹੀਂ ਪੈਂਦਾ। ਕੋਈ ਬਿਰਧ ਹੋਵੇ ਯਾ ਯੁਵਕ ਹਰ ਇਕ ਲਈ ਮੇਰੀਆਂ ਗੱਲਾਂ ਸੁਣਨ ਦਾ ਦਰ ਖੁਲ੍ਹਾ ਹੈ। ਨਾ ਮੈਂ ਧਨਾਡ ਗਰੀਬ ਦਾ ਵਿਤਕਰਾ ਮੰਨਦਾ ਹਾਂ ਸਾਰੇ ਮੇਰਾ ਪ੍ਰਚਾਰ ਸੁਣ ਸਕਦੇ ਹਨ ਮੇਰੇ ਨਾਲ ਸੰਬਾਦ ਰਕ ਸਕਦੇ ਹਨ।

"ਲੋਕ ਪੁਛਣਗੇ ਤੇਰੇ ਨਾਲ ਗੱਲਾਂ ਕਰਨ ਵਿਚ ਲੋਕਾਂ ਨੂੰ ਕਿਉਂ ਸੁਆਦ ਆਉਂਦਾ ਹੈ। ਏਹ ਤੁਹਾਨੂੰ ਅਗੇ ਦਸ ਚੁਕਾ ਹਾਂ, ਏਥੰਜ਼ ਵਾਲਿਓ ਸੱਚੀ ਗੱਲ ਏਹ ਹੈ ਕਿ ਲੋਕੀ ਸਿਆਣੇ ਬਨਣ ਦੇ ਠੇਕੇਦਾਰਾਂ ਜਾਂ ਦਾਵੇ ਕਰਨ ਵਾਲਿਆਂ ਦੇ ਸਵਾਲ ਜਵਾਬ ਵਿਚ ਪਾਜ ਉਘੜਦੇ ਦੇਖ ਕੇ ਸੁਆਦ ਲੈਂਦੇ ਹਨ...... ਸਿਧੀ ਜਿਹੀ ਗਲ ਹੈ ਜੇਕਰ ਮੈਂ ਯੁਵਕਾਂ ਨੂੰ ਵਿਗਾੜਨਾ ਸੀ ਵਡੇ ਹੋ ਕੇ ਸਿਆਣੇ ਹੋ ਕੇ ਦੁਨੀਆਂ ਦੇ ਧੰਦਿਆਂ ਵਿਚ ਪੈ ਕੇ ਉਨ੍ਹਾਂ ਨੂੰ ਸੁਰਤ ਆ ਜਾਣੀ ਚਾਹੀਦੀ ਸੀ ਕਿ ਮੈਂ ਉਨ੍ਹਾਂ ਨੂੰ ਕੁਮੱਤ ਦੇਂਦਾ ਰਿਹਾ ਹਾਂ ਤੇ ਉਹ ਆਪ ਯਾ ਉਨ੍ਹਾਂ ਦੇ ਚਾਚੇ ਤਾਏ ਜਿਨ੍ਹਾਂ ਨੇ ਮੇਰੀ ਦਿੱਤੀ ਕੁਮੱਤ ਦੇ ਸਿੱਟੇ ਭੁਗਤਣੇ ਹੋਣੇ ਹਨ ਜ਼ਰੂਰ ਆ ਕੇ ਮੇਰੇ ਵਿਰੁਧ ਭੁਗਤਦੇ" ਨਾਉਂ ਲੈ ਲੈ ਕੇ ਸੁਕਰਾਤ ਨੇ ਸੱਦਾ ਦਿੱਤਾ ਪਰ ਕਿਸੇ ਨੇ ਉੱਠ ਕੇ ਸੁਕਰਾਤ ਦੇ ਜਵਾਬ ਦਾ ਖੰਡਨ ਨਾ ਕੀਤਾ।

ਅਖੀਰ ਵਿਚ ਸੁਕਰਾਤ ਕਹਿੰਦਾ ਹੈ "ਏਥੰਜ਼ ਦੇ ਵਾਸੀਓ ਏਹ ਹੈ ਮੇਰਾ ਉੱਤਰ ਸਫਾਈ ਵਿਚ। ਇਕ ਗਲ ਹੋਰ, ਸ਼ਾਇਦ ਤੁਹਾਡੇ ਵਿਚ ਕੋਈ ਹੋਣ ਜੋ ਏਸ ਗਲੋਂ ਨਾਰਾਜ਼ ਹੋ ਜਾਣ ਕਿ ਜਦ ਉਨ੍ਹਾਂ ਉਤੇ ਮੇਰੇ ਵਾਂਗ ਯਾ ਏਦੂੰ ਘਟ ਅਉਖ ਦੇ ਸਮੇਂ ਆਏ ਉਨ੍ਹਾਂ ਪੰਚਾਇਤ ਅਗੇ ਜੋਦੜੀਆਂ ਕੀਤੀਆਂ, ਰੋਣੇ ਰੋਏ, ਅਪਣੇ ਬੱਚੇ ਅਦਾਲਤ ਵਿਚ ਲਿਆਂਦੇ, ਮਿਤ੍ਰਾਂ ਤੇ ਅੰਗ ਸਾਕਾਂ ਤੋਂ ਮਿੰਨਤਾਂ ਕਰ-ਵਾਈਆਂ ਪਰ ਮੈਂ ਉਨ੍ਹਾਂ ਵਾਂਗ ਤਰਲੇ ਨਹੀਂ ਲੈਂਦਾ ਹਾਲਾਂਕਿ ਮੈਨੂੰ ਅਪਣੀ ਜਾਨ ਦਾ ਖਤਰਾ ਹੈ। ਅਜੇਹੇ ਲੋਕਾਂ ਨੂੰ ਮੇਰਾ ਸਿਰੜ ਬੁਰਾ ਜਾਪੇ ਤੇ ਉਹ ਗੁੱਸੇ ਵਿਚ ਮੇਰੇ ਵਿਰੁਧ ਵੋਟ ਦੇਣ, ਜੇਕਰ ਤੁਹਾਡੇ ਵਿਚ ਕੋਈ ਅਜੇਹਾ ਹੈ, ਮੈਂ ਨਹੀਂ ਕਹਿੰਦਾ ਕਿ ਹੈ--ਉਸਨੂੰ ਮੈਂ ਕਹਿੰਦਾ ਹਾਂ ਮੇਰੇ ਮਿਤ੍ਰ ਮੈਂ ਆਦਮੀ ਹਾਂ, ਹੋਰਨਾਂ ਵਾਂਗ ਲਹੂ ਮਾਸ



ਸੁਕਰਾਤ

ਦਾ ਆਦਮੀ ਲੱਕੜ, ਤੇ ਪੱਥਰ ਦਾ ਨਹੀਂ, ਮੇਰਾ ਪਰਵਾਰ ਹੈ ਤੇ ਏਥੰਜ਼ ਵਾਸੀਓ ਤਿਨ ਪੁੱਤਰ ਹਨ ਉਨ੍ਹਾਂ ਵਿਚੋਂ ਇਕ ਪੂਰਾ ਮਨੁਖ ਹੈ ਦੂਜੇ ਹਾਲਾਂ ਛੋਟੇ ਹਨ, ਪਰ ਮੈਂ ਉਨ੍ਹਾਂ ਨੂੰ ਏਥੇ ਤੁਹਾਡੇ ਕੋਲ ਏਸ ਮਤਲਬ ਲਈ ਨਹੀਂ ਲਿਆਉਣਾ ਚਾਹੁੰਦਾ ਕਿ ਉਹ ਮੈਨੂੰ ਛੁਡਾਉਣ ਲਈ ਹਥ ਜੋੜਨ। ਕਿਉਂ ? ਏਸ ਕਰਕੇ ਨਹੀਂ ਕਿ ਮੈਂ ਅੜਬ ਹਾਂ ਯਾ ਮੈਂ ਤੁਹਾਡਾ ਸਤਕਾਰ ਨਹੀਂ ਕਰਦਾ। ਮਰਣ ਤੋਂ ਮੈਂ ਡਰਦਾ ਹਾਂ ਯਾ ਨਹੀਂ ਡਰਦਾ ਏਹ ਹੋਰ ਸਵਾਲ ਹੈ। ਏਸ ਦੀ ਗਲ ਮੈਂ ਫੇਰ ਕਰਾਂਗਾ। ਲੋਕ-ਰਾਇ ਦਾ ਖਿਆਲ ਰੱਖ ਕੇ ਮੈਨੂੰ ਭਾਸਦਾ ਹੈ ਕਿ ਏਸ ਤਰ੍ਹਾਂ ਕਰਨਾ ਕਰਾਉਣਾ ਮੇਰੇ ਲਈ ਤੇ ਏਸ ਰਾਜ ਲਈ ਕਲੰਕਤ ਕਰਨ ਵਾਲੀ ਗਲ ਹੋਵੇਗੀ। ਮੇਰੀ ਉਮਰ ਦੇ ਬੰਦੇ ਨੂੰ ਜਿਸ ਨੂੰ ਦੁਨੀਆਂ ਸਿਆਣਿਆਂ ਵਿਚ ਗਿਣਦੀ ਹੈ ਉਚਿਤ ਨਹੀਂ ਕਿ ਉਹ ਆਪਣੇ ਆਪ ਨੂੰ ਅੰਞ ਨੀਵਾਂ ਕਰੇ। ਏਹ ਰਾਇ ਮੇਰੇ ਸਬੰਧੀ ਭਾਵੇਂ ਠੀਕ ਹੈ ਯਾ ਨਹੀਂ, ਪਰ ਦੁਨੀਆਂ ਫੈਸਲਾ ਕਰ ਚੁਕੀ ਹੈ ਕਿ ਸੁਕਰਾਤ ਕਿਸੇ ਨਾਂ ਕਿਸੇ ਤਰ੍ਹਾਂ ਹੋਰਨਾਂ ਨਾਲੋਂ ਉੱਚਾ ਹੈ।" ਰੋਣ ਪਿਟਣ ਤੇ ਮੁਨਸਫਾਂ ਅੱਗੇ ਤਰਲੇ ਕੱਢਣ ਦੀ ਨਿਖੇਧੀ ਕਰਦਾ ਹੋਇਆ ਸੁਕਰਾਤ ਕਹਿੰਦਾ ਹੈ ਕਿ..... ਮੁਨਸਫ ਦਾ ਫਰਜ਼ ਨਯਾਇ ਕਰਨਾ ਹੈ ਸ਼ਾਸਤ੍ਰਾਂ ਅਨੁਸਾਰ ਨਾ ਕਿ ਅਪਣੀ ਮਰਜ਼ੀ ਅਨੁਸਾਰ ਯਾ ਮਿੰਨਤਾਂ ਤਰਲਿਆਂ ਨਾਲ ਪ੍ਰਭਾਵਤ ਹੋ ਕੇ।

ਸੁਕਰਾਤ ਨੂੰ ਉਸ ਦੇ ਹੱਕ ਵਿਚ ਉਮੇਦ ਤੋਂ ਵਧ ਵੋਟਾਂ ਪਈਆਂ, ਜੇ ਤੀਹ ਕੁ ਵੋਟਾਂ ਹੋਰ ਉਲਟ ਜਾਂਦੀਆਂ ਉਸ ਨੇ ਬਰੀ ਹੋ ਜਾਣਾ ਸੀ। ਪਰ ਮੈਲੀਟਸ ਦੀ ਪ੍ਰੋੜ੍ਹਤਾ ਵਾਲੇ ਵਧ ਗਏ ਤੇ ਸੁਕਰਾਤ ਨੂੰ ਮੌਤ ਦਾ ਦੰਡ ਦੇਣਾ ਯੋਗ ਠਹਰਾਉਣ ਲੱਗੇ। ਸੁਕਰਾਤ ਕਹਣ ਲੱਗਾ 'ਮੈਲੀਟਸ ਮੇਰੇ ਲਈ ਮੌਤ ਦੀ ਸਜ਼ਾ ਤਜਵੀਜ਼ ਕਰਦਾ ਹੈ। ਪਰ ਮੈਂ ਅਪਣੇ ਲਈ ਉਹ ਮੰਗਾਂਗਾ ਜੋ ਮੇਰਾ ਹੱਕ ਹੈ। ਭਲਾ ਜਿਸ ਆਦਮੀ ਨੂੰ ਸਾਰੀ ਉਮਰ ਵਿਚ ਵੇਹਲੇ ਬੈਠਣ ਦੀ ਜਾਚ ਨਹੀਂ ਆਈ, ਧਨ ਦੌਲਤਾਂ ਖਾਨਦਾਨੀ ਭੁੱਖਾਂ, ਫੌਜੀ ਹੁੱਦੇ ਅਸੈਂਬਲੀਆਂ ਤੇ ਕੌਂਸਲਾਂ ਵਿਚ ਵ੍ਯਾਖਿਆਨ ਦੇਣ ਮਸਜਿਟਰੇਟੀਆਂ ਮਾਨਣ ਤੇ ਸਿਆਸੀ ਜੋੜਾਂ, ਤੋੜਾਂ ਜਿਨ੍ਹਾਂ ਚੀਜ਼ਾਂ ਨੂੰ ਸਾਰੇ ਲੋੜਦੇ ਹਨ, ਉਨ੍ਹਾਂ ਦੀ ਪਰਵਾਹ ਨਾ ਕੀਤੀ। ਜੇਹੜਾ ਸਿਆਸਤ ਵਿਚ ਨਾ ਪਿਆ ਕਿਉਂਕਿ ਉਸ ਵਿਚ ਸਿਆਸਤਦਾਨਾਂ ਵਾਲੀ ਹੇਰਾ ਫੇਰੀ ਨਹੀਂ ਸੀ ਸਗੋਂ ਜਿਸ ਨੇ ਉਹ ਰਾਹ ਫੜਿਆ ਜਿਸ ਵਿਚ ਉਹ ਆਪਣੇ ਆਪ ਦਾ ਯਾ ਯਾਰਾਂ ਦੋਸਤਾਂ ਦਾ ਭਲਾ ਨਹੀਂ ਪਰ ਸਰਬੱਤ ਦਾ ਭਲਾ ਲੋੜਦਾ ਸੀ। ਜਿਸ ਨੇ

ਇਕ ਇਕ ਨੂੰ ਪ੍ਰੇਰਨਾ ਕੀਤੀ ਨੇਕੀ ਖੱਟਣ ਦੀ ਤੇ ਸਿਆਣੇ ਬਨਣ ਦੀ, ਆਪਣੀਆਂ ਗਰਜ਼ਾਂ ਤਿਆਗ ਕੇ ਜੰਤਾ ਅਤੇ ਲੋਕਰਾਜ ਦਾ ਭਲਾ ਕਰਨ ਦੀ ਪ੍ਰੇਰਨਾ ਕੀਤੀ, ਅਜੇਹੇ ਆਦਮੀ ਨੂੰ ਸਗੋਂ ਇਨਾਮ ਦੇਣਾ ਚਾਹੀਦਾ ਹੈ। ਉਸ ਗ਼ਰੀਬ ਆਦਮੀ ਦਾ ਯੋਗ ਇਨਾਮ ਕੀ ਚਾਹੀਦਾ ਹੈ ਜੋ ਕਿ ਤੁਹਾਡਾ ਹਿਤਕਾਰੀ ਹੈ ਤੇ ਕੇਵਲ ਏਹ ਮੰਗਦਾ ਹੈ ਕਿ ਤੁਹਾਨੂੰ ਸਿੱਖਿਆ ਦੇਣ ਦਾ ਉਸ ਨੂੰ ਵੇਹਲ ਹੋਵੇ। ਉਸ ਲਈ ਯੋਗ ਇਨਾਮ ਏਹ ਹੈ ਕਿ ਉਸ ਦਾ ਰਾਜ ਵਲੋਂ ਗੁਜ਼ਾਰਾ ਲਾ ਦਿਤਾ ਜਾਵੇ ਅਤੇ ਏਹ ਸਚੀ ਗਲ ਹੈ ਕਿ ਮੈਂ ਲੋੜਵੰਦ ਹਾਂ" ਸੁਕਰਾਤ ਕਹਿੰਦਾ ਹੈ ਕਿ ਜਦ ਮੈਂ ਕਿਸੇ ਦਾ ਬੁਰਾ ਕਦੇ ਨਹੀਂ ਕੀਤਾ ਮੈਂ ਆਪਣਾ ਬੁਰਾ ਕਿਉਂ ਕਰਾਂ, ਮੈਂ ਬਦੀ ਦਾ ਹਕਦਾਰ ਨਹੀਂ। "ਕੀ ਮੈਂ ਏਸ ਕਰਕੇ ਆਪਣੇ ਲਈ ਹੋਰ ਦੰਡ ਤਜਵੀਜ਼ ਕਰਾਂ ਕਿ ਮੈਂ ਮੌਤ ਤੋਂ ਡਰਦਾ ਹਾਂ ਜੋ ਕਿ ਮੈਲੀਟਸ ਨੇ ਮੇਰੇ ਲਈ ਤਜਵੀਜ਼ ਕੀਤੀ ਹੈ ? ਮੌਤ ਦਾ ਤਾਂ ਮੈਨੂੰ ਭਲਾ ਨਿਸ਼ਚਾ ਨਹੀਂ ਕਿ ਚੰਗਿਆਈ ਹੈ ਯਾ ਬੁਰਿਆਈ, ਮੈਂ ਹੋਰ ਦੰਡ ਆਪਣੇ ਲਈ ਕਿਉਂ ਤਜਵੀਜ਼ ਕਰਾਂ ਕਿਉਂਕਿ ਉਹ ਤਾਂ ਨਿਸ਼ਚਿਤ ਬੁਰਿਆਈ ਹੋਵੇਗੀ। ਨਾ ਮੈਂ ਜੁਰਮਾਨੇ ਦਾ ਸਜ਼ਾਵਾਰ ਹਾਂ ਨਾ ਕੈਦ ਵਿਚ ਰੁਲਣ ਦਾ ਕਿਉਂਕਿ ਮੇਰੇ ਕੋਲ ਜੁਰਮਾਨਾ ਭਰਨ ਲਈ ਯਾ ਕੈਦ ਤੋਂ ਛੁੱਟਣ ਲਈ ਮਾਯਾ ਨਹੀਂ ਤੇ ਦੇਸ ਨਿਕਾਲਾ ਭੀ ਠੀਕ ਨਹੀਂ ਜਦ ਤੁਸੀਂ ਮੇਰੇ ਵਤਨੀ ਮੇਰੀਆਂ ਗੱਲਾਂ ਸੁਣਨ ਤੋਂ ਆਰੀ ਹੋ ਦੂਜੇ ਦੇਸ਼ਾਂ ਵਾਲੇ ਮੇਰੀਆਂ ਗੱਲਾਂ ਕਿਥੋਂ ਸੁਣਨਗੇ। ਕੋਈ ਆਖੇਗਾ, ਪਰ ਹਾਂ ਸੁਕਰਾਤ ਤੂੰ ਕਿਉਂ ਨਹੀਂ ਆਪਣੀ ਜ਼ਬਾਨ ਨੂੰ ਲਗਾਮ ਦੇ ਕੇ ਕਿਤੇ ਪਰਦੇਸ ਵਿਚ ਜਾ ਕੇ ਬਹਿ ਰਹਿੰਦਾ। ਇਸ ਦਾ ਜਵਾਬ ਤੁਹਾਨੂੰ ਸਮਝਣਾ ਅਊਖਾ ਹੈ। ਜੇ ਮੈਂ ਆਖਾਂ ਕਿ ਇੰਝ ਚੁਪ ਸਾਧ ਕੇ ਬਹਿ ਰਹਿਣਾ ਰੱਬ ਦੀ ਹੁਕਮ ਅਦੂਲੀ ਹੈ ਤੁਸੀਂ ਆਖੋਗੇ ਏਹ ਟਿਚਕਰ ਕਰਦਾ ਹੈ ਤੇ ਜੇ ਮੈਂ ਆਖਾਂ ਕਿ ਨੇਕੀ ਧਰਮ ਤੇ ਸਦਾਚਾਰ ਸੰਬੰਧੀ ਨਿਤਪ੍ਰਤ ਪ੍ਰਚਾਰ ਕਰਨਾ ਅਤੇ ਹੋਰਨਾਂ ਸੰਬੰਧਤ ਗੱਲਾਂ ਵਲ ਧਿਆਨ ਦੇਣਾ ਜਿਨ੍ਹਾਂ ਦੀ ਖੋਜ ਮੈਂ ਆਪਣੇ ਤੇ ਦੂਜਿਆਂ ਦੇ ਅੰਦਰ ਕਰਦਾ ਰਹਿੰਦਾ ਹਾਂ ਸਭ ਤੋਂ ਉੱਤਰ ਕਰਮ ਹੈ ਅਤੇ ਆਖਾਂ ਕਿ ਅਣਪੜਤਾਲੀ ਜ਼ਿੰਦਗੀ ਜੀਵਨ ਯੋਗ ਨਹੀਂ ਸਾਨੂੰ ਤੁਸਗੋਂ ਘਟ ਵਿਸ਼ਵਾਸ ਹੋਵੇਗਾ।"

'ਆਵਨ ਆਏ ਜਗਤ ਮੇ ਬਿਨ ਬੂਝੇ ਪਸ਼ ਢੋਰ'

ਰ ਜੋ ਕੁਛ ਮੈਂ ਆਖ ਰਿਹਾ ਹਾਂ ਹੈ ਸਚ ਭਾਵੇਂ ਮੈਂ ਤੁਹਾਨੂੰ ਵਿਸ਼ਵਾਸ ਨਹੀਂ ਦਿਵਾ ਸਕਿਆ। ਜੇਕਰ ਮੇਰੇ ਕੋਲ ਦਮੜੇ ਹੁੰਦੇ ਮੈਂ ਦੇਸ਼ ਅਨੁਸਾਰ ਅੰਦਾਜ਼ਾ ਲਾ ਕੇ ਦਸਦਾ ਕਿ ਮੈਂ ਕਿੰਨੀ ਰਕਮ ਭਰ ਸਕਦਾ ਹਾਂ, ਮੇਰੇ ਕੋਲ ਦਮੜੇ ਨਹੀਂ ਹਨ। ਏਸ ਲਈ ਮੈਂ ਤੁਹਾਨੂੰ ਅਰਜ਼ ਕਰਦਾ ਹਾਂ ਕਿ ਰਕਮ ਮੇਰੇ ਦੇਣ-ਯੋਗ ਹੋਣੀ ਚਾਹੀਦੀ ਹੈ। ਸ਼ਾਇਦ ਮੈਂ ਇਕ ਅਧਾ ਮੀਨਾ (ਯੂਨਾਨੀ ਸਿਕੱਾ) ਭਰ ਸਕਦਾ ਹਾਂ ਤੇ ਏਹ ਦੰਡ ਤਜਵੀਜ਼ ਕਰਦਾ ਹਾਂ ਪਰ ਮੇਰੇ ਦੋਸਤ ਅਫਲਾਤੂ ਤੇ ਕਰੀਟੋ ਤੇ ਕਰੀਟੋਬੁਲਸ ਤੇ ਅਪੋਲੋਡੋਰਸ ਕਹਿੰਦੇ ਹਨ ਤੀਹ ਮਨਾ ਕਰ ਦੇਹ ਸੋ ਤੀਹ ਮਨਾ ਸਹੀ ਦੇਣ ਦੇ ਜ਼ਾਮਨ ਉਹ ਬਣਦੇ ਹਨ।"

ਇਹ ਛੋਟੀ ਜੇਹੀ ਰਕਮ ਦੰਡ ਵਜੋਂ ਤਜਵੀਜ਼ ਕਰਨ ਨਾਲ ਸਗੋਂ ਸੁਕਰਾਤ ਨੇ ਆਪਣੇ ਦੋਖਿਆਂ ਲਈ ਕੋਈ ਰਾਹ ਨਾ ਛੱਡਿਆ ਉਸਨੂੰ ਬਰੀ ਕਰਨ ਦਾ, ਉਹ ਮਜਬੂਰ ਤੇ ਆਤੁਰ ਜੇਹੇ ਹੋ ਗਏ ਉਸ ਨੂੰ ਮੌਤ ਦੀ ਸਜ਼ਾ ਬੋਲਣ ਤੇ। ਸੁਕਰਾਤ ਓਨ੍ਹਾਂ ਨੂੰ ਕਹਣ ਲਗਾ ਏਥੰਜ਼ ਦੇ ਸ਼ਹਰੀ ਤੁਹਾਨੂੰ ਦੋਸ਼ ਦੇਣਗੇ ਕਿ ਤੁਸਾਂ ਸੁਕਰਾਤ ਵਰਗੇ ਸਿਆਣੇ ਆਦਮੀ ਨੂੰ ਮਾਰ ਦਿਤਾ ਕਿਉਂਕਿ ਭਾਵੇਂ ਮੈਂ ਸਿਆਣਾ ਨਹੀਂ ਪਰ ਤੁਹਾਨੂੰ ਕਸੂਰਵਾਰ ਠਹਰਾਉਣ ਲਈ ਮੈਨੂੰ ਸਿਆਣਾ ਹੀ ਆਖਣਗੇ। ਤੇ ਜੇ ਤੁਸੀਂ ਦੋ ਚਾਰ ਸਾਲ ਹੋਰ ਸਬਰ ਕਰ ਲੈਂਦੇ ਤੁਹਾਡਾ ਆਸ਼ਾ ਆਪੇ ਹੀ ਪੂਰਾ ਹੋ ਜਾਣਾ ਸੀ ਕਿਉਂਕਿ ਮੈਂ ਤਕੜੀ ਉਮਰ ਦਾ ਹੋ ਚੁਕਿਆ ਹਾਂ ਤੇ ਮਰਣ ਕਿਨਾਰੇ ਬੈਠਾ ਹਾਂ। ਸੁਕਰਾਤ ਓਨ੍ਹਾਂ ਨੂੰ ਸਮਝਾਉਣ ਲਈ ਆਖਦਾ ਹੈ ਕਿ ਜੇ ਮੈਂ ਵੀ ਹੋਰਨਾਂ ਵਂਗ ਰੋਣ ਧੋਣ ਕਰਦਾ ਲੇਲ੍ਹੜੀਆਂ ਤੇ ਤਰਲੇ ਕਰਦਾ ਤਾਂ ਮੈਂ ਛੁਟ ਸਕਦਾ ਸੀ ਪਰ ਏਨ੍ਹਾਂ ਅਯੋਗ ਤੇ ਨੀਚ ਢੰਗਾਂ ਨਾਲ ਜਾਨ ਬਚਾਉਣ ਨਾਲੋਂ ਅਪਣਾ ਸਿੱਧਾ ਖਰਾ ਢੰਗ ਵਰਤ ਕੇ ਮਰਨਾ ਚੰਗਾ ਸਮਝਦਾ ਹਾਂ ਨਾ ਯੁਧ ਵਿਚ ਨਾ ਕਾਨੂੰਨ ਵਿਚ ਮੈਨੂੰ ਯਾ ਕਿਸੇ ਮੌਤ ਤੋਂ ਬਚ ਨਿਕਲਣ ਲਈ ਹਰ ਵਸੀਲਾ ਵਰਤਣਾ ਨਹੀਂ ਚਾਹੀਦਾ। ਕਈ ਵਾਰ ਯੁੱਧ ਵਿਚ ਜੇ ਕਰ ਯੋਧਾ ਹਥਿਆਰ ਸੁਟ ਪਾਏ ਤੇ ਹੱਥ ਜੋੜ ਲਵੇ ਉਹ ਬਚ ਜਾਂਦਾ ਹੈ, ਤੇ ਹੋਰਨਾਂ ਖਤਰਿਆਂ ਸਮੇਂ ਹੋਰ ਢੰਗ ਹਨ ਮੌਤ ਤੋਂ ਬਚਣ ਦੇ ਜੇਕਰ ਆਦਮੀ ਵੇਲੇ ਅਨੁਸਾਰ ਸਭ ਕੁਝ ਬਲ ਤੇ ਕਰ ਸਕੇ। 'ਪਰ ਮਿਤਰੋ ਅਉਖ ਮੌਤ ਤੋਂ ਬਚਣ ਵਿਚ ਨਹੀਂ ਅਉਖ ਕੁਕਰਮ ਤੋਂ ਬਚਣ ਵਿਚ ਹੈ। ਕਿਉਂਕਿ ਕੁਕਰਮ ਮੌਤ ਨਾਲੋਂ ਤੇਜ਼ ਭਜਦੇ ਹਨ। ਮੈਂ ਬੁੱਢਾ ਹਾਂ, ਹੌਲੀ ਤੁਰਦਾ ਹਾਂ, ਭੱਜ ਨਹੀਂ ਸਕਦਾ, ਮੇਰੇ ਦੋਖੀ ਤਿਖੇ ਤੇ ਛਹੋਲੇ ਹਨ, ਤੇ

ਤੇਜ਼ ਦੌੜਨ ਵਾਲੇ ਕੁਕਰਮਾਂ ਨੇ ਮੈਨੂੰ ਛੁਹ ਲਿਆ ਹੈ। ਹੁਣ ਮੈਂ ਜਾਂਦਾ ਹਾਂ ਤੁਹਾਡਾ ਤੋਰਿਆ ਹੋਯਾ ਮੌਤ ਵਲ ਤੇ ਮੇਰੇ ਦੋਖੀ ਵੀ ਜਾਂਦੇ ਹਨ ਸਚ ਦੇ ਤੋਰੇ ਹੋਏ ਅਪਣੇ ਪਾਪ ਤੇ ਨੀਚਤਾ ਦਾ ਦੰਡ ਭਰਨ ਲਈ, ਮੈਂ ਆਪਣਾ ਦੰਡ ਭੁਗਤਾਂਗਾ ਉਹ ਆਪਣਾ। ਏਹੀ ਹੋਣਹਾਰ ਸੀ, ਜੋ ਕੁਛ ਹੋਯਾ ਚੰਗਾ ਹੀ ਸੀ।

ਉਨ੍ਹਾਂ ਪੰਚਾਇਤੀਆਂ ਨੂੰ ਸੰਬੋਧਨ ਕਰਦਾ ਹੋਯਾ ਜਿਨ੍ਹਾਂ ਉਸ ਨੂੰ ਦੋਸ਼ੀ ਕਰਾਰ ਦਿੱਤਾ ਸੀ ਸੁਕਰਾਤ ਕਹੰਦਾ ਹੈ ਮੈਂ ਮਰਣ ਲੱਗਾ ਭਵਿੱਖਵਾਣੀ ਕਰਦਾ ਹਾਂ ਤੇ ਮਰਣ ਲੱਗੇ ਦੇ ਵਾਕ ਝੂਠ ਨਹੀਂ ਹੋਯਾ ਕਰਦੇ। ਤੁਸੀਂ ਲੋਗ ਜੋ ਮੇਰੇ ਖ਼ੂਨ ਨਾਲ ਨ੍ਹਾਉਣ ਲੱਗੇ ਹੋ ਮੇਰੇ ਪਿਛੋਂ ਤੁਹਾਨੂੰ ਮੇਰੇ ਨਾਲੋਂ ਵਧ ਦੰਡ ਲਗੇਗਾ। ਮੈਨੂੰ ਤੁਸੀਂ ਇਸ ਮਤਲਬ ਨਾਲ ਮੁਕਾ ਰਹੇ ਹੋ ਕਿ ਤੁਹਾਡੇ ਕੁਕਰਮਾਂ ਉੱਤੇ ਪਰਦਾ ਪੈ ਜਾਵੇ। ਤੁਹਾਨੂੰ ਦੋਸ਼ੀ ਠਹਰਾਉਣ ਵਾਲੇ ਹੁਣ ਨਾਲੋਂ ਵਧ ਜਾਣਗੇ, ਉਹ ਜਿਨ੍ਹਾਂ ਨੂੰ ਮੈਂ ਰੋਕਦਾ ਰਿਹਾ ਹਾਂ ਜੇਕਰ ਤੁਸੀਂ ਸਮਝੀ ਬੈਠੇ ਹੋ ਕਿ ਮੈਨੂੰ ਮੁਕਾ ਕੇ ਤੁਹਾਡੇ ਭੇੜ ਲੁਕਾਏ ਜਾ ਸਕਣਗੇ ਤੁਸੀਂ ਭੁੱਲ ਵਿਚ ਹੋ। ਏਹ ਤਰੀਕਾ ਨਾ ਸੰਭਵ ਹੈ ਨਾ ਮਾਨਨੀਯ ਹੈ, ਸਭ ਤੋਂ ਸੁਖਾਲਾ ਰਾਹ ਹੈ ਕਿ ਤੁਸੀਂ ਦੂਜਿਆਂ ਨੂੰ ਨਿਹੱਥੇ ਨਾ ਕਰੋ ਪਰ ਆਪਣਾ ਸੁਧਾਰ ਕਰੋ।

ਓਨ੍ਹਾਂ ਨੂੰ ਜੋ ਸੁਕਰਾਤ ਦੇ ਹੱਕ ਵਿਚ ਸਨ ਸੁਕਰਾਤ ਕਹੰਦਾ ਹੈ ਦੋਸਤੋ ਆਓ ਮਰਣ ਘਾਟ ਜਾਣ ਤੋਂ ਪਹਲਾਂ ਮੈਂ ਤੁਹਾਡੇ ਨਾਲ ਗੱਲਾਂ ਕਰਨਾ ਚਾਹੁੰਦਾ ਹਾਂ ਆਓ ਵਿਚਾਰੀਏ ਅੱਜ ਕੀ ਹੋਯਾ ਹੈ। ਤੁਸੀਂ ਮੁਨਸਿਫ ਅਖਵਾਉਣ ਯੋਗ ਹੋ ਹੋ ਤੇ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਮੇਰੇ ਨਾਲ ਕੀ ਵਾਪਰੀ ਹੈ। ਸੁਕਰਾਤ ਕਹੰਦਾ ਹੈ ਕਿ ਉਹੀ ਅੰਤਰੀਵ ਆਵਾਜ਼ ਜੋ ਮੁਢ ਤੋਂ ਮੈਨੂੰ ਆਉਂਦੀ ਰਹੀ ਹੈ ਅੱਜ ਮੈਨੂੰ ਉਸ ਵਲੋਂ ਕੋਈ ਸੁਨੇਹਾ ਨਹੀਂ ਆਯਾ, ਘਰੋਂ ਤੁਰਨ ਲਗਿਆਂ, ਰਾਹ ਵਿਚ ਤੇ ਅਦਾਲਤ ਵਿਚ ਏਥੇ ਬੋਲਦਿਆਂ ਮੈਨੂੰ ਅੰਦਰੋਂ ਕੋਈ ਬਾਣੀ ਨਹੀਂ ਹੋਈ, ਜਿਸ ਦਾ ਅਰਥ ਏਹ ਹੈ ਕਿ ਜੋ ਕੁਛ ਮੇਰੇ ਨਾਲ ਵਰਤਿਆ ਹੈ ਚੰਗਾ ਹੈ ਤਾਂ ਤੇ ਉਹ ਜੋ ਸਮਝਦੇ ਹਨ ਕਿ ਮੌਤ ਮਾੜੀ ਹੈ ਭੁਲੇਖੇ ਵਿਚ ਹਨ। ਹੋਰ ਤਰ੍ਹਾਂ ਵਿਚਾਰਿਆਂ ਦਿਸਦਾ ਹੈ ਕਿ ਮੌਤ ਤੋਂ ਚੰਗਿਆਈ ਦੀ ਆਸ ਹੈ। ਦੋ ਹੀ ਰਾਹ ਹਨ ਯਾ ਤਾਂ ਮੌਤ ਇਕ ਸੁੰਨ-ਮਸੁੰਨ ਮੂਰਛਾ ਦੀ ਦਸ਼ਾ ਹੈ ਤੇ ਯਾ ਮੌਤ ਦੇ ਰਾਹ ਕਿਸੇ ਹੋਰ ਦੁਨੀਆਂ ਯਾ ਜੂਨ ਵਿਚ ਜਾ ਪਈਦਾ ਹੈ। ਜੇ ਸੁੰਨ ਦਸ਼ਾ ਹੈ ਤਾਂ ਵਾਹ ਵਾਹ

ਅਜੇਹੀ ਘੂਕ ਨਿਰੋਲ ਨੀਂਦ ਨਾਲੋਂ ਚੰਗੀ ਦਸ਼ਾ ਹੋਰ ਕੀ ਹੋ ਸਕਦੀ ਹੈ, ਅਜੇਹੀ ਬੇ-ਸੁਪਨ ਨੀਂਦ ਤਾਂ ਰਾਜਿਆਂ ਨੂੰ ਭੀ ਨਸੀਬ ਨਹੀਂ ਹੁੰਦੀ। ਅਜੇਹੀ ਨੀਂਦ ਤਾਂ ਬਹੁਤ ਚੰਗੀ ਹੈ ਜੋ ਸਦੀਵੀ ਇਕ ਰਾਤ ਵਰਗੀ ਹੈ। ਪਰ ਮੈਂ ਮੌਤ ਦਾ ਅਰਥ ਕਿਸੇ ਹੋਰ ਦੇਸ ਅਪੜਨਾ ਹੈ ਜਿੱਥੇ ਸਾਰੇ ਜਾ ਕੇ ਬਰਾਜਦੇ ਹਨ ਤਾਂ ਏਦੂੰ ਵੱਧ ਵਡਭਾਗ ਕੀ ਹੋ ਸਕਦਾ ਹੈ। ਏਸ ਧਰਤੀ ਤੇ ਅਖੌਤੀ ਮੁਨਸਿਫਾਂ ਤੋਂ ਛੁੱਟ ਕੇ ਓਨ੍ਹਾਂ ਅਸਲੀ ਮੁਨਸਿਫਾਂ ਕੋਲ ਜਾ ਪਹੁੰਚਣਾ ਜੋ ਦੇਵਤਿਆਂ ਤੁੱਲ ਹੋਏ ਹਨ ਬੜੀ ਕਿਸਮਤ ਦੀ ਗੱਲ ਹੈ। ਆਰਫੀਅਸ ਵਰਗੇ ਗਮੰਤ੍ਰੀਆਂ ਤੇ ਹੋਮਰ ਵਰਗੇ ਕਵੀਆਂ ਕੋਲ ਜਾ ਪਹੁੰਚਣ ਤੇ ਓਨ੍ਹਾਂ ਦੀ ਸੰਗਤ ਪ੍ਰਾਪਤ ਕਰਨ ਨਾਲੋਂ ਚੰਗੀ ਹੋਣੀ ਕੀ ਹੋ ਸਕਦੀ ਹੈ। ਐ ਮੁਨਸਿਫੋ ਬੜੇ ਗੁਣੀ ਗਿਆਨੀ ਸੂਰਮੇ ਦਾਤੇ ਧਰਮੀਆਂ ਕੋਲ ਪੁੱਜ ਕੇ ਓਨ੍ਹਾਂ ਦੀ ਸੰਗਤ ਤੇ ਓਨ੍ਹਾਂ ਦੇ ਬਚਨ ਵਿਲਾਸ ਨਾਲੋਂ ਵਧੇਰੇ ਪ੍ਰਾਲਭਦ ਹੋਰ ਕੀ ਹੋ ਸਕਦੀ ਹੈ।

"ਤਾਂ ਤੇ ਮੇਰੇ ਮੁਨਸਿਫ਼ ਜਨੋ ਮੌਤ ਸਬੰਧੀ ਬੇਫਿਕਰ ਰਹੋ ਨਿਸਚੇ ਮਨੋਂ ਕਿ ਭਲੇ ਪੁਰਸ਼ ਨੂੰ ਕੋਈ ਬੁਰਾਈ ਨਹੀਂ ਵਾਪਰਦੀ ਨਾ ਜੀਊਂਦਿਆਂ ਨਾ ਮੋਇਆਂ।"

"ਬੁਰਾ ਨਹੀਂ ਸਭ ਭਲਾ ਹੀ ਹੈ ਰੇ ਹਾਰ ਨਹੀਂ ਸਭ ਜੇਤੈ।'

"ਮੈਨੂੰ ਸਾਫ ਦਿੱਸਦਾ ਹੈ ਕਿ ਸਮਾਂ ਆ ਗਿਆ ਹੈ ਜਦ ਮੇਰਾ ਮਰਨਾ ਹੀ ਚੰਗਾ ਹੈ ਤੇ ਛੁਟਕਾਰਾ ਪਾ ਜਾਣਾ। ਏਸੇ ਕਰਕੇ ਮੈਂ ਆਪਣੇ ਦੋਖੀਆਂ ਨਾਲ ਭੀ ਗੁੱਸੇ ਨਹੀਂ ਉਨ੍ਹਾਂ ਮੇਰਾ ਕੁਛ ਨਹੀਂ ਵਿਗਾੜਿਆ ਭਾਵੇਂ ਉਹ ਮੇਰਾ ਭਲਾ ਨਹੀਂ ਸਨ ਚਾਹੁੰਦੇ। ਜਦ ਭੀ ਮੈਂ ਉਨ੍ਹਾਂ ਤੋਂ ਇਕ ਮੰਗ ਕਰਦਾ ਹਾਂ ਜਦ ਮੇਰੇ ਪੁੱਤ੍ਰ ਜਵਾਨ ਹੋ ਜਾਣ ਜੇਕਰ ਉਹ ਵੱਡੇ ਹੋ ਕੇ ਨੇਕੀ ਭੁਲਾ ਮਾਯਾ ਦੀ ਚਾਹਨਾ ਕਰਨ, ਯਾ ਮਾਣ ਕਰਨ ਜਦ ਉਨ੍ਹਾਂ ਕੋਲ ਮਾਣ ਕਰਨ ਦਾ ਕੋਈ ਗੁਣ ਨਾਂ ਹੋਵੇ ਤਾਂ ਉਨ੍ਹਾਂ ਨੂੰ ਫਿਟਕਾਰਨਾਂ ਜ਼ਰੂਰ ਜਿਵੇਂ ਤੁਹਾਨੂੰ ਮੈਂ ਫਿਟਕਾਰਦਾ ਰਿਹਾ ਹਾਂ। ਤੇ ਜੇਕਰ ਤੁਸੀਂ ਮੇਰੀ ਏਹ ਮੰਗ ਪਰਵਾਨ ਕਰੋਗੇ ਮੈਂ ਤੇ ਮੇਰੇ ਪੁਤ੍ਰ ਦੋਨਾਂ ਨੂੰ ਤੁਸੀਂ ਨਯਾਇ ਪਰਦਾਨ ਕਰੋਗੇ।


"ਹੁਣ ਜੁਦਾਈ ਦੀ ਨਿਮਖ ਆ ਗਈ ਹੈ ਅਤੇ ਆਪਾਂ ਆਪੋ ਆਪਣੇ ਰਾਹ ਪੈਂਦੇ ਹਾਂ। ਮੈਂ ਮਰਨ ਦੇ ਤੇ ਤੁਸੀਂ ਜੀਉਣ ਦੇ ਕੇਹੜਾ ਰਾਹ ਚੰਗਾ ਹੈ ਏਹ ਰੱਬ ਜਾਣੇ।

ਅਦਾਲਤ ਦੇ ਹੁਕਮ ਅਨੁਸਾਰ ਸੁਕਰਾਤ ਨੂੰ ਬੰਦੀਖਾਨੇ ਵਿਚ ਲੈ ਗਏ। ਐਨ ਉਨ੍ਹਾਂ ਦਿਨਾਂ ਵਿਚ ਯੂਨਾਨ ਦੇ ਰਵਾਜ ਅਨੁਸਾਰ ਕੁਝ ਅਜੇਹੇ ਦਿਵਸ ਆ ਗਏ ਜਦ ਕਿਸੇ ਦੀ ਜਾਨ ਲੈਣਾ ਅਨੁਕੂਲ ਨਹੀਂ ਸੀ, ਜਿਸ ਕਰ ਕੇ ਸੁਕਰਾਤ ਬਹੁਤ ਸਾਰੇ ਦਿਨ ਬੰਦੀਖਾਨੇ ਵਿਚ ਸੰਗਲਾਂ ਵਿਚ ਜਕੜਿਆ ਰਿਹਾ। ਚੇਲੇ ਸਵੇਰੇ ਆਉਂਦੇ ਸਨ ਦਿਨ ਭਰ ਮਰਨ ਜੀਵਨ ਤੇ ਜੋਨ ਭਰਮਣ ਆਦ ਸੰਬੰਧੀ ਚਰਚਾ ਚਲਦੀ ਤੇ ਸੁਕਰਾਤ ਆਪਣੇ ਖਿਆਲ ਉਨ੍ਹਾਂ ਨੂੰ ਦਸਦਾ ਰਹਿੰਦਾ ਸੀ। ਚੇਲੇ ਕਹਿੰਦੇ ਹਨ ਕਿ ਅਜੇਹੇ ਸਿਆਣੇ ਭਲੇ ਮਿਠੇ ਤੇ ਹਸਮੁਖ ਵਡਾਰੂ ਨਾਲ ਗੱਲਾਂ ਕਰਦਿਆਂ ਅਸੀਂ ਰੋ ਭੀ ਪੈਂਦੇ ਸਾਂ ਪਰ ਵਿਚ ਹੱਸਣ ਭੀ ਲਗ ਜਾਂਦੇ ਸਾਂ ਕਿਉਂਕਿ ਸੁਕਰਾਤ ਦਾ ਸੁਭਾ ਬੜਾ ਨਿੱਘਾ ਮਿਠਬੋਲੜਾ ਤੇ ਹਸਾਉਣਾ ਸੀ।

ਕੁਝ ਮੁਰੀਦਾਂ ਨੇ ਗੋਂਦ ਗੁੰਦੀ ਤੇ ਸੁਕਰਾਤ ਨੂੰ ਬੰਦੀਖਾਨੇ ਤੋਂ ਭੱਜ ਨਿਕਲਣ ਲਈ ਪ੍ਰੇਰਿਆ ਪਰ ਸੁਕਰਾਤ ਅਜੇਹੀਆਂ ਸਲਾਹਾਂ ਮੰਨਣ ਵਾਲਾ ਨਹੀਂ ਸੀ। ਬੰਦੀਖਾਨੇ ਤੋਂ ਚੋਰਾਂ ਵਾਂਗ ਭੱਜ ਨਿਕਲਣ ਨੂੰ ਉਹ ਆਪਣੀ ਸ਼ਾਨ ਤੋਂ ਭੀ ਤੇ ਯੂਨਾਨ ਦੇ ਕਾਨੂੰਨ ਪਾਲਣ ਦੀ ਨੀਤੀ ਤੋਂ ਭੀ ਉਲਟ ਸਮਝਦਾ ਸੀ।

ਅਖੀਰਲੇ ਦਿਨ ਉਸ ਦੀਆਂ ਲੱਤਾਂ ਦੇ ਸੰਗਲ ਖੋਲ੍ਹੇ ਗਏ ਵਹੁਟੀ ਬੱਚਿਆਂ ਨੂੰ ਲੈ ਕੇ ਰੋਂਦੀ ਪਿੱਟਦੀ ਆਈ, ਸੁਕਰਾਤ ਨੇ ਚੇਲਿਆਂ ਨੂੰ ਆਖਿਆ ਇਸ ਨੂੰ ਸਮਝਾ ਕੇ ਬਾਹਰ ਲੈ ਜਾਓ। ਸੁਕਰਾਤ ਨਾਲੇ ਲੱਤਾਂ ਪਲੋਸਦਾ ਸੀ ਨਾਲੇ ਆਪਣੇ ਢੰਗ ਨਾਲ ਆਖ ਰਿਹਾ ਸੀ ਕਿ ਦੁੱਖ ਪਿੱਛੋਂ ਸੁੱਖ ਕਿੰਨੇ ਚੰਗੇ ਲਗਦੇ ਹਨ, ਸੰਗਲਾਂ ਦੇ ਲਹ ਜਾਣ ਨਾਲ ਲੱਤਾਂ ਨੂੰ ਕਿਵੇਂ ਆਰਾਮ ਜੇਹਾ ਆ ਗਿਆ ਹੈ। ਅਖੀਰਲੀ ਘੜੀ ਤੀਕ ਫਲਸਫੇ ਦਾ ਏਹ ਸੋਮਾ ਆਪਣੇ ਚਾਟੜਿਆਂ ਨੂੰ ਸਿਆਣਪ ਤੇ ਸੋਝੀ ਦੀਆਂ ਗੱਲਾਂ ਨਾਲ ਰਿਝਾਂਦਾ ਰਿਹਾ। ਆਖਰ ਬੰਦੀਖਾਨੇ ਦੇ ਚੌਕੀਦਾਰ ਨੇ ਆ ਕੇ ਸੁਚੇਤ ਕੀਤਾ ਕਿ ਹੁਣ ਆਖਰੀ ਘੜੀ ਆ ਗਈ ਹੈ। ਸੁਕਰਾਤ ਨੇ ਗੁਸਲਖਾਨੇ ਵਿਚ ਜਾ ਕੇ ਅਸ਼ਨਾਨ ਕੀਤਾ ਤੇ ਚੌਕੀਦਾਰ ਨੂੰ ਖਿੜੇ ਮੱਥੇ ਆਪਣੀ ਕਿਰਿਆ ਕਰਨ ਲਈ ਆਖਿਆ। ਜਦ ਜ਼ਹਿਰ ਦਾ ਪਿਆਲਾ ਉਸ ਦੇ ਹੱਥਾਂ ਵਿਚ ਦਿਤਾ ਗਿਆ ਸੁਕਰਾਤ ਨੇ ਆਗਿਆ ਮੰਗੀ ਕਿ ਦੇਵਤਿਆਂ ਨਮਿਤ ਕੁਛ ਕਤਰੇ ਵੀਟਣ ਦੀ ਖੁਲ੍ਹ ਹੈ ਯਾ ਨਹੀਂ ਪਰ ਚੌਕੀਦਾਰ ਨੇ ਖਿਮਾਂ ਮੰਗੀ ਕਿ ਜ਼ਹਰ ਕੇਵਲ ਮਸਾਂ ਤੇਰੇ ਆਪਣੇ ਜੋਗੀ ਹੀ ਬਣਾਈ ਗਈ ਹੈ। ਸੋ ਸੁਕਰਾਤ ਜ਼ਹਰ ਦਾ ਪਿਆਲਾ-ਚੇਲਿਆਂ ਦੇ ਰੋਂਦਿਆਂ ਤੇ ਡੁਸਕਦਿਆਂ ਪੀ ਕੇ ਕੁਛ ਕਦਮ ਫਿਰ ਤੁਰ ਕੇ ਪੈ ਗਿਆ

ਤੇ ਮੂੰਹ ਕੱਜ ਲਿਆ। ਕੁਛ ਨਿਮਖ ਹੀ ਬੀਤੇ ਸਨ ਕਿ ਸੁਕਰਾਤ ਨੇ ਮੂੰਹ ਦਾ ਪੱਲਾ ਲਾਹਿਆ ਤੇ ਚੇਲੇ ਕਰੀਟੋ ਨੂੰ ਤਾੜਨਾ ਕੀਤੀ ਕਿ ਮੈਂ ਅਮਕੇ ਆਦਮੀ ਤੋਂ ਮੁਰਗਾ ਲਿਆ ਸੀ ਉਹ ਉਸ ਨੂੰ ਜ਼ਰੂਰ ਦੇਣਾ। ਕਰੀਟੋ ਨੇ 'ਸਤ ਬਚਨ' ਆਖੇ ਹੀ ਸਨ ਕਿ ਸੁਕਰਾਤ ਦੀ ਰੂਹ ਅਰਸ਼ਾਂ ਨੂੰ ਉੜ ਗਈ।



ਲਾਹੌਰ ਬੁਕ ਸ਼ਾਪ, ਲੁਧਿਆਣਾ.